ਐਤਵਾਰ, 26 ਜੁਲਾਈ, 2026
11 ਸਾਉਣ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 55

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 26 JULY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# ਕਾਕਰੋਚਾਂ ਅੱਗੇ ਝੁਕੀ ਸਰਕਾਰ, ਧਰਮਿੰਦਰ ਪ੍ਰਧਾਨ ਦਾ ਅਸਤੀਫ਼ਾ

**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**
ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣਾ ਅਸਤੀਫ਼ਾ ਸੌਂਪ ਦਿੱਤਾ ਹੈ। ਉਨ੍ਹਾ ਇਹ ਫੈਸਲਾ ਨੀਟ-ਯੂ ਜੀ ਪ੍ਰੀਖਿਆ ਵਿੱਚ ਬੇਨਿਯਮੀਆਂ ਨੂੰ ਲੈ ਕੇ ਦੇਸ਼-ਵਿਆਪੀ ਵਿਵਾਦ ਅਤੇ ਜੰਤਰ-ਮੰਤਰ 'ਤੇ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੀ ਅਗਵਾਈ 'ਚ ਵਿਦਿਆਰਥੀਆਂ ਦੇ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਵਿਚਕਾਰ ਲਿਆ ਹੈ। ਅੰਦੋਲਨਕਾਰੀ ਵਿਦਿਆਰਥੀਆਂ ਦੀ ਮੁੱਖ ਮੰਗ ਸਿੱਖਿਆ ਮੰਤਰੀ ਦਾ ਅਸਤੀਫਾ ਸੀ ਤੇ ਸੀ ਜੇ ਪੀ ਦੇ ਆਗੂਆਂ ਨੇ ਪਿਛਲੇ ਦਿਨੀਂ ਹੋਈਆਂ ਮੀਟਿੰਗਾਂ ਤੇ ਗੱਲਬਾਤ ਦੌਰਾਨ ਸਪੱਸ਼ਟ ਕਰ ਦਿੱਤਾ ਸੀ ਕਿ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਦੀ ਮੰਗ 'ਤੇ ਕਿਸੇ ਵੀ ਹਾਲਤ ਵਿਚ ਸਮਝੌਤਾ ਨਹੀਂ ਕੀਤਾ ਜਾਵੇਗਾ।

ਧਰਮਿੰਦਰ ਪ੍ਰਧਾਨ ਨੇ ਸੋਸ਼ਲ ਮੀਡੀਆ 'ਤੇ ਅਸਤੀਫੇ ਦਾ ਐਲਾਨ ਕੀਤਾ ਅਤੇ

**ਬੜੇ ਬੇਆਬਰੂ ਹੋ ਕਰ ਤੇਰੇ...**




ਆਪਣੇ ਅਸਤੀਫ਼ੇ ਦਾ ਕਾਰਨ ਦੱਸਿਆ। ਆਪਣੇ ਪੱਤਰ ਵਿੱਚ ਉਨ੍ਹਾ ਲਿਖਿਆ ਕਿ ਚਾਰ ਦਹਾਕਿਆਂ ਦੇ ਵੱਧ ਸਮੇਂ ਤੋਂ ਉਹ ਵਿਦਿਆਰਥੀਆਂ, ਅਧਿਆਪਕਾਂ ਅਤੇ ਵਿਦਿਅਕ ਸੁਧਾਰਾਂ ਲਈ ਸਮਰਪਤ ਰਹੇ ਹਨ। ਉਨ੍ਹਾ ਦਾ ਹਮੇਸ਼ਾ ਮੰਨਣਾ ਹੈ ਕਿ ਇੱਕ ਮਜ਼ਬੂਤ, ਸਮਾਵੇਸ਼ੀ ਅਤੇ ਦੂਰਦਰਸ਼ੀ ਸਿੱਖਿਆ ਪ੍ਰਣਾਲੀ ਕਿਸੇ ਵੀ ਦੇਸ਼ ਦੇ ਵਿਕਾਸ ਦਾ ਨੀਂਹ ਪੱਥਰ ਹੈ। ਧਰਮਿੰਦਰ ਪ੍ਰਧਾਨ ਨੇ ਕਿਹਾ, '3 ਮਈ, 2026 ਨੂੰ ਹੋਈ ਨੀਟ-ਯੂ ਜੀ ਪ੍ਰੀਖਿਆ ਵਿੱਚ ਬੇਨਿਯਮੀਆਂ ਸੰਬੰਧੀ ਸ਼ਿਕਾਇਤਾਂ ਸਾਹਮਣੇ ਆਉਂਦੇ ਹੀ ਸਰਕਾਰ ਨੇ ਤੁਰੰਤ ਕਾਰਵਾਈ ਕੀਤੀ। ਮਾਮਲਾ ਜਾਂਚ ਲਈ ਸੀ ਬੀ ਆਈ ਨੂੰ ਸੌਂਪ ਦਿੱਤਾ ਗਿਆ, ਪ੍ਰੀਖਿਆ ਰੱਦ ਕਰਨ ਅਤੇ ਦੁਬਾਰਾ ਪ੍ਰੀਖਿਆ ਕਰਵਾਉਣ ਦਾ ਫੈਸਲਾ ਲਿਆ ਗਿਆ ਅਤੇ ਇਹ ਐਲਾਨ ਕੀਤਾ ਗਿਆ ਕਿ ਅਗਲੇ ਸਾਲ ਤੋਂ ਨੀਟ ਪੂਰੀ ਤਰ੍ਹਾਂ ਕੰਪਿਊਟਰ-ਅਧਾਰਤ ਟੈਸਟ (ਸੀ ਬੀ ਟੀ) ਮੋਡ ਵਿੱਚ ਆਯੋਜਿਤ ਕੀਤਾ ਜਾਵੇਗਾ।' ਉਨ੍ਹਾ ਲਿਖਿਆ ਕਿ 20 ਲੱਖ ਤੋਂ ਵੱਧ ਵਿਦਿਆਰਥੀਆਂ ਲਈ ਪ੍ਰੀਖਿਆ ਨਿਰਪੱਖ ਅਤੇ ਸੁਚਾਰੂ ਢੰਗ ਨਾਲ ਕਰਵਾਉਣਾ ਉਨ੍ਹਾ ਦੀ ਪ੍ਰਮੁੱਖ ਤਰਜੀਹ ਸੀ। ਇਸ ਮੰਤਵ ਲਈ ਕੇਂਦਰ ਸਰਕਾਰ, ਰਾਜ ਸਰਕਾਰਾਂ, ਜ਼ਿਲ੍ਹਾ ਪ੍ਰਸ਼ਾਸਨ, ਵਿਦਿਆਰਥੀਆਂ ਅਤੇ ਮਾਪਿਆਂ ਦੇ ਸਹਿਯੋਗ ਨਾਲ 21 ਜੂਨ ਨੂੰ ਮੁੜ ਪ੍ਰੀਖਿਆ ਸਫਲਤਾਪੂਰਵਕ ਕਰਵਾਈ ਗਈ। 16 ਜੁਲਾਈ ਨੂੰ ਐਲਾਨੇ ਗਏ ਨਤੀਜਿਆਂ ਵਿੱਚ ਗਰੀਬ • ਬਾਕੀ ਸਫਾ 2 'ਤੇ

## ਕੇਂਦਰ ਨੇ ਸਾਰੀਆਂ ਮੰਗਾਂ ਮੰਨੀਆਂ



**ਨਵੀਂ ਦਿੱਲੀ** : ਜੰਤਰ ਮੰਤਰ 'ਤੇ ਵੱਡੇ ਪ੍ਰਦਰਸ਼ਨ ਤੋਂ ਬਾਅਦ ਕੇਂਦਰ ਸਰਕਾਰ ਨੇ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਨੁਮਾਇੰਦਿਆਂ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਕੀਤੀ। ਕੇਂਦਰੀ ਮੰਤਰੀ ਜੇ ਪੀ ਨੱਢਾ ਨੇ ਕਿਹਾ ਕਿ ਸਰਕਾਰ ਨੇ ਵਿਦਿਆਰਥੀਆਂ ਦੀਆਂ ਤਿੰਨੇ ਮੰਗਾਂ ਮੰਨ ਲਈਆਂ ਹਨ, ਜਿਸ ਵਿਚ ਪਹਿਲੀ ਮੰਗ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਅਸਤੀਫਾ ਸ਼ਾਮਲ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ 'ਤੇ ਹੋਰ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਤੇ ਖੁਦਕੁਸ਼ੀ ਕਰ ਚੁੱਕੇ ਵਿਦਿਆਰਥੀਆਂ ਦੇ ਪਰਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ। ਪ੍ਰੈੱਸ ਕਾਨਫਰੰਸ ਵਿਚ ਕੇਂਦਰੀ ਮੰਤਰੀ ਜੇ ਪੀ ਨੱਢਾ ਅਤੇ ਜਿਤੇਂਦਰ ਸਿੰਘ ਤੋਂ ਇਲਾਵਾ ਸੀ ਜੇ ਪੀ ਦੇ ਬੁਲਾਰੇ ਸੌਰਭ ਦਾਸ ਤੇ ਆਸ਼ੂਤੋਸ਼ ਰੰਕਾ ਮੌਜੂਦ ਸਨ। ਆਸ਼ੂਤੋਸ਼ ਰੰਕਾ ਨੇ ਕਿਹਾ ਕਿ ਉਨ੍ਹਾਂ ਦੀਆਂ ਮੰਗਾਂ ਕੋਈ ਬਹੁਤ ਵੱਡੀਆਂ ਜਾਂ ਕੱਟੜਤਾ ਵਾਲੀਆਂ ਨਹੀਂ ਸਨ, ਸਗੋਂ ਬੁਨਿਆਦੀ ਸਨ, ਜਿਨ੍ਹਾਂ ਨੂੰ ਹੁਣ ਸਰਕਾਰ ਨੇ ਸਵੀਕਾਰ ਕਰ ਲਿਆ ਹੈ। 36 ਦਿਨਾਂ ਦੇ ਲੰਮੇ ਸੰਘਰਸ਼ ਅਤੇ ਪ੍ਰਦਰਸ਼ਨ ਤੋਂ ਬਾਅਦ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਮੰਨ ਲਈਆਂ ਹਨ। ਇਸ ਮੌਕੇ ਆਸ਼ੂਤੋਸ਼ ਤੇ ਸੌਰਵ ਦਾਸ ਨੇ ਤੁਰੰਤ ਆਪਣਾ ਪ੍ਰਦਰਸ਼ਨ ਵਾਪਸ ਲੈਣ ਦਾ ਐਲਾਨ ਵੀ ਕੀਤਾ।

## ਮੋਦੀ ਦੇਸ਼ ਤੋਂ ਮੁਆਫ਼ੀ ਮੰਗਣ : ਕਾਂਗਰਸ



**ਨਵੀਂ ਦਿੱਲੀ** : ਕਾਂਗਰਸ ਪਾਰਟੀ ਨੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦਾ ਸਵਾਗਤ ਕਰਦਿਆਂ ਇਸ ਨੂੰ ਨੀਟ ਪੇਪਰ ਲੀਕ ਖ਼ਿਲਾਫ਼ ਸੰਘਰਸ਼ ਕਰ ਰਹੇ ਲੱਖਾਂ ਵਿਦਿਆਰਥੀਆਂ ਦੀ ਵੱਡੀ ਜਿੱਤ ਕਰਾਰ ਦਿੱਤਾ ਹੈ। ਹਾਲਾਂ ਕਿ ਪਾਰਟੀ ਨੇ ਸਪੱਸ਼ਟ ਕੀਤਾ ਹੈ ਕਿ ਜਵਾਬਦੇਹੀ ਦੀ ਇਹ ਲੜਾਈ ਅਜੇ ਖ਼ਤਮ ਨਹੀਂ ਹੋਈ। ਕਾਂਗਰਸ ਨੇ ਮੰਗ ਕੀਤੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਦੇ ਭਵਿੱਖ ਨਾਲ ਹੋਏ ਖਿਲਵਾੜ ਲਈ ਨੌਜਵਾਨਾਂ ਤੋਂ ਮਾਫ਼ੀ ਮੰਗਣ ਅਤੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ 'ਤੇ ਹੋਏ ਪੁਲਸ ਤੱਸ਼ਦਦ ਲਈ ਜ਼ਿੰਮੇਵਾਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਆਖ਼ਰਕਾਰ ਵਿਦਿਆਰਥੀਆਂ ਦੀ ਆਵਾਜ਼ ਨੇ ਇੱਕ 'ਅਹੰਕਾਰੀ ਸਰਕਾਰ' ਦੇ ਕੰਨਾਂ ਤੱਕ ਪਹੁੰਚ ਕੇ ਉਨ੍ਹਾਂ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ। ਉਨ੍ਹਾ ਕਿਹਾ ਕਿ ਇਹ ਅਸਤੀਫ਼ਾ ਪ੍ਰਧਾਨ ਮੰਤਰੀ ਮੋਦੀ ਦੀ ਜ਼ਿੱਦ 'ਤੇ ਸੱਚ ਦੀ ਜਿੱਤ ਹੈ ਅਤੇ ਉਨ੍ਹਾਂ ਲੱਖਾਂ ਪਰਵਾਰਾਂ ਦਾ ਇਨਸਾਫ਼ ਹੈ, ਜਿਨ੍ਹਾਂ ਦੇ ਬੱਚਿਆਂ ਨੇ ਖ਼ਰਾਬ ਪ੍ਰੀਖਿਆ ਪ੍ਰਣਾਲੀ ਕਾਰਨ ਆਪਣੀਆਂ ਜਾਨਾਂ • ਬਾਕੀ ਸਫਾ 2 'ਤੇ

## ਪਹਿਲੀ ਵਿਕਟ ਡਿੱਗੀ ਐ, ਲੜਾਈ ਅਜੇ ਖਤਮ ਨਹੀਂ ਹੋਈ : ਦੀਪਕੇ



**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**
ਕਾਕਰੋਚ ਜਨਤਾ ਪਾਰਟੀ ਦੇ ਸੰਸਥਾਪਕ ਅਭੀਜੀਤ ਦੀਪਕੇ ਨੇ ਕਿਹਾ ਕਿ ਧਰਮਿੰਦਰ ਪ੍ਰਧਾਨ ਨੇ ਅਸਤੀਫ਼ਾ ਦੇ ਦਿੱਤਾ ਹੈ ਅਤੇ ਇਹ ਅਸਤੀਫ਼ਾ ਇਸ ਗੱਲ ਦਾ ਸਬੂਤ ਹੈ ਕਿ ਜੇਕਰ ਤੁਸੀਂ ਲੋਕ ਡਰਦੇ ਨਹੀਂ ਹੋ, ਜੇਕਰ ਤੁਸੀਂ ਲੋਕ ਇਸ ਸਰਕਾਰ ਅੱਗੇ ਨਹੀਂ ਝੁਕਦੇ, ਤਾਂ ਅਸੀਂ ਕਿਸੇ ਦਾ ਵੀ ਅਸਤੀਫ਼ਾ ਲੈ ਸਕਦੇ ਹਾਂ। ਉਨ੍ਹਾ ਕਿਹਾ, 'ਡਰਨ ਦੀ ਕੋਈ ਲੋੜ ਨਹੀਂ, ਇਹ ਲੋਕਤੰਤਰ ਹੈ। ਉਨ੍ਹਾ ਅਸਤੀਫਾ ਦੇ ਦਿੱਤਾ ਹੈ, ਪਰ ਸਾਡੀਆਂ ਦੋ ਹੋਰ ਮੰਗਾਂ ਹਨ। ਅਸੀਂ ਇਸ ਤਰ੍ਹਾਂ ਨਹੀਂ ਜਾਵਾਂਗੇ। ਖੁਦਕੁਸ਼ੀ ਕਰਨ ਵਾਲੇ ਬੱਚਿਆਂ ਦੇ ਪਰਵਾਰਾਂ ਨੂੰ ਇਕ-ਇਕ ਕਰੋੜ ਰੁਪਏ ਦਾ ਮੁਆਵਜ਼ਾ ਮਿਲਣਾ ਚਾਹੀਦਾ ਹੈ ਅਤੇ ਜਿਨ੍ਹਾਂ ਪੁਲਸ ਗੁੰਡਿਆਂ ਨੇ 20 ਤਰੀਕ ਨੂੰ ਕਾਰਵਾਈ ਕੀਤੀ, ਉਨ੍ਹਾਂ ਵਿਰੁੱਧ ਕਾਰਵਾਈ ਹੋਣੀ ਚਾਹੀਦੀ ਹੈ। ਯਾਦ ਰੱਖੋ, ਕਾਕਰੋਚਾਂ ਨਾਲ ਪੰਗਾ ਨਾ ਲਓ...।' ਦੀਪਕੇ ਨੇ ਕਿਹਾ, 'ਲੋਕਤੰਤਰ ਜਿੱਤ ਗਿਆ।' ਉਸ ਨੇ ਜੰਤਰ-ਮੰਤਰ ਵਿੱਚ ਇਕੱਠ ਨੂੰ ਕਿਹਾ—ਨਰਿੰਦਰ ਮੋਦੀ ਜੀ, ਲੋਕਤੰਤਰ ਕੀ ਸੁਭਾ ਹੋਈ ਹੈ। ਇਹ ਸ਼ੁਰੂਆਤ ਹੈ, ਇਹ ਸਿਰਫ਼ ਪਹਿਲੀ ਵਿਕਟ ਹੈ। ਲੜਾਈ ਅਜੇ ਖਤਮ ਨਹੀਂ ਹੋਈ, ਅਸੀਂ ਸ਼ਾਮ 6 ਵਜੇ ਸ਼ਾਂਤੀਪੂਰਨ ਮੋਮਬੱਤੀ ਮਾਰਚ ਕੱਢਾਂਗੇ।' ਹਜ਼ਾਰਾਂ ਸਮਰਥਕਾਂ ਨੂੰ ਸੰਬੋਧਨ ਕਰਦੇ ਹੋਏ ਦੀਪਕੇ ਨੇ ਕਿਹਾ ਕਿ ਅਸਤੀਫ਼ਾ ਸਮੂਹਿਕ ਕਾਰਵਾਈ ਅਤੇ ਲੋਕਤੰਤਰੀ ਵਿਰੋਧ ਦੀ ਸ਼ਕਤੀ ਨੂੰ ਦਰਸਾਉਂਦਾ ਹੈ। ਉਨ੍ਹਾ ਦੀਆਂ ਟਿੱਪਣੀਆਂ ਤੋਂ ਬਾਅਦ ਉੱਚੀ-ਉੱਚੀ ਤਾੜੀਆਂ ਵੱਜੀਆਂ ਅਤੇ ਨਾਅਰੇਬਾਜ਼ੀ ਹੋਈ।

## ਅਸਤੀਫ਼ਾ ਲੋਕਤੰਤਰ ਦੀ ਸਭ ਤੋਂ ਵੱਡੀ ਜਿੱਤ : ਕੇਜਰੀਵਾਲ



**ਨਵੀਂ ਦਿੱਲੀ** : ਆਪ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ 'ਤੇ ਦੇਸ਼ ਦੇ ਲੋਕਾਂ ਨੂੰ ਵਧਾਈ ਦਿੱਤੀ ਹੈ। ਉਨ੍ਹਾ ਕਿਹਾ ਕਿ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ ਲੋਕਤੰਤਰ ਦੀ ਸਭ ਤੋਂ ਵੱਡੀ ਜਿੱਤ ਹੈ।ਦੇਸ਼ ਦੇ ਨੌਜਵਾਨਾਂ ਦਾ ਸੰਘਰਸ਼ ਰੰਗ ਲਿਆਇਆ ਅਤੇ ਅੰਤ ਵਿੱਚ ਧਰਮੇਂਦਰ ਪ੍ਰਧਾਨ ਨੂੰ ਅਸਤੀਫ਼ਾ ਦੇਣਾ ਹੀ ਪਿਆ।ਉਨ੍ਹਾ ਕਿਹਾ ਕਿ ਦੇਸ਼ ਦੇ ਲੋਕਾਂ ਦਾ ਜਨਤੰਤਰ ਤੋਂ ਭਰੋਸਾ ਉੱਠ ਗਿਆ ਸੀ।ਸਰਕਾਰ ਲੋਕਾਂ ਦੀ ਗੱਲ ਸੁਣਦੀ ਹੀ ਨਹੀਂ ਸੀ, ਪਰ ਹੁਣ ਸਰਕਾਰ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਲੋਕਤੰਤਰ ਹੈ ਅਤੇ ਲੋਕਤੰਤਰ ਵਿੱਚ ਸਰਕਾਰ ਨੂੰ ਜਨਤਾ ਦੀ ਗੱਲ ਸੁਣਨੀ ਹੀ ਪਵੇਗੀ।ਦੇਸ਼ ਦੇ ਲੋਕਾਂ ਨੂੰ ਉਮੀਦ ਹੈ ਕਿ ਸਰਕਾਰ ਪ੍ਰੀਖਿਆ ਪ੍ਰਣਾਲੀ ਵਿੱਚ ਸੁਧਾਰ ਕਰਕੇ ਫਿਰ ਕਦੇ ਪੇਪਰ ਲੀਕ ਨਹੀਂ ਹੋਣ ਦੇਵੇਗੀ ਅਤੇ ਸਾਡੇ ਬੱਚਿਆਂ ਨੂੰ ਕਦੇ ਖੁਦਕੁਸ਼ੀ ਨਹੀਂ ਕਰਨੀ ਪਵੇਗੀ। ਕੇਜਰੀਵਾਲ ਨੇ ਕਿਹਾ ਕਿ ਸਾਡੇ ਦੇਸ਼ ਦੇ ਨੌਜਵਾਨਾਂ ਅਤੇ ਜੈੱਨ-ਜ਼ੀ ਨੂੰ ਬਹੁਤ-ਬਹੁਤ ਵਧਾਈ।

## ਵਿਦਿਆਰਥੀਆਂ ਦੇ ਹੱਕ 'ਚ ਉਤਰੇ 100 ਤੋਂ ਵੱਧ ਲੇਖਕ ਤੇ ਕਲਾਕਾਰ

**ਨਵੀਂ ਦਿੱਲੀ** : ਦੇਸ਼ ਭਰ ਵਿੱਚ ਪ੍ਰੀਖਿਆ ਪ੍ਰਣਾਲੀ ਵਿੱਚ ਗੜਬੜੀਆਂ ਵਿਰੁੱਧ ਲਾਮਬੰਦ ਹੋਏ ਵਿਦਿਆਰਥੀਆਂ ਨੂੰ ਵੱਡਾ ਸਮਰਥਨ ਦਿੰਦਿਆਂ ਦੇਸ਼ ਦੇ 100 ਤੋਂ ਵੱਧ ਪ੍ਰਮੁੱਖ ਲੇਖਕਾਂ, ਚਿੰਤਕਾਂ ਅਤੇ ਕਲਾਕਾਰਾਂ ਨੇ ਉਨ੍ਹਾਂ ਦੇ ਅੰਦੋਲਨ ਨਾਲ ਪੂਰੀ ਹਮਦਰਦੀ ਤੇ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਹੈ। ਇਨ੍ਹਾਂ ਵਿੱਚ ਪ੍ਰਸਿੱਧ ਨਿਬੰਧਕਾਰ ਅਸ਼ੋਕ ਵਾਜਪੇਈ, ਕਵੀ ਕੇ. ਸਚਿਦਾਨੰਦਨ, ਬੁੱਕਰ ਪੁਰਸਕਾਰ ਜੇਤੂ ਬਾਨੂ ਮੁਸ਼ਤਾਕ ਅਤੇ ਮਸ਼ਹੂਰ ਨਿਰਤਕੀ ਮਲਿਕਾ ਸਾਰਾਭਾਈ ਸਮੇਤ ਹੋਰ ਕਈ ਪ੍ਰਮੁੱਖ ਹਸਤੀਆਂ ਸ਼ਾਮਲ ਹਨ। ਇੱਕ ਸਾਂਝਾ ਬਿਆਨ ਜਾਰੀ ਕਰਦਿਆਂ ਇਨ੍ਹਾਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਕਿਹਾ ਕਿ ਪ੍ਰਸ਼ਨ ਪੱਤਰ ਲੀਕ ਹੋਣ ਅਤੇ ਸਰਕਾਰੀ ਪ੍ਰੀਖਿਆਵਾਂ ਵਿੱਚ ਵਾਰ-ਵਾਰ ਸਾਹਮਣੇ ਆ ਰਹੀਆਂ ਗੜਬੜੀਆਂ ਨੇ ਦੇਸ਼ ਦੀਆਂ ਮੁੱਖ ਜਨਤਕ ਸੰਸਥਾਵਾਂ ਦੀ ਸਾਖ਼ ਅਤੇ ਨਿਸ਼ਠਾ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਲੇਖਕਾਂ ਨੇ ਕਿਹਾ, 'ਅਸੀਂ ਦੇਸ਼ ਦੇ ਵੱਖ-ਵੱਖ ਹਿੱਸਿਆਂ, ਖਾਸ ਕਰਕੇ ਨਵੀਂ ਦਿੱਲੀ ਦੇ ਜੰਤਰ-ਮੰਤਰ ਵਿਖੇ ਸ਼ਾਂਤਮਈ ਅਤੇ ਲੋਕਤੰਤਰਿਕ ਤਰੀਕੇ ਨਾਲ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ 'ਤੇ ਪੁਲਸ ਦੁਆਰਾ ਵਰਤੇ ਗਈ ਤਾਕਤ ਦੀਆਂ ਰਿਪੋਰਟਾਂ ਤੋਂ ਬੇਹੱਦ ਚਿੰਤਤ ਹਾਂ। ਇੱਕ ਸੰਵਿਧਾਨਕ ਲੋਕਤੰਤਰ ਵਿੱਚ ਨੌਜਵਾਨ ਨਾਗਰਿਕਾਂ ਦੀਆਂ ਜਾਇਜ਼ ਮੰਗਾਂ ਦਾ ਹੱਲ ਗੱਲਬਾਤ ਅਤੇ ਇਨਸਾਫ਼ ਨਾਲ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਹਿੰਸਾ ਅਤੇ ਡਰਾਉਣ-ਧਮਕਾਉਣ ਦੀ ਨੀਤੀ ਨਾਲ। ਇਨ੍ਹਾਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਪ੍ਰਸ਼ਨ ਪੱਤਰ ਲੀਕ ਕਰਨ ਅਤੇ ਹੋਰ ਧਾਂਦਲੀਆਂ ਲਈ ਜ਼ਿੰਮੇਵਾਰ ਦੋਸ਼ੀਆਂ ਖ਼ਿਲਾਫ਼ ਤੁਰੰਤ ਅਤੇ ਸਖ਼ਤ ਕਾਰਵਾਈ ਕੀਤੀ ਜਾਵੇ।' ਲੇਖਕਾਂ ਨੇ ਕਿਹਾ, 'ਅਸੀਂ ਇਨਸਾਫ਼, ਜਵਾਬਦੇਹੀ ਅਤੇ ਇੱਕ ਵਿਸ਼ਵਾਸਯੋਗ ਪ੍ਰੀਖਿਆ ਪ੍ਰਣਾਲੀ ਦੀ ਬਹਾਲੀ ਲਈ ਸ਼ਾਂਤਮਈ ਸੰਘਰਸ਼ ਕਰ ਰਹੇ ਭਾਰਤ ਦੇ ਵਿਦਿਆਰਥੀਆਂ ਦੇ ਨਾਲ ਚਟਾਨ ਵਾਂਗ ਖੜ੍ਹੇ ਹਾਂ।'

## ਜੈੱਨ-ਜ਼ੀ ਨੇ ਵਿਸ਼ਵ ਗੁਰੂ ਦੇ ਅਰਥ ਸਮਝਾਏ : ਗੀਤਾਂਜਲੀ



**ਚੰਡੀਗੜ੍ਹ** : ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਤੋਂ ਤੁਰੰਤ ਬਾਅਦ ਸਮਾਜਿਕ ਕਾਰਕੁਨ ਸੋਨਮ ਵਾਂਗਚੁਕ ਦੀ ਪਤਨੀ ਗੀਤਾਂਜਲੀ ਅੰਗਮੋ ਨੇ ਐੱਕਸ 'ਤੇ ਪੋਸਟ ਕਰਕੇ ਕਿਹਾ, "ਜੇਕਰ ਕਿਸੇ ਨੇ ਇਹ ਦਿਖਾਇਆ ਹੈ ਕਿ ਭਾਰਤ ਦੇ 'ਵਿਸ਼ਵ ਗੁਰੂ' ਹੋਣ ਦਾ ਕੀ ਅਰਥ ਹੈ, ਤਾਂ ਉਹ ਸਾਡੀ ਜੈੱਨ-ਜ਼ੀ (ਅੱਜ ਦੀ ਨੌਜਵਾਨ ਪੀੜ੍ਹੀ) ਹੈ।" ਉਨ੍ਹਾ ਕਿਹਾ, 'ਇਨ੍ਹਾਂ ਨੌਜਵਾਨਾਂ ਨੇ ਸਨਾਤਨ ਧਰਮ ਨੂੰ ਸਿਰਫ਼ ਜ਼ਬਾਨੀ ਨਹੀਂ ਮੰਨਿਆ, ਸਗੋਂ ਅਸਲ ਵਿੱਚ ਅਪਣਾਇਆ ਹੈ। ਉਨ੍ਹਾਂ ਬਿਨਾਂ ਕਿਸੇ ਨਫ਼ਰਤ ਤੋਂ ਹਿੰਮਤ, ਬਿਨਾਂ ਹਿੰਸਾ ਤੋਂ ਤਾਕਤ ਅਤੇ ਬਿਨਾਂ ਅੰਨ੍ਹੇਵਾਹ ਹੁਕਮਾਂ ਦੀ ਪਾਲਣਾ ਦੇ ਸੱਚੀ ਦੇਸ਼ ਭਗਤੀ ਦਿਖਾਈ ਹੈ। ਉਨ੍ਹਾਂ ਦੁਨੀਆ ਭਰ ਦੇ ਹੋਰਨਾਂ ਮੁਲਕਾਂ ਦੇ ਨੌਜਵਾਨਾਂ ਤੋਂ ਉਲਟ ਇਹ ਸਾਬਤ ਕਰ ਦਿੱਤਾ ਹੈ ਕਿ ਆਪਣੇ ਦੇਸ਼ ਨੂੰ • ਬਾਕੀ ਸਫਾ 2 'ਤੇ

## ਦੁਸਾਂਝ ਵੱਲੋਂ ਜਮਹੂਰੀਅਤ ਨੂੰ ਪ੍ਰਣਾਏ ਲੋਕਾਂ ਨੂੰ ਵਧਾਈ

**ਜਲੰਧਰ** : ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਕੌਮੀ ਸਕੱਤਰ ਅਤੇ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਪ੍ਰਧਾਨ ਪ੍ਰਿੰਸੀਪਲ ਗਿਆਨ ਸਿੰਘ ਦੁਸਾਂਝ ਨੇ ਦਿੱਲੀ ਜੰਤਰ-ਮੰਤਰ ਵਿਖੇ ਕਾਕਰੋਚ ਜਨਤਾ ਪਾਰਟੀ ਦੀ ਜਿੱਤ 'ਤੇ ਸਮੁੱਚੀਆਂ ਜਮਹੂਰੀਅਤਪਸੰਦ ਤਾਕਤਾਂ ਨੂੰ ਵਧਾਈ ਦਿੱਤੀ ਹੈ। ਉਨ੍ਹਾ ਕਿਹਾ ਹੈ ਕਿ ਇਸ ਜਿੱਤ ਨੇ ਸਾਨੂੰ ਵਿਖਾਇਆ ਹੈ ਕਿ ਕੋਈ ਕਿੰਨਾ ਵੀ ਜ਼ਾਲਮ ਹੋਵੇ, ਅੰਤ ਵਿੱਚ ਉਸ ਨੂੰ ਝੁਕਣਾ ਪੈਂਦਾ ਹੈ। ਉਨ੍ਹਾ ਸਿੱਖਿਆ ਦੇ ਨਿੱਜੀਕਰਨ ਦਾ ਵੀ ਵਿਰੋਧ ਕੀਤਾ ਹੈ।

## ਇੰਡੋਨੇਸ਼ੀਆ ਤੋਂ ਪੰਜਾਬ ਲਿਆਂਦਾ ਗੈਂਗਸਟਰ ਜੋਬਨ ਬਿੱਲਾ

**ਚੰਡੀਗੜ੍ਹ** : ਪੰਜਾਬ ਪੁਲਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ ਨੇ ਵਿਦੇਸ਼ਾਂ 'ਚ ਬੈਠੇ ਅਪਰਾਧੀਆਂ 'ਤੇ ਸ਼ਿਕੰਜਾ ਕੱਸਦਿਆਂ ਫ਼ਰਾਰ ਗੈਂਗਸਟਰ ਜੋਬਨਜੀਤ ਸਿੰਘ ਉਰਫ਼ ਜੋਬਨ ਬਿੱਲਾ ਨੂੰ ਇੰਡੋਨੇਸ਼ੀਆ ਦੀ ਰਾਜਧਾਨੀ ਜਕਾਰਤਾ ਤੋਂ ਡਿਪੋਰਟ ਕਰਵਾ ਕੇ ਪੰਜਾਬ ਲਿਆਉਣ 'ਚ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਪੁਲਸ ਮੁਖੀ ਗੌਰਵ ਯਾਦਵ ਨੇ ਦੱਸਿਆ ਕਿ ਏ ਜੀ ਟੀ ਐੱਫ ਨੇ ਪੰਜਾਬ ਪੁਲਸ ਦੇ 'ਓਵਰਸੀਜ਼ ਫਿਊਜਿਟਿਵ ਟਰੈਕਿੰਗ ਐਂਡ ਐਕਸਟਰਾਡੀਸ਼ਨ ਸੈੱਲ' ਅਤੇ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਇਸ ਕੌਮਾਂਤਰੀ ਕਾਰਵਾਈ ਨੂੰ ਅੰਜਾਮ ਦਿੱਤਾ। ਉਨ੍ਹਾ ਇਸ ਨੂੰ ਸਰਹੱਦ ਪਾਰ ਚੱਲ ਰਹੇ ਸੰਗਠਿਤ ਅਪਰਾਧ ਖ਼ਿਲਾਫ਼ ਪੰਜਾਬ ਪੁਲਸ ਦੀ ਇੱਕ ਅਹਿਮ ਪ੍ਰਾਪਤੀ ਕਰਾਰ ਦਿੱਤਾ।

## ਕੈਨੇਡਾ 'ਚ ਪੰਜਾਬੀ ਦੇ ਕਤਲ ਕੇਸ 'ਚ ਮੁਲਜ਼ਮ 3 ਸਾਲ ਬਾਅਦ ਕਾਬੂ

**ਮਿਸੀਗਾਗਾ** : ਪੀਲ ਰਿਜਨਲ ਪੁਲਸ ਨੇ ਮਿਸੀਸਾਗਾ ਵਿੱਚ 2023 ਵਿੱਚ ਇੱਕ ਪੰਜਾਬੀ ਨੌਜਵਾਨ ਦੇ ਕਤਲ ਦੇ ਸੰਬੰਧ ਵਿੱਚ ਦੂਜੇ ਸ਼ੱਕੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਹੋਮਸਾਈਡ ਬਿਊਰੋ ਦੇ ਜਾਂਚਕਰਤਾਵਾਂ ਨੇ ਪੁਸ਼ਟੀ ਕੀਤੀ ਕਿ ਕੈਲੇਡਨ ਦੇ ਰਹਿਣ ਵਾਲੇ 26 ਸਾਲਾ ਡੇਵੌਂਟੇ ਥੌਂਪਸਨ ਨੂੰ ਟੋਰਾਂਟੋ ਵਿੱਚ ਹਿਰਾਸਤ ਵਿੱਚ ਲਿਆ ਗਿਆ। ਉਸ 'ਤੇ ਕਤਲ ਦੇ ਦੂਜੇ ਦਰਜੇ ਦਾ ਦੋਸ਼ ਹੈ। ਇਹ ਮਾਮਲਾ 9 ਜੁਲਾਈ 2023 ਦਾ ਹੈ, ਜਦੋਂ ਬਰੈਂਪਟਨ ਦੇ ਰਹਿਣ ਵਾਲੇ 24 ਸਾਲਾ ਗੁਰਵਿੰਦਰ ਨਾਥ, ਜੋ ਫੂਡ ਡਲਿਵਰੀ ਡਰਾਈਵਰ ਵਜੋਂ ਕੰਮ ਕਰ ਰਹੇ ਸਨ, ਉਪਰ ਬ੍ਰਿਟਾਨੀਆ ਰੋਡ ਅਤੇ ਕ੍ਰੈਡਿਟਵਿਊ ਰੋਡ ਨੇੜੇ ਰਾਤ 2:10 ਵਜੇ ਹਮਲਾ ਕੀਤਾ ਗਿਆ ਅਤੇ ਉਸ ਦੀ ਗੱਡੀ ਖੋਹ ਲਈ ਗਈ। ਨਾਥ ਨੂੰ ਟਰਾਮਾ ਸੈਂਟਰ ਲਿਜਾਇਆ ਗਿਆ, ਜਿਥੇ ਉਸ ਦੀ ਸੱਟਾਂ ਕਾਰਨ ਮੌਤ ਹੋ ਗਈ।

## ਬਿਜਲੀ ਕਾਮਿਆਂ ਦੀ ਹੜਤਾਲ ਦਰਮਿਆਨ 'ਨੋ ਵਰਕ-ਨੋ ਪੇਅ' ਨੋਟੀਫਿਕੇਸ਼ਨ ਜਾਰੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**
ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਨਾਲ ਸੰਬੰਧਤ 90 ਫ਼ੀਸਦੀ ਸਟਾਫ਼ ਹੜਤਾਲ 'ਤੇ ਚੱਲ ਰਿਹਾ ਹੈ। ਇਸ ਕਾਰਨ ਪੰਜਾਬ ਭਰ 'ਚ ਬਿਜਲੀ ਦਾ ਸੰਕਟ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ ਅਤੇ ਚਾਰੇ ਪਾਸੇ ਹਾਹਾਕਾਰ ਮਚੀ ਹੋਈ ਹੈ।ਅਜਿਹੇ 'ਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੀ ਮੈਨੇਜਮੈਂਟ ਵਲੋਂ ਹੜਤਾਲੀ ਮੁਲਾਜ਼ਮਾਂ ਨੂੰ ਕੰਮ 'ਤੇ ਵਾਪਸ ਆਉਣ ਦੀ ਚਿਤਾਵਨੀ ਦਿੰਦੇ ਹੋਏ 'ਨੋ ਵਰਕ, ਨੋ ਪੇਅ' ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ।ਇਸ 'ਚ ਸਾਫ਼ ਤੌਰ 'ਤੇ ਲਿਖਿਆ ਗਿਆ ਹੈ ਕਿ ਹੜਤਾਲ 'ਤੇ ਰਹਿਣ ਵਾਲੇ ਮੁਲਾਜ਼ਮਾਂ ਦੀ ਗੈਰ-ਹਾਜ਼ਰੀ ਲਗਾਉਂਦੇ ਹੋਏ ਜਿੰਨੇ ਦਿਨਾਂ ਤੱਕ ਮੁਲਾਜ਼ਮ ਕੰਮ 'ਤੇ ਨਹੀਂ ਆਉਣਗੇ, ਓਨੇ ਦਿਨਾਂ ਦੀ ਤਨਖ਼ਾਹ ਕੱਟੀ ਜਾਵੇਗੀ। ਪਾਵਰਕਾਮ ਮੈਨੇਜਮੈਂਟ ਵੱਲੋਂ ਦਿੱਤੀ ਗਈ ਚਿਤਾਵਨੀ ਦਾ ਮੁਲਾਜ਼ਮਾਂ 'ਤੇ ਕੋਈ ਅਸਰ ਨਹੀਂ ਹੁੰਦਾ ਦਿਖਾਈ ਦੇ ਰਿਹਾ ਅਤੇ ਹੜਤਾਲ ਜਾਰੀ ਹੈ। ਖ਼ਪਤਕਾਰਾਂ ਦੀ ਬਿਜਲੀ ਸੰਬੰਧੀ ਟੋਲ ਫਰੀ ਨੰਬਰ 1912 'ਤੇ ਸ਼ਿਕਾਇਤ ਦਰਜ ਕਰਨ ਵਾਲਾ ਸਟਾਫ਼, ਬਿਜਲੀ ਠੀਕ ਕਰਨ ਵਾਲੇ ਮੁਲਾਜ਼ਮ, ਨਵੇਂ ਮੀਟਰ ਜਾਰੀ ਕਰਨ ਵਾਲਾ ਸਟਾਫ਼, ਬਿਜਲੀ ਮੀਟਰਾਂ ਦੀ ਰੀਡਿੰਗ ਲੈਣ ਵਾਲੇ ਮੀਟਰ ਰੀਡਰ, ਬਿੱਲ ਬਣਾਉਣ ਵਾਲੇ ਸੁਪਰਵਾਈਜ਼ਰ, ਰੈਵੇਨਿਊ ਵਿਭਾਗ ਤੇ ਟੈਕਨੀਕਲ ਵਿਭਾਗ ਦੇ ਮੁਲਾਜ਼ਮ ਅਣਮਿੱਥੇ ਸਮੇਂ ਲਈ ਹੜਤਾਲ 'ਤੇ ਹਨ। ਸਿਰਫ 10 ਫ਼ੀਸਦੀ ਸਟਾਫ਼ ਹੀ ਡਿਊਟੀ ਕਰ ਰਿਹਾ ਹੈ, ਜਿਨ੍ਹਾਂ ਵਿਚੋਂ ਸੀ ਐੱਚ ਬੀ ਕਰਮਚਾਰੀਆਂ ਨੇ ਵੀ ਸ਼ਨੀਵਾਰ ਦੁਪਹਿਰ 12 ਵਜੇ ਤੋਂ ਹੜਤਾਲ 'ਤੇ ਜਾਣ ਦਾ ਐਲਾਨ ਕਰ ਦਿੱਤਾ ਹੈ।ਪੀ ਐੱਸ ਪੀ ਸੀ ਐੱਲ ਦੇ ਤਕਨੀਕੀ ਅਮਲੇ ਦੀ ਚੱਲ ਰਹੀ ਹੜਤਾਲ ਕਾਰਨ ਸੂਬੇ ਦੀ ਬਿਜਲੀ ਵੰਡ ਪ੍ਰਣਾਲੀ 'ਤੇ ਗੰਭੀਰ ਅਸਰ ਪੈਣਾ ਸ਼ੁਰੂ ਹੋ ਗਿਆ ਹੈ। ਵੱਖ-ਵੱਖ ਜ਼ਿਲ੍ਹਿਆਂ ਵਿੱਚ ਖ਼ਰਾਬੀ ਆਉਣ ਤੋਂ ਬਾਅਦ ਬਿਜਲੀ ਦੀ ਸਪਲਾਈ ਬਹਾਲ ਕਰਨ ਵਿੱਚ ਭਾਰੀ ਦੇਰੀ ਹੋ ਰਹੀ ਹੈ। ਹੜਤਾਲ ਦੇ ਪੰਜਵੇਂ ਦਿਨ ਵਿੱਚ ਦਾਖ਼ਲ ਹੋਣ ਨਾਲ ਲਾਈਨਮੈਨਾਂ ਅਤੇ ਅਸਿਸਟੈਂਟ ਲਾਈਨਮੈਨਾਂ ਸਮੇਤ ਲਗਭਗ ਸਾਰਾ ਤਕਨੀਕੀ ਸਟਾਫ਼ ਕੰਮ ਤੋਂ ਦੂਰ ਰਿਹਾ, ਜਿਸ ਕਾਰਨ ਪਾਵਰਕਾਮ ਨੂੰ ਬਹੁਤ ਘੱਟ ਅਮਲੇ ਨਾਲ ਕੰਮ ਚਲਾਉਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਕਾਰਪੋਰੇਸ਼ਨ ਨੂੰ ਵੱਖ-ਵੱਖ ਸਬ-ਡਵੀਜ਼ਨਾਂ ਵਿੱਚ ਪਾਵਰ ਫੀਡਰਾਂ ਦੇ ਕੰਮਕਾਜ ਦੀ ਦੇਖਭਾਲ ਲਈ ਕਲੈਰੀਕਲ ਅਤੇ ਅਕਾਊਂਟਸ ਸਟਾਫ਼ 'ਤੇ ਨਿਰਭਰ ਹੋਣਾ ਪੈ ਰਿਹਾ ਹੈ। • ਬਾਕੀ ਸਫਾ 2 'ਤੇ

## ਵਿਧਾਨ ਸਭਾ ਸੈਸ਼ਨ 'ਚ ਜਾਣ ਤੋਂ ਪਹਿਲਾਂ ਕਾਂਗਰਸ ਅਕਾਲ ਤਖ਼ਤ ਤੋਂ ਮਨਜ਼ੂਰੀ ਲਵੇਗੀ : ਬਾਜਵਾ



**ਬਰਨਾਲਾ** : ਸੀਨੀਅਰ ਕਾਂਗਰਸੀ ਲੀਡਰ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸਨਿੱਚਰਵਾਰ ਕਿਹਾ ਕਿ ਕਾਂਗਰਸ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਤੋਂ ਮਨਜ਼ੂਰੀ ਲਵੇਗੀ ਕਿ ਕੀ ਪਾਰਟੀ ਵਿਧਾਇਕਾਂ ਨੂੰ 3 ਤੋਂ 10 ਅਗਸਤ ਤੱਕ ਹੋਣ ਵਾਲੇ ਵਿਧਾਨ ਸਭਾ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਹੈ। ਇਹ ਮਨਜ਼ੂਰੀ ਅਕਾਲ ਤਖ਼ਤ ਦੇ ਉਸ ਹੁਕਮ ਨੂੰ ਧਿਆਨ ਵਿੱਚ ਰੱਖਦਿਆਂ ਮੰਗੀ ਜਾਵੇਗੀ, ਜਿਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੂੰ 'ਗੁਰੂ ਦੋਖੀ ਅਤੇ ਪੰਥ ਵਿਰੋਧੀ' ਕਰਾਰ ਦਿੱਤਾ ਗਿਆ ਹੈ। ਬਾਜਵਾ ਨੇ ਇਹ ਗੱਲਾਂ ਬਰਨਾਲਾ ਵਿਖੇ ਜ਼ਖਮੀ ਸਫ਼ਾਈ ਕਰਮਚਾਰੀਆਂ ਨੂੰ ਮਿਲਣ ਲਈ ਗਏ • ਬਾਕੀ ਸਫਾ 2 'ਤੇ

## ਸਰਹਿੰਦ ਨਹਿਰ 'ਚ ਕਾਰ ਡਿੱਗਣ ਨਾਲ 2 ਚਚੇਰੇ ਭਰਾਵਾਂ ਦੀ ਮੌਤ

**ਸਰਹਿੰਦ** : ਸਮਰਾਲਾ ਨੇੜੇ ਸਰਹਿੰਦ ਨਹਿਰ ਵਿਚ 'ਚ ਸ਼ਨੀਵਾਰ ਤੜਕੇ ਇਨੋਵਾ ਸ਼ੱਕੀ ਹਾਲਾਤ ਵਿਚ ਡਿੱਗ ਗਈ, ਜਿਸ ਵਿਚ ਸਵਾਰ 2 ਨੌਜਵਾਨ ਚਚੇਰੇ ਭਰਾਵਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਵਿਕਾਸਦੀਪ (19) ਅਤੇ ਅਕਾਸ਼ਦੀਪ (20) ਵਾਸੀ ਪਿੰਡ ਸਿੱਖਾਂਵਾਲਾ, ਜ਼ਿਲਾ ਫਰੀਦਕੋਟ ਵਜੋਂ ਹੋਈ ਹੈ। ਮ੍ਰਿਤਕ ਦੇ ਪਿਤਾ ਰਿੰਪੀ ਸਿੰਘ ਨੇ ਦੱਸਿਆ ਕਿ ਉਸ ਦਾ ਲੜਕਾ ਤੇ ਭਤੀਜਾ ਦੋਵੇਂ ਚੰਡੀਗੜ੍ਹ ਤੋਂ ਵਾਪਸ ਫਰੀਦਕੋਟ ਵੱਲ ਇਨੋਵਾ ਵਿਚ ਸਵਾਰ ਹੋ ਕੇ ਆ ਰਹੇ ਸਨ। ਤੜਕੇ 4.30 ਵਜੇ ਦੇ ਕਰੀਬ ਉਸ ਦਾ ਲੜਕਾ ਫੋਨ 'ਤੇ ਗੱਲ ਕਰ ਰਿਹਾ ਸੀ ਤਾਂ ਪਿੱਛੋਂ ਦੂਜੇ ਲੜਕੇ ਦੀ ਆਵਾਜ਼ ਆਈ ਕਿ ਫੇਟ ਵੱਜ ਗਈ।

ਪਿਤਾ ਨੇ ਦੱਸਿਆ ਕਿ ਉਸ ਤੋਂ ਬਾਅਦ ਦੋਵਾਂ ਮੁੰਡਿਆਂ ਦੇ ਫੋਨ ਬੰਦ ਹੋ ਗਏ। ਸ਼ਨੀਵਾਰ ਸਵੇਰੇ ਜਦੋਂ ਉਹ ਉਨ੍ਹਾਂ ਦੀ ਭਾਲ ਕਰਦੇ ਹੋਏ ਸਰਹਿੰਦ ਨਹਿਰ ਕੰਢੇ ਪੁੱਜੇ ਤਾਂ ਉੱਥੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਤੜਕੇ ਸਾਢੇ 4 ਵਜੇ ਦੇ ਕਰੀਬ ਇੱਕ ਇਨੋਵਾ ਕਾਰ ਸਰਹਿੰਦ ਨਹਿਰ ਵਿਚ ਡਿੱਗੀ ਹੈ। ਉਪਰੰਤ ਗੋਤਾਖੋਰਾਂ ਨੂੰ ਬੁਲਾਇਆ ਗਿਆ । ਦੇਰ ਸ਼ਾਮ ਗੋਤਾਖੋਰਾਂ ਨੇ ਇਨੋਵਾ ਕਾਰ ਨੂੰ ਨਹਿਰ 'ਚੋਂ ਲੱਭ ਲਿਆ। ਜਦੋਂ ਪੁਲਸ ਦੀ ਹਾਜ਼ਰੀ ਵਿੱਚ ਕਾਰ ਬਾਹਰ ਕੱਢੀ ਗਈ ਤਾਂ ਉਸ ਵਿਚੋਂ ਵਿਕਾਸਦੀਪ ਅਤੇ ਅਕਾਸ਼ਦੀਪ ਦੀਆਂ ਲਾਸ਼ਾਂ ਵੀ ਬਰਾਮਦ ਹੋ ਗਈਆਂ। ਇਹ ਵੀ ਚਰਚਾ ਹੈ ਕਿ ਮ੍ਰਿਤਕ ਚੰਡੀਗੜ੍ਹ ਤੋਂ ਸ਼ਰਾਬ ਲਿਆ ਕੇ ਵੇਚਣ ਦਾ ਧੰਦਾ ਕਰਦੇ ਸਨ।

## ਰਾਜਪਾਲ ਠੇਕਾ ਕਾਮਿਆਂ ਸੰਬੰਧੀ ਆਰਡੀਨੈਂਸ ਨੂੰ ਮਨਜ਼ੂਰੀ ਦੇਣ : ਚੀਮਾ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਭਗਵੰਤ ਮਾਨ ਸਰਕਾਰ ਨੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ 'ਦਿ ਪੰਜਾਬ ਸਟੇਟ ਆਊਟਸੋਰਸਡ ਪਰਸੋਨਲ ਟ੍ਰਾਂਜ਼ਿਸ਼ਨ ਟੂ ਕੰਟਰੈਕਚੁਅਲ ਐਂਗੇਜਮੈਂਟ ਆਰਡੀਨੈਂਸ, 2026' ਨੂੰ ਤੁਰੰਤ ਮਨਜ਼ੂਰੀ ਦੇਣ ਦੀ ਅਪੀਲ ਕੀਤੀ ਹੈ।

ਸਰਕਾਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਲੰਮੇ ਸਮੇਂ ਤੋਂ ਲਟਕਿਆ ਹੋਇਆ ਫੈਸਲਾ ਹਜ਼ਾਰਾਂ ਆਊਟਸੋਰਸ ਮੁਲਾਜ਼ਮਾਂ ਦਾ ਸ਼ੋਸ਼ਣ ਖ਼ਤਮ ਕਰੇਗਾ ਅਤੇ ਸੂਬਾ ਸਰਕਾਰ ਨਾਲ ਉਨ੍ਹਾਂ ਦੇ ਸਿੱਧੇ ਠੇਕੇ ਦਾ ਰਾਹ ਪੱਧਰਾ ਕਰੇਗਾ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਹਮੇਸ਼ਾ ਰੋਜ਼ਗਾਰ ਦੇ ਅਵਸਰ ਪੈਦਾ ਕਰਨ ਅਤੇ ਮੁਲਾਜ਼ਮਾਂ ਦੀ ਭਲਾਈ ਨੂੰ ਪਹਿਲ ਦਿੱਤੀ ਹੈ, ਜਦ ਕਿ ਪਿਛਲੀਆਂ ਕਾਂਗਰਸ ਅਤੇ ਅਕਾਲੀ ਦਲ-ਭਾਜਪਾ ਸਰਕਾਰਾਂ ਨੇ ਠੇਕੇਦਾਰੀ ਪ੍ਰਥਾ ਰਾਹੀਂ ਲੁੱਟ-ਖਸੁੱਟ ਨੂੰ ਬੜ੍ਹਾਵਾ ਦਿੱਤਾ। ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਵੱਲੋਂ 13 ਜੁਲਾਈ ਨੂੰ ਮਨਜ਼ੂਰ ਕੀਤਾ ਗਿਆ ਇਹ ਆਰਡੀਨੈਂਸ ਹਜ਼ਾਰਾਂ ਪੀੜਤ ਆਊਟਸੋਰਸ ਮੁਲਾਜ਼ਮਾਂ, ਜਿਨ੍ਹਾਂ ਵਿੱਚ ਸਫਾਈ ਸੇਵਕ, ਸੀਵਰਮੈਨ ਅਤੇ ਪਾਵਰਕਾਮ ਦਾ ਸਟਾਫ ਸ਼ਾਮਲ ਹੈ, ਨੂੰ ਸੂਬਾ ਸਰਕਾਰ ਨਾਲ ਸਿੱਧੇ ਠੇਕੇ 'ਤੇ ਲਿਆਉਣ ਵਿੱਚ ਮਦਦ ਕਰੇਗਾ। ਇਸ ਨਾਲ ਤੀਜੀ-ਧਿਰ (ਠੇਕੇਦਾਰਾਂ) ਵੱਲੋਂ ਕੀਤਾ ਜਾ ਰਿਹਾ ਸ਼ੋਸ਼ਣ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗਾ। ਰਾਜ ਭਵਨ ਵਿਖੇ ਇਸ ਫਾਈਲ ਦੇ 12 ਦਿਨਾਂ ਤੋਂ ਲਟਕੇ ਹੋਣ 'ਤੇ ਚਿੰਤਾ ਪ੍ਰਗਟ ਕਰਦਿਆਂ ਵਿੱਤ ਮੰਤਰੀ ਨੇ ਰਾਜਪਾਲ ਨੂੰ ਅਪੀਲ ਕੀਤੀ ਕਿ ਉਹ ਇਸ ਆਰਡੀਨੈਂਸ 'ਤੇ ਜਲਦ ਤੋਂ ਜਲਦ ਦਸਤਖਤ ਕਰਨ।ਉਨ੍ਹਾ ਕਿਹਾ ਕਿ ਸਰਕਾਰ ਨੇ ਮਹਿਜ਼ ਚਾਰ ਸਾਲ ਅਤੇ ਪੰਜ ਮਹੀਨਿਆਂ ਵਿੱਚ 66,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਸਾਡੀ ਸਰਕਾਰ ਨੇ ਸਾਲਾਂ ਤੋਂ ਸੰਘਰਸ਼ ਕਰ ਰਹੇ ਲਗਭਗ 13,000 ਅਧਿਆਪਕਾਂ ਦੀਆਂ ਸੇਵਾਵਾਂ ਨੂੰ ਪੱਕਾ ਕੀਤਾ ਹੈ।

## ਪੇਪਰ ਲੀਕ ਵਿਸ਼ੇਸ਼ ਅਦਾਲਤ ਨੇ ਸ਼ੁਰੂ ਕੀਤਾ ਕੰਮ

**ਨਵੀਂ ਦਿੱਲੀ** : ਇੱਕ ਵਿਸ਼ੇਸ਼ ਜੱਜ ਨੇ ਸਨਿੱਚਰਵਾਰ ਨੂੰ ਪੇਪਰ ਲੀਕ ਹੋਣ ਦੇ ਨਾਲ-ਨਾਲ ਜਨਤਕ ਪ੍ਰੀਖਿਆਵਾਂ ਵਿੱਚ ਹੋਰ ਗਲਤ ਤਰੀਕਿਆਂ ਦੀ ਵਰਤੋਂ ਤੋਂ ਪੈਦਾ ਹੋਣ ਵਾਲੇ ਅਪਰਾਧਕ ਮਾਮਲਿਆਂ ਨਾਲ ਨਜਿੱਠਣ ਲਈ ਮਨੋਨੀਤ ਅਦਾਲਤ ਦਾ ਚਾਰਜ ਸੰਭਾਲ ਲਿਆ ਹੈ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਜੱਜ ਅਨੂ ਗਰੋਵਰ ਬਾਲੀਆ ਨੇ ਰਾਊਜ਼ ਐਵੇਨਿਊ ਡਿਸਕ੍ਰਿਕਟ ਕੋਰਟ ਕੰਪਲੈਕਸ ਵਿੱਚ ਪਬਲਿਕ ਐਗਜ਼ਾਮੀਨੇਸ਼ਨਜ਼ (ਪ੍ਰੀਵੈਂਸ਼ਨ ਆਫ਼ ਅਨਫੇਅਰ ਮੀਨਜ਼) ਐਕਟ, 2024 ਦੇ ਤਹਿਤ ਅਪਰਾਧਾਂ ਅਤੇ ਇਸ ਨਾਲ ਜੁੜੇ ਅਪਰਾਧਾਂ ਦੀ ਸੁਣਵਾਈ ਲਈ ਇੱਕ ਵਿਸ਼ੇਸ਼ ਤੌਰ 'ਤੇ ਮਨੋਨੀਤ ਫਾਸਟ ਟਰੈਕ ਕੋਰਟ ਦਾ ਚਾਰਜ ਸੰਭਾਲ ਲਿਆ ਹੈ। ਇਹ ਸੰਭਾਵਨਾ ਹੈ ਕਿ ਨੀਟ-ਯੂ ਜੀ 2026 ਪ੍ਰੀਖਿਆ ਪੇਪਰ ਲੀਕ ਕੇਸ ਵਿੱਚ ਗ੍ਰਿਫ਼ਤਾਰ ਤੇ ਜੇਲ੍ਹ ਵਿੱਚ ਬੰਦ 13 ਦੋਸ਼ੀਆਂ ਨਾਲ ਸੰਬੰਧਤ ਮੁਕੱਦਮੇ ਨੂੰ ਮੌਜੂਦਾ ਅਦਾਲਤ ਵਿੱਚ ਤਬਦੀਲ ਕੀਤਾ ਜਾਵੇਗਾ।

## ਅੱਜ-ਨਾਮਾ

ਦਾਅਵਾ ਰਿਹਾ ਮਜ਼ਬੂਤੀ ਦਾ ਬਹੁਤ ਹੁੰਦਾ,
ਆਏ ਵਕਤ ਤੋਂ ਖੁੱਲ੍ਹ ਗਿਆ ਪਾਜ ਮੀਆਂ।
ਨਿਕਲੀ ਜਿੱਦਾਂ ਜਵਾਨੀ ਸੀ ਸੜਕ ਉੱਪਰ,
ਟਿਕਿਆ ਰਿਹਾ ਨਾ ਮੋਦੀ ਦਾ ਰਾਜ ਮੀਆਂ।
ਸਿੱਖਿਆ ਮੰਤਰੀ ਨੂੰ ਛੱਡਣੀ ਪਈ ਕੁਰਸੀ,
ਇਹ ਹੈ ਸੁਣੀਂਦਾ ਸਿਰਫ ਆਗਾਜ਼ ਮੀਆਂ।
ਇਹੀਉ ਲਹਿਰ ਜੇ ਵਧੀ ਗਈ ਹੋਰ ਅੱਗੇ,
ਲੱਗਦੀ ਮੁਸ਼ਕਲ ਬਚਾਵਣੀ ਲਾਜ ਮੀਆਂ।
ਜਿੰਨੀ ਹੋਈ ਆ, ਉਹ ਵੀ ਤੇ ਨਹੀਂ ਥੋੜ੍ਹੀ,
ਬਦਲੇ ਚਾਲੇ ਨਹੀਂ ਅਜੇ ਸਰਕਾਰ ਮੀਆਂ।
ਜਵਾਨੀ ਗੁੱਸੇ ਦੇ ਨਾਲ ਜਦ ਗਈ ਭਰਦੀ,
ਝੱਲਣੀ ਔਖੀ ਹੈ ਲਹਿਰ ਦੀ ਮਾਰ ਮੀਆਂ।

-ਤੀਸ ਮਾਰ ਖਾਂ

## ਲੋਕ ਹੱਕਾਂ ਦੀ ਲੜਾਈ ਲਈ ਮਾਰਕਸਵਾਦੀ ਵਿਚਾਰਧਾਰਾ ਦੀ ਲੋੜ : ਜਗਰੂਪ



**ਮੋਗਾ (ਇਕਬਾਲ ਸਿੰਘ ਖਹਿਰਾ)**
ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਮੋਗਾ ਦੀ ਜ਼ਿਲ੍ਹਾ ਐਗਜ਼ੈਕਟਿਵ ਦੀ ਮਹੱਤਵਪੂਰਨ ਮੀਟਿੰਗ ਗੁਰਮੀਤ ਸਿੰਘ ਵਾਂਦਰ ਦੀ ਪ੍ਰਧਾਨਗੀ ਹੇਠ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਹੋਈ। ਮੀਟਿੰਗ ਦੌਰਾਨ ਦੇਸ਼ ਅਤੇ ਪੰਜਾਬ ਦੇ ਮੌਜੂਦਾ ਸਮਾਜਿਕ, ਆਰਥਿਕ ਅਤੇ ਰਾਜਨੀਤਕ ਹਾਲਾਤ ਉੱਤੇ ਗੰਭੀਰ ਵਿਚਾਰ- ਵਟਾਂਦਰਾ ਕੀਤਾ ਗਿਆ ਅਤੇ ਪਾਰਟੀ ਦੀ ਲੋਕ-ਪੱਖੀ ਸੋਚ ਨੂੰ ਹੋਰ ਮਜ਼ਬੂਤੀ ਨਾਲ ਲੋਕਾਂ ਤੱਕ ਪਹੁੰਚਾਉਣ ਲਈ ਵਿਸਥਾਰਪੂਰਵਕ ਰਣਨੀਤੀ ਉੱਤੇ ਚਰਚਾ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਜਗਰੂਪ ਨੇ ਕਿਹਾ ਕਿ ਦੁਨੀਆ ਤੇਜ਼ੀ ਨਾਲ ਤਕਨੀਕੀ ਬਦਲਾਅ ਦੇ ਦੌਰ ਵਿੱਚੋਂ ਲੰਘ ਰਹੀ ਹੈ। ਅੱਜ ਪੈਦਾਵਾਰ ਦੇ ਸਾਧਨ ਨਕਲੀ ਬੁੱਧੀ (ਆਰਟੀਫਿਸ਼ੀਅਲ ਇੰਟੈਲੀਜੈਂਸੀ) ਤੱਕ ਪਹੁੰਚ ਚੁੱਕੇ ਹਨ ਅਤੇ ਮਸ਼ੀਨਾਂ ਤੇ ਰੋਬੋਟਾਂ ਦੀ ਵਰਤੋਂ ਲਗਾਤਾਰ ਵਧ ਰਹੀ ਹੈ, ਜਿਸ ਕਾਰਨ ਮਨੁੱਖੀ ਕਿਰਤ ਦੀ ਲੋੜ ਘਟਦੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸਿੱਖਿਆ, ਸਿਹਤ, ਕਾਨੂੰਨ ਅਤੇ ਹੋਰ ਕਈ ਖੇਤਰਾਂ ਵਿੱਚ ਏ ਆਈ ਅਧਾਰਿਤ ਤਕਨੀਕਾਂ ਵੱਡਾ ਦਖ਼ਲ ਦੇਣਗੀਆਂ ਅਤੇ ਰਵਾਇਤੀ ਰੁਜ਼ਗਾਰ ਦੇ ਮੌਕੇ ਪ੍ਰਭਾਵਤ ਹੋ ਸਕਦੇ ਹਨ। ਅਜਿਹੇ ਹਾਲਾਤ ਵਿੱਚ ਸਮਾਜ ਵਿੱਚ ਬਰਾਬਰੀ, ਰੁਜ਼ਗਾਰ ਅਤੇ ਲੋਕ ਭਲਾਈ ਨੂੰ ਯਕੀਨੀ ਬਣਾਉਣ ਲਈ ਮਾਰਕਸਵਾਦੀ ਫ਼ਲਸਫ਼ੇ ਤੋਂ ਸੇਧ ਲੈਣ ਦੀ ਲੋੜ ਹੋਰ ਵੀ ਵੱਧ ਜਾਂਦੀ ਹੈ।ਉਨ੍ਹਾ ਕਿਹਾ ਕਿ ਕੇਂਦਰ ਦੀ ਭਾਜਪਾ ਅਗਵਾਈ ਵਾਲੀ ਸਰਕਾਰ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਦੇ ਹੱਲ ਵੱਲ ਧਿਆਨ ਦੇਣ ਦੀ ਬਜਾਏ ਲੋਕ ਸੰਘਰਸ਼ਾਂ ਨੂੰ ਦਬਾਉਣ ਦੀ ਨੀਤੀ ਅਪਣਾ ਰਹੀਆਂ ਹਨ। ਉਨ੍ਹਾ ਵਿਦਿਆਰਥੀਆਂ, ਬਿਜਲੀ ਮੁਲਾਜ਼ਮਾਂ, ਨਰੇਗਾ ਕਰਮਚਾਰੀਆਂ, ਸਫ਼ਾਈ ਕਰਮਚਾਰੀਆਂ ਅਤੇ ਹੋਰ ਸੰਘਰਸ਼ਸ਼ੀਲ ਵਰਗਾਂ ਉੱਤੇ ਕੀਤੇ ਗਏ ਲਾਠੀਚਾਰਜ ਅਤੇ ਪੁਲਸ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਲੋਕਤੰਤਰ ਵਿੱਚ ਆਪਣੀਆਂ ਜਾਇਜ਼ ਮੰਗਾਂ ਲਈ ਸ਼ਾਂਤਮਈ ਸੰਘਰਸ਼ ਕਰਨਾ ਹਰ ਨਾਗਰਿਕ ਦਾ ਸੰਵਿਧਾਨਕ ਅਧਿਕਾਰ ਹੈ, ਜਿਸ ਨੂੰ ਬਲ ਪ੍ਰਯੋਗ ਨਾਲ ਦਬਾਇਆ ਨਹੀਂ ਜਾ ਸਕਦਾ।

ਮੀਟਿੰਗ ਦੌਰਾਨ 1 ਸਤੰਬਰ ਨੂੰ ਦਿੱਲੀ ਵਿਖੇ ਹੋਣ ਵਾਲੀ ਵਿਸ਼ਾਲ ਰੈਲੀ ਦੀਆਂ ਤਿਆਰੀਆਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਅਤੇ ਫ਼ੈਸਲਾ ਕੀਤਾ ਗਿਆ ਕਿ ਜ਼ਿਲ੍ਹਾ ਮੋਗਾ ਵਿੱਚ ਪਿੰਡ ਅਤੇ ਸ਼ਹਿਰ ਪੱਧਰ 'ਤੇ ਲੋਕ ਸੰਪਰਕ ਮੁਹਿੰਮ ਚਲਾਈ ਜਾਵੇਗੀ, ਤਾਂ ਜੋ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾ ਸਕੇ। ਇਸ ਤੋਂ ਇਲਾਵਾ 28 ਜੁਲਾਈ ਨੂੰ ਦਿੱਲੀ ਦੇ ਜੰਤਰ-ਮੰਤਰ ਵਿਖੇ ਚੱਲ ਰਹੇ ਵਿਦਿਆਰਥੀ ਸੰਘਰਸ਼ ਦੇ ਸਮਰਥਨ ਵਿੱਚ ਮੋਗਾ ਦੇ ਮੇਨ ਚੌਂਕ ਵਿੱਚ ਨੌਜਵਾਨਾਂ ਵੱਲੋਂ ਲਗਾਏ ਜਾਣ ਵਾਲੇ 'ਮਿੰਨੀ ਜੰਤਰ-ਮੰਤਰ' ਅਤੇ 24 ਘੰਟਿਆਂ ਦੀ ਭੁੱਖ ਹੜਤਾਲ ਨੂੰ ਪੂਰਾ ਸਮਰਥਨ ਦੇਣ ਦਾ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ। ਮੀਟਿੰਗ ਵਿੱਚ ਕਿਹਾ ਗਿਆ • ਬਾਕੀ ਸਫਾ 2 'ਤੇ

## ਪੰਜਾਬ ਖੇਤ ਮਜ਼ਦੂਰ ਸਭਾ 5 ਅਗਸਤ ਦੀ ਰੈਲੀ 'ਚ ਵੱਡੀ ਪੱਧਰ 'ਤੇ ਸ਼ਮੂਲੀਅਤ ਕਰੇਗੀ : ਦੇਵੀ ਕੁਮਾਰੀ



**ਜਲੰਧਰ (ਗਿਆਨ ਸੈਦਪੁਰੀ)**
ਪੰਜਾਬ ਖੇਤ ਮਜ਼ਦੂਰ ਸਭਾ ਦੀ ਜ਼ਿਲ੍ਹਾ ਤਰਨ ਤਾਰਨ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਜੋਗਿੰਦਰ ਸਿੰਘ ਵਲਟੋਹਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਮਜ਼ਦੂਰਾਂ ਨੂੰ ਅਣਗੌਲਿਆ ਕਰਨ ਵਿਰੁੱਧ ਤਿੱਖਾ ਰੋਸ ਪ੍ਰਗਟ ਕਰਨ ਅਤੇ ਰਹਿੰਦੀਆਂ ਗਰੰਟੀਆਂ ਨੂੰ ਪੂਰਾ ਕਰਾਉਣ ਲਈ ਜਲੰਧਰ ਵਿਖੇ 5 ਅਗਸਤ ਨੂੰ ਰੈਲੀ ਕਰਕੇ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਮਾਰਚ ਕੀਤਾ ਜਾਵੇਗਾ। ਉਹਨਾ ਕਿਹਾ ਕਿ ਮਜ਼ਦੂਰ ਹੱਕੀ ਮੰਗਾਂ ਨੂੰ ਲਾਗੂ ਕਰਾਉਣ ਲਈ ਆਪਣੇ ਤਿੱਖੇ ਰੋਹ ਦਾ ਪ੍ਰਗਟਾਵਾ ਕਰਨਗੇ। ਉਹਨਾ ਕਿਹਾ ਬੀ ਵੀ ਜੀ ਰਾਮ ਜੀ ਕਾਨੂੰਨ ਨੂੰ ਰੱਦ ਕਰਵਾ ਕੇ ਮਨਰੇਗਾ ਕਾਨੂੰਨ ਨੂੰ ਲਾਗੂ ਕਰਵਾਉਣ, ਔਰਤਾਂ ਦੇ ਖਾਤਿਆਂ ਵਿੱਚ ਸਾਢੇ ਚਾਰ ਸਾਲਾਂ ਦੇ ਬਕਾਏ ਪਵਾਉਣ, ਮਜ਼ਦੂਰਾਂ ਸਿਰ ਚੜ੍ਹੇ ਮਾਇਕਰੋ ਫਾਇਨਾਂਸ ਕੰਪਨੀਆਂ ਸਮੇਤ ਕੁੱਲ ਕਰਜ਼ੇ ਖਤਮ ਕਰਾਉਣ ਤੇ ਮਜ਼ਦੂਰਾਂ ਨੂੰ ਸਸਤੀਆਂ ਦਰਾਂ 'ਤੇ ਸਰਕਾਰੀ ਬੈਂਕਾਂ ਤੋਂ ਕਰਜ਼ੇ ਦਿਵਾਉਣ, ਪੰਚਾਇਤੀ ਜ਼ਮੀਨਾਂ ਵਿੱਚੋਂ ਮਜ਼ਦੂਰਾਂ ਦਾ ਬਣਦਾ ਤੀਜਾ ਹਿੱਸਾ ਉਨ੍ਹਾਂ ਨੂੰ ਠੇਕੇ 'ਤੇ ਦਿਵਾਉਣ, ਮਜ਼ਦੂਰਾਂ ਨੂੰ 10-10 ਮਰਲੇ ਦੇ ਪਲਾਟ ਦਿਵਾਉਣ ਅਤੇ ਮਕਾਨ ਬਣਾਉਣ ਲਈ ਪੰਜ ਲੱਖ ਰੁਪਏ • ਬਾਕੀ ਸਫਾ 2 'ਤੇ

## ਗਿਆਰਵੀਂ ਤੇ ਬਾਰਵੀਂ ਦੇ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸ਼ਹੀਦ ਸੂਬੇਦਾਰ ਅਵਤਾਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਛੀਕੇ ਵਿਖੇ ਸ੍ਰੀਮਤੀ ਸੰਦੀਪ ਕੌਰ, ਇੰਚਾਰਜ ਪ੍ਰਿੰਸੀਪਲ ਦੀ ਅਗਵਾਈ ਹੇਠ ਗਿਆਰਵੀਂ ਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਪ੍ਰਾਪਤ ਸਕੂਲ ਬੈਗ ਵੰਡੇ ਗਏ।ਇਸ ਮੌਕੇ ਪਿੰਡ ਦੇ ਸਰਪੰਚ ਸਰਦਾਰ ਜਗਮੋਹਨ ਸਿੰਘ, ਸਮੂਹ ਗ੍ਰਾਮ ਪੰਚਾਇਤ, ਡਾ. ਜਗਦੇਵ ਸਿੰਘ ਬੌਬੂ ਮਾਛੀਕੇ (ਐਜੂਕੇਸ਼ਨ ਕੋਆਰਡੀਨੇਟਰ ਤੇ ਹਲਕਾ ਇੰਚਾਰਜ ਸੋਸ਼ਲ ਮੀਡੀਆ), ਬਲਵਿੰਦਰ ਸਿੰਘ (ਚੇਅਰਮੈਨ, ਸਕੂਲ ਪ੍ਰਬੰਧਕ ਕਮੇਟੀ), ਹਾਕਮ ਸਿੰਘ (ਪੰਚਾਇਤ ਮੈਂਬਰ), ਬੂਟਾ ਸਿੰਘ (ਸੁਸਾਇਟੀ ਪ੍ਰਧਾਨ), ਸਰਦਾਰ ਗੁਰਪ੍ਰੀਤ ਸਿੰਘ (ਯੂਥ ਬਲਾਕ ਪ੍ਰਧਾਨ), ਸਰਦਾਰ ਕਰਮਜੀਤ ਕੌਰ (ਸਾਬਕਾ ਪੰਚਾਇਤ ਮੈਂਬਰ ਤੇ ਆਪ ਆਗੂ), ਜਗਵਿੰਦਰ ਸਿੰਘ ਤੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।ਸਮਾਗਮ ਦੌਰਾਨ ਮਹਿਮਾਨਾਂ ਨੇ ਵਿਦਿਆਰਥੀਆਂ ਨੂੰ ਮਨ ਲਾ ਕੇ ਪੜ੍ਹਾਈ ਕਰਨ ਤੇ ਉੱਚੇ ਟੀਚੇ ਨਿਰਧਾਰਤ ਕਰਕੇ ਮਿਹਨਤ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਅੰਤ ਵਿੱਚ ਸਕੂਲ ਪਰਵਾਰ ਵੱਲੋਂ ਸਮਾਗਮ ਵਿੱਚ ਸ਼ਾਮਲ ਹੋਏ ਸਾਰੇ ਪਤਵੰਤੇ ਸੱਜਣਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

## ਲਾਠੀਚਾਰਜ ਦੇ ਵਿਰੋਧ 'ਚ ਅਕਾਲੀ ਦਲ ਵੱਲੋਂ ਅਰਥੀ ਫੂਕ ਰੋਸ ਪ੍ਰਦਰਸ਼ਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਮਾਂਗੇਵਾਲ ਵਿਖੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਹਲਕਾ ਇੰਚਾਰਜ ਨਾਥ ਸਿੰਘ ਹਮੀਦੀ ਤੇ ਇਸਤਰੀ ਅਕਾਲੀ ਦਲ ਦੀ ਹਲਕਾ ਪ੍ਰਧਾਨ ਬਲਜੀਤ ਕੌਰ ਖਾਲਸਾ ਦੀ ਅਗਵਾਈ ਹੇਠ ਮੁੱਖ ਮੰਤਰੀ ਪੰਜਾਬ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕਰਦਿਆ ਅਰਥੀ ਫੂਕ ਰੋਸ ਪ੍ਰਦਰਸ਼ਨ ਕੀਤਾ ਗਿਆ।ਆਗੂਆਂ ਨੇ ਆਪਣੀਆਂ ਜਾਇਜ਼ ਮੰਗਾਂ ਲਈ ਸੰਘਰਸ਼ ਕਰ ਰਹੇ ਸਫ਼ਾਈ ਕਰਮਚਾਰੀਆਂ 'ਤੇ ਬਰਨਾਲਾ ਪੁਲਸ ਵੱਲੋਂ ਕੀਤੇ ਗਏ ਲਾਠੀਚਾਰਜ ਦੀ ਕਰੜੇ ਸ਼ਬਦਾਂ 'ਚ ਨਿਖੇਧੀ ਕਰਦਿਆਂ ਇਸ ਧੱਕੇਸ਼ਾਹੀ ਖਿਲਾਫ ਸਮੂਹ ਇਨਸਾਫ ਪਸੰਦ ਜਥੇਬੰਦੀਆਂ ਨੂੰ ਇਕਜੁੱਟ ਹੋਣ ਦੀ ਅਪੀਲ ਕੀਤੀ।ਇਸ ਮੌਕੇ ਬੀਬੀ ਬਲਜੀਤ ਕੌਰ ਨੇ ਕਿਹਾ ਕਿ ਆਪਣੀਆਂ ਜਾਇਜ਼ ਮੰਗਾਂ ਲਈ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰ ਰਹੇ ਸਫ਼ਾਈ ਸੇਵਕਾਂ 'ਤੇ ਲਾਠੀਚਾਰਜ ਕਰਨਾ ਲੋਕਤੰਤਰਿਕ ਕਦਰਾਂ-ਕੀਮਤਾਂ ਤੇ ਸੰਵਿਧਾਨਕ ਅਧਿਕਾਰਾਂ ਦਾ ਘਾਣ ਹੈ।ਉਨ੍ਹਾਂ ਕਿਹਾ ਕਿ ਗਰਮੀ ਤੇ ਬਰਸਾਤ ਦੇ ਮੌਸਮ ਵਿੱਚ ਸਫਾਈ ਪ੍ਰਬੰਧ ਬਹੁਤ ਮਹੱਤਵਪੂਰਨ ਹੁੰਦੇ ਹਨ, ਇਸ ਲਈ ਸਰਕਾਰ ਨੂੰ ਟਕਰਾਅ ਦੀ ਬਜਾਏ ਭਰੋਸੇ ਦਾ ਮਾਹੌਲ ਬਣਾ ਕੇ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਦਾ ਹੱਲ ਕਰਨਾ ਚਾਹੀਦਾ ਸੀ।ਉਨ੍ਹਾਂ ਪੀੜਤ ਸਫਾਈ ਮਜ਼ਦੂਰਾਂ ਦੇ ਸੰਘਰਸ਼ ਨੂੰ ਭਰਵਾਂ ਸਹਿਯੋਗ ਦੇਣ ਦਾ ਐਲਾਨ ਕੀਤਾ।ਇਸ ਮੌਕੇ ਜਥੇ: ਕੁਲਵੰਤ ਸਿੰਘ ਜਗਾਦੇ ਪ੍ਰਧਾਨ ਬੀ ਸੀ ਵਿੰਗ, ਹਰਜਿੰਦਰ ਸਿੰਘ ਮਾਂਗੇਵਾਲ, ਕੁਲਵਿੰਦਰ ਸਿੰਘ ਮਾਂਗੇਵਾਲ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਲਾਠੀਚਾਰਜ ਦੀ ਨਿਰਪੱਖ ਜਾਂਚ ਕਰਵਾ ਕੇ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਖ਼ਿਲਾਫ਼ ਤੁਰੰਤ ਕਾਰਵਾਈ ਕੀਤੀ ਜਾਵੇ।

## ਹੋਲੀ ਹਾਰਟ ਸਕੂਲ ਵਿਖੇ ਪ੍ਰੇਰਣਾਦਾਇਕ ਖੇਡਾਂ ਕਰਵਾਈਆਂ



**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਧਿਆਨ ਵਿੱਚ ਰੱਖਦਿਆਂ ਇੱਕ ਵਿਸ਼ੇਸ਼ ਪ੍ਰੇਰਣਾਦਾਇਕ ਐਕਟੀਵਿਟੀ ਦਾ ਆਯੋਜਨ ਕੀਤਾ ਗਿਆ।ਇਸ ਗਤੀਵਿਧੀ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਆਤਮ-ਵਿਸ਼ਵਾਸ, ਧੀਰਜ, ਇਕਾਗਰਤਾ, ਆਪਸੀ ਸਹਿਯੋਗ, ਅਨੁਸ਼ਾਸਨ ਤੇ ਸਕਾਰਾਤਮਕ ਸੋਚ ਨੂੰ ਵਿਕਸਿਤ ਕਰਨਾ ਸੀ।ਸਕੂਲ ਦੇ ਅਧਿਆਪਕਾਂ ਦੀ ਅਗਵਾਈ ਹੇਠ ਬੱਚਿਆਂ ਨੇ ਵੱਖ-ਵੱਖ ਦਿਲਚਸਪ ਤੇ ਸਿੱਖਿਆਦਾਇਕ ਗੇਮਾਂ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ।ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਦੱਸਿਆ ਕਿ ਸਿਰਫ ਕਿਤਾਬੀ ਗਿਆਨ ਹੀ ਨਹੀਂ, ਸਗੋਂ ਅਜਿਹੀਆਂ ਪ੍ਰਯੋਗਾਤਮਕ ਤੇ ਮੋਟੀਵੇਸ਼ਨਲ ਗਤੀਵਿਧੀਆਂ ਵੀ ਜੀਵਨ ਵਿੱਚ ਸਫਲਤਾ ਹਾਸਲ ਕਰਨ ਲਈ ਬਹੁਤ ਮਹੱਤਵਪੂਰਨ ਹਨ।ਉਨ੍ਹਾਂ ਬੱਚਿਆਂ ਨੂੰ ਹਰ ਸਥਿਤੀ ਵਿੱਚ ਹੌਸਲਾ ਬਣਾਈ ਰੱਖਣ, ਆਪਣੀਆਂ ਯੋਗਤਾਵਾਂ 'ਤੇ ਵਿਸ਼ਵਾਸ ਕਰਨ ਤੇ ਸਦਾ ਸਕਾਰਾਤਮਕ ਸੋਚ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਦੇ ਮਾਨਸਿਕ, ਬੌਧਿਕ ਤੇ ਸਮਾਜਿਕ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।ਅੰਤ ਵਿੱਚ ਵਿਦਿਆਰਥੀਆਂ ਨੇ ਇਸ ਗਤੀਵਿਧੀ ਦਾ ਭਰਪੂਰ ਆਨੰਦ ਮਾਣਿਆ ਤੇ ਅਜਿਹੇ ਪ੍ਰੋਗਰਾਮਾਂ ਨੂੰ ਨਿਯਮਤ ਤੌਰ 'ਤੇ ਕਰਵਾਉਣ ਦੀ ਇੱਛਾ ਪ੍ਰਗਟ ਕੀਤੀ।ਸਕੂਲ ਪ੍ਰਬੰਧਕ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੀਆ ਪਲਤਾ ਤੇ ਸ਼ਿਵਾਨੀ ਅਰੋੜਾ, ਰਮਨ ਅਰੋੜਾ ਨੇ ਵੀ ਕਿਹਾ ਕਿ ਭਵਿੱਖ ਵਿੱਚ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਇਸ ਤਰ੍ਹਾਂ ਦੀਆਂ ਪ੍ਰੇਰਣਾਦਾਇਕ ਤੇ ਸਿੱਖਿਆਤਮਕ ਗਤੀਵਿਧੀਆਂ ਲਗਾਤਾਰ ਕਰਵਾਈਆਂ ਜਾਂਦੀਆਂ ਰਹਿਣਗੀਆਂ, ਤਾਂ ਜੋ ਬੱਚੇ ਪੜ੍ਹਾਈ ਦੇ ਨਾਲ-ਨਾਲ ਜੀਵਨ ਦੇ ਹਰ ਖੇਤਰ ਵਿੱਚ ਸਫਲ ਹੋ ਸਕਣ।

## ਬੂਟੇ ਵੰਡ ਕੇ ਮਨਾਇਆ ਹਰਸਿਮਰਤ ਕੌਰ ਬਾਦਲ ਦਾ ਜਨਮ ਦਿਨ



**ਬੋਹਾ (ਨਿਰੰਜਣ ਬੋਹਾ)**-ਸ਼੍ਰੋਮਣੀ ਅਕਾਲੀ ਦਲ ਹਲਕਾ ਖੇਤਰ ਬੁਢਲਾਡਾ ਵੱਲੋਂ ਮੈਂਬਰ ਪਾਰਲੀਮੈਂਟ ਬੀਬੀ ਹਰਸਿਮਰਤ ਕੌਰ ਬਾਦਲ ਦਾ ਜਨਮ ਦਿਨ ਗੁਰਦੁਆਰਾ ਪਾਤਿਸ਼ਾਹੀ ਨੌਵੀਂ ਸਾਹਿਬ ਬੋਹਾ ਵਿਖੇ ਛਾਂਦਾਰ ਬੂਟੇ ਵੰਡ ਕੇ ਮਨਾਇਆ ਗਿਆ।ਇਸ ਸਮੇਂ ਬੀਬਾ ਬਾਦਲ ਦੀ ਲੰਮੀ ਉਮਰ ਤੇ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਗਈ।ਇਸ ਮੌਕੇ ਹਲਕਾ ਇੰਚਾਰਜ ਡਾ. ਨਿਸ਼ਾਨ ਸਿੰਘ, ਜ਼ਿਲ੍ਹਾ ਪ੍ਰਧਾਨ (ਦਿਹਾਤੀ) ਪ੍ਰਧਾਨ ਗੁਰਮੇਲ ਸਿੰਘ ਬੀਰੋਕੇ ਤੇ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਜਤਿੰਦਰ ਸਿੰਘ ਸੋਢੀ ਨੇ ਕਿਹਾ ਕਿ ਬੀਬਾ ਬਾਦਲ ਨੇ ਉਸ ਮਸੀਹੀਆ ਪਰਿਵਾਰ ਵਿੱਚ ਜਨਮ ਲਿਆ ਹੈ ਜੋ ਧਾਰਮਿਕ, ਸਮਾਜਿਕ, ਰਾਜਨੀਤਕ ਸਭਨਾਂ ਖੇਤਰਾਂ ਵਿੱਚ ਕਈ ਦਹਾਕਿਆਂ ਤੋਂ ਇਤਿਹਾਸਕ ਭੂਮਿਕਾ ਨਿਭਾਅ ਰਿਹਾ ਹੈ।ਉਨ੍ਹਾਂ ਕਿਹਾ ਕਿ ਜਿੱਥੇ ਬੀਬੀ ਬਾਦਲ ਲਗਾਤਾਰ ਚਾਰ ਵਾਰ ਮੈਂਬਰ ਪਾਰਲੀਮੈਂਟ ਦੀ ਚੋਣ ਜਿੱਤ ਕੇ ਲੋਕ ਸਭਾ ਵਿੱਚ ਪੰਜਾਬ ਦੇ ਹੱਕਾਂ ਤੇ ਹਿੱਤਾਂ ਦੇ ਹੱਕ ਵਿੱਚ ਆਪਣੀ ਜ਼ੋਰਦਾਰ ਆਵਾਜ਼ ਬੁਲੰਦ ਕਰ ਰਹੇ ਹਨ, ਉੱਥੇ ਉਨ੍ਹਾਂ ਆਪਣੇ ਕੇਂਦਰੀ ਮੰਤਰੀ ਹੁੰਦਿਆਂ ਪੰਜਾਬ ਦੇ ਵਿਕਾਸ ਵਿੱਚ ਏਨਾ ਮਹੱਤਵ ਪੂਰਨ ਕੰਮ ਕੀਤਾ ਹੈ ਕਿ ਵਿਰੋਧੀ ਪਾਰਟੀਆਂ ਵੱਲੋਂ ਅੱਡੀ ਚੋਟੀ ਦਾ ਜ਼ੋਰ ਲਾਉਣ ਤੋਂ ਬਾਵਜੂਦ ਉਹ ਹਰ ਵਾਰ ਇਸ ਸੀਟ ਤੋਂ ਜੇਤੂ ਰਹੇ ਹਨ।ਉਨ੍ਹਾਂ ਰੁੱਖ ਤੇ ਰੁੱਖ ਬਚਾਉਣ ਸਬੰਧੀ ਵਿਸ਼ੇਸ਼ ਮੁਹਿੰਮ ਚਲਾ ਕੇ ਮਾਨਵਤਾਵਾਦ ਦੇ ਖੇਤਰ ਵਿੱਚ ਵੀ ਅਹਿਮ ਯੋਗਦਾਨ ਪਾਇਆ ਹੈ।

## ਜਸਲੀਨ ਨੇ ਕਰਾਟੇ ਚੈਂਪੀਅਨਸ਼ਿਪ 'ਚ ਤਮਗੇ ਜਿੱਤੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਊਂਟ ਲਿਟਰਾ ਜ਼ੀ ਸਕੂਲ ਦੀ ਤੀਜੀ ਜਮਾਤ ਦੀ ਵਿਦਿਆਰਥਣ ਜਸਲੀਨ ਮਿੱਤਲ ਨੇ ਕਰਾਟੇ ਇੰਡੀਆ ਆਰਗੇਨਾਈਜੇਸ਼ਨ ਵੱਲੋਂ ਕੋਅਰਡਿ ਸਬ ਜੂਨੀਅਰ, ਕੈਡੇਟ ਤੇ ਜੂਨੀਅਰ ਕਰਾਟੇ ਚੈਂਪੀਅਨਸ਼ਿਪ 2026 ਵਿੱਚ ਹਿੱਸਾ ਲਿਆ ਤੇ ਪਹਿਲਾਂ ਜ਼ਿਲ੍ਹਾ ਪੱਧਰ ਤੇ ਦੋ ਗੋਲਡ ਮੈਡਲ ਜਿੱਤੇ ਫਿਰ ਸਟੇਟ ਲੈਵਲ 'ਤੇ ਇੱਕ ਗੋਲਡ ਮੈਡਲ ਤੇ ਇੱਕ ਸਿਲਵਰ ਮੈਡਲ ਜਿੱਤਿਆ।ਉਸ ਤੋਂ ਬਾਅਦ ਇਸ ਵਿਦਿਆਰਥਣ ਨੇ ਹੋਰ ਮੱਲਾਂ ਮਾਰਦੇ ਹੋਏ ਨੈਸ਼ਨਲ ਲੈਵਲ ਤੇ ਕਾਂਸੀ ਦਾ ਮੈਡਲ ਜਿੱਤ ਕੇ ਸਕੂਲ ਦੇ ਨਾਲ-ਨਾਲ ਆਪਣੇ ਮਾਪਿਆਂ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਸ੍ਰੀਮਤੀ ਨਮਿਤਾ ਬਾਂਸਲ ਤੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਗੀਤਾ ਧਿੱਲੋਂ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਜੇਤੂ ਵਿਦਿਆਰਥਣ ਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ।

## ਮਾਨ ਸਰਕਾਰ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਵਚਨਬੱਧ : ਬਲਜਿੰਦਰ ਢਿੱਲੋਂ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪੰਜਾਬ ਸਰਕਾਰ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਮਾੜੀ ਬਿਮਾਰੀ ਤੋਂ ਨਿਜਾਤ ਦਵਾਉਣ ਲਈ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਵਚਨਬੱਧ ਹੈ, ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਨੂੰ ਨਸ਼ਾ ਮੁਕਤ ਕਰਕੇ ਉਨ੍ਹਾਂ ਨੂੰ ਜੀਵਨ ਦਾਨ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਸਨੌਰ ਹਲਕੇ ਵਿੱਚ ਪੈਂਦੇ ਬਹਾਦਰਗੜ੍ਹ ਵਿਖੇ 'ਦੂਜਾ ਯਾਰਾਂ ਦਾ ਕ੍ਰਿਕਟ ਕੱਪ' ਦੇ ਉਦਘਾਟਨੀ ਸਮਾਰੋਹ ਸਮੇਂ ਮੈਚ ਦਾ ਉਦਘਾਟਨ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪੰਜਾਬ ਐਗਰੋ ਦੇ ਚੇਅਰਮੈਨ ਤੇ ਲੋਕ ਸਭਾ ਹਲਕਾ ਪਟਿਆਲਾ ਦੇ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਨੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਢਿੱਲੋਂ ਨੇ ਟੂਰਨਾਮੈਂਟ ਦੇ ਪ੍ਰਬੰਧਕਾਂ ਦੇ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਖੇਡਾਂ ਨੌਜਵਾਨਾਂ ਨੂੰ ਤੰਦਰੁਸਤ ਜੀਵਨ, ਅਨੁਸ਼ਾਸਨ, ਆਪਸੀ ਭਾਈਚਾਰੇ ਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੰਦੀਆਂ ਹਨ।ਉਨ੍ਹਾਂ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੁੜਨ ਦਾ ਸੱਦਾ ਦਿੰਦਿਆਂ ਕਿਹਾ ਕਿ ਅਜਿਹੇ ਟੂਰਨਾਮੈਂਟ ਪੇਂਡੂ ਖੇਤਰਾਂ ਦੀ ਖੇਡ ਪ੍ਰਤਿਭਾ ਨੂੰ ਨਿਖਾਰਨ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਟੂਰਨਾਮੈਂਟ ਦੇ ਪ੍ਰਬੰਧਕਾਂ ਵੱਲੋਂ ਬਲਜਿੰਦਰ ਸਿੰਘ ਢਿੱਲੋਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ ਤੇ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ, ਪਿੰਡ ਵਾਸੀ, ਪਤਵੰਤੇ ਸੱਜਣ ਤੇ ਨੌਜਵਾਨ ਹਾਜ਼ਰ ਸਨ।

# ਪ੍ਰਾਇਮਰੀ ਸਕੂਲ ਛੀਨੀਵਾਲ ਕਲਾਂ 'ਚ ਖਾਲੀ ਆਸਾਮੀਆਂ ਭਰਨ ਦੀ ਮੰਗ ਨੂੰ ਲੈ ਕੇ ਪਿੰਡ ਵਾਸੀਆਂ ਵੱਲੋਂ ਨਾਅਰੇਬਾਜ਼ੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਛੀਨੀਵਾਲ ਕਲਾਂ 'ਚ ਅਧਿਆਪਕਾਂ ਦੀ ਘਾਟ ਨੂੰ ਪੂਰਾ ਕਰਨ ਦੀ ਮੰਗ ਨੂੰ ਲੈ ਕੇ ਵਿਦਿਆਰਥੀਆਂ ਦੇ ਮਾਪਿਆਂ ਤੇ ਪਿੰਡ ਵਾਸੀਆਂ ਨੇ ਨਾਅਰੇਬਾਜ਼ੀ ਕਰਕੇ ਖਾਲੀ ਆਸਾਮੀਆਂ ਛੇਤੀ ਭਰਨ ਦੀ ਮੰਗ ਕੀਤੀ।ਭਾਈ ਲਾਲੋ ਮੰਚ ਦੇ ਹਰਜੀਤ ਖਿਆਲੀ ਨੇ ਕਿਹਾ ਕਿ ਸਕੂਲ 'ਚ ਪਹਿਲੀ ਤੋਂ ਪੰਜਵੀਂ ਜਮਾਤ ਤੱਕ 64 ਤੇ ਪ੍ਰੀ-ਪ੍ਰਾਇਮਰੀ ਦੇ 40, ਕੁੱਲ 104 ਵਿਦਿਆਰਥੀਆਂ ਦੀ ਪੜ੍ਹਾਈ ਦਾ ਭਾਰ ਸਿਰਫ਼ ਇੱਕ ਅਧਿਆਪਕ ਦੇ ਮੋਢਿਆਂ 'ਤੇ ਹੈ, ਜਿਸ ਕਾਰਨ ਬੱਚਿਆਂ ਦਾ ਭਵਿੱਖ ਧੁੰਦਲਾ ਹੋ ਕੇ ਰਹਿ ਗਿਆ ਹੈ।ਪੰਜਾਬ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਮਾਪਿਆਂ ਨੇ ਮੰਗ ਕੀਤੀ ਕਿ ਸਕੂਲ 'ਚ ਖਾਲੀ ਪਈਆਂ ਅਧਿਆਪਕਾਂ ਤੇ ਹੋਰ ਸਟਾਫ਼ ਦੀਆਂ ਅਸਾਮੀਆਂ ਨੂੰ ਪਹਿਲ ਦੇ ਆਧਾਰ 'ਤੇ ਭਰਿਆ ਜਾਵੇ।ਉਨ੍ਹਾਂ ਕਿਹਾ ਕਿ ਇੱਕ ਹੀ ਅਧਿਆਪਕ ਨੂੰ ਪੜ੍ਹਾਈ ਦੇ ਨਾਲ-ਨਾਲ ਮਿੱਡ-ਡੇ ਮੀਲ, ਦਫ਼ਤਰੀ ਕੰਮ ਤੇ ਹੋਰ ਪ੍ਰਸ਼ਾਸਨਕ ਜ਼ਿੰਮੇਵਾਰੀਆਂ ਵੀ ਨਿਭਾਉਣੀਆਂ ਪੈਂਦੀਆਂ ਹਨ, ਜਿਸ ਨਾਲ ਬੱਚਿਆਂ ਨੂੰ ਲੋੜੀਂਦਾ ਸਮਾਂ ਨਹੀਂ ਮਿਲ ਰਿਹਾ।ਇਸ ਮੌਕੇ ਆਗੂ ਏਕਮ ਸਿੰਘ ਛੀਨੀਵਾਲ ਨੇ ਕਿਹਾ ਕਿ ਜਦੋਂ ਬੱਚੇ ਘਰ ਪਰਤਦੇ ਹਨ ਤਾਂ ਕਈ ਵਾਰ ਉਨ੍ਹਾਂ ਨੂੰ ਸਕੂਲ ਤੋਂ ਪਾਠ ਜਾਂ ਘਰੇਲੂ ਕੰਮ ਵੀ ਨਹੀਂ ਮਿਲਦਾ, ਜਿਸ ਕਾਰਨ ਮਾਪਿਆਂ ਵਿੱਚ ਚਿੰਤਾ ਵਧ ਰਹੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ 27 ਜੁਲਾਈ ਤੱਕ ਸਟਾਫ ਦੀਆਂ ਖਾਲੀ ਆਸਾਮੀਆਂ ਨਾ ਭਰੀਆਂ ਗਈਆਂ ਤਾਂ ਮੰਗਲਵਾਰ ਤੋਂ ਮਾਪਿਆਂ ਤੇ ਪਿੰਡ ਵਾਸੀਆਂ ਨੂੰ ਨਾਲ ਲੈ ਕੇ ਤਿੱਖਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਸ ਸਬੰਧੀ ਬਲਾਕ ਸਿੱਖਿਆ ਅਫ਼ਸਰ ਪ੍ਰਾਇਮਰੀ ਮਹਿਲ ਕਲਾਂ ਬਲਵੀਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਦੇ ਨਿਰਦੇਸ਼ਾਂ ਅਨੁਸਾਰ ਹਾਲ ਹੀ ਦੀਆਂ ਬਦਲੀਆਂ ਤੇ ਤਾਇਨਾਤੀਆਂ ਤਹਿਤ ਬਲਾਕ ਮਹਿਲ ਕਲਾਂ ਦੇ ਸਕੂਲਾਂ ਲਈ ਕਰੀਬ 41 ਨਵੇਂ ਅਧਿਆਪਕ ਤਾਇਨਾਤ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਖਾਲੀ ਅਸਾਮੀਆਂ ਨੂੰ ਪਹਿਲ ਦੇ ਆਧਾਰ 'ਤੇ ਭਰਨ ਦੀ ਪ੍ਰਕਿਰਿਆ ਜਾਰੀ ਹੈ।ਸਰਕਾਰੀ ਪ੍ਰਾਇਮਰੀ ਸਕੂਲ ਛੀਨੀਵਾਲ ਕਲਾਂ ਵਿੱਚ ਦੋ ਨਵੇਂ ਅਧਿਆਪਕ ਤਾਇਨਾਤ ਕੀਤੇ ਜਾ ਰਹੇ ਹਨ ਤੇ ਡੈਪੂਟੇਸ਼ਨ 'ਤੇ ਭੇਜੇ ਇੱਕ ਅਧਿਆਪਕ ਨੂੰ ਵੀ ਵਾਪਸ ਸਕੂਲ 'ਚ ਭੇਜਣ ਦੀ ਕਾਰਵਾਈ ਕੀਤੀ ਜਾ ਰਹੀ ਹੈ।ਇਸ ਮੌਕੇ ਜਰਨੈਲ ਸਿੰਘ, ਜਸਪਾਲ ਕੌਰ, ਜਸਪ੍ਰੀਤ ਕੌਰ, ਲਖਵਿੰਦਰ ਕੌਰ, ਸਰਬਜੀਤ ਸਿੰਘ, ਪਰਮਜੀਤ ਸਿੰਘ, ਨਿਰਮਲ ਸਿੰਘ, ਰਾਮ ਸਿੰਘ, ਹਰਕਰਨ ਸਿੰਘ, ਲਖਬੀਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਰਾਈਸੀਲਾ ਗਰੁੱਪ ਤੇ ਰੋਟਰੀ ਫਾਊਂਡੇਸ਼ਨ ਨੇ 'ਪੜ੍ਹਦਾ ਪੰਜਾਬ' ਮੁਹਿੰਮ ਤਹਿਤ 2,700 ਵਿਦਿਆਰਥੀਆਂ ਦੀ ਫੀਸ ਭਰੀ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਧੂਰੀ ਇਲਾਕੇ ਵਿੱਚ ਸਮਾਜ ਸੇਵਾ ਤੇ ਮਾਨਵ ਹਿੱਤ ਦੇ ਕਾਰਜਾਂ ਨੂੰ ਨਿਰੰਤਰ ਅੱਗੇ ਵਧਾਉਂਦੇ ਹੋਏ ਪ੍ਰਸਿੱਧ ਰਾਈਸੀਲਾ ਗਰੁੱਪ ਨੇ ਰੋਟਰੀ ਫਾਊਂਡੇਸ਼ਨ (ਇੰਡੀਆ) ਦੇ ਵਿਸ਼ੇਸ਼ ਸਹਿਯੋਗ ਨਾਲ ਇੱਕ ਮਿਸਾਲੀ ਪਹਿਲਕਦਮੀ ਕੀਤੀ ਹੈ।'ਪੜ੍ਹਦਾ ਪੰਜਾਬ' ਮੁਹਿੰਮ ਅਧੀਨ ਇਸ ਸਾਲ ਵੀ ਧੂਰੀ ਵਿਧਾਨ ਸਭਾ ਹਲਕੇ ਦੇ 30 ਸਰਕਾਰੀ ਸਕੂਲਾਂ ਵਿੱਚ ਪੜ੍ਹਦੇ 2,700 ਲੋੜਵੰਦ ਵਿਦਿਆਰਥੀਆਂ ਦੀ ਪੜ੍ਹਾਈ ਦਾ ਖਰਚਾ ਚੁੱਕਦਿਆਂ ਰਾਈਸੀਲਾ ਗਰੁੱਪ ਵੱਲੋਂ ਕੁੱਲ 24,82,114 ਰੁਪਏ ਦੀ ਵਿੱਤੀ ਰਾਸ਼ੀ ਅਦਾ ਕੀਤੀ ਗਈ ਹੈ।ਇਸ ਉਪਰਾਲੇ ਦਾ ਮੁੱਖ ਮਨੋਰਥ ਆਰਥਿਕ ਤੰਗੀ ਕਾਰਨ ਕਿਸੇ ਵੀ ਹੋਣਹਾਰ ਬੱਚੇ ਦੀ ਪੜ੍ਹਾਈ ਵਿੱਚ ਰੁਕਾਵਟ ਨਾ ਆਉਣ ਦੇਣਾ ਹੈ।

ਇਸ ਵੱਡੇ ਪ੍ਰੋਜੈਕਟ ਨੂੰ ਪੂਰੀ ਪਾਰਦਰਸ਼ਤਾ ਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਰੋਟਰੀ ਕਲੱਬ ਧੂਰੀ ਦੇ ਸੀਨੀਅਰ ਮੈਂਬਰ ਡਾ. ਰਮੇਸ਼ ਸ਼ਰਮਾ ਦੀ ਧਰਮਪਤਨੀ ਸ਼੍ਰੀਮਤੀ ਲਲਿਤਾ ਸ਼ਰਮਾ ਨੇ ਬਹੁਤ ਹੀ ਸ਼ਲਾਘਾਯੋਗ ਭੂਮਿਕਾ ਨਿਭਾਈ।ਉਨ੍ਹਾਂ ਸਾਰਿਆਂ 30 ਸਰਕਾਰੀ ਸਕੂਲਾਂ ਤੋਂ ਲੋੜੀਂਦੇ ਬੱਚਿਆਂ ਦਾ ਪ੍ਰਮਾਣਿਕ ਡਾਟਾ ਇਕੱਤਰ ਕੀਤਾ ਤੇ ਉਸ ਨੂੰ ਵਿਵਸਥਿਤ ਰੂਪ ਦਿੱਤਾ, ਤਾਂ ਜੋ ਹਰ ਹੱਕਦਾਰ ਵਿਦਿਆਰਥੀ ਦੀ ਫੀਸ ਸਮੇਂ ਸਿਰ ਜਮ੍ਹਾਂ ਕਰਵਾਈ ਜਾ ਸਕੇ।ਇਸ ਵਿਸ਼ੇਸ਼ ਕਾਰਜ ਦੀ ਸ਼ਲਾਘਾ ਕਰਦਿਆਂ ਰੋਟਰੀ ਡਿਸਟ੍ਰਿਕਟ 3090 ਦੇ ਪ੍ਰਧਾਨ ਨੇ ਉਚੇਚੇ ਤੌਰ 'ਤੇ ਧੂਰੀ ਪਹੁੰਚ ਕੇ ਰਾਈਸੀਲਾ ਗਰੁੱਪ ਦੇ ਚੇਅਰਮੈਨ ਡਾ. ਏ. ਆਰ. ਸ਼ਰਮਾ ਦਾ ਵਿਸ਼ੇਸ਼ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਸਨਮਾਨਤ ਕੀਤਾ।ਇਸ ਮੌਕੇ ਰੋਟਰੀ ਕਲੱਬ ਧੂਰੀ ਦੇ ਹੋਰਨਾਂ ਮੈਂਬਰਾਂ ਦੀਆਂ ਸੇਵਾਵਾਂ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਦਾ ਵੀ ਸਨਮਾਨ ਕੀਤਾ ਗਿਆ।

ਇਸ ਮੌਕੇ ਰਾਈਸੀਲਾ ਗਰੁੱਪ ਦੇ ਚੇਅਰਮੈਨ ਡਾ. ਏ.ਆਰ. ਸ਼ਰਮਾ ਨੇ ਕਿਹਾ ਪੜ੍ਹਾਈ ਦਾ ਅਸਲ ਮਨੋਰਥ ਸਿਰਫ਼ ਡਿਗਰੀ ਪ੍ਰਾਪਤ ਕਰਨਾ ਨਹੀਂ, ਬਲਕਿ ਇੱਕ ਆਦਰਸ਼ ਸਮਾਜ ਤੇ ਮਜ਼ਬੂਤ ਦੇਸ਼ ਦਾ ਨਿਰਮਾਣ ਕਰਨਾ ਹੈ।ਪੈਸਿਆਂ ਦੀ ਘਾਟ ਕਰਕੇ ਕਿਸੇ ਵੀ ਬੱਚੇ ਦੀ ਸਿੱਖਿਆ ਅਧੂਰੀ ਨਹੀਂ ਛੁੱਟਣੀ ਚਾਹੀਦੀ।ਸਾਡੀ ਹਮੇਸ਼ਾ ਇਹੀ ਕੋਸ਼ਿਸ਼ ਹੈ ਕਿ ਹਰ ਬੱਚਾ ਬਿਨਾਂ ਕਿਸੇ ਆਰਥਿਕ ਰੁਕਾਵਟ ਦੇ ਵਿੱਦਿਆ ਪ੍ਰਾਪਤ ਕਰੇ ਤੇ ਆਪਣੇ ਸੁਪਨੇ ਪੂਰੇ ਕਰਕੇ ਸਮਾਜ ਦੀ ਤਰੱਕੀ ਵਿੱਚ ਆਪਣਾ ਬਹੁਮੁੱਲਾ ਯੋਗਦਾਨ ਪਾਵੇ।

## ਧੀਰਾ ਆਪ ਯੂਥ ਵਿੰਗ ਦੇ ਜ਼ਿਲ੍ਹਾ ਮੀਤ ਪ੍ਰਧਾਨ ਥਾਪੇ

**ਬਠਿੰਡਾ (ਰਾਜੀਵ ਗੋਇਲ)**



ਹਲਕਾ ਰਾਮਪੁਰਾ ਫੂਲ ਵਿੱਚ ਆਮ ਆਦਮੀ ਪਾਰਟੀ ਲਈ ਪ੍ਰਚਾਰ ਕਰ ਰਹੇ ਤੇ ਮਾਰਕਫੈੱਡ ਦੇ ਚੇਅਰਮੈਨ ਇੰਦਰਜੀਤ ਸਿੰਘ ਮਾਨ ਦੇ ਪੀ ਏ ਵਾਂਗ ਸੇਵਾਵਾਂ ਨਿਭਾਅ ਰਹੇ ਰਣਧੀਰ ਸਿੰਘ ਧੀਰਾ ਨੂੰ ਆਮ ਆਦਮੀ ਪਾਰਟੀ ਵੱਲੋਂ ਯੂਥ ਵਿੰਗ ਦੇ ਜ਼ਿਲ੍ਹਾ ਮੀਤ ਪ੍ਰਧਾਨ ਦੀ ਜ਼ੁੰਮੇਵਾਰੀ ਸੌਂਪੀ ਗਈ ਹੈ। ਦੱਸਣਾ ਬਣਦਾ ਹੈ ਕਿ ਬੀਤੇ ਦਿਨੀਂ ਧੀਰਾ ਵੱਲੋਂ ਰਾਮਪੁਰਾ ਵਿਖੇ ਥ੍ਰੀਵ੍ਹੀਲਰਾਂ 'ਤੇ ਮੁੜ 2027 ਵਿੱਚ ਭਗਵੰਤ ਮਾਨ ਦਾ ਪ੍ਰਚਾਰ ਕਰਦੇ ਪੋਸਟਰ ਚਿਪਕਾਏ ਗਏ ਸਨ। ਅਗਾਮੀ 2027 ਦੀਆਂ ਚੋਣਾਂ ਨੂੰ ਲੈ ਕੇ ਆਪ ਵੱਲੋਂ ਕਮਰਕੱਸੀ ਕਰ ਲਈ ਗਈ ਹੈ, ਜਿਸ ਦੇ ਚਲਦਿਆਂ ਹਲਕਾ ਇੰਚਾਰਜਾਂ ਦੀ ਨਿਯੁਕਤੀ ਕਰਦੇ ਹੋਏ ਨੌਜਵਾਨਾਂ ਨੂੰ ਚੇਅਰਮੈਨ ਤੇ ਪੁਰਾਣੇ ਭੁਮੱਕੜਾਂ ਨੂੰ ਮਨਾਉਣ ਲਈ ਦਾਅ ਪੇਚ ਖੇਡੇ ਜਾ ਰਹੇ ਹਨ।

ਉਧਰ ਦੂਜੇ ਪਾਸੇ ਧੀਰਾ ਵੱਲੋਂ ਜ਼ੁੰਮੇਵਾਰੀ ਸੌਂਪਣ 'ਤੇ ਪਾਰਟੀ ਹਾਈਕਮਾਨ ਦਾ ਧੰਨਵਾਦ ਕੀਤਾ ਗਿਆ ਹੈ।

## ਤਾਨਾਸ਼ਾਹੀ ਅੱਗੇ ਝੁਕੇਗੀ ਨਹੀਂ ਕਾਂਗਰਸ, ਹਰ ਧੱਕੇਸ਼ਾਹੀ ਵਿਰੁੱਧ ਚਟਾਨ ਵਾਂਗ ਡਟਾਂਗੇ : ਨਿਸ਼ਾਤ ਅਖ਼ਤਰ

### ਪੇਪਰ ਲੀਕ ਤੇ ਭਰਤੀ ਘੋਟਾਲਿਆਂ ਵਿਰੁੱਧ ਡੀ. ਸੀ. ਦਫ਼ਤਰ ਅੱਗੇ ਪ੍ਰਦਰਸ਼ਨ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸ.ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕੇਂਦਰ ਦੀ ਭਾਜਪਾ ਤੇ ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਵੱਲੋਂ ਵਿਦਿਆਰਥੀਆਂ ਦੇ ਭਵਿੱਖ ਨਾਲ ਕੀਤੇ ਜਾ ਰਹੇ ਖਿਲਵਾੜ, ਲਗਾਤਾਰ ਹੋ ਰਹੇ ਪੇਪਰ ਲੀਕ, ਵਿਦਿਆਰਥੀਆਂ ਦੀ ਆਵਾਜ਼ ਨੂੰ ਦਬਾਉਣ ਅਤੇ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਮੁਲਾਜ਼ਮਾਂ 'ਤੇ ਕੀਤੇ ਜਾ ਰਹੇ ਅੱਤਿਆਚਾਰਾਂ ਦੇ ਵਿਰੋਧ ਵਿੱਚ ਜ਼ਿਲ੍ਹਾ ਕਾਂਗਰਸ ਕਮੇਟੀ ਮਾਲੇਰਕੋਟਲਾ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਮੈਡਮ ਨਿਸ਼ਾਤ ਅਖ਼ਤਰ ਦੀ ਅਗਵਾਈ ਹੇਠ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ 'ਚ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂਆਂ, ਵਰਕਰਾਂ ਤੇ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਮੈਡਮ ਨਿਸ਼ਾਤ ਅਖ਼ਤਰ ਨੇ ਕੇਂਦਰ ਤੇ ਸੂਬਾ ਸਰਕਾਰ 'ਤੇ ਤਿੱਖੇ ਹਮਲੇ ਬੋਲਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਤੇ ਪੰਜਾਬ ਦੀ 'ਆਪ' ਸਰਕਾਰ ਇੱਕੋ ਹੀ ਸਿੱਕੇ ਦੇ ਦੋ ਪਹਿਲੂ ਹਨ।ਦੋਵੇਂ ਸਰਕਾਰਾਂ ਜੁਮਲੇਬਾਜ਼ੀ ਤੇ ਝੂਠੇ ਵਾਅਦਿਆਂ ਦੇ ਸਿਰ 'ਤੇ ਜਨਤਾ ਨੂੰ ਗੁੰਮਰਾਹ ਕਰ ਰਹੀਆਂ ਹਨ।ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਤੇ ਪੇਪਰ ਲੀਕ ਘੁਟਾਲਿਆਂ 'ਤੇ ਵਰ੍ਹਦਿਆਂ ਨਿਸ਼ਾਤ ਅਖ਼ਤਰ ਨੇ ਕਿਹਾ ਕਿ ਜਦੋਂ ਦੇਸ਼ ਦਾ ਭਵਿੱਖ ਸਾਡੇ ਵਿਦਿਆਰਥੀ ਲਗਾਤਾਰ ਹੋ ਰਹੇ ਪੇਪਰ ਲੀਕ ਘੁਟਾਲਿਆਂ ਖ਼ਿਲਾਫ਼ ਦਿੱਲੀ ਦੇ ਜੰਤਰ-ਮੰਤਰ 'ਤੇ ਸ਼ਾਂਤਮਈ ਢੰਗ ਨਾਲ ਆਪਣੇ ਹੱਕ ਮੰਗ ਰਹੇ ਸਨ, ਤਾਂ ਕੇਂਦਰ ਦੀ ਭਾਜਪਾ ਸਰਕਾਰ ਨੇ ਉਨ੍ਹਾਂ 'ਤੇ ਬੇਰਹਿਮੀ ਨਾਲ ਲਾਠੀਚਾਰਜ ਕਰਵਾਇਆ। ਹੱਦ ਤਾਂ ਉਦੋਂ ਹੋ ਗਈ ਜਦੋਂ ਵਿਦਿਆਰਥੀਆਂ ਦੀ ਆਵਾਜ਼ ਬਣ ਕੇ ਖੜ੍ਹੇ ਸਾਡੇ ਆਗੂ ਸ੍ਰੀ ਰਾਹੁਲ ਗਾਂਧੀ ਨਾਲ ਵੀ ਬਦਸਲੂਕੀ ਕੀਤੀ ਗਈ।ਇਹ ਕੇਂਦਰ ਦੀ ਤਾਨਾਸ਼ਾਹੀ ਮਾਨਸਿਕਤਾ ਦਾ ਪ੍ਰਤੱਖ ਪ੍ਰਮਾਣ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੀ ਬਦਲਾਅ ਦਾ ਨਾਅਰਾ ਦੇ ਕੇ ਸੱਤਾ ਵਿੱਚ ਆਈ 'ਆਪ' ਸਰਕਾਰ ਹਰ ਮੋਰਚੇ 'ਤੇ ਨਾਕਾਮ ਸਾਬਿਤ ਹੋਈ ਹੈ।ਪ੍ਰਦਰਸ਼ਨ ਦੌਰਾਨ ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਕੇਂਦਰੀ ਤੇ ਪੰਜਾਬ ਦੇ ਸਿੱਖਿਆ ਮੰਤਰੀ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਮੰਗ ਕੀਤੀ ਕਿ ਕੇਂਦਰੀ ਸਿੱਖਿਆ ਮੰਤਰੀ ਸ੍ਰੀ ਧਰਮੇਂਦਰ ਪ੍ਰਧਾਨ ਲਗਾਤਾਰ ਹੋ ਰਹੇ ਪੇਪਰ ਲੀਕ ਦੀ ਜ਼ਿੰਮੇਵਾਰੀ ਲੈਂਦਿਆਂ ਤੁਰੰਤ ਅਸਤੀਫ਼ਾ ਦੇਣ।ਫਰੀਦਕੋਟ ਭਰਤੀ ਘੋਟਾਲੇ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਵੀ ਆਪਣੇ ਅਹੁਦੇ ਤੋਂ ਤੁਰੰਤ ਅਸਤੀਫ਼ਾ ਦੇਣ।ਬਰਨਾਲਾ ਦੇ ਸਫ਼ਾਈ ਕਰਮਚਾਰੀਆਂ ਤੇ ਹੋਰਨਾਂ ਮੁਲਾਜ਼ਮਾਂ 'ਤੇ ਲਾਠੀਚਾਰਜ ਕਰਨ ਵਾਲੇ ਦੋਸ਼ੀ ਅਧਿਕਾਰੀਆਂ 'ਤੇ ਕਾਰਵਾਈ ਹੋਵੇ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਤੁਰੰਤ ਮੰਨੀਆਂ ਜਾਣ।

## ਖੁੱਡੀਆਂ ਨੇ ਮਾਹੂਆਣਾ ਤੇ ਦਿਉਣ ਖੇੜਾ 'ਚ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ



**ਸ੍ਰੀ ਮੁਕਤਸਰ ਸਾਹਿਬ/ਮਲੋਟ/ਗਿੱਦੜਬਾਹਾ (ਸ਼ਮਿੰਦਰਪਾਲ, ਪੂਜਾ/ਓਮ ਪ੍ਰਕਾਸ਼ ਸੇਖੂ/ਜਸਵੰਤ ਗਿੱਲ)**-ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਪੰਜਾਬ ਸ੍ਰ. ਗੁਰਮੀਤ ਸਿੰਘ ਖੁੱਡੀਆਂ ਨੇ ਬੀਤੇ ਦਿਨੀਂ ਲੰਬੀ ਵਿਧਾਨ ਸਭਾ ਹਲਕੇ ਦੇ ਪਿੰਡ ਮਾਹੂਆਣਾ ਤੇ ਦਿਉਣ ਖੇੜਾ ਵਿਖੇ ਲੋਕ ਮਿਲਣੀ ਕਰਕੇ ਇਲਾਕਾ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਇਨ੍ਹਾਂ ਦੇ ਜਲਦ ਨਿਪਟਾਰੇ ਲਈ ਸਬੰਧਤ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਦਿੱਤੇ।ਸ੍ਰ. ਖੁੱਡੀਆਂ ਨੇ ਦੱਸਿਆ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਾਰਦਰਸ਼ੀ ਤੇ ਜਵਾਬਦੇਹ ਪ੍ਰਸ਼ਾਸਨ ਦੀ ਨਵੀਂ ਪ੍ਰੰਪਰਾ ਸ਼ੁਰੂ ਕੀਤੀ ਹੈ, ਜਿਸ ਵਿੱਚ ਹਰ ਪੈਸਾ ਲੋਕ ਭਲਾਈ ਲਈ ਖਰਚਿਆ ਜਾ ਰਿਹਾ ਹੈ।ਪਹਿਲੀਆਂ ਸਰਕਾਰਾਂ ਨੇ ਲੋਕ ਹਿੱਤਾਂ ਦੀ ਬਜਾਏ ਮਨਮਰਜ਼ੀਆਂ ਨਾਲ ਕੰਮ ਕੀਤਾ ਤੇ ਉਨ੍ਹਾਂ ਤੋਂ ਕਿਸੇ ਨੇ ਕੋਈ ਹਿਸਾਬ ਨਹੀਂ ਮੰਗਿਆ।ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਭਰ ਵਿੱਚ ਮੁਹੱਲਾ ਕਲੀਨਿਕ ਸਥਾਪਤ ਕਰਕੇ ਲੋਕਾਂ ਨੂੰ ਘਰ ਦੇ ਨੇੜੇ ਮੁਫ਼ਤ ਤੇ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਇਸ ਦੇ ਨਾਲ ਹੀ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਲਈ ਸਿਹਤ ਕਾਰਡ ਬਣਾਏ ਗਏ, ਤਾਂ ਜੋ ਆਰਥਿਕ ਤੌਰ 'ਤੇ ਕਮਜ਼ੋਰ ਪਰਵਾਰਾਂ ਨੂੰ ਇਲਾਜ ਲਈ ਕਿਸੇ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਆਮ ਲੋਕਾਂ ਨੂੰ ਰਾਹਤ ਦੇਣ ਲਈ ਹਰ ਮਹੀਨੇ 600 ਯੂਨਿਟ ਤੱਕ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਜਾ ਰਹੀ ਹੈ, ਸਬੰਧੀ ਜਾਣੂੰ ਕਰਵਾਇਆ।ਇਸ ਮੌਕੇ ਕੈਬਨਿਟ ਮੰਤਰੀ ਨੇ ਪਿੰਡ ਮਾਹੂਆਣਾ ਵਿੱਚ ਇੰਟਰਲਾਕ ਟਾਇਲ ਨਾਲ ਤਿਆਰ ਹੋਣ ਵਾਲੀਆਂ ਗਲੀਆਂ ਦਾ ਨੀਂਹ ਪੱਥਰ ਵੀ ਰੱਖਿਆ ਅਤੇ ਪਿੰਡ ਦਿਉਣ ਖੇੜਾ ਵਿਖੇ ਨਵੇਂ ਜਿੰਮ ਦੀ ਉਦਘਾਟਨ ਕੀਤਾ।

## ਸਫਾ 1 ਦੇ ਬਾਕੀ...

### ਕਾਕਰੋਚਾਂ ਅੱਗੇ ਝੁਕੀ ਸਰਕਾਰ...

ਅਤੇ ਪੱਛੜੇ ਪਰਵਾਰਾਂ ਦੇ ਬਹੁਤ ਸਾਰੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੇ ਸਫਲਤਾ ਪ੍ਰਾਪਤ ਕੀਤੀ, ਹਾਲਾਂ ਕਿ ਜ਼ਿੰਮੇਵਾਰ ਅਹੁਦਿਆਂ 'ਤੇ ਬੈਠੇ ਕੁਝ ਵਿਅਕਤੀਆਂ ਦੁਆਰਾ ਵਿਦਿਆਰਥੀਆਂ ਨੂੰ ਗੁੰਮਰਾਹ ਕਰਨ ਦੀਆਂ ਕੋਸ਼ਿਸ਼ਾਂ ਤੋਂ ਉਹ ਬਹੁਤ ਦੁਖੀ ਸਨ। ਆਪਣੇ ਅਸਤੀਫ਼ੇ ਬਾਰੇ ਪ੍ਰਧਾਨ ਨੇ ਕਿਹਾ ਕਿ ਪਿਛਲੇ 10 ਦਿਨਾਂ ਦੀਆਂ ਘਟਨਾਵਾਂ ਨੇ ਉਨ੍ਹਾ ਨੂੰ ਬਹੁਤ ਦੁਖੀ ਕੀਤਾ ਹੈ। ਉਨ੍ਹਾ ਸਪੱਸ਼ਟ ਕੀਤਾ ਕਿ ਇਹ ਉਨ੍ਹਾ ਦੇ ਨਿੱਜੀ ਸਨਮਾਨ ਦਾ ਮਾਮਲਾ ਨਹੀਂ, ਸਗੋਂ ਦੇਸ਼ ਦੇ ਨੌਜਵਾਨਾਂ ਦੇ ਭਵਿੱਖ ਨਾਲ ਸੰਬੰਧਤ ਸਵਾਲ ਹੈ। ਉਨ੍ਹਾ ਕਿਹਾ ਕਿ ਉਹ ਨਹੀਂ ਚਾਹੁੰਦੇ ਸਨ ਕਿ ਵਿਦਿਆਰਥੀਆਂ ਦਾ ਭਵਿੱਖ ਕਾਨੂੰਨੀ ਵਿਵਾਦਾਂ ਅਤੇ ਰਾਜਨੀਤਕ ਟਕਰਾਵਾਂ ਵਿੱਚ ਫਸੇ ਜਾਂ ਉਨ੍ਹਾਂ ਦਾ ਧਿਆਨ ਉਨ੍ਹਾਂ ਦੀ ਪੜ੍ਹਾਈ ਤੋਂ ਭਟਕ ਜਾਵੇ। ਇਸੇ ਭਾਵਨਾ ਨਾਲ ਉਨ੍ਹਾ ਅਹੁਦਾ ਛੱਡਣ ਦਾ ਫੈਸਲਾ ਕੀਤਾ। ਪੱਤਰ ਦੇ ਅੰਤ ਵਿੱਚ ਧਰਮਿੰਦਰ ਪ੍ਰਧਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਾਰਗ-ਦਰਸ਼ਨ ਦੇ ਨਾਲ-ਨਾਲ ਮੰਤਰੀ ਪ੍ਰੀਸ਼ਦ ਵਿੱਚ ਆਪਣੇ ਸਾਥੀਆਂ ਅਤੇ ਸਿੱਖਿਆ ਮੰਤਰਾਲੇ ਦੇ ਅਧਿਕਾਰੀਆਂ ਅਤੇ ਸਟਾਫ ਦੇ ਸਮਰਥਨ ਲਈ ਧੰਨਵਾਦ ਕੀਤਾ।

### ਮੋਦੀ ਦੇਸ਼ ਤੋਂ ਮੁਆਫ਼ੀ...

ਗੁਆਈਆਂ ਹਨ। ਖੜਗੇ ਨੇ ਮੰਗ ਕੀਤੀ ਕਿ ਅੰਦੋਲਨ ਦੌਰਾਨ ਵਿਦਿਆਰਥੀਆਂ 'ਤੇ ਲਾਠੀਚਾਰਜ ਅਤੇ ਪੈਲੇਟ ਗੰਨ ਚਲਾਉਣ ਵਾਲੇ ਅਧਿਕਾਰੀਆਂ 'ਤੇ ਤੁਰੰਤ ਮੁਕੱਦਮਾ ਦਰਜ ਕੀਤਾ ਜਾਵੇ। ਕਾਂਗਰਸ ਦੇ ਜਨਰਲ ਸਕੱਤਰ (ਸੰਗਠਨ) ਕੇ ਸੀ ਵੇਣੂਗੋਪਾਲ ਨੇ ਅਸਤੀਫ਼ੇ ਨੂੰ 'ਭਾਰਤ ਦੇ ਯੂਥ ਦੀ ਜਿੱਤ' ਦੱਸਦਿਆਂ ਕਿਹਾ ਕਿ ਰਾਹੁਲ ਗਾਂਧੀ ਸ਼ੁਰੂ ਤੋਂ ਹੀ ਵਿਦਿਆਰਥੀਆਂ ਦੇ ਨਾਲ ਚਟਾਨ ਵਾਂਗ ਖੜ੍ਹੇ ਰਹੇ ਹਨ। ਕਾਂਗਰਸ ਦੇ ਰਾਜ ਸਭਾ ਮੈਂਬਰ ਅਤੇ ਸੰਚਾਰ ਵਿਭਾਗ ਦੇ ਇੰਚਾਰਜ ਜੈਰਾਮ ਰਮੇਸ਼ ਨੇ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਸਿੱਖਿਆ ਮੰਤਰੀ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਵਿਦਿਆਰਥੀਆਂ ਦੇ ਅਟੱਲ ਦਬਾਅ ਨੇ ਸਰਕਾਰ ਨੂੰ ਇਹ ਕਦਮ ਚੁੱਕਣ ਲਈ ਮਜਬੂਰ ਕੀਤਾ। ਰਮੇਸ਼ ਨੇ ਦੋਸ਼ ਲਾਇਆ ਕਿ ਧਰਮੇਂਦਰ ਪ੍ਰਧਾਨ ਨੇ ਹਮੇਸ਼ਾ ਪੇਪਰ ਲੀਕ ਨੂੰ ਮਹਿਜ਼ 'ਗੜਬੜੀ' ਦੱਸ ਕੇ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਸੰਸਦੀ ਕਮੇਟੀ ਦੀਆਂ ਸੁਧਾਰ ਸਿਫ਼ਾਰਸ਼ਾਂ ਨੂੰ ਵੀ ਅਣਦੇਖਾ ਕੀਤਾ।

### ਲੋਕ ਹੱਕਾਂ ਦੀ ਲੜਾਈ...

ਕਿ ਵਿਦਿਆਰਥੀਆਂ, ਨੌਜਵਾਨਾਂ, ਮਜ਼ਦੂਰਾਂ, ਕਿਸਾਨਾਂ ਅਤੇ ਮੁਲਾਜ਼ਮਾਂ ਦੇ ਹੱਕਾਂ ਲਈ ਚੱਲ ਰਹੇ ਹਰ ਜਮਹੂਰੀ ਸੰਘਰਸ਼ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਰਹੇਗੀ।

ਜ਼ਿਲ੍ਹਾ ਸਕੱਤਰ ਕੁਲਦੀਪ ਭੋਲਾ ਨੇ ਦੱਸਿਆ ਕਿ ਮੀਟਿੰਗ ਵਿੱਚ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਜ਼ਿਲ੍ਹੇ ਵਿੱਚ ਪਾਰਟੀ ਦੀਆਂ ਜਥੇਬੰਦਕ ਸਰਗਰਮੀਆਂ ਨੂੰ ਹੋਰ ਤੇਜ਼ ਕੀਤਾ ਜਾਵੇਗਾ, ਲੋਕਾਂ ਨਾਲ ਸਿੱਧਾ ਸੰਪਰਕ ਵਧਾਇਆ ਜਾਵੇਗਾ ਅਤੇ ਮਹਿੰਗਾਈ, ਬੇਰੁਜ਼ਗਾਰੀ, ਨਿੱਜੀਕਰਨ, ਸਮਾਜਿਕ ਅਸਮਾਨਤਾ ਅਤੇ ਲੋਕ ਹਿੱਤਾਂ ਨਾਲ ਜੁੜੇ ਮੁੱਦਿਆਂ ਉੱਤੇ ਵਿਆਪਕ ਜਨ-ਅੰਦੋਲਨ ਖੜ੍ਹਾ ਕੀਤਾ ਜਾਵੇਗਾ।

ਇਸ ਮੌਕੇ ਸੁਖਜਿੰਦਰ ਮਹੇਸਰੀ, ਜਗਜੀਤ ਸਿੰਘ ਨਿਹਾਲ ਸਿੰਘ ਵਾਲਾ, ਜਗਦੀਸ਼ ਚਾਹਲ, ਜਗਸੀਰ ਖੋਸਾ, ਗੁਰਦਿੱਤ ਸਿੰਘ ਦੀਨਾਂ, ਸ਼ੇਰ ਸਿੰਘ ਦੌਲਤਪੁਰਾ, ਡਾ. ਇੰਦਰਵੀਰ ਗਿੱਲ, ਬਲਵਿੰਦਰ ਸਿੰਘ ਬੁੱਧ ਸਿੰਘ ਵਾਲਾ, ਇੰਜ. ਸਵਰਨ ਸਿੰਘ ਖੋਸਾ, ਮੁਖਤਿਆਰ ਸਿੰਘ, ਸੁਖਦੇਵ ਭੋਲਾ, ਮਹਿੰਦਰ ਸਿੰਘ ਧੂੜਕੋਟ, ਇੰਦਰਜੀਤ ਦੀਨਾ ਸਮੇਤ ਹੋਰ ਆਗੂ ਅਤੇ ਪਾਰਟੀ ਵਰਕਰ ਹਾਜ਼ਰ ਸਨ।

### ਵਿਧਾਨ ਸਭਾ ਸੈਸ਼ਨ...

ਕਾਂਗਰਸੀ ਵਫ਼ਦ ਦੀ ਫੇਰੀ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਕਹੀਆਂ। ਉਨ੍ਹਾ ਦੇ ਨਾਲ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ, ਵਿਧਾਇਕ ਰਾਣਾ ਗੁਰਜੀਤ ਸਿੰਘ, ਕੁਲਦੀਪ ਸਿੰਘ ਕਾਲਾ ਢਿੱਲੋਂ, ਕੁਝ ਸਾਬਕਾ ਵਿਧਾਇਕ ਅਤੇ ਪਾਰਟੀ ਦੇ ਹੋਰ ਆਗੂ ਮੌਜੂਦ ਸਨ।

ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਵੀ ਬਰਨਾਲਾ ਦੌਰੇ ਮੌਕੇ ਕਾਂਗਰਸੀ ਵਫਦ ਵਿੱਚ ਸ਼ਾਮਲ ਹੋਣ ਦੀ ਉਮੀਦ ਸੀ, ਪਰ ਉਹ ਨਹੀਂ ਆਏ। ਬਾਜਵਾ ਨੇ ਦੋਸ਼ ਲਾਇਆ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਵਿਗੜ ਚੁੱਕੀ ਹੈ ਅਤੇ ਕੋਈ ਵੀ ਸੁਰੱਖਿਅਤ ਨਹੀਂ। ਉਨ੍ਹਾ ਕਿਹਾ ਕਿ ਕਾਂਗਰਸ ਵਿਧਾਨ ਸਭਾ ਸੈਸ਼ਨ ਵਿੱਚ ਕਈ ਮੁੱਦੇ ਉਠਾਏਗੀ, ਜਿਨ੍ਹਾਂ ਵਿੱਚ ਸਰਕਾਰੀ ਕਰਮਚਾਰੀਆਂ ਦਾ ਬਕਾਇਆ ਮਹਿੰਗਾਈ ਭੱਤਾ (ਡੀ ਏ), ਆਮ ਆਦਮੀ ਪਾਰਟੀ ਸਰਕਾਰ ਵੱਲੋਂ ਚੋਣ ਵਾਅਦੇ ਪੂਰੇ ਕਰਨ ਵਿੱਚ ਨਾਕਾਮੀ, ਸੂਬੇ 'ਤੇ ਵਧਦਾ ਕਰਜ਼ੇ ਦਾ ਬੋਝ ਅਤੇ ਮਨਰੇਗਾ ਤੇ ਸਫ਼ਾਈ ਕਰਮਚਾਰੀਆਂ 'ਤੇ ਪੁਲਸ ਕਾਰਵਾਈ ਸ਼ਾਮਲ ਹਨ। ਬਾਜਵਾ ਨੇ ਇਹ ਵੀ ਦੋਸ਼ ਲਾਇਆ ਕਿ ਯੋਗ ਔਰਤਾਂ ਨੂੰ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਦਾ ਲਾਭ ਨਹੀਂ ਮਿਲ ਰਿਹਾ।

### ਪੰਜਾਬ ਖੇਤ ਮਜ਼ਦੂਰ ...

ਦੀ ਗਰਾਂਟ ਦਿਵਾਉਣ ਅਤੇ ਵਿਧਵਾ, ਬੁਢਾਪਾ ਪੈਨਸ਼ਨ 5000 ਰੁਪਏ ਕਰਵਾਉਣ ਆਦਿ ਮੰਗਾਂ ਲਈ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਰੈਲੀ ਕੀਤੀ ਜਾ ਰਹੀ ਹੈ। ਉਹਨਾ ਮਾਨ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਮਜ਼ਦੂਰਾਂ ਨੇ ਆਪਣੀਆਂ ਫੌਰੀ ਤੇ ਬੁਨਿਆਦੀ ਮੰਗਾਂ ਖਾਤਰ ਲਗਾਤਾਰ ਸੰਘਰਸ਼ ਕੀਤਾ, ਜਿਸ ਸਦਕਾ ਉਹਨਾ ਨੂੰ ਪੰਜ ਵਾਰ ਮੁੱਖ ਮੰਤਰੀ ਨਾਲ ਮੀਟਿੰਗ ਕਰਾਉਣ ਦੀਆਂ ਚਿੱਠੀਆਂ ਵੀ ਜਾਰੀ ਕੀਤੀਆਂ ਗਈਆਂ, ਪਰ ਮੀਟਿੰਗ ਵਿੱਚ ਇੱਕ ਵਾਰ ਵੀ ਮੁੱਖ ਮੰਤਰੀ ਹਾਜ਼ਰ ਨਹੀਂ ਹੋਏ। ਅਜਿਹਾ ਵਿਹਾਰ ਮਜ਼ਦੂਰ ਵਿਰੋਧੀ ਹੋਣ ਦਾ ਸਬੂਤ ਦਿੰਦਾ ਹੈ। ਹੁਣ ਜਦੋਂ ਵੋਟਾਂ ਸਿਰ 'ਤੇ ਆ ਗਈਆਂ ਤਾਂ ਭਗਵੰਤ ਮਾਨ ਸਰਕਾਰ ਵੋਟਾਂ ਬਟੋਰਨ ਖਾਤਰ ਔਰਤਾਂ ਦੇ ਖਾਤਿਆਂ ਵਿੱਚ 1000 ਤੇ 1500 ਰੁਪਏ ਦੀ ਰੇਸ਼ੋ ਬਣਾ ਕੇ ਪੈਸੇ ਪਾ ਰਹੀ ਹੈ।

ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਜ਼ਿਲ੍ਹਾ ਮੀਤ ਪ੍ਰਧਾਨ ਹੀਰਾ ਸਿੰਘ ਖਡੂਰ ਸਾਹਿਬ, ਜ਼ਿਲ੍ਹਾ ਮੀਤ ਸਕੱਤਰ ਰਸ਼ਪਾਲ ਸਿੰਘ ਘੁਰਕਵਿੰਡ, ਜ਼ਿਲ੍ਹਾ ਆਗੂ ਕੁਲਵੰਤ ਸਿੰਘ ਖਡੂਰ ਸਾਹਿਬ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਦੋਗਲੇਪਣ ਦੀ ਨੀਤੀ 'ਤੇ ਚੱਲਣ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਇੱਕ ਪਾਸੇ ਤਾਂ ਆਮ ਆਦਮੀ ਪਾਰਟੀ ਦਾ ਕਨਵੀਨਰ ਅਰਵਿੰਦ ਕੇਜਰੀਵਾਲ ਦਿੱਲੀ ਵਿੱਚ ਵਿਦਿਆਰਥੀਆਂ 'ਤੇ ਕੀਤੇ ਭਾਰਤੀ ਜਨਤਾ ਪਾਰਟੀ ਦੇ ਜਬਰ ਦੀ ਨਿਖੇਧੀ ਕਰਦਾ ਹੈ, ਦੂਜੇ ਪਾਸੇ ਆਮ ਆਦਮੀ ਪਾਰਟੀ ਦੀ ਸਰਕਾਰ ਹੱਕ ਮੰਗਦੇ ਮਜ਼ਦੂਰਾਂ, ਕਿਸਾਨਾਂ, ਮਨਰੇਗਾ ਵਰਕਰਾਂ, ਮੁਲਾਜ਼ਮਾਂ 'ਤੇ ਸਰੇਆਮ ਲਾਠੀਚਾਰਜ ਕਰਕੇ ਹੱਕੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾ ਰੈਲੀ ਵਿੱਚ ਉਭਾਰੀਆਂ ਜਾਣ ਵਾਲੀਆ ਮੰਗਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਵਿਧਵਾ, ਬੁਢਾਪਾ ਪੈਨਸ਼ਨ 5000 ਰੁਪਏ ਕਰਨ ਤੇ ਉਮਰ ਦੀ ਹੱਦ ਔਰਤਾਂ ਦੀ 55 ਸਾਲ ਅਤੇ ਮਰਦਾਂ ਦੀ 58 ਸਾਲ ਕਰਨ, ਮਜ਼ਦੂਰਾਂ ਸਿਰ ਚੜ੍ਹੇ ਸਾਰੇ ਕਰਜ਼ੇ ਮਾਫ ਕਰਨ, ਸੰਘਰਸ਼ਾਂ ਦੌਰਾਨ ਪਏ ਝੂਠੇ ਕੇਸ ਵਾਪਸ ਲੈਣ ਅਤੇ ਜਨਤਕ ਵੰਡ ਪ੍ਰਣਾਲੀ ਰਾਹੀਂ ਲੋੜਵੰਦ ਮਜ਼ਦੂਰਾਂ ਨੂੰ ਰਸੋਈ ਦੀਆਂ ਕੁੱਲ ਲੋੜੀਦੀਆਂ ਵਸਤਾਂ ਸਸਤੀਆਂ ਦੇਣ ਦੀ ਮੰਗ ਵੀ ਉਠਾਈ ਜਾਵਗੀ। ਉਨ੍ਹਾ ਵਿਦਿਆਰਥੀਆਂ, ਸਫਾਈ ਕਰਮਚਾਰੀਆਂ ਅਤੇ ਮਨਰੇਗਾ ਵਰਕਰਾਂ 'ਤੇ ਹੋਏ ਲਾਠੀਚਾਰਜ ਦੀ ਸਖ਼ਤ ਸ਼ਬਦਾ ਵਿੱਚ ਨਿਖੇਧੀ ਕੀਤੀ ਅਤੇ ਉਨ੍ਹਾਂ ਦੇ ਚੱਲ ਰਹੇ ਘੋਲ ਦੀ ਹਮਾਇਤ ਕਰਨ ਦਾ ਐਲਾਨ ਕੀਤਾ। ਇਸ ਮੌਕੇ ਲਾਲ ਸਿੰਘ ਵਲਟੋਹਾ, ਕਾਬਲ ਸਿੰਘ ਆਸਲ, ਸਰਵਨ ਸਿੰਘ ਕਿਰਤੋਵਾਲ, ਪੱਪਾ ਮਸੀਹ ਚੂਸਲੇਵੜ, ਜਸਪਾਲ ਸਿੰਘ ਚੂਸਲੇਵੜ, ਜਸਬੀਰ ਸਿੰਘ ਜੋਣੇਕੇ, ਬਾਵਾ ਸਿੰਘ ਸੀਤੋ, ਹਰਭਜਨ ਸਿੰਘ ਬਾਕੀਪੁਰ, ਸਵਿੰਦਰ ਸਿੰਘ ਕਿਰਤੋਵਾਲ, ਗੁਰਪ੍ਰੀਤ ਸਿੰਘ ਠੱਠਾ, ਗਗਨਦੀਪ ਸਿੰਘ ਨੂਰਪੁਰ, ਅਰਸ਼ਦੀਪ ਸਿੰਘ ਠੱਠਾ, ਗੁਰਦਿੱਤ ਸਿੰਘ ਮਾਨੋਚਾਹਲ, ਹਰਮਨਦੀਪ ਸਿੰਘ ਮੰਮਣਕੇ, ਲਖਬੀਰ ਸਿੰਘ ਘੁਰਕਵਿੰਡ, ਅਮਰੀਕ ਸਿੰਘ ਬਾਕੀਪੁਰ, ਦਲੇਰ ਸਿੰਘ ਗਿੱਲ ਵੜੈਚ, ਕਸ਼ਮੀਰ ਸਿੰਘ ਗਿੱਲ ਵੜੈਚ, ਅਮਨਦੀਪ ਸਿੰਘ ਭੱਠਲ ਤੇ ਨਿਸ਼ਾਨ ਸਿੰਘ ਭੱਠਲ ਆਦਿ ਹਾਜ਼ਰ ਸਨ।

### ਜੈੱਨ-ਜ਼ੀ ਨੇ ਵਿਸ਼ਵ...

ਨੁਕਸਾਨ ਪਹੁੰਚਾਏ ਬਿਨਾਂ ਵੀ ਬੇਇਨਸਾਫ਼ੀ ਵਿਰੁੱਧ ਡਟ ਕੇ ਖੜ੍ਹਿਆ ਜਾ ਸਕਦਾ ਹੈ।' ਉਨ੍ਹਾ ਲਿਖਿਆ, 'ਸ਼ਾਇਦ ਹੁਣ ਉਹ ਸਮਾਂ ਆ ਗਿਆ ਹੈ, ਜਦੋਂ ਹਿੰਦੂ ਰਾਸ਼ਟਰਵਾਦੀ ਪਾਰਟੀ ਨੂੰ ਇਨ੍ਹਾਂ ਨੌਜਵਾਨ ਭਾਰਤੀਆਂ ਕੋਲੋਂ ਇਹ ਸਿੱਖਣ ਦੀ ਲੋੜ ਹੈ ਕਿ ਅਸਲ ਵਿੱਚ ਹਿੰਦੂ ਧਰਮ, ਰਾਸ਼ਟਰਵਾਦ ਤੇ ਵਿਸ਼ਵ ਗੁਰੂ ਹੋਣ ਦਾ ਅਰਥ ਕੀ ਹੁੰਦਾ ਹੈ।'

### ਬਿਜਲੀ ਕਾਮਿਆਂ ਦੀ...

ਹਰੇਕ ਸਬ-ਡਵੀਜ਼ਨ ਵਿੱਚ ਇਸ ਸਮੇਂ ਸਿਰਫ਼ ਚਾਰ ਤੋਂ ਪੰਜ ਸੀਨੀਅਰ ਤਕਨੀਕੀ ਅਧਿਕਾਰੀ ਹਨ ਜੋ ਪੂਰੇ ਬਿਜਲੀ ਵੰਡ ਨੈੱਟਵਰਕ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਉਠਾ ਰਹੇ ਹਨ। ਇਨ੍ਹਾਂ ਵਿੱਚ ਐਕਸੀਅਨ, ਐੱਸ ਡੀ ਓ ਅਤੇ ਜੇ ਈ ਸ਼ਾਮਲ ਹਨ। ਐਮਰਜੈਂਸੀ ਖ਼ਰਾਬੀਆਂ ਨੂੰ ਠੀਕ ਕਰਨ ਲਈ ਆਊਟਸੋਰਸ ਕੀਤੇ ਬਹੁਤ ਛੋਟੇ ਸਟਾਫ਼ 'ਤੇ ਨਿਰਭਰ ਕਰਨਾ ਪੈ ਰਿਹਾ ਹੈ। ਅਜਿਹੇ ਹਾਲਾਤ ਵਿੱਚ ਵੰਡ ਪ੍ਰਣਾਲੀ ਨੂੰ ਚਲਾਉਣਾ ਬੇਹੱਦ ਮੁਸ਼ਕਲ ਹੋ ਗਿਆ ਹੈ।

## ਕੰਬਾਇਨ ਦੇਣ ਦੇ ਨਾਂਅ 'ਤੇ 28.50 ਲੱਖ ਦੀ ਧੋਖਾਧੜੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਥਾਣਾ ਕੁੱਲਗੜ੍ਹੀ ਪੁਲਸ ਨੇ ਕੰਬਾਇਨ ਵੇਚਣ ਦੇ ਨਾਂ 'ਤੇ ਲੱਖਾਂ ਰੁਪਏ ਹੜੱਪਣ ਦੇ ਦੋਸ਼ ਹੇਠ ਤਿੰਨ ਵਿਅਕਤੀਆਂ ਖ਼ਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤਕਰਤਾ ਨੂੰ ਆਪਣੀ ਫਰਮ ਰਾਹੀਂ ਕੰਬਾਇਨ ਦੇਣ ਦਾ ਝਾਂਸਾ ਦੇ ਕੇ 28.50 ਲੱਖ ਰੁਪਏ ਬੈਂਕ ਖਾਤੇ ਵਿਚ ਪ੍ਰਾਪਤ ਕਰ ਲਏ ਗਏ, ਪਰ ਪੈਸੇ ਲੈਣ ਦੇ ਬਾਅਦ ਵੀ ਕੰਬਾਇਨ ਨਹੀਂ ਦਿੱਤੀ ਗਈ। ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਮਾਮਲੇ ਦੀ ਜਾਂਚ ਕਰ ਰਹੇ ਥਾਣਾ ਕੁੱਲਗੜ੍ਹੀ ਦੇ ਐੱਚ ਸੀ ਕਰਮਦੀਪ ਸਿੰਘ ਨੇ ਦੱਸਿਆ ਕਿ ਪੁਲਸ ਕੋਲ ਯੂਆਈਡੀ ਨੰਬਰ 810878 (809082) ਤਹਿਤ 11 ਮਈ 2026 ਨੂੰ ਇਕ ਸ਼ਿਕਾਇਤ ਦਰਜ ਕਰਵਾਈ ਗਈ ਸੀ। ਇਹ ਸ਼ਿਕਾਇਤ ਗੁਰਬਖਸ਼ੀਸ਼ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਝੋਕ ਹਰੀਹਰ ਵੱਲੋਂ ਦਿੱਤੀ ਗਈ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਮਨਜੀਤ ਸਿੰਘ ਜੋ ਕਿ ਸਿਧਸਰ ਰੋਡ ਪਿੰਡ ਅਲਹੋਕਾ ਕਲਾਂ, ਨਾਭਾ, ਜ਼ਿਲ੍ਹਾ ਪਟਿਆਲਾ ਵਿਖੇ 'ਸਤਕਰਤਾਰ ਐਗਰੋ ਵਰਕਸ' ਫਰਮ ਦਾ ਮਾਲਕ ਹੈ, ਨੇ ਆਪਣੇ ਸਾਥੀਆਂ ਨਾਲ ਮਿਲ ਕੇ ਉਸ ਨੂੰ ਆਪਣੀ ਕੰਪਨੀ ਦੀ 'ਸੋਖਲ-996' ਮਾਡਲ ਕੰਬਾਇਨ ਦੇਣ ਦਾ ਵਿਸ਼ਵਾਸ ਦਿਵਾਇਆ ਸੀ। ਇਸ ਤੋਂ ਬਾਅਦ ਆਪਸੀ ਮਿਲੀਭੁਗਤ ਨਾਲ ਮੁਲਜ਼ਮਾਂ ਨੇ 25 ਦਸੰਬਰ 2025 ਨੂੰ 1,99,000 ਰੁਪਏ ਨਗਦ ਤੇ 8 ਜਨਵਰੀ 2026 ਨੂੰ 26,51,000 ਰੁਪਏ ਲਏ। ਇਸ ਤਰ੍ਹਾਂ ਕੁੱਲ 28,50,000 ਰੁਪਏ ਦੀ ਰਕਮ ਆਪਣੀ ਫਰਮ 'ਸਤਕਰਤਾਰ ਐਗਰੋ ਵਰਕਸ' ਦੇ ਬੈਂਕ ਖਾਤੇ ਰਾਹੀਂ ਹਾਸਲ ਕਰ ਲਈ। ਪੈਸੇ ਪ੍ਰਾਪਤ ਕਰਨ ਦੇ ਬਾਵਜੂਦ ਵੀ ਉੱਤਰਵਾਦੀਆਂ ਵੱਲੋਂ ਗੁਰਬਖਸ਼ੀਸ਼ ਸਿੰਘ ਨੂੰ ਨਿਰਧਾਰਤ ਕੰਬਾਇਨ ਮਾਡਲ 996 ਦੀ ਸਪਲਾਈ ਨਹੀਂ ਕੀਤੀ ਗਈ। ਪੁਲਸ ਵੱਲੋਂ ਕੀਤੀ ਗਈ ਆਰੰਭਿਕ ਜਾਂਚ ਦੌਰਾਨ ਗੁਰਬਖਸ਼ੀਸ਼ ਸਿੰਘ ਨਾਲ 28 ਲੱਖ 50 ਹਜ਼ਾਰ ਰੁਪਏ ਦੀ ਧੋਖਾਧੜੀ ਹੋਣ ਦੀ ਪੁਸ਼ਟੀ ਹੋਈ ਹੈ। ਜਾਂਚਕਰਤਾ ਐੱਚਸੀ ਕਰਮਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਮਨਜੀਤ ਸਿੰਘ, ਭਰਪੂਰ ਸਿੰਘ ਤੇ ਸੁਖਵਿੰਦਰ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ ਤੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਆਂਗਣਵਾੜੀ ਵਰਕਰਾਂ/ਹੈਲਪਰਾਂ ਦੇ ਜੀਵਨ ਬੀਮਾ 'ਚ ਪੰਜਾਬ ਸਰਕਾਰ ਦਾ ਕੋਈ ਲੈਣਾ-ਦੇਣਾ ਨਹੀਂ : ਸਰੋਜ ਛੱਪੜੀਵਾਲਾ




**ਜਲਾਲਾਬਾਦ (ਜੀਤ ਕੁਮਾਰ)**-ਆਲ ਇੰਡੀਆ ਆਂਗਣਵਾੜੀ ਵਰਕਰਜ਼/ਹੈਲਪਰ ਯੂਨੀਅਨ ਪੰਜਾਬ (ਏਟਕ) ਦੇ ਸੂਬਾ ਪ੍ਰਧਾਨ ਸਰੋਜ ਛੱਪੜੀਵਾਲਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਬਾਲ ਵਿਕਾਸ ਤੇ ਇਸਤਰੀ ਵਿਭਾਗ ਦੇ ਡਾਇਰੈਕਟਰ ਦੀ ਪ੍ਰਧਾਨਗੀ ਹੇਠ ਸਾਰੀਆਂ ਜਥੇਬੰਦੀਆਂ ਦੇ ਨੁਮਾਇੰਦੇ ਤੇ ਸਾਰੇ ਬੈਂਕਾਂ ਦੇ ਕਰਮਚਾਰੀਆਂ ਵੱਲੋਂ ਮੀਟਿੰਗ ਕੀਤੀ ਗਈ, ਜਿਸ 'ਚ ਬੈਂਕਾਂ ਦੇ ਨੁਮਾਇੰਦਿਆਂ ਤੋਂ ਪੁੱਛਿਆ ਗਿਆ ਕਿ ਜੇਕਰ ਵਰਕਰ/ਹੈਲਪਰ ਦੇ ਸਾਰੇ ਖਾਤੇ ਇੱਕ ਬੈਂਕ ਵਿੱਚ ਹੋਣ ਤਾਂ ਤੁਹਾਡੇ ਬੈਂਕ, ਵਰਕਰ/ਹੈਲਪਰ ਨੂੰ ਕੀ ਲਾਭ ਦੇਣਗੇ ? ਵੱਖ ਵੱਖ ਬੈਂਕਾਂ ਵੱਲੋਂ ਆਪਣੀ-ਆਪਣੀ ਪ੍ਰਪੋਜ਼ਲ ਦਿੱਤੀ ਗਈ, ਜਿਸ ਵਿੱਚ ਪੀ.ਐੱਨ.ਬੀ. ਦੀ ਪ੍ਰਪੋਜ਼ਲ ਸਾਰੇ ਆਗੂਆਂ ਨੂੰ ਠੀਕ ਲੱਗੀ ਤੇ ਉਸ 'ਤੇ ਸਹਿਮਤੀ ਦਿੱਤੀ ਗਈ। ਪੰਜਾਬ ਸਰਕਾਰ ਨੇ ਆਂਗਣਵਾੜੀ ਵਰਕਰ/ਹੈਲਪਰ ਦੇ ਮਾਨ ਭੱਤੇ ਨੂੰ ਦੁੱਗਣਾ ਕਰਨ ਦਾ ਵਾਅਦਾ ਕੀਤਾ ਸੀ ਤੇ ਆਂਗਣਵਾੜੀ ਸੈਂਟਰਾਂ ਦੇ ਬੱਚੇ ਵਾਪਸ ਸੈਂਟਰਾਂ ਵਿੱਚ ਭੇਜਣ ਦਾ ਵੀ ਵਾਅਦਾ ਕੀਤਾ ਸੀ, ਉਹ ਤਾਂ ਪੰਜਾਬ ਸਰਕਾਰ ਨੇ ਪੂਰੇ ਕੀ ਕਰਨੇ ਸਨ, ਸਗੋਂ ਪਹਿਲਾਂ ਮਿਲਦਾ ਮਾਣ ਭੱਤਾ ਵੀ ਛੇ-ਛੇ ਮਹੀਨੇ ਨਹੀਂ ਦਿੱਤਾ ਜਾਂਦਾ। ਆਂਗਣਵਾੜੀ ਵਰਕਰ/ਹੈਲਪਰ ਦੇ ਰੂਲਾਂ ਨਿਯਮਾਂ ਵਿੱਚ ਬਹੁਤ ਵੱਡੀਆਂ ਤਬਦੀਲੀਆਂ ਕਰ ਦਿੱਤੀਆਂ। ਪ੍ਰਮੋਸ਼ਨ ਸਮੇਂ ਹੈਲਪਰ ਤੋਂ ਵਰਕਰ ਬਣਨ ਲਈ ਪ੍ਰਮੋਸ਼ਨ ਵਾਲੀ ਵਰਕਰ ਨੂੰ 9500 ਮਾਨ ਭੱਤਾ ਦੇਣਾ ਸ਼ੁਰੂ ਕਰ ਦਿੱਤਾ, ਜਦਕਿ ਦੂਜੀਆਂ ਵਰਕਰਾਂ ਦੇ ਬਰਾਬਰ ਹੋਣਾ ਚਾਹੀਦਾ ਸੀ। ਪ੍ਰਮੋਸ਼ਨ ਤੋਂ ਬਾਅਦ ਰਿਟਾਇਰਮੈਂਟ ਦੀ ਉਮਰ ਘਟਾ ਦਿੱਤੀ ਗਈ ਤੇ ਵੱਧ ਤਜਰਬੇ ਵਾਲੀਆਂ ਹੈਲਪਰਾਂ ਨੂੰ ਅਣਗੌਲਿਆ ਕੀਤਾ ਗਿਆ। ਇਸ ਤਰ੍ਹਾਂ ਦੀ ਨੀਤੀ ਪਿਛਲੇ ਸਮੇਂ ਤੋਂ ਕਿਸੇ ਸਰਕਾਰ ਨੇ ਵੀ ਨਹੀਂ ਵਰਤੀ ਕਿ ਆਂਗਣਵਾੜੀ ਵਰਕਰ-ਹੈਲਪਰ ਨਵਾਂ ਕੁਝ ਨਾ ਮੰਗਣ ਸਗੋਂ ਪੁਰਾਣਾ ਜੋ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਖੋਹ ਲਿਆ, ਉਹਦੇ ਲਈ ਹੀ ਸਾਰਾ ਸਮਾਂ ਲੜਦੇ ਰਹਿਣ। ਸੂਬਾ ਪ੍ਰਧਾਨ ਸਰੋਜ ਛੱਪੜੀਵਾਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਮੀਡੀਆ ਵਿੱਚ ਵੱਡੇ ਵੱਡੇ ਪੋਸਟਰ ਲਗਾ ਕੇ ਦੱਸ ਰਹੀ ਹੈ ਕਿ ਅਸੀਂ ਆਂਗਣਵਾੜੀ ਵਰਕਰਾਂ ਹੈਲਪਰਾਂ ਦਾ 60 ਲੱਖ ਦਾ ਜੀਵਨ ਬੀਮਾ ਕੀਤਾ ਹੈ, ਪਰ ਇਹਦੇ ਵਿੱਚ ਪੰਜਾਬ ਸਰਕਾਰ ਦਾ ਕੋਈ ਲੈਣਾ ਦੇਣਾ ਨਹੀਂ ਹੈ। ਇਹ ਤਾਂ ਪੰਜਾਬ ਨੈਸ਼ਨਲ ਬੈਂਕ ਨੂੰ ਸਭ ਵਰਕਰ ਹੈਲਪਰ ਦਾ ਪੈਸਾ ਇਕੱਠਾ ਦੇ ਕੇ ਇੱਕ ਸਮਝੌਤਾ ਹੈ।

## ਕਾਂਗਰਸ 'ਚ ਕੋਈ ਕਲੇਸ਼ ਨਹੀਂ, ਸੋਸ਼ਲ ਮੀਡੀਆ 'ਤੇ ਕੀਤਾ ਜਾ ਰਿਹੈ ਦੁਰਪ੍ਰਚਾਰ : ਬਾਜਵਾ



**ਭਵਾਨੀਗੜ੍ਹ (ਰਾਜ ਖੁਰਮੀ)**-ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਤੇ ਕਾਂਗਰਸ ਦੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸ਼ਨੀਵਾਰ ਨੂੰ ਭਵਾਨੀਗੜ੍ਹ ਦੌਰੇ ਦੌਰਾਨ ਪੰਜਾਬ ਸਰਕਾਰ 'ਤੇ ਤਿੱਖੇ ਸਿਆਸੀ ਹਮਲੇ ਕਰਦਿਆਂ ਬਰਨਾਲਾ ਵਿੱਚ ਸਫ਼ਾਈ ਕਰਮਚਾਰੀਆਂ ਤੇ ਮਨਰੇਗਾ ਕਰਮਚਾਰੀਆਂ 'ਤੇ ਹੋਏ ਲਾਠੀਚਾਰਜ ਦੀ ਸਖ਼ਤ ਨਿੰਦਾ ਕੀਤੀ।ਉਨ੍ਹਾਂ ਕਿਹਾ ਕਿ ਇਹ ਘਟਨਾ ਲੋਕਤੰਤਰਿਕ ਕਦਰਾਂ-ਕੀਮਤਾਂ 'ਤੇ ਸਿੱਧਾ ਹਮਲਾ ਹੈ ਤੇ ਇਸ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਸਤੀਫ਼ਾ ਦੇਣਾ ਚਾਹੀਦਾ ਹੈ।ਭਵਾਨੀਗੜ੍ਹ ਪਹੁੰਚਣ 'ਤੇ ਸਾਬਕਾ ਚੇਅਰਮੈਨ ਵਰਿੰਦਰ ਪੰਨਵਾਂ ਦੀ ਅਗਵਾਈ ਹੇਠ ਕਾਂਗਰਸੀ ਆਗੂਆਂ ਤੇ ਵਰਕਰਾਂ ਵੱਲੋਂ ਪ੍ਰਤਾਪ ਸਿੰਘ ਬਾਜਵਾ ਦਾ ਨਿੱਘਾ ਸਵਾਗਤ ਕੀਤਾ ਗਿਆ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਜਵਾ ਨੇ ਕਿਹਾ ਕਿ ਇੱਕ ਪਾਸੇ ਆਮ ਆਦਮੀ ਪਾਰਟੀ ਦਿੱਲੀ ਵਿੱਚ ਵਿਦਿਆਰਥੀਆਂ ਦੇ ਮੁੱਦਿਆਂ ਨੂੰ ਲੈ ਕੇ ਕੇਂਦਰ ਸਰਕਾਰ ਨੂੰ ਘੇਰ ਰਹੀ ਹੈ, ਜਦਕਿ ਦੂਜੇ ਪਾਸੇ ਪੰਜਾਬ ਵਿੱਚ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਕਰਮਚਾਰੀਆਂ 'ਤੇ ਲਾਠੀਆਂ ਵਰ੍ਹਾਈਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਇਹ ਦੋਹਰੇ ਮਾਪਦੰਡ ਹਨ, ਜਿਨ੍ਹਾਂ ਦਾ ਪੰਜਾਬ ਦੀ ਜਨਤਾ ਜਵਾਬ ਮੰਗ ਰਹੀ ਹੈ।ਕਾਂਗਰਸ ਪਾਰਟੀ ਵਿੱਚ ਕਥਿਤ ਅੰਦਰੂਨੀ ਕਲੇਸ਼ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਬਾਜਵਾ ਨੇ ਕਿਹਾ ਕਿ ਪਾਰਟੀ ਵਿੱਚ ਕੋਈ ਵੱਡਾ ਵਿਵਾਦ ਨਹੀਂ ਹੈ।ਉਨ੍ਹਾਂ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਤੇ ਭਾਜਪਾ ਸੋਸ਼ਲ ਮੀਡੀਆ ਰਾਹੀਂ ਅਜਿਹੀਆਂ ਗੱਲਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰ ਰਹੀਆਂ ਹਨ।ਅੰਤ ਵਿੱਚ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਲੋਕਾਂ ਨਾਲ ਕੀਤੇ ਵਾਅਦੇ ਜਲਦ ਪੂਰੇ ਕੀਤੇ ਜਾਣ ਤੇ ਜਨਤਕ ਮਸਲਿਆਂ ਦਾ ਹੱਲ ਲੋਕਤੰਤਰਿਕ ਤੇ ਸ਼ਾਂਤਮਈ ਢੰਗ ਨਾਲ ਕੀਤਾ ਜਾਵੇ।

## ਜ਼ੋਨ ਪੱਧਰੀ ਖੇਡਾਂ 'ਚ ਐੱਸ ਬੀ ਐੱਸ ਮੌੜਾ ਸਕੂਲ ਦੇ ਬੱਚੇ ਜੇਤੂ



**ਦਿੜ੍ਹਬਾ (ਜਸਵੀਰ ਲਾਡੀ)**-ਇੱਥੋ ਨਾਲ ਦੇ ਸਰਕਾਰੀ ਸਕੂਲ ਜਨਾਲ ਵਿਖੇ ਕਰਵਾਏ ਗਏ ਜ਼ੋਨ ਪੱਧਰੀ ਖੇਡ ਮੁਕਾਬਲਿਆਂ ਵਿੱਚ ਸ਼ਹੀਦ ਭਗਤ ਸਿੰਘ ਪਬਲਿਕ ਹਾਈ ਸਕੂਲ ਦੇ ਖਿਡਾਰੀਆਂ ਨੇ ਸ਼ਤਰੰਜ (ਚੈੱਸ) ਮੁਕਾਬਲਿਆਂ ਵਿੱਚ ਚੰਗਾ ਪ੍ਰਦਰਸ਼ਨ ਕਰਦੇ ਹੋਏ ਦੂਜਾ ਸਥਾਨ ਪ੍ਰਾਪਤ ਕੀਤਾ।ਸਕੂਲ ਦੀ ਅੰਡਰ 19 ਲੜਕਿਆਂ ਦੀ ਟੀਮ ਵਿੱਚ ਅਰਸ਼ਦੀਪ ਸਿੰਘ, ਮਨਿੰਦਰ ਸਿੰਘ, ਗੁਰਵਿੰਦਰ ਸਿੰਘ, ਰਾਜਵਿੰਦਰ ਸਿੰਘ ਤੇ ਮਨਸਿਵ ਸਿੰਘ ਵਰਮਾ ਸ਼ਾਮਲ ਸਨ।ਮਨਸਿਵ ਸਿੰਘ ਵਰਮਾ ਨੇ ਆਪਣੇ ਬਿਹਤਰੀਨ ਖੇਡ ਕੌਸ਼ਲ ਨਾਲ ਸਭ ਦਾ ਧਿਆਨ ਖਿੱਚਿਆ, ਜਿਸ ਦੇ ਆਧਾਰ 'ਤੇ ਉਸ ਦੀ ਚੋਣ ਜ਼ਿਲ੍ਹਾ ਪੱਧਰੀ ਟੀਮ ਲਈ ਕੀਤੀ ਗਈ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਰ ਲੱਕੀ ਗੋਇਲ ਨੇ ਇਸ ਸ਼ਾਨਦਾਰ ਸਫਲਤਾ ਦਾ ਸਿਹਰਾ ਡੀ.ਪੀ.ਈ. ਸੁਖਦੀਪ ਸਿੰਘ ਦੀ ਸਿਖਲਾਈ ਤੇ ਖਿਡਾਰੀਆਂ ਦੀ ਅਣਥੱਕ ਮਿਹਨਤ ਨੂੰ ਦਿੱਤਾ।ਸਕੂਲ ਪ੍ਰਿੰਸੀਪਲ ਤੇ ਹੋਰ ਸਮੂਹ ਸਟਾਫ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

# 7 ਦੀ ਚੰਡੀਗੜ੍ਹ ਮਹਾਂਰੈਲੀ ਲਈ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਕਮਰ ਕੱਸੀ



**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਸਾਂਝਾ ਮੁਲਾਜ਼ਮ ਮੰਚ ਪੰਜਾਬ ਦੇ ਸੱਦੇ 'ਤੇ ਕਬੀਲਾ ਰੈਸਟੋਰੈਂਟ, ਤਰਨ ਤਾਰਨ ਵਿਖੇ ਜ਼ਿਲ੍ਹੇ ਦੀਆਂ ਵੱਖ-ਵੱਖ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੀ ਹੰਗਾਮੀ ਮੀਟਿੰਗ ਹੋਈ।ਮੀਟਿੰਗ ਵਿੱਚ 2.59 ਗੁਣਾਂਕ, ਕੈਸ਼ਲੈੱਸ ਸਕੀਮ, ਪੁਰਾਣੀ ਪੈਨਸ਼ਨ ਬਹਾਲੀ, ਕੱਚੇ ਮੁਲਾਜ਼ਮ ਪੱਕੇ ਕਰਨ, ਡੀਏ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਨ, ਪ੍ਰੋਬੇਸ਼ਨ ਦੌਰਾਨ ਪੂਰੀ ਤਨਖ਼ਾਹ ਤੇ ਭੱਤੇ, 15-01-2015 ਅਤੇ 17-07-2020 ਦੇ ਪੱਤਰ ਰੱਦ ਕਰਨ ਅਤੇ 4, 9, 14 ਏਸੀਪੀ ਸਕੀਮ ਬਹਾਲ ਕਰਨ ਸਮੇਤ ਹੋਰ ਮੰਗਾਂ 'ਤੇ ਚਰਚਾ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਕਨਵੀਨਰ ਸੁਖਪ੍ਰੀਤ ਸਿੰਘ ਪੰਨੂੰ, ਪ੍ਰਧਾਨ ਗੁਰਸੇਵਕ ਸਿੰਘ ਸਰਾਂ ਅਤੇ ਜਨਰਲ ਸਕੱਤਰ ਅੰਗਰੇਜ਼ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਾਇਜ਼ ਮੰਗਾਂ ਪ੍ਰਤੀ ਕੋਈ ਸਾਕਾਰਾਤਮਕ ਰਵੱਈਆ ਨਾ ਅਪਨਾਉਣ ਕਾਰਨ 7 ਅਗਸਤ 2026 ਨੂੰ ਦਾਣਾ ਮੰਡੀ, ਸੈਕਟਰ-39, ਚੰਡੀਗੜ੍ਹ ਵਿਖੇ ਮਹਾਂਰੈਲੀ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਤਰਨ ਤਾਰਨ ਤੋਂ ਵੱਡੀ ਗਿਣਤੀ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ ਇਸ ਰੈਲੀ ਵਿੱਚ ਸ਼ਮੂਲੀਅਤ ਕਰਨਗੇ।ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਸਾਂਝਾ ਮੁਲਾਜ਼ਮ ਮੰਚ ਵੱਲੋਂ ਦਿੱਤੇ ਜਾਣ ਵਾਲੇ ਹਰ ਅਗਲੇ ਸੰਘਰਸ਼ੀ ਪ੍ਰੋਗਰਾਮ ਨੂੰ ਜ਼ਿਲ੍ਹਾ ਤਰਨ ਤਾਰਨ ਵਿੱਚ ਪੂਰੀ ਤਾਕਤ ਨਾਲ ਲਾਗੂ ਕੀਤਾ ਜਾਵੇਗਾ।ਮੀਟਿੰਗ ਵਿੱਚ ਜ਼ਿਲ੍ਹੇ ਦੇ ਸਿੱਖਿਆ, ਸਿਹਤ, ਵਾਟਰ ਸਪਲਾਈ, ਖੇਤੀਬਾੜੀ, ਫੂਡ ਸਪਲਾਈ, ਰੋਡਵੇਜ਼, ਬਿਜਲੀ, ਰੈਵੀਨਿਊ, ਸਹਿਕਾਰਤਾ, ਪੈਨਸ਼ਨਰ ਅਤੇ ਹੋਰ ਵਿਭਾਗਾਂ ਦੀਆਂ ਵੱਖ-ਵੱਖ ਜਥੇਬੰਦੀਆਂ ਦੇ ਪ੍ਰਧਾਨ, ਜਨਰਲ ਸਕੱਤਰ ਅਤੇ ਵੱਡੀ ਗਿਣਤੀ ਵਿੱਚ ਮੁਲਾਜ਼ਮ ਆਗੂ ਹਾਜ਼ਰ ਸਨ।

# ਮਾਰਕਸਵਾਦੀ ਕਮਿਊਨਿਸਟ ਪਾਰਟੀ ਵੱਲੋਂ ਨੌਜਵਾਨ ਵਿਦਿਆਰਥੀਆਂ ਉੱਪਰ ਕੀਤੇ ਜਬਰ ਦੀ ਨਿਖੇਧੀ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਰਾਮਗੜ੍ਹੀਆ ਬੁੰਗਾ ਵਿਖੇ ਹੋਈ ਸੀਪੀਆਈਐੱਮ ਦੀ ਮੀਟਿੰਗ ਵਿੱਚ ਸਾਂਝੇ ਤੌਰ 'ਤੇ ਬੋਲਦਿਆਂ ਕਾਮਰੇਡ ਹੀਰਾ ਸਿੰਘ ਕੰਡਿਆਂ ਵਾਲੇ, ਤਹਿਸੀਲ ਸਕੱਤਰ ਸੀਪੀਆਈ (ਐਮ) ਕਾਮਰੇਡ ਜਸਵਿੰਦਰ ਸਿੰਘ ਮਾਨੋਚਾਹਲ, ਕਾਮਰੇਡ ਸੁਖਦੇਵ ਸਿੰਘ ਗੋਹਲਵੜ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿੱਚ 152 ਵਾਰ ਪ੍ਰੀਖਿਆ ਪੱਤਰ ਲੀਕ ਹੋਏ ਹਨ ਅਤੇ ਸਾਢੇ 7 ਕਰੋੜ ਵਿਦਿਆਰਥੀਆਂ ਨੂੰ ਦੁੱਖ ਅਤੇ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਪਰ ਦੇਸ਼ ਵਿਚ ਸਿੱਖਿਆ ਦਾ



ਕਬਾੜਾ ਕਰਨ ਵਾਲੀ ਸਰਕਾਰ ਨੂੰ ਇਹ ਪ੍ਰਵਾਨ ਨਹੀਂ ਕਿ ਉਨ੍ਹਾਂ ਦੀ ਸਿੱਖਿਆ ਨੀਤੀ ਦਾ ਵਿਦਿਆਰਥੀ ਵਿਰੋਧ ਕਰਨ ਪਰ ਕਿਉਂਕਿ ਪ੍ਰੀਖਿਆਵਾਂ ਵਿੱਚ ਹੋਈਆਂ ਗੜਬੜੀਆਂ ਦੇ ਦੋਸ਼ ਨੂੰ ਲੈ ਕੇ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਦੀ ਮੰਗ ਸੰਸਦ ਦੇ ਅੰਦਰ ਤੇ ਬਾਹਰ ਲਗਾਤਾਰ ਜ਼ੋਰ ਫੜ ਗਈ ਜਿਸ ਕਾਰਨ ਪਿਛਲੇ ਸੋਮਵਾਰ ਨੂੰ ਵਿਦਿਆਰਥੀਆਂ ਅਤੇ ਹੋਰ ਪ੍ਰਦਰਸ਼ਨਕਾਰੀਆਂ ਉਪਰ ਪੁਲਸ ਵੱਲੋਂ ਜਬਰ ਕੀਤਾ ਗਿਆ। ਇਹ ਅੰਦੋਲਨ ਭਾਰਤ ਦੇ ਜੱਜ ਦੀ ਉਸ ਟਿੱਪਣੀ ਨਾਲ ਸ਼ੁਰੂ ਹੋਇਆ ਜਿਸ ਨੇ ਬੇਰੁਜ਼ਗਾਰ ਨੌਜਵਾਨਾਂ ਦੀ ਤੁਲਨਾ ਕਾਕਰੋਚਾਂ, ਕੀੜੇ ਮਕੌੜਿਆਂ ਨਾਲ ਕਰ ਦਿੱਤੀ ਸੀ।ਇਸ ਅੰਦੋਲਨ ਨੂੰ ਵਾਤਾਵਰਣ ਪ੍ਰੇਮੀ ਤੇ ਸਮਾਜਿਕ ਆਗੂ ਸੋਨਮ ਵਾਂਗਚੁੱਕ ਤੋਂ ਇਲਾਵਾ ਆਮ ਲੋਕਾਂ ਦੀ ਹਮਾਇਤ ਵੀ ਪ੍ਰਾਪਤ ਹੋ ਗਈ। ਕਾਮਰੇਡ ਆਗੂਆਂ ਨੇ ਨੌਜਵਾਨ ਵਿਦਿਆਰਥੀ ਪ੍ਰਦਰਸ਼ਨਕਾਰੀਆਂ ਉਪਰ ਹੋਏ ਪੁਲਸ ਜਬਰ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਬੇਸ਼ੱਕ ਚਰਚਾ ਕਰਨ ਲਈ ਰਾਜ਼ੀ ਹੋ ਗਈ ਪਰ ਇਹ ਗੱਲਬਾਤ ਨਿਯਮ 267 ਤਹਿਤ ਸਿੱਖਿਆ ਮੰਤਰੀ ਦੇ ਅਸਤੀਫੇ ਤੋਂ ਬਾਅਦ ਹੋਵੇ ਤਾਂ ਕਿ ਅੱਗੇ ਤੋਂ ਪੇਪਰ ਲੀਕ ਵਰਗੀ ਕੋਈ ਘਟਨਾ ਨਾ ਵਾਪਰੇ।ਇਸ ਇਕੱਠ ਵਿੱਚ ਹੋਰਨਾਂ ਤੋਂ ਇਲਾਵਾ ਮਾਸਟਰ ਕਰਮ ਸਿੰਘ ਲਾਲਪੁਰਾ, ਡਾਕਟਰ ਅਜਮੇਰ ਸਿੰਘ, ਕਾਮਰੇਡ ਬਲਦੇਵ ਸਿੰਘ ਗੋਹਲਵੜ, ਕਾਮਰੇਡ ਕੁਲਵੰਤ ਸਿੰਘ ਛਾਪਾ, ਮਨਪ੍ਰੀਤ ਸਿੰਘ ਕੋਟਲੀ, ਅੰਗਰੇਜ਼ ਸਿੰਘ ਰਟੌਲ, ਦਵਿੰਦਰ ਸਿੰਘ ਪੱਖੋਕੇ, ਡਾਕਟਰ ਨਰਿੰਦਰ ਸਿੰਘ ਬਘਿਆੜੀ, ਪਰਮਜੀਤ ਸਿੰਘ ਕੋਟਲੀ, ਕਾਮਰੇਡ ਮਲੂਕ ਸਿੰਘ ਝਬਾਲ ਅਤੇ ਹੋਰ ਪਾਰਟੀ ਆਗੂ ਤੇ ਵਰਕਰ ਮੌਜੂਦ ਸਨ।

# ਬਿਜਲੀ ਕਾਮਿਆਂ ਦੀ ਹੜਤਾਲ ਪੰਜਵੇਂ ਦਿਨ 'ਚ ਦਾਖਲ

**ਗੁਰਦਾਸਪੁਰ (ਜਨਕ ਮਹਾਜਨ)**- ਪੀਐੱਸਈਬੀ ਇੰਪਲਾਈਜ਼ ਜੁਆਇੰਟ ਫ਼ੋਰਮ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ, ਪਾਵਰਕੌਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ ਅਤੇ ਬਾਕੀ ਸਤਾਰਾਂ ਜਥੇਬੰਦੀਆਂ ਦੇ ਸਾਂਝੇ ਥੜੇ ਵੱਲੋਂ ਪੰਜਾਬ ਸਰਕਾਰ ਅਤੇ ਪਾਵਰਕੌਮ ਦੀ ਮੈਨੇਜਮੈਂਟ ਵੱਲੋਂ ਬਿਜਲੀ ਕਾਮਿਆਂ ਦੀਆਂ ਮੰਨੀਆਂ ਮੰਗਾਂ ਨੂੰ ਲਾਗੂ ਕਰਵਾਉਣ ਸਮੂਹਿਕ ਛੁੱਟੀ ਹੜਤਾਲ, ਚਲ ਰਹੀ ਹੈ ਜਿਸ ਨੂੰ ਬਿਜਲੀ ਕਾਮਿਆਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਸਰਕਲ ਦਫ਼ਤਰ, ਮੰਡਲ ਦਫਤਰ , ਫੀਲਡ ਕਰਮਚਾਰੀਆਂ ਤੋਂ ਬਿਨਾਂ ਖਾਲੀ ਪਏ ਹਨ ਅਤੇ ਹਰ ਰੋਜ਼ ਦਫਤਰਾਂ ਅੱਗੇ ਸਰਕਾਰ ਵਿਰੁੱਧ ਪ੍ਰਦਰਸ਼ਨ ਜਾਰੀ ਹਨ। ਪੰਜਵੇਂ ਦਿਨ ਸਰਕਲ ਦਫ਼ਤਰ ਗੁਰਦਾਸਪੁਰ ਵਿਖੇ ਪਾਵਰਕੌਮ ਦੀ ਮੈਨੇਜਮੈਂਟ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ ਜਿਸ ਵਿੱਚ ਪੈਨਸ਼ਨਰਜ਼ ਯੂਨੀਅਨ ਏਟਕ ਦੇ ਸਾਥੀਆਂ ਨੇ ਸ਼ਮੂਲੀਅਤ ਕੀਤੀ। ਪੈਨਸ਼ਨਰਜ਼ ਯੂਨੀਅਨ ਏਟਕ ਦੇ ਆਗੂ ਕਾਮਰੇਡ ਬਲਵਿੰਦਰ ਸਿੰਘ ਉਦੀਪੁਰ, ਬਿਜਲੀ ਕਾਮਿਆਂ ਦੇ ਆਗੂ ਅਸ਼ੋਕ ਕੁਮਾਰ, ਅਨਿਲ ਕੁਮਾਰ ਸ਼ਰਮਾ, ਤਰਲੋਕ ਸਿੰਘ ਖੁੰਡੀ, ਬਲਜੀਤ ਸਿੰਘ, ਅਨੂਪ ਸਿੰਘ, ਰੂਪ ਲਾਲ ਅਤੇ ਬਸੰਤ ਕੁਮਾਰ ਨੇ



ਦੱਸਿਆ ਕਿ ਪਾਵਰਕੌਮ ਦੀ ਮੈਨੇਜਮੈਂਟ ਬਿਜਲੀ ਕਾਮਿਆਂ ਦੀਆਂ ਮੰਨੀਆਂ ਹੋਈਆਂ ਮੰਗਾਂ ਲਾਗੂ ਕਰਨ ਲਈ ਸੰਜੀਦਾ ਨਹੀਂ ਜਿਸ ਕਾਰਨ ਮਜਬੂਰ ਹੋ ਕੇ ਬਿਜਲੀ ਕਾਮਿਆਂ ਨੂੰ ਛੁੱਟੀ 'ਤੇ ਜਾਣਾ ਪਿਆ। ਸਾਥੀ ਉਦੀਪੁਰ ਨੇ ਕਿਹਾ ਕਿ ਮੰਗਾਂ ਲਾਗੂ ਕਰਾਉਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਬਿਜਲੀ ਕਾਮਿਆਂ ਦੇ ਹਰ ਸੰਘਰਸ਼ ਵਿੱਚ ਪੈਨਸ਼ਨਰਜ਼ ਯੂਨੀਅਨ ਏਟਕ ਪੂਰੀ ਸ਼ਕਤੀ ਨਾਲ ਸ਼ਾਮਲ ਹੋਵੇਗੀ।

# ਕੈਪਟਨ ਸੁਰਜੀਤ ਸਿੰਘ ਭੁੱਚਰ ਕਲਾਂ ਸੈਣ ਸਮਾਜ ਵੈੱਲਫੇਅਰ ਬੋਰਡ ਦੇ ਚੇਅਰਮੈਨ ਨਿਯੁਕਤ

**ਝਬਾਲ, (ਹਰਜਿੰਦਰ ਸਿੰਘ ਸੋਨੀ)**- ਆਪ ਹਾਈ ਕਮਾਂਡ ਦੇ ਆਦੇਸ਼ਾਂ 'ਤੇ ਹਲਕਾ ਵਿਧਾਇਕ ਤਰਨਤਾਰਨ ਹਰਮੀਤ ਸਿੰਘ ਸੰਧੂ ਵੱਲੋਂ ਪਾਰਟੀ ਪ੍ਰਤੀ ਨਿਭਾਈਆਂ ਗਈਆਂ ਅਣਥੱਕ ਸੇਵਾਵਾਂ ਸਦਕਾ ਸਾਬਕਾ ਕੈਪਟਨ ਸੁਰਜੀਤ ਸਿੰਘ ਭੁੱਚਰ ਕਲਾਂ ਨੂੰ ਸੈਣ ਸਮਾਜ ਵੈੱਲਫੇਅਰ ਬੋਰਡ ਦੇ ਜ਼ਿਲ੍ਹਾ ਤਰਨਤਾਰਨ ਤੋਂ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।ਇਸ ਮੌਕੇ ਗੁਰਦੁਆਰਾ ਜਨਮ ਅਸਥਾਨ ਬਾਬਾ ਸੈਣ ਭਗਤ ਜੀ ਠੱਠੀ ਸੋਹਲ ਦੇ ਮੁੱਖ ਸੇਵਾਦਾਰ ਭਾਈ ਤਰਲੋਚਨ ਸਿੰਘ ਸੋਹਲ (ਪ੍ਰਧਾਨ ਸਤਿਕਾਰ ਕਮੇਟੀ ਪੰਜਾਬ), ਭਾਈ ਸਰੂਪ ਸਿੰਘ ਭੁੱਚਰ, ਮਖਤੂਲ ਸਿੰਘ ਸੋਹਲ, ਭਾਈ ਚੈਚਲ ਸਿੰਘ ਸੋਹਲ, ਹਰਦੀਪ ਸਿੰਘ ਬਿੱਟੂ ਸੋਹਲ, ਆਮ ਪਾਰਟੀ ਦੇ ਨੌਜਵਾਨ ਆਗੂ ਭਾਈ ਹੁਸਨਦੀਪ ਸਿੰਘ ਸੋਹਲ, ਅਮਰਜੀਤ ਸਿੰਘ, ਰਜਵੰਤ ਸਿੰਘ, ਗੁਰਪ੍ਰੀਤ ਸਿੰਘ ਗੋਪੀ ਸਮੇਤ ਇਲਾਕਾ ਤੇ ਪਿੰਡ ਵਾਸੀਆਂ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਚੇਅਰਮੈਨ ਕੈਪਟਨ ਸੁਰਜੀਤ ਸਿੰਘ ਭੁੱਚਰ ਨੂੰ ਮੁਬਾਰਕਬਾਦ ਦਿੱਤੀ।ਕੈਪਟਨ ਭੁੱਚਰ ਕਲਾਂ ਨੇ ਆਪਣੀ ਨਿਯੁਕਤੀ 'ਤੇ ਆਮ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਸਟੇਟ ਇੰਚਾਰਜ ਮਨੀਸ਼ ਸਿਸੋਦੀਆ, ਹਲਕਾ ਵਿਧਾਇਕ ਹਰਮੀਤ ਸਿੰਘ ਸੰਧੂ ਸਮੇਤ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਂਦਿਆਂ ਹਲਕੇ ਵਿੱਚ ਸੈਣ ਸਮਾਜ ਵੈੱਲਫੇਅਰ ਬੋਰਡ ਦੇ ਵਿਸਥਾਰ ਕਰਨ ਦੇ ਨਾਲ-ਨਾਲ 'ਆਪ' ਦੀਆਂ ਲੋਕ ਭਲਾਈ ਨੀਤੀਆਂ ਨੂੰ ਘਰ-ਘਰ ਪਹੁੰਚਾਉਣਗੇ।



# ਭੀਮ ਆਰਮੀ ਨੇ ਜੰਤਰ-ਮੰਤਰ ਵਿਖੇ ਹੋਏ ਤਸ਼ੱਦਦ ਵਿਰੁੱਧ ਦਿੱਤਾ ਮੰਗ ਪੱਤਰ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਭੀਮ ਆਰਮੀ (ਭਾਰਤ ਏਕਤਾ ਮਿਸ਼ਨ), ਜ਼ਿਲ੍ਹਾ ਇਕਾਈ ਗੁਰਦਾਸਪੁਰ ਵੱਲੋਂ ਨਵੀਂ ਦਿੱਲੀ ਦੇ ਜੰਤਰ-ਮੰਤਰ ਵਿਖੇ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਵਿਰੁੱਧ



ਪ੍ਰਸ਼ਾਸਨ ਵੱਲੋਂ ਕੀਤੀ ਗਈ ਧੱਕੇਸ਼ਾਹੀ, ਗੈਰ-ਜਮਹੂਰੀ ਕਾਰਵਾਈਆਂ ਅਤੇ ਪੁਲਸ ਅੱਤਿਆਚਾਰ ਦੇ ਵਿਰੋਧ ਵਿੱਚ ਆਪਣਾ ਸਖ਼ਤ ਰੋਸ ਦਰਜ ਕਰਵਾਉਣ ਲਈ ਜ਼ਿਲ੍ਹਾ ਪ੍ਰਧਾਨ ਰਾਜਨ ਕੁਮਾਰ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਨਾਂਅ ਮੰਗ ਪੱਤਰ ਦਿੱਤਾ ਗਿਆ।ਆਗੂਆਂ ਨੇ ਕਿਹਾ ਕਿ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕਰਨਾ ਸਾਡੇ ਲੋਕਤੰਤਰ ਦੀ ਰੀੜ੍ਹ ਦੀ ਹੱਡੀ ਹੈ। ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਕੇ ਬਹੁਜਨ ਸਮਾਜ, ਵਿਦਿਆਰਥੀਆਂ ਅਤੇ ਸਮਾਜਿਕ ਕਾਰਕੁੰਨਾਂ ਦੀ ਆਵਾਜ਼ ਨੂੰ ਹਿੰਸਕ ਢੰਗ ਨਾਲ ਦਬਾਉਣਾ ਬੇਹੱਦ ਨਿੰਦਣਯੋਗ ਹੈ ਅਤੇ ਇਸ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਭੀਮ ਆਰਮੀ ਗੁਰਦਾਸਪੁਰ ਜੰਤਰ-ਮੰਤਰ ਵਿਖੇ ਚੱਲ ਰਹੇ ਅੰਦੋਲਨ ਅਤੇ ਆਉਣ ਵਾਲੇ ਦੇਸ਼-ਵਿਆਪੀ ਸੰਘਰਸ਼ ਦੇ ਪੂਰੀ ਤਰ੍ਹਾਂ ਨਾਲ ਸਮਰਥਨ ਵਿੱਚ ਖੜ੍ਹੀ ਹੈ ਅਤੇ ਜੇਕਰ ਕੇਂਦਰ ਸਰਕਾਰ ਨੇ ਹਿੰਸਾ ਰਾਹੀਂ ਲੋਕਾਂ ਦੀ ਆਵਾਜ਼ ਨੂੰ ਦਬਾਉਣਾ ਜਾਰੀ ਰੱਖਿਆ ਤਾਂ ਪੈਦਾ ਹੋਣ ਵਾਲੇ ਹਾਲਾਤ ਦੀ ਪੂਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਭੀਮ ਆਰਮੀ ਰਾਜਨ ਕੁਮਾਰ, ਮੀਤ ਪ੍ਰਧਾਨ ਬਲਜੀਤ ਸਿੰਘ, ਸ਼ਹਿਰੀ ਪ੍ਰਧਾਨ ਅਨਮੋਲ ਕੁਮਾਰ, ਜਨਰਲ ਸਕੱਤਕ ਆਕਾਸ਼ਦੀਪ, ਕਾਨੂੰਨੀ ਸਲਾਹਕਾਰ ਵਰਿੰਦਰ ਅਤਰੀ, ਜੋਬਨ, ਹੈਪੀ ਯੂਥ ਪ੍ਰਧਾਨ, ਸਤੀਸ਼, ਬਬਲੂ, ਗੁਰਪ੍ਰੀਤ ਇੰਚਾਰਜ ਡੇਰਾ ਬਾਬਾ ਨਾਨਕ, ਹੀਰਾ ਲਾਲ ਬਹਿਰਾਮਪੁਰ, ਬਾਲੀ, ਅਮਿਤ ਆਦਿ ਵੀ ਹਾਜ਼ਰ ਸਨ।

# ਪੀਐੱਮਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 'ਚ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੀਐੱਮਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦੇ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ 300 ਮੁਫ਼ਤ ਸਕੂਲੀ ਬੈਗ ਵੰਡੇ ਗਏ।ਇਸ ਮੌਕੇ ਹਲਕਾ ਇੰਚਾਰਜ ਕਾਦੀਆਂ ਗੁਰਇਕਬਾਲ ਸਿੰਘ ਮਾਹਲ ਦੇ ਪਿਤਾ ਅਤੇ ਸਾਬਕਾ ਪ੍ਰਧਾਨ ਨਗਰ ਕੌਂਸਲ ਕਾਦੀਆਂ ਜਰਨੈਲ ਸਿੰਘ ਮਾਹਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਵਿਦਿਆਰਥੀਆਂ ਨੂੰ ਸਕੂਲੀ ਬੈਗ ਵੰਡਦਿਆਂ ਸ.ਜਰਨੈਲ ਸਿੰਘ ਮਾਹਲ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ



ਸਿੱਖਿਆ ਦੇ ਖੇਤਰ ਵਿੱਚ ਇਤਿਹਾਸਕ ਸੁਧਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ, ਆਧੁਨਿਕ ਬੁਨਿਆਦੀ ਢਾਂਚਾ ਅਤੇ ਹਰ ਲੋੜੀਂਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ, ਜਿਸ ਦੇ ਨਤੀਜੇ ਵਜੋਂ ਸਰਕਾਰੀ ਸਕੂਲਾਂ ਪ੍ਰਤੀ ਲੋਕਾਂ ਦਾ ਭਰੋਸਾ ਲਗਾਤਾਰ ਵਧ ਰਿਹਾ ਹੈ।

ਸਕੂਲ ਮੁਖੀ ਡਾ. ਸੁਨੀਤਾ ਕੌਸ਼ਲ (ਸਟੇਟ ਐਵਾਰਡੀ) ਵੱਲੋਂ ਮੁੱਖ ਮਹਿਮਾਨ ਸ. ਮਾਹਲ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਲੈਕ. ਪ੍ਰਦੀਪ ਕੁਮਾਰ, ਲੈਕ. ਅਵਿਨਾਸ਼ ਕੁਮਾਰ, ਲੈਕ. ਨਰਿੰਦਰ ਸਿੰਘ, ਲੈਕ. ਦਿਨੇਸ਼ ਕੁਮਾਰ, ਗੁਰਟੇਕ ਸਿੰਘ, ਗੁਰਪ੍ਰੀਤ ਸਿੰਘ, ਜਗਦੀਸ਼ ਸਿੰਘ, ਗੁਰਨਾਮ ਸਿੰਘ, ਨੀਰੂ ਭੰਡਾਰੀ ਅੰਜਲੀ, ਦਲਜਿੰਦਰ ਕੌਰ, ਗੁਨੀਸ਼ਾ, ਰਮਨਜੀਤ ਕੌਰ, ਨੀਤੂ ਬਾਲਾ ਅਤੇ ਦਲੇਰ ਸਿੰਘ ਅਦਿ ਹਾਜ਼ਰ ਸਨ।

# ਮੈਗਜ਼ੀਨ 'ਹੁਣ' ਦਾ 53ਵਾਂ ਅੰਕ ਲੋਕ ਅਰਪਿਤ

**ਬਾਬਾ ਬਕਾਲਾ ਸਾਹਿਬ, (ਜਸਪਾਲ ਸਿੰਘ)**- ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਸਥਾਪਿਤ ਪ੍ਰਿਥੀਪਾਲ ਸਿੰਘ ਅਠੌਲਾ ਯਾਦਗਾਰੀ ਲਾਇਬ੍ਰੇਰੀ, ਬਾਬਾ ਬਕਾਲਾ ਸਾਹਿਬ ਵਿਖੇ ਸੁਸ਼ੀਲ ਦੁਸਾਂਝ ਅਤੇ ਕਮਲ



ਦੁਸਾਂਝ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਕੀਤੇ ਜਾਣ ਵਾਲੇ ਪੰਜਾਬੀ ਜ਼ੁਬਾਨ ਦੇ ਪ੍ਰਮੁੱਖ ਮੈਗਜ਼ੀਨ 'ਹੁਣ' ਦਾ 53ਵਾਂ ਅੰਕ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਨੇ ਲੋਕ ਅਰਪਿਤ ਕੀਤਾ। ਇਸ ਮੌਕੇ ਦਰਸ਼ਨ ਬੁੱਟਰ ਨੇ ਕਿਹਾ ਕਿ 'ਹੁਣ' ਨੇ ਅਜੋਕੇ ਪੰਜਾਬੀ ਸਾਹਿਤ ਅਤੇ ਸੱਭਿਆਚਰ ਦੀ ਪ੍ਰਤੀਨਿਧਤਾ ਕਰਦਿਆਂ ਵਿਲੱਖਣ ਪੈੜਾਂ ਪਾਈਆਂ ਹਨ, ਜਿਸ ਲਈ ਦੁਸਾਂਝ ਜੋੜੀ ਮੁਬਾਰਕਬਾਦ ਦੀ ਹੱਕਦਾਰ ਹੈ। ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਕਿਹਾ ਕਿ ਸੁਸ਼ੀਲ ਦੁਸਾਂਝ ਹੋਰਾਂ ਦੀ 'ਹੁਣ' ਵਿਚਲੀ ਬੇਬਾਕ ਸੰਪਾਦਕੀ ਲਾਜਵਾਬ ਹੈ ਕਿ ਅਸੀਂ ਉਨ੍ਹਾਂ ਸ਼ਬਦਾਂ ਦੀ ਤਲਾਸ਼ ਵਿੱਚ ਹਾਂ ਜਿਨ੍ਹਾਂ ਵਿੱਚ ਭਾਸ਼ਾ ਨਾਲੋਂ ਵੱਧ ਜ਼ਮੀਰ, ਵਿਚਾਰ ਨਾਲੋਂ ਵੱਧ ਮਨੁੱਖ ਅਤੇ ਸਮੇਂ ਦੇ ਸ਼ੋਰ ਨਾਲੋਂ ਵੱਧ ਉਸਦੀ ਨਬਜ਼ ਸੁਣਾਈ ਦਿੰਦੀ ਹੋਵੇ। ਇਸ ਮੌਕੇ ਸੁਸ਼ੀਲ ਦੁਸਾਂਝ ਹੋਰਾਂ ਕੁਝ 'ਹੁਣ' ਦੇ ਨਵੇਂ ਮੈਗਜ਼ੀਨ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੀ ਲਾਇਬਰੇਰੀ ਲਈ ਭੇਟ ਕੀਤੇ। ਇਸ ਮੌਕੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਖਜ਼ਾਨਚੀ ਮਾ: ਮਨਜੀਤ ਸਿੰਘ ਵੱਸੀ, ਬਲਵਿੰਦਰ ਸਿੰਘ ਅਠੌਲਾ, ਸੂਬੇਦਾਰ ਹਰਜਿੰਦਰ ਸਿੰਘ ਨਿੱਝਰ, ਡਾ: ਕੁਲਵੰਤ ਸਿੰਘ ਬਾਠ, ਨਵਦੀਪ ਸਿੰਘ ਬਦੇਸ਼ਾ, ਸੁਖਦੇਵ ਸਿੰਘ ਭੁੱਲਰ, ਸੂਬੇਦਾਰ ਹਰਜੀਤ ਸਿੰਘ, ਸਰਬਜੀਤ ਸਿੰਘ ਪੱਡਾ ਵੀ ਹਾਜ਼ਰ ਸਨ।

# ਵਿਦਿਆਰਥੀਆਂ ਵੱਲੋਂ ਨੇਤਰਹੀਣ ਬੱਚਿਆਂ ਲਈ ਸੁਹਿਰਦ ਉਪਰਾਲਾ

**ਅੰਮ੍ਰਿਤਸਰ (ਅਰੋੜਾ)**- ਰੋਟਰੀ ਕਲੱਬ ਆਸਥਾ ਅਤੇ ਇੰਟਰੈਕਟ ਕਲੱਬ ਹੈਲਪਿੰਗ ਹੈਂਡ ਲਵ ਡੇਲ ਸਕੂਲ ਅੰਮ੍ਰਿਤਸਰ ਵੱਲੋਂ ਕਲੱਬ ਦੇ ਪ੍ਰਧਾਨ ਇੰਜੀਨੀਅਰ ਅਸ਼ੋਕ ਸ਼ਰਮਾ, ਸਕੱਤਰ ਸਰਬਜੀਤ ਸਿੰਘ ਅਤੇ ਇੰਟਰੈਕਟ ਕਲੱਬ ਦੀ ਪ੍ਰਧਾਨ ਗੁਰਲੀਨ ਕੌਰ, ਬ੍ਰਿਗੇਡੀਅਰ ਗਿਆਨ ਸਿੰਘ ਸੰਧੂ ਦੀ ਰਹਿਨੁਮਾਈ ਹੇਠ ਅੰਧ ਵਿਦਿਆਲਾ ਲੋਹਗੜ੍ਹ ਗੇਟ ਵਿਖੇ ਦੌਰਾ ਕੀਤਾ ਗਿਆ।ਇਸ ਦੌਰਾਨ ਜ਼ਰੂਰਤਮੰਦ ਵਿਦਿਆਰਥੀਆਂ ਨੂੰ 100 ਮੀਟਰ ਕੱਪੜਾ ਕਮੀਜ਼ਾਂ ਦੇ ਲਈ, 60 ਮੀਟਰ ਕੱਪੜਾ ਪੈਂਟਾਂ ਦੇ ਲਈ ਸਹਾਇਤਾ ਵਜੋਂ ਭੇਟ ਕੀਤਾ ਗਿਆ। ਡਾਇਰੈਕਟਰ ਜੀ. ਐੱਸ. ਸੰਧੂ ਨੇ ਕਿਹਾ ਕਿ ਇਸ ਦੌਰੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਹਮਦਰਦੀ, ਦਇਆ ਅਤੇ ਸਮਾਜਿਕ



ਜ਼ਿੰਮੇਵਾਰੀ ਦੀ ਭਾਵਨਾ ਨੂੰ ਪੈਦਾ ਕਰਨਾ ਹੈ।ਇਸ ਦੌਰਾਨ ਵਿਦਿਆਰਥੀਆਂ ਨੇ ਨੇਤਰਹੀਣ ਬੱਚਿਆਂ ਦੇ ਨਾਲ ਸਮਾਂ ਬਿਤਾਇਆ ਅਤੇ ਉਨ੍ਹਾਂ ਦੇ ਨਾਲ ਗੱਲਬਾਤ ਕਰਕੇ ਉਨ੍ਹਾਂ 'ਚ ਆਤਮ ਵਿਸ਼ਵਾਸ ਦੀ ਭਾਵਨਾ ਪੈਦਾ ਕੀਤੀ।ਕਲੱਬ ਦੇ ਪ੍ਰਧਾਨ ਅਸ਼ੋਕ ਸ਼ਰਮਾ ਨੇ ਨੇਤਰਹੀਣ ਵਿਦਿਆਰਥੀਆਂ ਦੀ ਸਹਾਇਤਾ ਲਈ ਦੋ ਜੋੜੀਆਂ ਤਬਲੇ ਭੇਟ ਕੀਤੀਆਂ।ਇਸ ਮੌਕੇ ਕਲੱਬ ਦੇ ਮੀਤ ਪ੍ਰਧਾਨ ਮਨਮੋਹਨ ਸਿੰਘ, ਅੰਦੇਸ਼ ਭੱਲਾ, ਹਰਦੇਸ਼ ਦਵੇਸਰ, ਜਤਿੰਦਰ ਸਿੰਘ ਪੱਪੂ, ਪ੍ਰਿੰਸੀਪਲ ਬਲਦੇਵ ਸਿੰਘ ਲੋਹਾਰਕਾ, ਸਾਬਕਾ ਪ੍ਰਧਾਨ ਅਮਨ ਸ਼ਰਮਾ, ਡਾ. ਗਗਨਦੀਪ ਸਿੰਘ, ਕੇ. ਐੱਸ. ਚੱਠਾ, ਮਮਤਾ ਅਰੋੜਾ, ਰਚਨਾ ਸਿੰਗਲਾ, ਸੋਨੀਆ ਬੁੱਧੀਰਾਜਾ, ਬਲਦੇਵ ਮੰਨਣ, ਰਾਕੇਸ਼ ਸ਼ਰਮਾ, ਚੰਦਰ ਮੋਹਨ, ਗੁਰਮੀਤ ਸਿੰਘ, ਸਮੇਤ ਰੋਟਰੀ ਕਲੱਬ ਆਸਥਾ ਦੇ ਸਮੂਹ ਮੈਂਬਰ ਮੌਜੂਦ ਸਨ।

# ਸਰਕਾਰੀ ਸਕੂਲ ਹਾੜਾ ਵਿਖੇ ਲੱਗਾ ਐੱਸ ਆਈ ਆਰ ਸਬੰਧੀ ਜਾਗਰੂਕਤਾ ਸੈਮੀਨਾਰ

**ਪਠਾਨਕੋਟ, (ਦਵਿੰਦਰ ਸਿੰਘ)**- ਐੱਸ. ਆਈ. ਆਰ. ਮੁਹਿੰਮ ਤਹਿਤ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਪਠਾਨਕੋਟ ਡਾ. ਪੱਲਵੀ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਸਵੀਪ ਨੋਡਲ ਅਧਿਕਾਰੀ-ਕਮ-ਜ਼ਿਲ੍ਹਾ ਭੂਮੀ ਰੱਖਿਆ ਅਧਿਕਾਰੀ ਗੁਰਪ੍ਰੀਤ ਸਿੰਘ ਦੀ ਯੋਗ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾੜਾ ਵਿਖੇ ਜ਼ਿਲ੍ਹਾ ਸਵੀਪ ਟੀਮ ਵੱਲੋਂ ਐੱਸ. ਆਈ. ਆਰ. ਸਬੰਧੀ ਇੱਕ ਪ੍ਰਭਾਵਸ਼ਾਲੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ।ਸੈਮੀਨਾਰ ਦੌਰਾਨ ਜ਼ਿਲ੍ਹਾ ਸਵੀਪ ਟੀਮ ਦੇ ਸਹਾਇਕ ਨੋਡਲ ਅਧਿਕਾਰੀ ਸੋਸ਼ਲ ਮੀਡੀਆ ਹੈੱਡਮਾਸਟਰ ਰਵੀ ਕਾਂਤ ਅਤੇ ਸਹਾਇਕ ਨੋਡਲ ਅਫ਼ਸਰ ਸਵੀਪ ਟੀਮ ਤੇ




ਜਾਗਰੂਕਤਾ ਸੈੱਲ ਹੈੱਡਮਾਸਟਰ ਸੰਜੀਵ ਕੁਮਾਰ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਐੱਸ. ਆਈ. ਆਰ. ਮੁਹਿੰਮ ਦੇ ਉਦੇਸ਼, ਵੋਟਰ ਸੂਚੀ ਵਿੱਚ ਨਾਮ ਦਰਜ ਕਰਵਾਉਣ, ਸੋਧ, ਤਬਦੀਲੀ ਅਤੇ ਲੋੜੀਂਦੇ ਦਸਤਾਵੇਜ਼ਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਆਪਣੇ ਮਾਪਿਆਂ, ਪਰਿਵਾਰਕ ਮੈਂਬਰਾਂ ਅਤੇ ਆਸ-ਪਾਸ ਦੇ ਯੋਗ ਨਾਗਰਿਕਾਂ ਤੱਕ ਵੀ ਇਹ ਸੁਨੇਹਾ ਪਹੁੰਚਾਉਣ ਤਾਂ ਜੋ ਕੋਈ ਵੀ ਯੋਗ ਵੋਟਰ ਆਪਣਾ ਵੋਟ ਦਾ ਅਧਿਕਾਰ ਪ੍ਰਾਪਤ ਕਰਨ ਤੋਂ ਵਾਂਝਾ ਨਾ ਰਹੇ।ਵਿਦਿਆਰਥੀਆਂ ਨੂੰ ਐੱਸ. ਆਈ. ਆਰ. ਸਬੰਧੀ ਜਾਗਰੂਕਤਾ ਪੈਂਫਲੇਟ ਵੀ ਵੰਡੇ ਗਏ। ਇਸ ਮੌਕੇ ਜ਼ਿਲ੍ਹਾ ਸਵੀਪ ਟੀਮ ਦੇ ਮੈਂਬਰ ਵਿਵੇਕ ਡੋਗਰਾ, ਹਰਸਿਮਰਨਜੀਤ ਸਿੰਘ, ਅਮਿਤ ਡੋਗਰਾ, ਨਿਧੀ ਭਾਰਤੀ, ਸਕੂਲ ਇੰਚਾਰਜ ਅਜੇ ਡਡਵਾਲ, ਮੁਕੇਸ਼ ਕੁਮਾਰ ਤੇ ਵਿਦਿਆਰਥੀ ਹਾਜ਼ਰ ਸਨ।

# ਜੇ ਐੱਮ ਕੇ ਪ੍ਰੀ-ਸਕੂਲ ਦੇ ਨੰਨ੍ਹੇ-ਮੁੰਨੇ ਬੱਚਿਆਂ ਨੇ ਕੀਤਾ ਸੈਂਟਰਲ ਸੈਨਿਕ ਮੰਦਰ ਦਾ ਵਿੱਦਿਅਕ ਦੌਰਾ



**ਪਠਾਨਕੋਟ (ਰਵਿੰਦਰ ਸਿੰਘ)**- ਜੇਐੱਮਕੇ ਪਠਾਨਕੋਟ ਪ੍ਰੀ-ਸਕੂਲ ਦੇ ਯੂਕੇਜੀ ਕਲਾਸ ਦੇ ਨੰਨ੍ਹੇ-ਮੁੰਨੇ ਬੱਚਿਆਂ ਨੇ ਸੈਂਟਰਲ ਸੈਨਿਕ ਮੰਦਰ, ਅਰਲੀਕ ਨਗਰ ਦਾ ਸਿੱਖਿਆਤਮਕ ਅਤੇ ਅਧਿਆਤਮਿਕ ਦੌਰਾ ਕੀਤਾ।ਇਸ ਮੌਕੇ ਬੱਚਿਆਂ ਨੇ ਮੰਦਰ ਦੇ ਧਾਰਮਿਕ ਮਾਹੌਲ ਦਾ ਆਨੰਦ ਮਾਣਿਆ ਅਤੇ ਲੱਡੂ ਗੋਪਾਲ ਨੂੰ ਝੂਲਾ ਝੁਲਾ ਕੇ ਆਪਣੀ ਸ਼ਰਧਾ ਪ੍ਰਗਟਾਈ।ਇਹ ਦੌਰਾ ਬੱਚਿਆਂ ਨੇ ਚੇਅਰਮੈਨ ਅਨੁਸ਼ ਸੂਦ ਅਤੇ ਡਾਇਰੈਕਟਰ ਤਾਨਿਆ ਸੂਦ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ।ਪ੍ਰੋਗਰਾਮ ਦੀ ਅਗਵਾਈ ਹੈੱਡ ਮਿਸਟ੍ਰੈੱਸ ਰਿਪਲ ਭੰਡਾਰੀ ਨੇ ਕੀਤੀ।ਇਸ ਦੌਰਾਨ ਬੱਚਿਆਂ ਨੂੰ ਰੱਬ ਪ੍ਰਤੀ ਆਸਥਾ, ਚੰਗੇ ਸੰਸਕਾਰ, ਅਨੁਸ਼ਾਸਨ ਅਤੇ ਨੈਤਿਕ ਮੁੱਲਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ।ਬੱਚਿਆਂ ਨੇ ਮੰਦਰ ਵਿੱਚ ਅਰਦਾਸ ਅਤੇ ਪ੍ਰਾਰਥਨਾ ਕੀਤੀ, ਭਜਨ-ਕੀਰਤਨ ਦਾ ਆਨੰਦ ਮਾਣਿਆ ਅਤੇ ਪੂਰੇ ਉਤਸ਼ਾਹ ਨਾਲ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲਿਆ।ਜੇਐੱਮਕੇ ਪ੍ਰੀ-ਸਕੂਲ ਦੇ ਡਾਇਰੈਕਟਰ ਡਾ. ਨੀਰਜ ਮੋਹਨ ਨੇ ਕਿਹਾ ਕਿ ਅਜਿਹੇ ਸਿੱਖਿਆਤਮਕ ਅਤੇ ਸੱਭਿਆਚਾਰਕ ਦੌਰੇ ਬੱਚਿਆਂ ਦੇ ਸਰਬਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।ਇਸ ਨਾਲ ਬੱਚਿਆਂ ਵਿੱਚ ਭਾਰਤੀ ਸੱਭਿਆਚਾਰ, ਧਾਰਮਿਕ ਪਰੰਪਰਾਵਾਂ ਅਤੇ ਨੈਤਿਕ ਮੁੱਲਾਂ ਪ੍ਰਤੀ ਸਤਿਕਾਰ ਦੀ ਭਾਵਨਾ ਵਿਕਸਿਤ ਹੁੰਦੀ ਹੈ।ਉਨ੍ਹਾਂ ਕਿਹਾ ਕਿ ਸਕੂਲ ਸਿੱਖਿਆ ਦੇ ਨਾਲ-ਨਾਲ ਵਿਦਿਆਰਥੀਆਂ ਵਿੱਚ ਚੰਗੇ ਸੰਸਕਾਰ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਲਈ ਵੀ ਲਗਾਤਾਰ ਯਤਨਸ਼ੀਲ ਹੈ।

# 'ਗੁਰਬਾਣੀ ਅਨੁਸਾਰ ਜੀਵਨ ਜਾਚ' ਵਿਸ਼ੇ 'ਤੇ ਕਰਵਾਇਆ ਵਿਸ਼ੇਸ਼ ਧਾਰਮਿਕ ਸੈਸ਼ਨ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਗੁਰੂ ਅਮਰਦਾਸ ਸਾਹਿਬ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਵਿਖੇ ਵਿਦਿਆਰਥੀਆਂ ਨੂੰ ਉੱਚ-ਸੁੱਚੇ ਇਖ਼ਲਾਕ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਜੋੜਨ ਲਈ ਇੱਕ ਵਿਸ਼ੇਸ਼ ਧਾਰਮਿਕ ਸੈਸ਼ਨ ਦਾ ਆਯੋਜਨ ਕੀਤਾ ਗਿਆ।ਗੁਰਬਾਣੀ ਅਨੁਸਾਰ ਜੀਵਨ ਜਾਚ ਵਿਸ਼ੇ 'ਤੇ ਆਧਾਰਿਤ ਇਸ ਸੈਸ਼ਨ ਦਾ ਸੰਚਾਲਨ ਸੰਸਥਾ ਦੇ ਧਾਰਮਿਕ ਅਧਿਆਪਕ ਸ. ਇੰਦਰਪਾਲ ਸਿੰਘ ਵੱਲੋਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ।ਸੈਸ਼ਨ ਦੌਰਾਨ ਸ. ਇੰਦਰਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਗੁਰਬਾਣੀ ਦੇ ਡੂੰਘੇ ਅਰਥਾਂ ਨਾਲ ਜੋੜਦਿਆਂ ਦੱਸਿਆ ਕਿ ਗੁਰਬਾਣੀ ਸਾਨੂੰ ਨਾ ਸਿਰਫ਼ ਅਧਿਆਤਮਿਕ ਮਾਰਗ ਦਿਖਾਉਂਦੀ ਹੈ, ਸਗੋਂ ਇੱਕ ਸਫ਼ਲ ਅਤੇ ਸੁਚੱਜਾ ਜੀਵਨ ਜਿਊਣ ਦੀ ਜਾਚ ਵੀ ਸਿਖਾਉਂਦੀ ਹੈ।ਉਨ੍ਹਾਂ ਨੇ ਗੁਰਬਾਣੀ ਦੀਆਂ ਉਦਾਹਰਣਾਂ ਦਿੰਦਿਆਂ ਵਿਦਿਆਰਥੀਆਂ ਨੂੰ ਸੱਚ, ਸੰਤੋਖ, ਦਇਆ, ਨਿਮਰਤਾ ਅਤੇ ਸੇਵਾ ਵਰਗੇ ਗੁਣ ਅਪਣਾਉਣ ਅਤੇ ਹਉਮੈ, ਈਰਖਾ ਤੇ ਬੁਰਾਈਆਂ ਦਾ ਤਿਆਗ ਕਰਨ ਲਈ ਪ੍ਰੇਰਿਤ ਕੀਤਾ।ਇਸ ਸਮਾਗਮ ਦਾ ਮੁੱਖ ਕੇਂਦਰ ਬਿੰਦੂ ਗੁਰਬਾਣੀ ਦੀ ਰੋਸ਼ਨੀ ਵਿੱਚ ਮਾਪਿਆਂ ਦਾ ਸਤਿਕਾਰ ਕਰਨਾ ਤੇ ਸਮਾਜ ਦਾ ਭਲਾ ਕਰਨਾ ਰਿਹਾ।ਇਸ ਮੌਕੇ ਸੰਸਥਾ ਦੇ ਪ੍ਰਬੰਧਕਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।ਉਨ੍ਹਾਂ ਨੇ ਧਾਰਮਿਕ ਅਧਿਆਪਕ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਬੱਚਿਆਂ ਨੂੰ ਅਪੀਲ ਕੀਤੀ ਕਿ ਉਹ ਸਿਰਫ਼ ਗੱਲਾਂ ਸੁਣਨ ਤੱਕ ਸੀਮਤ ਨਾ ਰਹਿਣ, ਸਗੋਂ ਗੁਰਬਾਣੀ ਦੀਆਂ ਸਿੱਖਿਆਵਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਅਪਣਾ ਕੇ ਇੱਕ ਆਦਰਸ਼ ਅਤੇ ਸਫ਼ਲ ਇਨਸਾਨ ਬਣਨ।ਉਨ੍ਹਾਂ ਕਿਹਾ ਕਿ ਗੁਰਬਾਣੀ ਅਨੁਸਾਰ ਜੀਵਨ ਜਿਊਣ ਨਾਲ ਹੀ ਸਮਾਜ ਵਿੱਚ ਚੰਗੇ ਬਦਲਾਅ ਲਿਆਂਦੇ ਜਾ ਸਕਦੇ ਹਨ।





# ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਫਲਸਫੇ ਨੂੰ ਪੇਸ਼ ਕਰਦੀ ਦਸਤਾਵੇਜ਼ੀ ਫਿਲਮ ਵਿਖਾਈ

**ਧਾਰੀਵਾਲ, (ਮਨਦੀਪ ਵਿੱਕੀ)**- ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਪਿੰਡ ਚੋਹਦਪੁਰ ਅਤੇ ਬਿਧੀਪੁਰ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਉਪਦੇਸ਼ਾਂ ਅਤੇ ਸਮਾਜ ਸੁਧਾਰ ਲਈ ਉਨ੍ਹਾਂ ਦੇ ਮਹਾਨ ਯੋਗਦਾਨ ਨੂੰ ਦਰਸਾਉਂਦੀ ਦਸਤਾਵੇਜ਼ੀ ਫਿਲਮ ਵਿਖਾਈ ਗਈ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ, ਨੌਜਵਾਨਾਂ ਨੇ ਫਿਲਮ ਦੇਖੀ ਅਤੇ ਸ੍ਰੀ ਗੁਰੂ ਰਵਿਦਾਸ ਜੀ ਵੱਲੋਂ ਦਿੱਤੇ ਗਏ ਸਮਾਨਤਾ, ਭਾਈਚਾਰੇ, ਮਨੁੱਖਤਾ ਅਤੇ ਸੇਵਾ ਦੇ ਸੰਦੇਸ਼ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦਾ ਅਹਿਦ ਕੀਤਾ। ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਇਹ ਫਿਲਮ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਦਿਖਾਈ ਜਾ ਰਹੀ ਹੈ। ਦਸਤਾਵੇਜ਼ੀ ਫਿਲਮ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਨਾਲ ਸਬੰਧਤ ਅਹਿਮ ਘਟਨਾਵਾਂ, ਉਨ੍ਹਾਂ ਦੀ ਬਾਣੀ ਅਤੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਵਿਰੁੱਧ ਉਨ੍ਹਾਂ ਵੱਲੋਂ ਦਿੱਤੇ ਸੰਦੇਸ਼ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ, ਤਾਂ ਜੋ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਇੱਕ ਹੋਰ ਸੁਚੱਜੇ, ਸਾਂਝੇ ਅਤੇ ਪ੍ਰਗਤੀਸ਼ੀਲ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਸ ਮੌਕੇ ਪਿੰਡ ਵਾਸੀਆਂ ਨੇ ਕਿਹਾ ਕਿ ਅਜਿਹੀਆਂ ਦਸਤਾਵੇਜ਼ੀ ਫਿਲਮਾਂ ਰਾਹੀਂ ਨੌਜਵਾਨ ਪੀੜ੍ਹੀ ਨੂੰ ਮਹਾਨ ਗੁਰੂ ਸਾਹਿਬਾਨ ਦੇ ਜੀਵਨ, ਫਲਸਫੇ ਅਤੇ ਉੱਚੇ ਆਦਰਸ਼ਾਂ ਨਾਲ ਜੋੜਨ ਵਿੱਚ ਮਦਦ ਮਿਲਦੀ ਹੈ। ਉਨ੍ਹਾਂ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਸਮਾਜ ਵਿੱਚ ਆਪਸੀ ਸਦਭਾਵਨਾ ਅਤੇ ਸਮਾਜਿਕ ਏਕਤਾ ਨੂੰ ਹੋਰ ਮਜ਼ਬੂਤ ਕਰਦੇ ਹਨ।

# 'ਮੇਰੀ ਰਸੋਈ' ਯੋਜਨਾ ਤਹਿਤ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਹਲਕਾ ਫਤਿਹਗੜ੍ਹ ਚੂੜੀਆਂ ਦੇ ਪਿੰਡ ਫੇਜ਼ਲਾਬਾਦ ਵਿਖੇ ਪਿੰਡ ਵਾਸੀਆਂ ਨਾਲ ਮੁਲਾਕਾਤ ਕਰਦਿਆਂ ਮਾਨ ਸਰਕਾਰ ਦੀ ਲੋਕ ਭਲਾਈ ਯੋਜਨਾ 'ਮੇਰੀ ਰਸੋਈ' ਤਹਿਤ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਵੱਲੋਂ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਪਰਿਵਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ, ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਬਾਰੇ ਜਾਣੂ ਕਰਵਾਇਆ ਅਤੇ ਉਨ੍ਹਾਂ ਦੇ ਜਲਦ ਹੱਲ ਲਈ ਸੰਬੰਧਿਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ।ਇਸ ਮੌਕੇ ਮਨਦੀਪ ਸਿੰਘ, ਜਸਬੀਰ ਸਿੰਘ, ਰਵਿੰਦਰ ਸਿੰਘ, ਹਰਜੀਤ ਸਿੰਘ, ਜਗਰੂਪ ਸਿੰਘ, ਜੋਧਬੀਰ ਸਿੰਘ, ਬਿਕਰਮਜੀਤ ਸਿੰਘ, ਸਵਿੰਦਰ ਸਿੰਘ, ਸੁਖਦੇਵ ਸਿੰਘ, ਜੀਵਨ ਸਿੰਘ, ਹਰਜੀਤ ਕੌਰ, ਕਵਲਜੀਤ ਕੌਰ ਹਾਜ਼ਰ ਸਨ।

# ਰਸੂਲਪੁਰ ਤੋਂ ਕਾਂਗਰਸ ਦੇ ਅਜੀਤ ਸਿੰਘ ਆਪਣੇ ਸਾਥੀਆਂ ਸਣੇ 'ਆਪ' 'ਚ ਹੋਏ ਸ਼ਾਮਿਲ

**ਬਟਾਲਾ, (ਡਾ. ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਦੀਆਂ ਵਿਕਾਸ ਅਤੇ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਰਵਾਇਤੀ ਪਾਰਟੀਆਂ ਦੇ ਵੱਖ-ਵੱਖ ਪਰਿਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ।ਪਿੰਡ ਰਸੂਲਪੁਰ ਤੋਂ ਅਜੀਤ ਸਿੰਘ ਦਾ ਆਪਣੇ ਸਾਥੀਆਂ ਨਾਲ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਦੀਆਂ ਲੋਕਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਿਲ ਹੋਣ ਤੇ ਨਿੱਘਾ ਸਵਾਗਤ ਕੀਤਾ।ਸ਼ੈਰੀ ਕਲਸੀ ਨੇ ਕਿਹਾ ਕਿ ਲੋਕਾਂ ਦਾ ਵਧਦਾ ਵਿਸ਼ਵਾਸ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਮਜ਼ਬੂਤ ਹੋ ਰਹੀ ਨੀਤੀਆਂ ਅਤੇ ਲੋਕਪੱਖੀ ਕਾਰਜਾਂ ਦੀ



ਗਵਾਹੀਆਂ ਭਰਦਾ ਹੈ, ਜਿਸ ਸਦਕਾ ਆਪ ਪਰਿਵਾਰ ਦਾ ਕਾਫਲਾ ਦਿਨੋਂ ਦਿਨ ਵਧ ਰਿਹਾ ਹੈ।ਗੱਲਬਾਤ ਦੌਰਾਨ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ, ਲੋਕਾਂ ਦੇ ਸਰਬਪੱਖੀ ਵਿਕਾਸ ਤੇ ਭਲਾਈ ਸਕੀਮਾਂ ਦਾ ਲਾਭ ਪਾਰਦਰਸ਼ੀ ਢੰਗ ਨਾਲ ਦੇਣ ਲਈ ਵਚਨਬੱਧ ਹੈ।ਉਨ੍ਹਾਂ ਪੰਜਾਬ ਸਰਕਾਰ ਵੱਲੋਂ ਮਹਿਜ਼ ਚਾਰ ਸਾਲਾਂ ਅੰਦਰ ਲਏ ਵੱਡੇ ਇਤਿਹਾਸਕ ਫੈਸਲਿਆਂ ਦੀ ਗੱਲ ਕਰਦਿਆਂ ਦੱਸਿਆ ਕਿ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਸਕੂਲ ਆਫ ਐਮੀਨੈਂਸ ਖੋਲ੍ਹੇ ਗਏ, ਸਿੱਖਿਆ ਦੇ ਖੇਤਰ ਵਿੱਚ ਹੋਰ ਸੁਧਾਰ ਦੇ ਮੰਤਵ ਨਾਲ ਅਧਿਆਪਕਾਂ ਨੂੰ ਸਿੰਗਾਪੁਰ ਵਿਖੇ ਭੇਜਿਆ।ਲੋਕਾਂ ਦੀ ਸਿਹਤ ਸਹੂਲਤ ਨੂੰ ਮੁੱਖ ਰੱਖਦਿਆਂ ਆਮ ਆਦਮੀ ਕਲੀਨਿਕ ਖੋਲ੍ਹੇ, 600 ਯੂਨਿਟ ਬਿਜਲੀ ਦੇ ਬਿੱਲ ਮਾਫ ਕੀਤੇ, ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਸ਼ੁਰੂ ਕੀਤੀ, 10 ਲੱਖ ਰੁਪਏ ਤੱਕ ਇਲਾਜ ਕਰਵਾਉਣ ਲਈ ਸਿਹਤ ਯੋਜਨਾ ਲਾਗੂ ਕੀਤੀ, ਔਰਤਾਂ ਨੂੰ ਮੁਫਤ ਬੱਸ ਦੀ ਸਹੂਲਤ, ਕਿਰਤੀਆਂ ਦੇ ਹਿੱਤ ਲਈ ਵੱਡੇ ਫੈਸਲੇ, ਕਿਸਾਨਾਂ ਨੂੰ ਬੇਮੌਸਮੀ ਬਰਸਾਤ ਕਾਰਨ ਖਰਾਬ ਹੋਈ ਫਸਲ ਦਾ ਖਰਾਬਾ ਦੇਣ ਸਮੇਤ ਜ਼ਿਕਰਯੋਗ ਫੈਸਲੇ ਲਏ ਗਏ ਹਨ।ਉਨ੍ਹਾਂ ਦੁਹਰਾਇਆ ਕਿ ਹਲਕੇ ਦਾ ਚਹੁਪੱਖੀ ਵਿਕਾਸ ਕੰਮ ਕਰਵਾਉਣ ਵਿੱਚ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।

# ਡਾ. ਉਬਰਾਏ ਵੱਲੋਂ ਮਨੁੱਖਤਾ ਨੂੰ ਬਚਾਉਣ ਲਈ ਕੀਤੇ ਜਾ ਰਹੇ ਨੇਕ ਕਾਰਜ ਲਾਮਿਸਾਲ : ਸੁਖਬੀਰ ਵਾਹਲਾ

**ਧਾਰੀਵਾਲ, (ਮਨਦੀਪ ਵਿੱਕੀ)**- ਦੇਸ਼ ਵਿਦੇਸ਼ ਦੇ ਅੰਦਰ ਸਮਾਜ ਸੇਵਾ ਦੇ ਖੇਤਰ 'ਚ ਆਪਣੀ ਵਿਲੱਖਣ ਪਹਿਚਾਣ ਬਣਾ ਚੁੱਕੀ ਉੱਘੀ ਸਮਾਜ ਸੇਵੀ ਸ਼ਖ਼ਸ਼ੀਅਤ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖੀ ਅਤੇ ਦੁਬਈ ਦੇ ਉੱਘੇ ਕਾਰੋਬਾਰੀ ਡਾ. ਐੱਸ. ਪੀ. ਸਿੰਘ

● **ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਅੰਗਹੀਣਾਂ ਨੂੰ ਵੰਡੇ ਪੈਨਸ਼ਨਾਂ ਦੇ ਚੈੱਕ**

ਓਬਰਾਏ ਦੀ ਯੋਗ ਸਰਪ੍ਰਸਤੀ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ, ਜਨਰਲ ਸਕੱਤਰ ਰਜਿੰਦਰ ਸਿੰਘ ਹੈਪੀ, ਕਾਨੂੰਨੀ ਸਲਾਹਕਾਰ ਐਡਵੋਕੇਟ ਹਰਸ਼ਮੀਤ ਸਿੰਘ ਬਮਰਾਹ ਅਤੇ ਸਮੂਹ ਟੀਮ ਮੈਂਬਰਾਂ ਵੱਲੋਂ ਲੋੜਵੰਦਾਂ ਨੂੰ ਪੈਨਸ਼ਨਾਂ ਦੇ ਚੈੱਕ ਵੰਡਣ ਲਈ ਸਥਾਨਕ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹਾਲ ਵਿਖੇ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਅਤੇ ਸ਼ੂਗਰ ਫੈੱਡ ਪੰਜਾਬ ਦੇ ਸਾਬਕਾ ਚੇਅਰਮੈਨ ਸੁਖਬੀਰ ਸਿੰਘ ਵਾਹਲਾ ਸ਼ਾਮਲ ਹੋਏ।ਇਸ ਮੌਕੇ ਲੋੜਵੰਦਾਂ ਨੂੰ ਪੈਨਸ਼ਨਾਂ ਦੇ ਚੈੱਕ ਭੇਟ ਕਰਦਿਆਂ ਸਮਾਜ ਸੇਵੀ ਸ਼ਖ਼ਸ਼ੀਅਤ ਸੁਖਬੀਰ ਸਿੰਘ ਵਾਹਲਾ ਨੇ ਕਿਹਾ ਕਿ ਡਾ. ਐੱਸ. ਪੀ. ਸਿੰਘ ਓਬਰਾਏ ਵੱਲੋਂ ਆਪਣੀ ਨੇਕ ਕਿਰਤ ਕਮਾਈ ਦਾ 98 ਫੀਸਦੀ ਹਿੱਸਾ ਗਰੀਬਾਂ ਅਤੇ ਲੋੜਵੰਦਾਂ ਦੀ



ਭਲਾਈ ਵਾਸਤੇ ਖਰਚ ਕੀਤਾ ਜਾ ਰਿਹਾ ਹੈ ਅਤੇ ਮਨੁੱਖਤਾ ਨੂੰ ਬਚਾਉਣ ਅਤੇ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਨੂੰ ਹੋਰ ਉਚਾ ਚੁੱਕਣ ਦੇ ਲਈ ਡਾ. ਉਬਰਾਏ ਵੱਲੋਂ ਦੇਸ਼-ਵਿਦੇਸ਼ ਦੇ ਅੰਦਰ ਬਹੁਤ ਹੀ ਨੇਕ ਤੇ ਸ਼ਲਾਘਾਯੋਗ ਕਾਰਜ ਕੀਤੇ ਜਾ ਰਹੇ ਹਨ।ਉਨਾਂ ਨੇ ਕਿਹਾ ਡਾ. ਉਬਰਾਏ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਰਾਹੀਂ ਜਾਤ, ਪਾਤ ਅਤੇ ਹੱਦਾਂ ਸਰਹੱਦਾਂ ਤੋਂ ਉੱਪਰ ਉੱਠ ਕੇ ਇਨਸਾਨੀਅਤ ਅਤੇ ਮਨੁੱਖਤਾ ਨੂੰ ਬਚਾਉਣ ਲਈ ਲਾਮਿਸਾਲ ਨੇਕ ਕਾਰਜ ਕੀਤੇ ਜਾ ਰਿਹੇ ਹਨ।ਸੀਨੀਅਰ ਅਕਾਲੀ ਨੇਤਾ ਸੁਖਬੀਰ ਸਿੰਘ ਵਾਹਲਾ ਨੇ ਕਿਹਾ ਕਿ ਜਦ ਵੀ ਦੇਸ਼ ਅਤੇ ਖਾਸ ਕਰਕੇ ਪੰਜਾਬ ਤੇ ਕੋਈ ਸੰਕਟ ਦੀ ਘੜੀ ਆਉਂਦੀ ਹੈ, ਤਾਂ ਸਭ ਤੋਂ ਪਹਿਲਾਂ ਡਾ. ਐੱਸ. ਪੀ. ਸਿੰਘ ਉਬਰਾਏ ਲੋੜਵੰਦਾਂ ਦੀ ਸਹਾਇਤਾ ਕਰਨ ਦੇ ਲਈ ਪਹੁੰਚ ਜਾਂਦੇ ਹਨ। ਉਨ੍ਹਾਂ ਕਿਹਾ ਕਿ ਰੱਬ ਦੇ ਫਰਿਸ਼ਤੇ ਵਜੋਂ ਜਾਣੇ ਜਾਂਦੇ ਡਾ. ਉਬਰਾਏ ਨੇ ਸਮਾਜ ਸੇਵਾ ਦੇ ਖੇਤਰ ਵਿੱਚ ਕਦੇ ਵੀ ਪਿੱਛੇ ਮੁੜ ਕੇ ਨਹੀਂ ਦੇਖਿਆ, ਬਲਕਿ ਸਰਬੱਤ ਦੇ ਭਲੇ ਦੀ ਕਾਮਨਾ ਕਰਦਿਆਂ ਹਮੇਸ਼ਾ ਲੋੜਵੰਦਾਂ ਦੀ ਦਿਲ ਖੋਲ੍ਹ ਕੇ ਸਹਾਇਤਾ ਕੀਤੀ ਹੈ। ਇਸ ਦੌਰਾਨ ਪੈਨਸ਼ਨਾਂ ਦੇ ਚੈੱਕ ਪ੍ਰਾਪਤ ਕਰਨ ਵਾਲੇ ਪਰਿਵਾਰਾਂ ਨੇ ਡਾ. ਐੱਸ. ਪੀ. ਸਿੰਘ ਉਬਰਾਏ ਟਰੱਸਟ ਦੀ ਜ਼ਿਲ੍ਹਾ ਟੀਮ ਦਾ ਧੰਨਵਾਦ ਵੀ ਕੀਤਾ ।ਇਸ ਮੌਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ, ਟਰੱਸਟ ਦੇ ਜਨਰਲ ਸੈਕਟਰੀ ਰਜਿੰਦਰ ਸਿੰਘ ਹੈਪੀ, ਐਡਵੋਕੇਟ ਹਰਸ਼ਮੀਤ ਸਿੰਘ, ਰੋਹਿਤ ਕੁਮਾਰ, ਜੋਧਵੀਰ ਸਿੰਘ, ਕੇਵਲ ਕੁਮਾਰ ਤੇ ਹੋਰ ਵੀ ਆਗੂ ਹਾਜ਼ਰ ਸਨ।

# ਟਿੱਪਰ ਕਾਰਨ ਵਾਪਰਿਆ ਵੱਡਾ ਹਾਦਸਾ; ਜਾਨੀ ਨੁਕਸਾਨ ਤੋਂ ਬਚਾਅ

## ਬਿਜਲੀ ਦੇ ਦੋ ਟਰਾਂਸਫਾਰਮਰਾਂ ਤੇ ਖੰਭਿਆਂ ਨੂੰ ਲਿਆ ਲਿਪੇਟ 'ਚ


**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਫਤਿਹਗੜ੍ਹ ਚੂੜੀਆਂ ਦੇ ਡੇਰਾ ਰੋਡ ਸਥਿਤ ਹਵੇਲੀਆਂ ਚੌਕ ਨੇੜੇ ਸਵੇਰੇ ਇੱਕ ਵੱਡਾ ਹਾਦਸਾ ਵਾਪਰ ਗਿਆ ਜਿਸ ਵਿੱਚ ਕੋਈ ਜਾਨੀ ਨੁਕਾਸਨ ਤਾਂ ਨਹੀਂ ਹੋਇਆ ਪਰ ਬਿਜਲੀ ਦੇ ਟ੍ਰਾਂਸਫਾਰਮਰ ਅਤੇ ਕਈ ਬਿਜਲੀ ਦੇ ਪੋਲ ਟੁੱਟ ਕੇ ਹੇਠਾਂ ਡਿੱਗ ਪਏ ।ਹਾਦਸਾ ਓਦੋਂ ਵਾਪਰਿਆ ਜਦੋਂ ਇੱਕ ਟਿੱਪਰ ਡ੍ਰਾਈਵਰ ਗਟਕਾ ਉਤਾਰ ਕੇ ਆ ਰਿਹਾ ਸੀ ਤਾਂ ਉਸਦੀ ਗੰਭੀਰ ਅਣਗਹਿਲੀ ਕਾਰਨ ਇਲਾਕੇ ਵਿੱਚ ਭਾਰੀ ਨੁਕਸਾਨ ਹੋ ਗਿਆ।ਪ੍ਰਾਪਤ ਵੇਰਵਿਆਂ ਅਨੁਸਾਰ ਟਿੱਪਰ ਚਾਲਕ ਥਾਣੇ ਵਾਲੇ ਪਾਸੇ ਮਾਲ (ਗਟਕਾ) ਅਨਲੋਡ ਕਰਨ ਤੋਂ ਬਾਅਦ ਵਾਪਸੀ ਸਮੇਂ ਟਿੱਪਰ ਦਾ ਜੈੱਕ ਲਿਫਟ ਹੇਠਾਂ ਕਰਨਾ ਭੁੱਲ ਗਿਆ।ਉਹ ਚੁੱਕੇ ਹੋਏ ਦੋ-ਮੰਜ਼ਿਲਾ ਉੱਚੇ ਟਰਾਲੇ ਨਾਲ ਹੀ ਟਿੱਪਰ ਨੂੰ ਸੜਕ 'ਤੇ ਦੌੜਾ ਕੇ ਲੈ ਆਇਆ।ਰਸਤੇ ਵਿੱਚ ਆਉਂਦੀਆਂ ਬਿਜਲੀ ਦੀਆਂ ਮੁੱਖ ਤਾਰਾਂ, ਕਈ ਖੰਭੇ, ਮੀਟਰ ਬਾਕਸ ਅਤੇ ਦੋ ਵੱਡੇ ਟਰਾਂਸਫਾਰਮਰ ਟਿੱਪਰ ਦੀ ਲਪੇਟ ਵਿੱਚ ਆ ਕੇ ਬੁਰੀ ਤਰ੍ਹਾਂ ਤਬਾਹ ਹੋ ਕੇ ਹੇਠਾਂ ਡਿੱਗ ਗਏ।ਸਥਾਨਕ ਲੋਕਾਂ ਨੇ ਦੱਸਿਆ ਕਿ ਹਾਦਸੇ ਸਮੇਂ ਇਲਾਕੇ ਵਿੱਚ ਤੇਜ਼ ਬਾਰਿਸ਼ ਹੋ ਰਹੀ ਸੀ, ਜਿਸ ਕਾਰਨ ਸੜਕ ਤੇ ਬੱਚਿਆਂ ਅਤੇ ਹੋਰ ਲੋਕਾਂ ਦੀ ਆਵਾਜਾਈ ਕਾਫ਼ੀ ਘੱਟ ਸੀ ਅਤੇ ਬਿਜਲੀ ਵੀ ਬੰਦ ਸੀ।ਜੇਕਰ ਬਾਰਿਸ਼ ਨਾ ਹੁੰਦੀ ਅਤੇ



ਬਿਜਲੀ ਦੀ ਲਾਈਨ ਚਾਲੂ ਹੁੰਦੀ, ਤਾਂ ਇੱਥੇ ਕੋਈ ਬਹੁਤ ਵੱਡਾ ਜਾਨੀ ਨੁਕਸਾਨ ਹੋ ਸਕਦਾ ਸੀ। ਹਾਦਸੇ ਤੋਂ ਬਾਅਦ ਸਿਟੀ ਫੀਡਰ ਨਾਲ ਲੱਗਦੇ ਪੂਰੇ ਇਲਾਕੇ ਦੀ ਬਿਜਲੀ ਗੁੱਲ ਹੋ ਗਈ ਹੈ।ਦੂਜੇ ਪਾਸੇ, ਪਾਵਰਕੌਮ (ਬਿਜਲੀ ਬੋਰਡ) ਦੇ ਜੇ. ਈ., ਲਾਈਨਮੈਨ, ਸਹਾਇਕ ਲਾਈਨਮੈਨ ਅਤੇ ਸਮੁੱਚਾ ਫੀਲਡ ਸਟਾਫ਼ ਹੜਤਾਲ 'ਤੇ ਹੋਣ ਕਾਰਨ ਮੁਰੰਮਤ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ ਅਤੇ ਇਹ ਕਦੋਂ ਤੱਕ ਸ਼ੁਰੂ ਹੋਵੇਗਾ, ਇਸ ਬਾਰੇ ਵੀ ਕੋਈ ਪਤਾ ਨਹੀਂ।ਇਲਾਕਾ ਨਿਵਾਸੀਆਂ ਵਿੱਚ ਬਿਜਲੀ ਵਿਭਾਗ ਅਤੇ ਪ੍ਰਸ਼ਾਸਨ ਖ਼ਿਲਾਫ਼ ਭਾਰੀ ਰੋਸ ਪਾਇਆ ਜਾ ਰਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਬਿਜਲੀ ਬੋਰਡ ਦੇ ਹੈਲਪਲਾਈਨ ਨੰਬਰ 1912 'ਤੇ ਕਈ-ਕਈ ਵਾਰ ਸ਼ਿਕਾਇਤਾਂ ਦਰਜ ਕਰਵਾਉਣ ਦੇ ਬਾਵਜੂਦ ਵੀ ਬਿਜਲੀ ਠੀਕ ਨਹੀਂ ਕੀਤੀ ਜਾ ਰਹੀ ਅਤੇ ਨਾ ਹੀ ਕੋਈ ਠੋਸ ਜਵਾਬ ਮਿਲ ਰਿਹਾ ਹੈ।ਲੋਕਾਂ ਨੇ ਮੰਗ ਕੀਤੀ ਕਿ ਹੜਤਾਲ ਦੇ ਮੱਦੇਨਜ਼ਰ ਪ੍ਰਾਈਵੇਟ ਜਾਂ ਵਿਸ਼ੇਸ਼ ਟੀਮਾਂ ਦਾ ਪ੍ਰਬੰਧ ਕਰਕੇ ਇਲਾਕੇ ਦੀ ਬਿਜਲੀ ਸਪਲਾਈ ਜਲਦ ਤੋਂ ਜਲਦ ਬਹਾਲ ਕੀਤੀ ਜਾਵੇ।ਜੇਕਰ ਬਿਜਲੀ ਕਰਮਚਾਰੀ ਹੜਤਾਲ ਖ਼ਤਮ ਨਹੀਂ ਕਰਦੇ ਤਾਂ ਤੁਰੰਤ ਪ੍ਰਭਾਵ ਨਾਲ ਨਵੀਂ ਭਰਤੀ ਕਰਕੇ ਇਹਨਾਂ ਨੂੰ ਘਰ ਤੋਰਿਆ ਜਾਵੇ। ਇਸ ਸਬੰਧੀ ਜਦੋਂ ਚੀਫ ਇੰਜੀਨੀਅਰ ਬਾਰਡਰ ਜ਼ੋਨ ਸੁਰਿੰਦਰ ਕੁਮਾਰ ਬੈਂਸ ਦੇ ਨੰਬਰ 964-6113001 ਅਤੇ 9646182959 ਤੇ ਗੱਲ ਕੀਤੀ ਗਈ ਤਾਂ ਉਨ੍ਹਾਂ ਦੇ ਦਫ਼ਤਰ ਦੇ ਅਧਿਕਾਰੀਆ ਨੇ ਕਿਹਾ ਕਿ ਅਸੀਂ ਤਾਂ ਆਪ ਬਹੁਤ ਦੁਖੀ ਹਾਂ ਮੁਲਾਜ਼ਮਾਂ ਦੀ ਹੜਤਾਲ ਤੋਂ, ਅਸੀਂ ਤਾਂ ਸਿਰਫ਼ ਕੰਪਲੇਂਟ ਲਿਖ ਕੇ ਫਾਰਵਰਡ ਕਰ ਸਕਦੇ ਹਾਂ ਹੋਰ ਕੁੱਝ ਨਹੀਂ। ਤੁਸੀਂ ਆਪਣੇ ਪੱਧਰ 'ਤੇ ਜੋ ਕਰਨਾ ਹੈ ਕਰ ਲਓ।

# ਰਾਜਵਿੰਦਰ ਕੌਰ ਨੇ ਸਮਰਥਕਾਂ ਸਮੇਤ ਤਾਜਪੋਸ਼ੀ ਸਮਾਗਮ 'ਚ ਕੀਤੀ ਸ਼ਿਰਕਤ

**ਛੇਹਰਟਾ, (ਮਨੋਜ ਕੁਮਾਰ)** : ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਦਫ਼ਤਰ, ਅੰਮ੍ਰਿਤਸਰ ਵਿਚ ਸ਼ਨਿਚਰਵਾਰ ਨੂੰ ਭਾਜਪਾ ਦੇ ਨਵੇਂ ਜ਼ਿਲ੍ਹਾ ਪ੍ਰਧਾਨ ਸਲਿਲ ਕਪੂਰ ਦਾ ਤਾਜ਼ਪੋਸ਼ੀ ਸਮਾਗਮ ਹੋਇਆ।



ਇਸ ਮੌਕੇ ਐੱਸ. ਸੀ. ਮੋਰਚਾ, ਭਾਜਪਾ ਦੀ ਸਕੱਤਰ ਰਾਜਵਿੰਦਰ ਕੌਰ ਨੇ ਵੱਡੀ ਗਿਣਤੀ ਵਿਚ ਆਪਣੇ ਸਮਰਥਕਾਂ ਸਮੇਤ ਸਮਾਗਮ ਵਿਚ ਸ਼ਿਰਕਤ ਕੀਤੀ। ਇਹ ਸਮਾਗਮ ਵਿਚ ਭਾਜਪਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਵਿਸ਼ੇਸ਼ ਤੌਰ 'ਤੇ ਪੁੱਜੇ। ਰਾਜਵਿੰਦਰ ਕੌਰ ਨੇ ਸਲਿਲ ਕਪੂਰ ਨੂੰ ਨਵੀਂ ਜ਼ਿੰਮੇਵਾਰੀ ਸੰਭਾਲਣ 'ਤੇ ਹਾਰਦਿਕ ਵਧਾਈ ਦਿੰਦਿਆਂ ਉਨ੍ਹਾਂ ਦੇ ਸਫ਼ਲ, ਪ੍ਰਭਾਵਸ਼ਾਲੀ ਤੇ ਜਨਸੇਵਾ ਨੂੰ ਸਮਰਪਿਤ ਕਾਰਜਕਾਲ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਸਲਿਲ ਕਪੂਰ ਦੀ ਅਗਵਾਈ ਹੇਠ ਅੰਮ੍ਰਿਤਸਰ ਵਿਚ ਪਾਰਟੀ ਹੋਰ ਮਜ਼ਬੂਤ ਹੋਵੇਗਾ। ਰਾਜਵਿੰਦਰ ਕੌਰ ਨੇ ਸਮੂਹ ਭਾਜਪਾ ਕਾਰਕੁਨਾਂ ਨੂੰ ਵੀ ਪਾਰਟੀ ਦੀ ਮਜ਼ਬੂਤੀ ਤੇ ਲੋਕਾਂ ਦੀ ਸੇਵਾ ਲਈ ਇਕਜੁੱਟ ਹੋ ਕੇ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਭਾਜਪਾ ਦਾ ਹਰ ਕਾਰਕੁਨ ਰਾਸ਼ਟਰ ਸੇਵਾ ਤੇ ਸਮਾਜ ਦੇ ਹਰ ਵਰਗ ਦੇ ਕਲਿਆਣ ਲਈ ਪੂਰੀ ਨਿਸ਼ਠਾ ਨਾਲ ਕੰਮ ਕਰ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਪਾਰਟੀ ਪੰਜਾਬ ਵਿਚ ਹੋਰ ਮਜ਼ਬੂਤ ਹੋ ਕੇ ਉੱਭਰੇਗੀ।

# ਈ. ਟੀ. ਓ. ਨੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਕੂਲੀ ਬੈਗ ਵੰਡੇ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਨ ਦੀ ਵਚਨਬੱਧਤਾ ਤਹਿਤ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ 11ਵੀਂ



ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਮੁਫ਼ਤ ਸਕੂਲੀ ਬੈਗ ਵੰਡੇ ਗਏ।ਇਸ ਮੌਕੇ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਲੋਕ ਨਿਰਮਾਣ ਮੰਤਰੀ ਨੇ ਸਕੂਲ ਆਫ਼ ਐਮੀਨੈਂਸ (ਲੜਕੀਆਂ) ਜੰਡਿਆਲਾ ਗੁਰੂ, ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਦਸਮੇਸ਼ ਨਗਰ, ਗਹਿਰੀ ਮੰਡੀ, ਜੌਹਲ, ਬੰਡਾਲਾ, ਮੱਲੀਆਂ ਅਤੇ ਖੱਬੇ ਰਾਜਪੂਤਾਂ ਵਿਖੇ ਵਿਦਿਆਰਥੀਆਂ ਨੂੰ ਸਕੂਲੀ ਬੈਗ ਵੰਡਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਇਤਿਹਾਸਕ ਸੁਧਾਰ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ, ਆਧੁਨਿਕ ਬੁਨਿਆਦੀ ਢਾਂਚਾ ਅਤੇ ਹਰ ਲੋੜੀਂਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ, ਜਿਸ ਦੇ ਨਤੀਜੇ ਵਜੋਂ ਸਰਕਾਰੀ ਸਕੂਲਾਂ ਪ੍ਰਤੀ ਲੋਕਾਂ ਦਾ ਭਰੋਸਾ ਲਗਾਤਾਰ ਵਧ ਰਿਹਾ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਮੁਫ਼ਤ ਸਕੂਲੀ ਬੈਗ ਦੇਣ ਦਾ ਉਦੇਸ਼ ਉਨ੍ਹਾਂ ਨੂੰ ਪੜ੍ਹਾਈ ਲਈ ਉਤਸ਼ਾਹਿਤ ਕਰਨਾ ਅਤੇ ਮਾਪਿਆਂ 'ਤੇ ਪੈਣ ਵਾਲੇ ਆਰਥਿਕ ਬੋਝ ਨੂੰ ਘਟਾਉਣਾ ਹੈ।ਈ. ਟੀ. ਓ. ਨੇ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਵਿਆਪਕ ਸੁਧਾਰਾਂ ਸਦਕਾ ਪੰਜਾਬ ਦੇਸ਼ ਦੇ ਮੋਹਰੀ ਸੂਬਿਆਂ ਵਿੱਚ ਆਪਣੀ ਵੱਖਰੀ ਪਛਾਣ ਬਣਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਟੀਚਾ ਹਰ ਬੱਚੇ ਨੂੰ ਮਿਆਰੀ, ਆਧੁਨਿਕ ਅਤੇ ਬਰਾਬਰੀ ਦੇ ਮੌਕਿਆਂ ਵਾਲੀ ਸਿੱਖਿਆ ਪ੍ਰਦਾਨ ਕਰਨਾ ਹੈ, ਤਾਂ ਜੋ ਉਹ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕੇ।ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਪੂਰੀ ਲਗਨ, ਮਿਹਨਤ ਅਤੇ ਅਨੁਸ਼ਾਸਨ ਨਾਲ ਪੜ੍ਹਾਈ ਕਰਨ ਅਤੇ ਆਪਣੇ ਮਾਪਿਆਂ, ਅਧਿਆਪਕਾਂ ਅਤੇ ਪੰਜਾਬ ਦਾ ਨਾਮ ਰੌਸ਼ਨ ਕਰਨ।ਉਨ੍ਹਾਂ ਕਿਹਾ ਕਿ ਸਿੱਖਿਆ ਹੀ ਸਫ਼ਲ ਅਤੇ ਉਜਵਲ ਭਵਿੱਖ ਦੀ ਮਜ਼ਬੂਤ ਨੀਂਹ ਹੈ।ਇਸ ਮੌਕੇ ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ, ਸਿੱਖਿਆ ਵਿਭਾਗ ਦੇ ਅਧਿਕਾਰੀ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

# ਨਗਰ ਕੀਰਤਨ ਦਾ ਭਾਜਪਾ ਆਗੂਆਂ ਵੱਲੋਂ ਨਿੱਘਾ ਸਵਾਗਤ

**ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)** : ਮੀਰੀ-ਪੀਰੀ ਦਿਵਸ ਦੇ ਸਬੰਧ ਵਿਚ ਅੰਮ੍ਰਿਤਸਰ ਵਿੱਚ ਸਜਾਏ ਗਏ ਨਗਰ ਕੀਰਤਨ ਦਾ ਇੰਡੀਆ ਗੇਟ 'ਤੇ ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ, ਪੰਜਾਬ ਦੀ ਸਕੱਤਰ ਰਾਜਵਿੰਦਰ ਕੌਰ, ਮੋਰਚੇ ਦੇ ਸੀਨੀਅਰ ਆਗੂ ਸੰਤੋਖ ਸਿੰਘ ਗੁਮਟਾਲਾ ਤੇ ਬਲਜਿੰਦਰ ਕੌਰ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਆਗੂਆਂ ਨੇ ਫੁੱਲਾਂ ਦੀ ਵਰਖਾ ਕਰ ਕੇ ਸੰਗਤ ਦਾ ਸਨਮਾਨ ਕੀਤਾ ਤੇ ਮੀਰੀ-ਪੀਰੀ ਦਿਵਸ ਦੀ ਵਧਾਈ ਦਿੱਤੀ। ਇਸ ਮੌਕੇ ਰਾਜਵਿੰਦਰ ਕੌਰ ਨੇ ਕਿਹਾ ਕਿ ਮੀਰੀ-ਪੀਰੀ ਦਿਵਸ ਸਿੱਖ ਇਤਿਹਾਸ ਦਾ ਵਿਲੱਖਣ ਤੇ ਪ੍ਰੇਰਨਾਦਾਇਕ ਦਿਹਾੜਾ ਹੈ। ਇਹ ਦਿਹਾੜਾ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਮੀਰੀ (ਸੰਸਾਰਿਕ ਸੱਤਾ) ਤੇ ਪੀਰੀ (ਅਧਿਆਤਮਿਕ ਸੱਤਾ) ਦੀਆਂ ਦੋ ਤਲਵਾਰਾਂ ਧਾਰਨ ਕਰਕੇ ਧਰਮ, ਨਿਆਂ ਤੇ ਮਨੁੱਖਤਾ ਦੀ ਰਾਖੀ ਦਾ ਸੰਦੇਸ਼ ਦੇਣ ਦੀ ਇਤਿਹਾਸਕ ਘਟਨਾ ਨੂੰ ਸਮਰਪਿਤ ਹੈ। ਸੰਤੋਖ ਸਿੰਘ ਗੁਮਟਾਲਾ ਨੇ ਕਿਹਾ ਕਿ ਗੁਰੂ ਸਾਹਿਬ ਵੱਲੋਂ ਦਿੱਤਾ ਗਿਆ ਮੀਰੀ-ਪੀਰੀ ਦਾ ਸਿਧਾਂਤ ਸਮਾਜ ਨੂੰ ਅਧਿਆਤਮਿਕਤਾ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ, ਅਨਿਆਂ ਵਿਰੁੱਧ ਡਟਣ ਤੇ ਲੋੜਵੰਦਾਂ ਦੀ ਸੇਵਾ ਕਰਨ



ਲਈ ਪ੍ਰੇਰਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿਚ ਵੀ ਗੁਰੂ ਸਾਹਿਬ ਦੀ ਇਹ ਸਿੱਖਿਆ ਆਪਣੀ ਪ੍ਰਸੰਗਿਕਤਾ ਰੱਖਦੀ ਹੈ ਅਤੇ ਸਮਾਜ ਨੂੰ ਏਕਤਾ, ਭਾਈਚਾਰੇ ਤੇ ਨਿਆਂ ਦੇ ਰਾਹ 'ਤੇ ਚੱਲਣ ਦਾ ਸੰਦੇਸ਼ ਦਿੰਦੀ ਹੈ। ਬਲਜਿੰਦਰ ਕੌਰ ਨੇ ਸਮੂਹ ਸੰਗਤ ਨੂੰ ਮੀਰੀ-ਪੀਰੀ ਦਿਵਸ ਦੀ ਵਧਾਈ ਦਿੰਦਿਆਂ ਅਪੀਲ ਕੀਤੀ ਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿਚ ਅਪਣਾ ਕੇ ਨਿਆਂਪੂਰਨ ਤੇ ਸੇਵਾ-ਭਾਵਨਾ ਵਾਲੇ ਸਮਾਜ ਦੀ ਸਿਰਜਣਾ ਲਈ ਯੋਗਦਾਨ ਪਾਇਆ ਜਾਵੇ।

# ਕਲੇਰ ਮਾਂਗਟ ਵਿਖੇ ਲੱਗਾ ਅੱਖਾਂ ਦਾ ਮੁਫ਼ਤ ਚੈੱਕਅੱਪ ਕੈਂਪ; 200 ਮਰੀਜ਼ਾਂ ਦੀ ਕੀਤੀ ਜਾਂਚ

**ਮਜੀਠਾ (ਸੋਇਮ ਆਨੰਦ)**- ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵੱਲੋਂ ਪੇਂਡੂ ਖੇਤਰਾਂ ਵਿੱਚ ਲੋਕਾਂ ਨੂੰ ਮਿਆਰੀ ਅਤੇ ਆਸਾਨ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਪਿੰਡ ਕਲੇਰ ਮਾਂਗਟ ਵਿਖੇ ਸਿਵਲ ਸਰਜਨ ਅੰਮ੍ਰਿਤਸਰ ਡਾ. ਰਸ਼ਮੀ ਵਿਜ ਅਤੇ ਸੀ. ਐੱਚ. ਸੀ. ਥਰੀਏਵਾਲ ਦੇ ਐੱਸ. ਐੱਮ. ਓ. ਡਾ. ਸ਼ਿਵਕਰਨ



ਸਿੰਘ ਕਾਹਲੋਂ ਦੀ ਯੋਗ ਅਗਵਾਈ ਹੇਠ ਅੱਖਾਂ ਦਾ ਵਿਸ਼ਾਲ ਮੁਫ਼ਤ ਚੈੱਕਅੱਪ ਕੈਂਪ ਲਗਾਇਆ ਗਿਆ।ਇਹ ਕੈਂਪ ਪਿੰਡ ਦੇ ਸਰਪੰਚ ਅਮਰਜੀਤ ਸਿੰਘ ਕਲੇਰ ਅਤੇ ਸਮੁੱਚੀ ਪੰਚਾਇਤ ਦੇ ਸਹਿਯੋਗ ਨਾਲ ਕਰਵਾਇਆ ਗਿਆ।ਕੈਂਪ ਵਿੱਚ ਸੀ. ਐੱਚ. ਸੀ. ਥਰੀਏਵਾਲ ਤੋਂ ਪਹੁੰਚੇ ਓਪਥੈਲਮਿਕ ਅਫ਼ਸਰ ਜੇ. ਪੀ. ਸਿੰਘ ਅਤੇ ਬਲਜਿੰਦਰ ਸਿੰਘ ਨੇ ਬਜ਼ੁਰਗਾਂ, ਔਰਤਾਂ ਅਤੇ ਹੋਰ ਮਰੀਜ਼ਾਂ ਦੀਆਂ ਅੱਖਾਂ ਦੀ ਬਹੁਤ ਹੀ ਬਾਰੀਕੀ ਨਾਲ ਜਾਂਚ ਕੀਤੀ।ਇਸ ਦੌਰਾਨ ਮੋਤੀਆਬਿੰਦ, ਨਜ਼ਰ ਦੀ ਕਮਜ਼ੋਰੀ, ਅੱਖਾਂ ਦੇ ਇਨਫੈਕਸ਼ਨ, ਸੁੱਕੀਆਂ ਅੱਖਾਂ ਅਤੇ ਉਮਰ ਨਾਲ ਸੰਬੰਧਿਤ ਅੱਖਾਂ ਦੀਆਂ ਹੋਰ ਬਿਮਾਰੀਆਂ ਦੀ ਵਿਸ਼ੇਸ਼ ਸਕ੍ਰੀਨਿੰਗ ਕੀਤੀ ਗਈ।ਡਾਕਟਰਾਂ ਨੇ ਮਰੀਜ਼ਾਂ ਨੂੰ ਅੱਖਾਂ ਦੀ ਸਹੀ ਦੇਖਭਾਲ, ਸੰਤੁਲਿਤ ਖੁਰਾਕ ਅਤੇ ਸਮੇਂ-ਸਮੇਂ ਤੇ ਜਾਂਚ ਕਰਵਾਉਣ ਬਾਰੇ ਵੀ ਜਾਣਕਾਰੀ ਦਿੱਤੀ।ਡਾ. ਸੂਰਜ, ਸੀ. ਐੱਚ. ਓ. ਮਨਪ੍ਰੀਤ ਕੌਰ, ਸਿਹਤ ਵਰਕਰ ਗੁਰਇਕਬਾਲ ਸਿੰਘ, ਏ.ਐੱਨ.ਐੱਮ. ਹਰਪ੍ਰੀਤ ਕੌਰ, ਬੀ.ਈ. ਰਣਜੀਤ ਕੁਮਾਰ ਅਤੇ ਆਸ਼ਾ ਵਰਕਰ ਬਲਵਿੰਦਰ ਕੌਰ ਤੇ ਰੀਟਾ ਨੇ ਮਰੀਜ਼ਾਂ ਦੀ ਰਜਿਸਟ੍ਰੇਸ਼ਨ, ਜਾਂਚ ਅਤੇ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਨੂੰ ਸੁਚੱਜੇ ਢੰਗ ਨਾਲ ਸੰਭਾਲਿਆ।ਕੈਂਪ ਦੌਰਾਨ 200 ਮਰੀਜ਼ਾਂ ਦੀਆਂ ਅੱਖਾਂ ਦੀ ਮੁਫ਼ਤ ਜਾਂਚ ਕੀਤੀ ਗਈ।ਜਾਂਚ ਉਪਰੰਤ 150 ਲੋੜਵੰਦ ਮਰੀਜ਼ਾਂ ਨੂੰ ਮੌਕੇ ਤੇ ਹੀ ਨਜ਼ਦੀਕ ਦੀ ਨਜ਼ਰ ਦੀਆਂ ਮੁਫ਼ਤ ਐਨਕਾਂ ਵੰਡੀਆਂ ਗਈਆਂ। ਕਲੇਰ ਮਾਂਗਟ ਦੇ ਵਸਨੀਕਾਂ ਨੇ ਸਿਹਤ ਵਿਭਾਗ, ਸੀ.ਐੱਚ.ਸੀ. ਥਰੀਏਵਾਲ ਦੀ ਟੀਮ ਅਤੇ ਪੰਚਾਇਤ ਦਾ ਧੰਨਵਾਦ ਕੀਤਾ।

# ਕੇਆਰ ਐਂਟਰਪ੍ਰਾਈਜ਼ਿਜ਼ ਹਾਈ ਇੰਕ ਡਿਜੀਟਲ ਪ੍ਰਿੰਟਿੰਗ ਮਸ਼ੀਨ ਬੁੱਕ ਕਰਨ ਵਾਲੀ ਪਹਿਲੀ ਭਾਰਤੀ ਕੰਪਨੀ ਬਣੀ

**ਲੁਧਿਆਣਾ (ਜਸਬੀਰ ਸਿੰਘ ਸੋਢੀ)**-ਅੰਮ੍ਰਿਤਸਰ ਦੀ ਕੇਆਰ ਐਂਟਰਪ੍ਰਾਈਜ਼ਿਜ਼ ਭਾਰਤ ਦੀ ਪਹਿਲੀ ਅਜਿਹੀ ਕੰਪਨੀ ਬਣ ਗਈ ਹੈ ਜਿਸ ਨੇ ਡਿਜੀਟਲ ਟੈਕਸਟਾਈਲ ਪ੍ਰਿੰਟਿੰਗ ਮਸ਼ੀਨਰੀ, ਇੰਕ ਅਤੇ ਐਂਡ-ਟੂ-ਐਂਡ ਸਾਲਿਊਸ਼ਨਜ਼ ਸਪਲਾਈ ਕਰਨ ਵਾਲੀ ਕੰਪਨੀ ਟਰੂ ਕਲਰਜ਼ ਲਿਮਟਿਡ ਰਾਹੀਂ ਹਾਈ ਇੰਕ ਐੱਸਪੀ-ਐੱਚਵਾਈਕੇ1600ਐਸਈ ਸਿੰਗਲ ਪਾਸ ਪ੍ਰਿੰਟਿੰਗ ਮਸ਼ੀਨ ਬੁੱਕ ਕੀਤੀ ਹੈ।ਇਹ ਬਦਲਾਵ ਅਜਿਹੇ ਸਮੇਂ ਵਿੱਚ ਹੋ ਰਿਹਾ ਹੈ ਜਦੋਂ ਭਾਰਤ ਦਾ ਟੈਕਸਟਾਈਲ ਉਦਯੋਗ ਤੇਜ਼ੀ ਨਾਲ ਉਤਪਾਦਨ, ਡਿਜ਼ਾਈਨ ਵਿੱਚ ਵਧੇਰਾ ਲਚੀਲਾਪਣ, ਇੱਕੋ ਜਿਹੀ ਆਊਟਪੁੱਟ ਅਤੇ ਸੰਸਾਧਨਾਂ ਦੀ ਬਿਹਤਰ ਵਰਤੋਂ ਲਈ ਰਵਾਇਤੀ ਰੋਟਰੀ ਅਤੇ ਸਕਰੀਨ ਪ੍ਰਿੰਟਿੰਗ ਨਾਲ ਡਿਜੀਟਲ ਪ੍ਰਿੰਟਿੰਗ ਵੱਲ ਵੱਧ ਰਿਹਾ ਹੈ। ਹਾਈ ਇੰਕ ਐੱਸਪੀ-ਐੱਚਵਾਈਕੇ 1600 ਐੱਸਈ ਵਿੱਚ ਫਿਕਸਡ ਪ੍ਰਿੰਟ ਹੈੱਡਾਂ ਦੀ ਵਰਤੋਂ ਹੁੰਦੀ ਹੈ, ਜਦੋਂ ਕਿ ਫੈਬਰਿਕ ਮਸ਼ੀਨ ਤੋਂ ਲਗਾਤਾਰ ਗੁਜ਼ਰਦਾ ਰਹਿੰਦਾ ਹੈ।ਨਿਵੇਸ਼ ਬਾਰੇ ਟਿੱਪਣੀ ਕਰਦਿਆਂ ਕੇਆਰ ਐਂਟਰਪ੍ਰਾਈਜ਼ਿਜ਼ ਤੋਂ ਸ਼੍ਰੀ ਗੋਮਜੀ ਅਰੋੜਾ ਨੇ ਕਿਹਾ ਕਿ ਅਸੀਂ ਆਪਣੇ ਉਤਪਾਦਨ ਦੀ ਸਮਰੱਥਾ ਨੂੰ ਵਧਾਉਣ ਅਤੇ ਬਾਜ਼ਾਰ ਦੀ ਵਧੀ ਹੋਈ ਮੰਗ ਨੂੰ ਪੂਰਾ ਕਰਨ ਦੇ ਤਰੀਕਿਆਂ 'ਤੇ ਵਿਚਾਰ ਕਰ ਰਹੇ ਸੀ।

## ਸੰਦੌੜ ਵਿਖੇ ਮੁਫ਼ਤ ਐਕਸ-ਰੇ ਕੈਂਪ ਲਗਾਇਆ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸਿਵਲ ਸਰਜਨ ਮਾਲੇਰਕੋਟਲਾ ਡਾ. ਪ੍ਰਦੀਪ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜੀ ਐੱਸ. ਭਿੰਡਰ ਦੀ ਅਗਵਾਈ ਹੇਠ 'ਟੀ.ਬੀ. ਮੁਕਤ ਭਾਰਤ ਅਭਿਆਨ' ਤਹਿਤ ਪਿੰਡ ਝੁਨੇਰ ਤੇ ਖੁਰਦ ਵਿਖੇ ਵਿਸ਼ੇਸ਼ ਐਕਸ-ਰੇ ਕੈਂਪ ਲਾਇਆ ਗਿਆ।ਇਸ ਮੌਕੇ ਡਾ. ਭਿੰਡਰ ਨੇ ਦੱਸਿਆ ਕਿ 60 ਸਾਲ ਤੋਂ ਵੱਧ ਉਮਰ ਦੇ ਵਿਅਕਤੀ, ਸ਼ੂਗਰ (ਡਾਇਬਟੀਜ਼), ਬਲੱਡ ਪ੍ਰੈਸ਼ਰ ਤੇ ਹੋਰ ਗੰਭੀਰ/ਲੰਬੀਆਂ ਬਿਮਾਰੀਆਂ ਤੋਂ ਪੀੜਤ ਮਰੀਜ਼, ਜਿਨ੍ਹਾਂ ਦੇ ਪਰਿਵਾਰ ਵਿੱਚ ਪਹਿਲਾਂ ਕੋਈ ਟੀ.ਬੀ. ਦਾ ਮਰੀਜ਼ ਰਿਹਾ ਹੋਵੇ, ਜਾਂ ਜੋ ਤੰਬਾਕੂ ਦਾ ਸੇਵਨ ਕਰਦੇ ਹੋਣ, ਅਜਿਹੇ ਲੋਕਾਂ ਵਿੱਚ ਟੀ.ਬੀ. ਹੋਣ ਦਾ ਖ਼ਤਰਾ ਵਧੇਰੇ ਹੁੰਦਾ ਹੈ।ਇਸ ਲਈ ਪਿੰਡ ਪੱਧਰ 'ਤੇ ਕੈਂਪ ਲਗਾ ਕੇ ਛਾਤੀ ਦੇ ਮੁਫ਼ਤ ਐਕਸ-ਰੇ ਰਾਹੀਂ ਅਜਿਹੇ ਸੰਭਾਵਿਤ ਮਰੀਜ਼ਾਂ ਦੀ ਪਛਾਣ ਕੀਤੀ ਜਾ ਰਹੀ ਹੈ।ਇਸ ਸਬੰਧੀ ਬਲਾਕ ਐਜੂਕੇਟਰ ਹਰਪ੍ਰੀਤ ਕੌਰ ਤੇ ਰਾਜੇਸ਼ ਰਿਖੀ ਨੇ ਦੱਸਿਆ ਕਿ ਟੀ.ਬੀ. ਦੀ ਜਾਂਚ ਪੀ.ਐੱਚ.ਸੀ. ਫਤਿਹਗੜ੍ਹ ਪੰਜਗਰਾਈਆਂ ਵਿਖੇ ਲੈਬ ਟੈਸਟ ਰਾਹੀਂ ਵੀ ਬਿਲਕੁਲ ਮੁਫ਼ਤ ਕਰਵਾਈ ਜਾ ਸਕਦੀ ਹੈ।ਇਸ ਮੌਕੇ ਐੱਸ.ਟੀ.ਐੱਸ. ਕੁਲਦੀਪ ਸਿੰਘ, ਸੀ.ਐੱਚ.ਓ. ਡਾ. ਮੁਹੰਮਦ ਸ਼ਬੀਰ, ਮ.ਪ.ਹ.ਵ. (ਫੀਮੇਲ) ਸੁਖਪ੍ਰੀਤ ਕੌਰ, ਪ੍ਰਿੰਸਦੀਪ ਸਿੰਘ, ਰੇਡੀਓਗ੍ਰਾਫਰ ਸਾਜਦ ਖ਼ਾਨ, ਆਸ਼ਾ ਵਰਕਰਾਂ ਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ।

## ਅਕਾਲੀ ਦਲ ਮਾਨ ਨੇ ਚੋਣ ਦਫ਼ਤਰ ਖੋਲ੍ਹਿਆ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਆਪਣਾ ਮੁੱਖ ਚੋਣ ਦਫਤਰ ਮਲੇਰਕੋਟਲਾ ਰੋਡ ਵਿਖੇ ਖੋਲ੍ਹ ਕੇ ਚੋਣਾਂ ਦਾ ਬਿਗਲ ਵਜਾ ਦਿੱਤਾ ਹੈ।ਇਸ ਚੋਣ ਦਫ਼ਤਰ ਦਾ ਉਦਘਾਟਨ ਕੁਸ਼ਲਪਾਲ ਸਿੰਘ ਮਾਨ ਜਰਨਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਮਾਨ ਵੱਲੋਂ ਕੀਤਾ ਗਿਆ।ਕੁਸ਼ਲਪਾਲ ਸਿੰਘ ਮਾਨ ਨੇ ਕਿਹਾ ਕਿ ਪੁਲਿਸ ਜ਼ਿਲ੍ਹੇ 'ਚ ਜਥੇਦਾਰ ਬਲਵਿੰਦਰ ਸਿੰਘ ਗਿੱਲ ਸਿਹੋੜਾ ਨੂੰ ਹਲਕਾ ਇੰਚਾਰਜ ਲਾਇਆ ਗਿਆ ਹੈ ।ਉਨ੍ਹਾਂ ਦੇ ਦਫ਼ਤਰ ਦਾ ਉਦਘਾਟਨ ਕੀਤਾ ਗਿਆ।ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਨਵੀਆਂ ਨਿਯੁਕਤੀ ਵੀ ਕੀਤੀ ਗਈਆਂ ਹਨ।2027 ਦੀ ਚੋਣਾਂ ਦੇ ਮੱਦੇ ਨਜ਼ਰ ਲੋਕਾਂ ਨੂੰ ਪਾਰਟੀ ਦੀਆਂ ਨੀਤੀਆਂ ਤੋਂ ਜਾਣੂ ਕਰਾਇਆ ਜਾ ਰਿਹਾ ਹੈ, ਜਿਸ ਕਰਕੇ ਲੋਕ ਵੱਡੀ ਗਿਣਤੀ 'ਚ ਪਾਰਟੀ ਨਾਲ ਜੁੜ ਰਹੇ ਹਨ।ਜਥੇਦਾਰ ਬਲਵਿੰਦਰ ਸਿੰਘ ਸਿਹੋੜਾ ਵੱਲੋਂ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ ਗਿਆ।ਉਨ੍ਹਾਂ ਕਿਹਾ ਕਿ ਮੇਰੇ ਵੱਲੋਂ ਪਾਰਟੀ ਪ੍ਰਤੀ ਦਿੱਤੀਆਂ ਗਈਆਂ ਸੇਵਾਵਾਂ ਬਦਲੇ ਮੈਨੂੰ ਖੰਨਾ ਹਲਕੇ ਦੀ ਸੇਵਾ ਦਾ ਮੌਕਾ ਦਿੱਤਾ ਹੈ।ਮੈਂ ਪਾਰਟੀ ਪ੍ਰਧਾਨ ਸਿਮਰਜੀਤ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਮਿਹਨਤ ਕਰਾਂਗਾ।ਉਨ੍ਹਾਂ ਨੇ ਕਿਹਾ ਕਿ ਜਗਜੀਤ ਸਿੰਘ ਜੱਗੀ ਨੂੰ ਦਫਤਰ ਇੰਚਾਰਜ ਲਾਇਆ ਗਿਆ ਹੈ।

## ਸਫ਼ਾਈ ਕਾਮਿਆਂ 'ਤੇ ਜਬਰ ਕਰਨ ਵਾਲੇ ਡੀ ਐੱਸ ਪੀ ਤੇ ਐੱਸ ਐੱਚ ਓ ਨੂੰ ਤੁਰੰਤ ਬਰਖ਼ਾਸਤ ਕਰੇ ਸਰਕਾਰ : ਤਾਰਾ ਸਿੰਘ



**ਮੋਗਾ (ਇਕਬਾਲ ਸਿੰਘ ਖਹਿਰਾ)**-ਲੋਕ ਸੰਗਰਾਮ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ ਨੇ ਕਿਹਾ ਕਿ ਸਫਾਈ ਕਰਮਚਾਰੀਆਂ ਦੇ ਘੋਲ ਦੀ ਹਮਾਇਤ ਕਰਦਿਆਂ ਮੰਗ ਕੀਤੀ ਕਿ ਸਫਾਈ ਸੇਵਕਾਂ ਦੀਆਂ ਹੱਕੀ ਮੰਗਾਂ ਅੱਖੋਂ ਪਰੋਖੇ ਕਰਕੇ ਪੰਜਾਬ ਸਰਕਾਰ ਮੰਗਾਂ ਮੰਨਣ ਦੀ ਥਾਂ, ਜਬਰ ਕਰਨ 'ਤੇ ਉਤਾਰੂ ਹੈ।ਆਪ ਸਰਕਾਰ ਨੇ ਅਣ-ਐਲਾਨਿਆ ਪੁਲਸ ਰਾਜ ਸਥਾਪਤ ਕੀਤਾ ਹੋਇਆ ਹੈ।ਪਹਿਲਾ ਪਟਿਆਲੇ 'ਚ ਬਿਜਲੀ ਕਾਮੇ ਡੀ.ਐੱਸ.ਪੀ. ਦੇ ਜਬਰ ਦਾ ਨਿਸ਼ਾਨਾ ਬਣੇ।ਹੁਣ ਬਰਨਾਲੇ ਦੇ ਜਾਲਮ ਡੀ.ਐੱਸ.ਪੀ. ਤੇ ਐੱਸ.ਐੱਚ.ਓ. ਨੇ ਪਛੜੇ ਵਰਗ ਦੇ ਲੋਕਾਂ ਨੂੰ ਡੰਗਰਾਂ ਵਾਂਗ ਕੁੱਟਿਆ।ਜਾਤ ਦੇ ਨਾਮ 'ਤੇ ਔਰਤਾਂ ਤੇ ਬੰਦਿਆਂ ਨੂੰ ਗਾਲਾਂ ਕੱਢੀਆਂ।ਔਰਤਾਂ ਵੀ ਇਸ ਜਬਰ ਤੋਂ ਨਹੀਂ ਬਚ ਸਕੀਆਂ।ਨਿਮਾਣੇ ਨਿਓਟੇ ਮਜਲੂਮ ਵਕਤ ਦੀ ਮਾਰ ਝੱਲ ਰਹੇ ਲੋਕਾਂ ਦੀ ਹਾਅ, ਭਗਵੰਤ ਮਾਨ ਸਿਆ ਤੈਨੂੰ ਲੈਅ ਡੁਬੇਗੀ।ਤੇਰੇ ਸ਼ਾਸਨ ਕਾਲ ਦੇ ਇਤਿਹਾਸ ਦੀ ਔਰੰਗਜ਼ੇਬ ਦੇ ਸ਼ਾਸਨਕਾਲ ਦੇ ਬਰਾਬਰ ਤੁਲਨਾ ਹੋਵੇਗੀ।ਉਹ ਦਿਨ ਦੂਰ ਨਹੀਂ ਜਦੋਂ ਭਗਵੰਤ ਮਾਨ ਤੇਰੇ ਹੰਕਾਰ ਦਾ ਸੂਰਜ ਅਸਤ ਹੋਵੇਗਾ।ਪੰਜਾਬ ਦੇ ਦਲਿਤ ਭਾਈਚਾਰੇ ਤੇ ਇਨਸਾਫ਼ਪਸੰਦ ਜਥੇਬੰਦੀਆਂ ਨੂੰ ਬਰਨਾਲੇ ਚੱਲੇ ਜ਼ੁਲਮ ਦੇ ਕੁਹਾੜੇ ਖ਼ਿਲਾਫ਼ ਸਰਕਾਰ ਦੇ ਨੱਕ ਵਿੱਚ ਦਮ ਕਰਨ ਦੀ ਲੋੜ ਹੈ।ਤਾਰਾ ਸਿੰਘ ਮੋਗਾ ਨੇ ਮੰਗ ਕੀਤੀ ਗਈ ਇਹ ਲਾਠੀਚਾਰਜ ਕਰਨ ਵਾਲੇ ਦੋਸ਼ੀ ਡੀ.ਐੱਸ.ਪੀ. ਤੇ ਐੱਸ.ਐੱਚ.ਓ. ਨੂੰ ਤੁਰੰਤ ਬਰਖਾਸਤ ਕਰਕੇ ਉਨ੍ਹਾਂ ਖਿਲਾਫ ਐੱਸ.ਸੀ.ਐੱਸ.ਟੀ. ਐਕਟ ਤਹਿਤ ਪਰਚਾ ਦਰਜ ਕੀਤਾ ਜਾਵੇ ਤੇ ਪੰਜਾਬ ਸਰਕਾਰ ਸਫਾਈ ਕਰਮਚਾਰੀਆਂ ਦੀਆਂ ਹੱਕੀ ਮੰਗਾਂ ਨੂੰ ਲਾਗੂ ਕਰਕੇ ਉਨ੍ਹਾਂ ਦਾ ਸਨਮਾਨ ਕਰੇ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮੈਡੀਕਲ ਸਟੋਰਾਂ ਦੀ ਚੈਕਿੰਗ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ)**-ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਐੱਸ.ਐੱਸ.ਪੀ. ਅਭਿਮੰਨਿਊ ਰਾਣਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਪੁਲਸ ਨੇ ਡਰੱਗ ਇੰਸਪੈਕਟਰਾਂ ਨਾਲ ਸਾਂਝੇ ਤੌਰ 'ਤੇ ਸਬ-ਡਵੀਜ਼ਨ ਸ੍ਰੀ ਮੁਕਤਸਰ ਸਾਹਿਬ ਦੇ 8 ਮੈਡੀਕਲ ਸਟੋਰਾਂ ਦੀ ਅਚਨਚੇਤ ਚੈਕਿੰਗ ਕੀਤੀ।ਇਹ ਕਾਰਵਾਈ ਥਾਣਾ ਸਿਟੀ, ਥਾਣਾ ਸਦਰ ਤੇ ਥਾਣਾ ਬਰੀਵਾਲਾ ਦੇ ਇਲਾਕਿਆਂ ਵਿੱਚ ਕੀਤੀ ਗਈ।ਇਸ ਦੌਰਾਨ ਡੀ.ਐੱਸ.ਪੀ. ਬਚਨ ਸਿੰਘ, ਡਰੱਗ ਇੰਸਪੈਕਟਰ ਆਸ਼ੂਤੋਸ਼ ਗਰਗ ਤੇ ਕਰੀਬ 50 ਪੁਲਸ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਭਾਗ ਲਿਆ।ਚੈਕਿੰਗ ਦੌਰਾਨ ਮੈਡੀਕਲ ਸਟੋਰਾਂ ਦੇ ਸਟਾਕ ਰਜਿਸਟਰ, ਦਵਾਈਆਂ ਦੀ ਖਰੀਦ-ਵੇਚ ਦਾ ਰਿਕਾਰਡ, ਲਾਇਸੈਂਸ, ਨਸ਼ੀਲੀਆਂ ਦਵਾਈਆਂ ਦੀ ਵਿਕਰੀ ਸੰਬੰਧੀ ਦਸਤਾਵੇਜ਼, ਦਵਾਈਆਂ ਦੀ ਮਿਆਦ ਤੇ ਪੈਕਿੰਗ ਦੀ ਜਾਂਚ ਕੀਤੀ ਗਈ।ਕੁਝ ਥਾਵਾਂ ਤੋਂ ਦਵਾਈਆਂ ਦੇ ਨਮੂਨੇ ਵੀ ਲਏ ਗਏ।ਪੁਲਸ ਨੇ ਮੈਡੀਕਲ ਸਟੋਰ ਸੰਚਾਲਕਾਂ ਨੂੰ ਨਸ਼ਾ ਵਿਰੋਧੀ ਕਾਨੂੰਨਾਂ ਤੇ ਦਵਾਈਆਂ ਨਾਲ ਸਬੰਧਤ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਹਦਾਇਤ ਦਿੱਤੀ।

## ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਨਿਯੁਕਤੀ ਪੱਤਰ ਵੰਡੇ



**ਲੰਬੀ/ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਪੰਜਾਬ ਸ੍ਰ. ਗੁਰਮੀਤ ਸਿੰਘ ਖੁੱਡੀਆ ਨੇ ਵਿਧਾਨ ਸਭਾ ਹਲਕਾ ਲੰਬੀ ਵਿੱਚ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਵੱਖ ਵੱਖ ਪਿੰਡਾਂ ਵਿੱਚ ਨਵੀਆਂ ਭਰਤੀ ਕੀਤੀਆਂ 12 ਆਂਗਣਵਾੜੀ ਵਰਕਰਾਂ ਤੇ 31 ਹੈਲਪਰਾਂ ਨੂੰ ਨਿਯੁਕਤੀ ਪੱਤਰ ਵੰਡੇ ਅਤੇ ਵਧਾਈਆਂ ਦਿੱਤੀਆਂ।ਇਸ ਮੌਕੇ ਸ੍ਰ. ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲਗਾਤਾਰ ਸਰਕਾਰੀ ਨੌਕਰੀਆਂ ਕੱਢ ਕੇ ਨੌਜਵਾਨ ਭਰਤੀ ਕੀਤੇ ਜਾ ਰਹੇ ਹਨ ਤਾਂ ਜੋ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇ।ਇਸ ਮੌਕੇ ਰਾਜਵੰਤ ਕੌਰ ਬਾਲ ਵਿਕਾਸ ਪ੍ਰੋਜੈਕਟ ਅਫਸਰ ਲੰਬੀ, ਗੁਰਬਾਜ ਸਿੰਘ ਵਣਵਾਲਾ, ਇਕਬਾਲ ਸਿੰਘ ਸਰਪੰਚ ਭੁੱਲਰਵਾਲਾ, ਕਰਨਵੀਰ ਸਿੰਘ ਸੰਨੀ ਲੁਹਾਰਾ, ਹਰਦੇਵ ਸਿੰਘ ਬਲਾਕ ਪ੍ਰਧਾਨ, ਦਲਜੀਤ ਸਿੰਘ ਸਰਾਵਾ ਬੋਦਲਾ, ਨਰਜੀਤ ਸਿੰਘ ਸਰਪੰਚ ਤੱਪਾ ਖੇੜਾ, ਗੁਰਵਿੰਦਰ ਸਿੰਘ ਦਿਉਣ ਖੇੜਾ, ਮਨਪ੍ਰੀਤ ਸਿੰਘ ਥਰਾਜਵਾਲਾ, ਬਿੰਨੀ ਬਰਾੜ ਬਲਾਕ ਪ੍ਰਧਾਨ, ਹਨੀ ਬਰਾੜ, ਦਰਸ਼ਨ ਸਿੰਘ ਸਰਪੰਚ ਵੜਿੰਗ ਖੇੜਾ, ਜਗਦੇਵ ਸਿੰਘ ਵੜਿੰਗ ਖੇੜਾ, ਜਸਵਿੰਦਰ ਸਿੰਘ ਭਾਗੂ, ਇਕਬਾਲ ਸਿੰਘ ਸਾਬਕਾ ਸਰਪੰਚ, ਨਿੱਜੀ ਸਹਾਇਕ ਗੁਰਬਾਜ ਸਿੰਘ, ਮੋਹਿਤ ਸੋਨੀ ਮੀਡੀਆ ਇੰਚਾਰਜ ਆਦਿ ਮੌਜੂਦ ਸਨ।

## ਸਫ਼ਾਈ ਸੇਵਕਾਂ ਦੀ ਅਣਮਿੱਥੇ ਸਮੇਂ ਲਈ ਹੜਤਾਲ ਜਾਰੀ, ਸ਼ਹਿਰ 'ਚ ਲੱਗੇ ਕੂੜੇ ਦੇ ਢੇਰ, ਬਿਮਾਰੀਆਂ ਫੈਲਣ ਦਾ ਖ਼ਤਰਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਸ਼ਹਿਰ ਵਿੱਚ ਆਪਣੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਲੈ ਕੇ ਸਫ਼ਾਈ ਸੇਵਕਾਂ ਵੱਲੋਂ ਸ਼ੁਰੂ ਕੀਤੀ ਗਈ ਹੜਤਾਲ ਲਗਾਤਾਰ ਜਾਰੀ ਹੈ। ਪ੍ਰਸ਼ਾਸਨ ਤੇ ਸਰਕਾਰ ਵੱਲੋਂ ਸਫ਼ਾਈ ਸੇਵਕਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਾ ਦਿੱਤੇ ਜਾਣ ਕਾਰਨ ਸਫ਼ਾਈ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸਫ਼ਾਈ ਸੇਵਕਾਂ ਦੀ ਹੜਤਾਲ ਦੇ ਚੱਲਦਿਆਂ ਪੂਰੇ ਫ਼ਿਰੋਜ਼ਪੁਰ ਸ਼ਹਿਰ ਵਿੱਚ ਥਾਂ-ਥਾਂ ਕੂੜੇ ਦੇ ਵੱਡੇ-ਵੱਡੇ ਢੇਰ ਲੱਗ ਚੁੱਕੇ ਹਨ ਅਤੇ ਬਜ਼ਾਰਾਂ, ਗਲੀਆਂ ਤੇ ਮੁੱਖ ਰੋਡ ਤੇ ਖਿਲਰੇ ਕੂੜੇ ਕਾਰਨ ਬਦਬੂ ਫੈਲ ਰਹੀ ਹੈ, ਜਿਸ ਨਾਲ ਲੰਘਣ ਵਾਲੇ ਰਾਹੀਆਂ ਤੇ ਦੁਕਾਨਦਾਰਾਂ ਦਾ ਜੀਣਾ ਦੁੱਭਰ ਹੋ ਗਿਆ ਹੈ। ਸਥਾਨਕ ਨਿਵਾਸੀਆਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਨੇ ਜਲਦ ਹੀ ਇਸ ਸਮੱਸਿਆ ਦਾ ਹੱਲ ਨਾ ਕੀਤਾ ਤਾਂ ਸ਼ਹਿਰ ਵਿੱਚ ਕੋਈ ਭਿਆਨਕ ਬੀਮਾਰੀ ਫੈਲਣ ਦਾ ਖ਼ਤਰਾ ਬਣਿਆ ਹੋਇਆ ਹੈ। ਫਿਰੋਜ਼ਪੁਰ ਸਫ਼ਾਈ ਸੇਵਕ ਯੂਨੀਅਨ ਦੇ ਪ੍ਰਧਾਨ ਨੇ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਕਿ ਉਹ ਆਪਣੀਆਂ ਜਾਇਜ਼ ਮੰਗਾਂ ਲਈ ਲੰਮੇ ਸਮੇਂ ਤੋਂ ਆਵਾਜ਼ ਉਠਾ ਰਹੇ ਹਨ, ਪਰ ਸਰਕਾਰ ਟਸ ਤੋਂ ਮਸ ਨਹੀਂ ਹੋ ਰਹੀ। ਪ੍ਰਧਾਨ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਵੱਲ ਤੁਰੰਤ ਧਿਆਨ ਨਾ ਦਿੱਤਾ ਤੇ ਗੱਲਬਾਤ ਰਾਹੀਂ ਹੱਲ ਨਾ ਕੱਢਿਆ ਤਾਂ ਇਹ ਧਰਨਾ ਤੇ ਹੜਤਾਲ ਅਣਮਿੱਥੇ ਸਮੇਂ ਲਈ ਇਸੇ ਤਰ੍ਹਾਂ ਜਾਰੀ ਰਹੇਗੀ। ਫ਼ਿਰੋਜ਼ਪੁਰ ਸ਼ਹਿਰ ਦੇ ਵਾਸੀਆਂ ਨੇ ਵੀ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸਫ਼ਾਈ ਸੇਵਕਾਂ ਦੀਆਂ ਮੰਗਾਂ ਨੂੰ ਜਲਦੀ ਤੋਂ ਜਲਦੀ ਪ੍ਰਵਾਨ ਕੀਤਾ ਜਾਵੇ। ਸ਼ਹਿਰ ਵਾਸੀਆਂ ਦਾ ਮੰਨਣਾ ਹੈ ਕਿ ਜਨਤਾ ਨੂੰ ਗੰਦਗੀ ਤੇ ਬੀਮਾਰੀਆਂ ਦੇ ਖ਼ਤਰੇ ਤੋਂ ਬਚਾਉਣ ਲਈ ਸਰਕਾਰ ਨੂੰ ਤੁਰੰਤ ਸਫ਼ਾਈ ਸੇਵਕਾਂ ਨਾਲ ਮੇਜ਼ 'ਤੇ ਬੈਠ ਕੇ ਮਸਲਾ ਹੱਲ ਕਰਨਾ ਚਾਹੀਦਾ ਹੈ।

# ਸਰਕਾਰੀ ਹੁਕਮਾਂ ਨੂੰ ਟਿੱਚ ਜਾਣਦੇ ਸਿਵਲ ਪ੍ਰਸ਼ਾਸਨਿਕ ਅਧਿਕਾਰੀ

**■ ਦਫ਼ਤਰਾਂ 'ਚ ਚੱਲਦੇ ਏਸੀ, ਪੱਖੇ ਕੁਰਸੀਆਂ ਨੂੰ ਦੇ ਰਹੇ ਠੰਢੀ ਹਵਾ**



**ਜਗਰਾਉਂ (ਅਮਿਤ ਖੰਨਾ)**

ਪੱਤਰਕਾਰਾਂ ਦੀ ਇੱਕ ਟੀਮ ਵੱਲੋਂ ਜਗਰਾਉਂ ਤਹਿਸੀਲ ਕੰਪਲੈਕਸ ਵਿਖੇ ਸਥਿਤ ਐਸਡੀਐਮ, ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ ਦੇ ਦਫ਼ਤਰਾਂ ਦਾ ਦੌਰਾ ਕਰਕੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਗਈ ਕਿ ਸਰਕਾਰੀ ਅਧਿਕਾਰੀ ਤੇ ਕਰਮਚਾਰੀ ਨਿਰਧਾਰਿਤ ਸਮੇਂ ਅਨੁਸਾਰ ਆਪਣੀਆਂ ਡਿਊਟੀਆਂ ਨਿਭਾ ਰਹੇ ਹਨ ਜਾਂ ਨਹੀਂ।ਮੀਡੀਆ ਟੀਮ ਜਦੋਂ ਸ਼ੁੱਕਰਵਾਰ ਸਵੇਰੇ ਕਰੀਬ 9:30 ਵਜੇ ਤਹਿਸੀਲ ਕੰਪਲੈਕਸ ਪਹੁੰਚੀ ਤਾਂ ਐਸ ਡੀ ਐਮ, ਤਹਿਸੀਲਦਾਰ ਤੇ ਨਾਇਬ ਤਹਿਸੀਲਦਾਰ ਆਪਣੀਆਂ ਸੀਟਾਂ 'ਤੇ ਮੌਜੂਦ ਨਹੀਂ ਸਨ। ਕੁਝ ਹੋਰ ਦਫ਼ਤਰਾਂ ਵਿੱਚ ਵੀ ਸਟਾਫ ਦੀ ਗੈਰਹਾਜ਼ਰੀ ਦੇਖਣ ਨੂੰ ਮਿਲੀ।ਇਸ ਦੌਰਾਨ ਕੁਝ ਦਫ਼ਤਰਾਂ ਵਿੱਚ ਅਧਿਕਾਰੀਆਂ ਦੀ ਗੈਰ ਮੌਜੂਦਗੀ ਦੇ ਬਾਵਜੂਦ ਬਿਜਲੀ ਉਪਕਰਨ ਚੱਲਦੇ ਹੋਏ ਵੀ ਨਜ਼ਰ ਆਏ, ਜਿਨ੍ਹਾਂ ਨੂੰ ਵੇਖਣ 'ਤੇ ਇੰਜ ਜਾਪਦਾ ਸੀ ਕਿ ਜਿਵੇਂ ਅਧਿਕਾਰੀਆਂ ਦੀ ਗੈਰ ਮੌਜੂਦਗੀ ਵਿੱਚ ਦਫਤਰਾਂ ਵਿੱਚ ਚੱਲ ਰਹੇ ਏਸੀ, ਪੱਖੇ ਅਧਿਕਾਰੀਆਂ ਦੀਆਂ ਕੁਰਸੀਆਂ ਨੂੰ ਠੰਡੀ ਹਵਾ ਦੇ ਰਹੇ ਹਨ।ਮੌਕੇ 'ਤੇ ਆਪਣੇ ਕੰਮਾਂ ਲਈ ਪਹੁੰਚੇ ਕਈ ਪਿੰਡਾਂ ਦੇ ਵਸਨੀਕਾਂ ਸੁਮੀਤ ਕੁਮਾਰ ਪਰਵੀਨ ਕੁਮਾਰ ਤੇ ਹੋਰਨਾ ਨੇ ਦੱਸਿਆ ਕਿ ਉਹ ਪਿਛਲੇ ਕਈ ਦਿਨਾਂ ਤੋਂ ਆਪਣੇ ਸਰਕਾਰੀ ਕੰਮਾਂ ਲਈ ਤਹਿਸੀਲ ਕੰਪਲੈਕਸ ਦੇ ਚੱਕਰ ਕੱਟ ਰਹੇ ਹਨ, ਪਰ ਉਨ੍ਹਾਂ ਨੂੰ ਕਈ ਵਾਰ ਸੰਬੰਧਤ ਅਧਿਕਾਰੀ ਸਮੇਂ ਸਿਰ ਆਪਣੀਆਂ ਸੀਟਾਂ 'ਤੇ ਨਹੀਂ ਮਿਲਦੇ।ਲੋਕਾਂ ਦਾ ਕਹਿਣਾ ਸੀ ਕਿ ਇਸ ਕਾਰਨ ਉਨ੍ਹਾਂ ਦਾ ਸਮਾਂ ਅਤੇ ਪੈਸਾ ਦੋਵੇਂ ਬਰਬਾਦ ਹੋ ਰਹੇ ਹਨ ਤੇ ਉਨ੍ਹਾਂ ਨੂੰ ਬਿਨਾਂ ਕੰਮ ਕਰਵਾਏ ਵਾਪਸ ਜਾਣਾ ਪੈਂਦਾ ਹੈ।ਲੋਕਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਦਫ਼ਤਰਾਂ ਵਿੱਚ ਸਮੇਂ ਦੀ ਪਾਬੰਦੀ ਨੂੰ ਲੈ ਕੇ ਲਗਾਤਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਤੇ ਅਧਿਕਾਰੀਆਂ ਨੂੰ ਸਵੇਰੇ 9 ਵਜੇ ਡਿਊਟੀ ਤੇ ਹਾਜ਼ਰ ਰਹਿਣ ਲਈ ਕਿਹਾ ਗਿਆ ਹੈ।ਲੋਕਾਂ ਦਾ ਦਾਅਵਾ ਹੈ ਕਿ ਅਮਲ ਵਿੱਚ ਕਈ ਵਾਰ ਇਸ ਦੀ ਪਾਲਣਾ ਹੁੰਦੀ ਨਜ਼ਰ ਨਹੀਂ ਆਉਂਦੀ ਅਤੇ ਕੁਝ ਅਧਿਕਾਰੀ ਆਪਣੀ ਸਹੂਲਤ ਅਨੁਸਾਰ ਦਫ਼ਤਰ ਪਹੁੰਚਦੇ ਤੇ ਰਵਾਨਾ ਹੁੰਦੇ ਹਨ।ਲੋਕਾਂ ਨੇ ਪ੍ਰਸ਼ਾਸਨ ਤੋਂ ਸਮੇਂ ਦੀ ਪਾਬੰਦੀ ਯਕੀਨੀ ਬਣਾਉਣ ਤੇ ਆਮ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਦੀ ਮੰਗ ਕੀਤੀ।ਜਦੋਂ ਐਸਡੀਐਮ ਬਾਦਲਦੀਨ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਉਹ ਹਾਈਕੋਰਟ ਗਏ ਹੋਏ ਹਨ।ਤਹਿਸੀਲਦਾਰ ਰੇਸ਼ਮ ਸਿੰਘ ਨਾਲ ਫ਼ੋਨ ਰਾਹੀਂ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਨ੍ਹਾਂ ਵੱਲੋਂ ਫ਼ੋਨ ਰਿਸੀਵ ਨਹੀਂ ਕੀਤਾ ਗਿਆ।ਨਾਇਬ ਤਹਿਸੀਲਦਾਰ ਪ੍ਰਸ਼ਪਿੰਦਰ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਕਿਹਾ ਕਿ ਜਦੋਂ ਮੀਡੀਆ ਟੀਮ ਦਫ਼ਤਰ ਪਹੁੰਚੀ, ਉਸ ਵੇਲੇ ਉਹ ਵੀ ਲੁਧਿਆਣਾ ਵਿਖੇ ਜ਼ਿਲ੍ਹਾ ਪੱਧਰੀ ਸਰਕਾਰੀ ਮੀਟਿੰਗ ਵਿੱਚ ਸ਼ਾਮਲ ਸਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ ਤੇ ਲਗਾਤਾਰ ਮੀਟਿੰਗਾਂ ਚੱਲ ਰਹੀਆਂ ਹਨ, ਜਿਸ ਕਾਰਨ ਉਹ ਦਫ਼ਤਰ ਵਿੱਚ ਮੌਜੂਦ ਨਹੀਂ ਸਨ।

## ਡੇਅਰੀ ਸੰਚਾਲਕ 'ਤੇ ਜਾਨਲੇਵਾ ਹਮਲਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਕੈਂਟ ਦੇ ਗਵਾਲ ਮੰਡੀ ਇਲਾਕੇ ਵਿੱਚ ਨਸ਼ਾ ਤਸਕਰਾਂ ਦਾ ਵਿਰੋਧ ਕਰਨ ਵਾਲੇ ਇਕ ਡੇਅਰੀ ਸੰਚਾਲਕ 'ਤੇ ਅੱਧਾ ਦਰਜਨ ਤੋਂ ਵੱਧ ਵਿਅਕਤੀਆਂ ਵੱਲੋਂ ਜਾਨਲੇਵਾ ਹਮਲਾ ਕਰਨ ਦਾ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਹਮਲਾਵਰਾਂ ਨੇ ਪਿਸਤੌਲ ਦੇ ਬੱਟਾਂ ਨਾਲ ਕੁੱਟਮਾਰ ਕਰਕੇ ਨੌਜਵਾਨ ਨੂੰ ਜ਼ਖ਼ਮੀ ਕਰ ਦਿੱਤਾ ਤੇ ਉਸ ਦੀ ਚਾਂਦੀ ਦੀ ਚੇਨ ਵੀ ਝਪਟ ਲਈ। ਥਾਣਾ ਕੈਂਟ ਫ਼ਿਰੋਜ਼ਪੁਰ ਪੁਲਸ ਨੇ 5 ਵਿਅਕਤੀਆਂ ਸਮੇਤ ਇੱਕ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਥਾਣਾ ਕੈਂਟ ਫ਼ਿਰੋਜ਼ਪੁਰ ਨੂੰ ਦਿੱਤੀ ਸ਼ਿਕਾਇਤ ਵਿਚ ਪ੍ਰਿੰਸ ਪੁੱਤਰ ਸ਼ਾਮ ਲਾਲ ਵਾਸੀ ਮਕਾਨ ਨੰਬਰ 79, ਗਵਾਲ ਮੰਡੀ ਫ਼ਿਰੋਜ਼ਪੁਰ ਕੈਂਟ ਨੇ ਦੱਸਿਆ ਕਿ ਉਹ ਡੇਅਰੀ ਦਾ ਕੰਮ ਕਰਦਾ ਹੈ। 19 ਜੁਲਾਈ 2026 ਦੀ ਰਾਤ ਕਰੀਬ 9.45 ਵਜੇ ਜਦੋਂ ਉਹ ਆਪਣੇ ਕੰਮ-ਕਾਰ ਤੋਂ ਵਿਹਲਾ ਹੋ ਕੇ ਘਰ ਵੱਲ ਜਾ ਰਿਹਾ ਸੀ, ਤਾਂ ਗਵਾਲ ਵੰਸ਼ ਮੰਦਿਰ ਦੇ ਕੋਲ ਪੁੱਜਣ 'ਤੇ ਸੋਨਕਰ ਉਰਫ਼ ਕ੍ਰਿਸ਼ ਨੇ ਉਸ ਨੂੰ ਆਵਾਜ਼ ਮਾਰ ਕੇ ਰੋਕ ਲਿਆ। ਇਸੇ ਦੌਰਾਨ ਸੋਨਕਰ ਦੇ ਨਾਲ 8-9 ਹੋਰ ਅਣਪਛਾਤੇ ਤੇ ਜਾਣੂ ਵਿਅਕਤੀ ਭੱਜਦੇ ਹੋਏ ਉਸ ਵੱਲ ਆਏ। ਉਨ੍ਹਾਂ ਵਿੱਚੋਂ ਗੌਤਮ ਉਰਫ਼ ਕਾਲੂ ਨੇ ਤੁਰੰਤ ਆਪਣੇ ਡੱਬ ਵਿੱਚੋਂ ਪਿਸਤੌਲ ਕੱਢ ਕੇ ਪ੍ਰਿੰਸ ਦੇ ਸਿਰ 'ਤੇ ਬੱਟਾਂ ਨਾਲ ਜ਼ੋਰਦਾਰ ਵਾਰ ਕੀਤਾ। ਇਸ ਤੋਂ ਬਾਅਦ ਸ਼ਿੱਬੂ ਪੁੱਤਰ ਸੋਨੂੰ, ਨਕੁਲ ਪੁੱਤਰ ਮਿੰਟੂ, ਚੰਦੂ ਪੁੱਤਰ ਬਿੱਲਾ ਤੇ ਇਕ ਹੋਰ ਅਣਪਛਾਤੇ ਵਿਅਕਤੀ ਨੇ ਮਿਲ ਕੇ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ। ਮੌਕੇ 'ਤੇ ਮਜ਼ਜੂਦ ਰੋਡ 'ਤੇ ਲੰਘ ਰਹੇ ਲੋਕਾਂ ਤੇ ਇਲਾਕਾ ਨਿਵਾਸੀਆਂ ਨੇ ਜਦੋਂ ਹਮਲਾਵਰਾਂ ਦਾ ਵਿਰੋਧ ਕੀਤਾ ਤਾਂ ਸਾਰੇ ਮੁਲਜ਼ਮ ਹਥਿਆਰ ਸਮੇਤ ਮੌਕੇ ਤੋਂ ਫ਼ਰਾਰ ਹੋ ਗਏ।

## ਧੂਰੀ ਵਪਾਰ ਮੰਡਲ ਵੱਲੋਂ ਸਫ਼ਾਈ ਵਿਵਸਥਾ ਬਹਾਲ ਕਰਨ ਦੀ ਮੰਗ

**ਧੂਰੀ (ਮਨੋਹਰ ਸੱਗੂ, ਮੋਹਿਤ ਗਰਗ)**-ਸਫ਼ਾਈ ਸੇਵਕਾਂ ਦੀ ਚੱਲ ਰਹੀ ਅਣਮਿੱਥੇ ਸਮੇਂ ਦੀ ਹੜਤਾਲ ਕਾਰਨ ਸ਼ਹਿਰ ਵਿੱਚ ਵਿਗੜੀ ਸਫ਼ਾਈ ਵਿਵਸਥਾ 'ਤੇ ਚਿੰਤਾ ਜ਼ਾਹਰ ਕਰਦਿਆਂ ਧੂਰੀ ਵਪਾਰ ਮੰਡਲ (ਰਜਿ.) ਦੇ ਵਫ਼ਦ ਨੇ ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਨੂੰ ਮੰਗ ਪੱਤਰ ਸੌਂਪ ਕੇ ਤੁਰੰਤ ਹੱਲ ਦੀ ਮੰਗ ਕੀਤੀ।ਵਪਾਰ ਮੰਡਲ ਦੇ ਪ੍ਰਧਾਨ ਵਿਕਾਸ ਜੈਨ ਤੇ ਹੰਸ ਰਾਜ ਬਜਾਜ ਨੇ ਕਿਹਾ ਕਿ ਹੜਤਾਲ ਕਾਰਨ ਸ਼ਹਿਰ ਦੇ ਮੁੱਖ ਬਾਜ਼ਾਰਾਂ, ਰਿਹਾਇਸ਼ੀ ਇਲਾਕਿਆਂ, ਗਲੀਆਂ-ਮੁਹੱਲਿਆਂ ਤੇ ਚੌਰਾਹਿਆਂ ਵਿੱਚ ਕੂੜੇ ਦੇ ਢੇਰ ਲੱਗ ਗਏ ਹਨ, ਜਿਸ ਨਾਲ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਬਰਸਾਤ ਦੇ ਮੌਸਮ ਵਿੱਚ ਗੰਦਗੀ ਕਾਰਨ ਛੂਤ ਦੀਆਂ ਬਿਮਾਰੀਆਂ ਫੈਲਣ ਦਾ ਖ਼ਤਰਾ ਵੀ ਵੱਧ ਗਿਆ ਹੈ।ਵਪਾਰ ਮੰਡਲ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਸ਼ਹਿਰ ਵਿੱਚ ਸਫ਼ਾਈ ਵਿਵਸਥਾ ਨੂੰ ਜਲਦ ਤੋਂ ਜਲਦ ਬਹਾਲ ਕਰਨ ਲਈ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ ਤਾਂ ਜੋ ਲੋਕਾਂ ਨੂੰ ਰਾਹਤ ਮਿਲ ਸਕੇ ਤੇ ਸੰਭਾਵਿਤ ਸਿਹਤ ਸੰਕਟ ਤੋਂ ਬਚਿਆ ਜਾ ਸਕੇ।ਕਾਰਜ ਸਾਧਕ ਅਫ਼ਸਰ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਸਥਿਤੀ ਨਾਲ ਨਜਿੱਠਣ ਲਈ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ ਤੇ ਸਫ਼ਾਈ ਵਿਵਸਥਾ ਨੂੰ ਜਲਦੀ ਬਹਾਲ ਕਰਨ ਲਈ ਯਤਨ ਕੀਤੇ ਜਾਣਗੇ।

# ਪਾਣੀ ਦੀ ਵਾਰੀ ਨੂੰ ਲੈ ਕੇ ਹੋਏ ਵਿਵਾਦ 'ਚ ਇੱਕ ਦੀ ਮੌਤ

**■ ਬੀ ਕੇ ਯੂ ਕ੍ਰਾਂਤੀਕਾਰੀ ਵੱਲੋਂ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ**



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਨੇੜੇ ਦੇ ਪਿੰਡ ਡਿੱਖ ਵਿਖੇ ਖੇਤ ਵਿੱਚ ਸਾਂਝੀ ਮੋਟਰ ਦੇ ਪਾਣੀ ਦੀ ਵਾਰੀ ਨੂੰ ਲੈ ਕੇ ਹੋਏ ਵਿਵਾਦ ਨੇ ਇੱਕ ਪਰਿਵਾਰ ਨੂੰ ਗਹਿਰੇ ਸੋਗ ਵਿੱਚ ਧੱਕ ਦਿੱਤਾ।ਘਟਨਾ ਦੌਰਾਨ ਅਕਾਸ਼ਦੀਪ ਸਿੰਘ ਦੀ ਮੌਤ ਹੋ ਗਈ, ਜਦਕਿ ਉਸ ਦੇ ਪਿਤਾ ਹਰਮੰਦਰ ਸਿੰਘ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ।ਪਰਿਵਾਰਕ ਮੈਂਬਰਾਂ ਅਨੁਸਾਰ ਅਕਾਸ਼ਦੀਪ ਸਿੰਘ ਦਾ ਕਰੀਬ ਦੋ ਸਾਲ ਪਹਿਲਾਂ ਵਿਆਹ ਹੋਇਆ ਸੀ ਤੇ ਉਸ ਦੇ ਘਰ ਇੱਕ ਛੋਟੀ ਬੇਟੀ ਨੇ ਜਨਮ ਲਿਆ ਸੀ।ਉਸ ਦੀ ਮੌਤ ਨਾਲ ਪਰਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ।ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਦੇ ਜ਼ਿਲ੍ਹਾ ਪ੍ਰਧਾਨ ਪੁਰਸ਼ੋਤਮ ਮਹਿਰਾਜ ਮੌਕੇ 'ਤੇ ਪਹੁੰਚੇ।ਉਨ੍ਹਾਂ ਕਿਹਾ ਕਿ ਇਹ ਕਤਲ ਸਹਾਇਕ ਥਾਣੇਦਾਰ ਜਗਜੀਤ ਸਿੰਘ ਤੇ ਹੌਲਦਾਰ ਤੇਜ਼ੀ ਸਿੰਘ ਦੀ ਢਿੱਲੀ ਕਾਰਵਾਈ ਕਰਕੇ ਹੋਇਆ ਹੈ, ਕਿਉਂਕਿ ਉਕਤ ਪੁਲਸ ਮੁਲਾਜ਼ਮਾਂ ਕੋਲ ਇਸ ਝਗੜੇ ਦੀ ਦਰਖ਼ਾਸਤ ਪਈ ਸੀ, ਪਰ ਕਰਿਆ ਕੁੱਝ ਵੀ ਨਹੀਂ।ਉਨ੍ਹਾਂ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕਰਦਿਆਂ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਕਥਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ, ਉਦੋਂ ਤੱਕ ਮ੍ਰਿਤਕ ਅਕਾਸ਼ਦੀਪ ਸਿੰਘ ਦਾ ਪੋਸਟਮਾਰਟਮ ਨਹੀਂ ਕਰਵਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਪਰਵਾਰ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ ਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

ਇਸ ਸਬੰਧੀ ਪੁਲਸ ਥਾਣਾ ਬਾਲਿਆਂਵਾਲੀ ਦੇ ਐੱਸ.ਐੱਚ.ਓ. ਇੰਸਪੈਕਟਰ ਬਰਾੜ ਨੇ ਕਿਹਾ ਕਿ ਤਿੰਨ ਦੋਸ਼ੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ, ਜਦਕਿ ਉਕਤ ਪੁਲਸ ਮੁਲਜ਼ਮ ਕਸੂਰਵਾਰ ਪਾਏ ਗਏ ਤਾਂ ਵਿਭਾਗੀ ਜਾਂਚ ਕਰਵਾਈ ਜਾਵੇਗੀ।ਫਿਲਹਾਲ ਪੁਲਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ ਤੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਬੂਤਾਂ ਤੇ ਜਾਂਚ ਦੇ ਆਧਾਰ 'ਤੇ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਬਜ਼ੁਰਗ ਦੇ ਘਰ 'ਤੇ ਕਬਜ਼ੇ ਦਾ ਮਾਮਲਾ — ਪੁਲਸ ਦੀ ਢਿੱਲੀ ਕਾਰਵਾਈ ਕਾਰਨ ਪਰਵਾਰ ਨੂੰ ਮਿਲ ਰਹੀਆਂ ਧਮਕੀਆਂ

**■ ਬਜ਼ੁਰਗ ਜੋਗਿੰਦਰ ਸਿੰਘ ਦਾ ਕੁੱਟਮਾਰ 'ਚ ਤੋੜ ਦਿੱਤਾ ਸੀ ਜਬਾੜ੍ਹਾ ■ ਛੋਟੀਆਂ ਮੋਟੀਆਂ ਧਾਰਾਵਾਂ ਲਾਉਣ ਕਾਰਨ ਦੋਸ਼ੀ ਸ਼ਰੇਆਮ ਖੁੱਲ੍ਹੇ ਫਿਰ ਰਹੇ**



**ਪਟਿਆਲਾ/ਸਨੌਰ (ਰਾਜਿੰਦਰ ਸਿੰਘ ਥਿੰਦ)**

ਪਟਿਆਲਾ-ਸਨੌਰ ਰੋਡ ਸਥਿਤ ਸੰਤ ਹਜਾਰਾ ਸਿੰਘ ਨਗਰ ਵਿੱਚ ਕੁਝ ਦਿਨ ਪਹਿਲਾਂ ਬਜ਼ੁਰਗ ਜੋਗਿੰਦਰ ਸਿੰਘ ਤੇ ਉਨ੍ਹਾਂ ਦੀ ਸਵਰਗਵਾਸੀ ਪਤਨੀ ਸੁਰਜੀਤ ਕੌਰ ਦੇ ਘਰ 'ਤੇ ਤਰਵਿੰਦਰ ਸ਼ਰਮਾ ਤੇ ਉਸ ਦੇ ਪਰਵਾਰ ਵੱਲੋਂ ਆ ਕੇ 20 ਤੋਂ 25 ਦੇ ਕਰੀਬ ਨਿਹੰਗ ਸਿੰਘਾਂ ਨਾਲ ਕਥਿਤ ਤੌਰ 'ਤੇ ਕਬਜ਼ਾ ਕਰਨ ਅਤੇ ਪਰਵਾਰ ਨਾਲ ਮਾਰਕੁੱਟ ਕਰਨ ਦੇ ਮਾਮਲੇ ਵਿੱਚ ਬੀਤੇ ਦਿਨ ਜੋਗਿੰਦਰ ਸਿੰਘ ਦੇ ਪੀੜਤ ਪਰਵਾਰ ਨੇ ਪ੍ਰੈੱਸ ਕਾਨਫਰੰਸ ਕਰਕੇ ਆਖਿਆ ਹੈ ਕਿ ਪੁਲਸ ਦੀ ਢਿੱਲਮੱਠ ਕਾਰਨ ਅੱਜ ਵੀ ਉਨ੍ਹਾਂ ਨੂੰ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ ਤੇ ਦੋਸ਼ੀ ਸ਼ਰੇਆਮ ਖੁੱਲ੍ਹੇ ਫਿਰ ਰਹੇ ਹਨ।

ਪੀੜਤ ਪਰਵਾਰ ਨੇ ਪੁਲਸ ਦੀ ਕਾਰਵਾਈ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।ਪਰਵਾਰ ਦਾ ਦੋਸ਼ ਹੈ ਕਿ ਘਟਨਾ ਨੂੰ ਕਰੀਬ 10 ਦਿਨ ਬੀਤ ਜਾਣ ਦੇ ਬਾਵਜੂਦ ਕਿਸੇ ਵੀ ਦੋਸ਼ੀ ਖ਼ਿਲਾਫ਼ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ।ਪੀੜਤ ਪਰਵਾਰ ਦੇ ਮੈਂਬਰਾਂ ਰੁਪਿੰਦਰ ਕੌਰ ਤੇ ਮਨਦੀਪ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਘਟਨਾ ਤੋਂ ਤੁਰੰਤ ਬਾਅਦ ਉਨ੍ਹਾਂ ਵੱਲੋਂ ਥਾਣਾ ਸਨੌਰ ਵਿੱਚ ਲਿਖਤੀ ਸ਼ਿਕਾਇਤ ਦਿੱਤੀ ਗਈ ਸੀ।ਉਨ੍ਹਾਂ ਦਾ ਕਹਿਣਾ ਹੈ ਕਿ ਪੁਲਸ ਵੱਲੋਂ ਵਾਰ-ਵਾਰ ਇਹ ਭਰੋਸਾ ਦਿੱਤਾ ਜਾ ਰਿਹਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ, ਪਰ ਅਜੇ ਤੱਕ ਜ਼ਮੀਨੀ ਪੱਧਰ 'ਤੇ ਕੋਈ ਕਾਰਵਾਈ ਨਜ਼ਰ ਨਹੀਂ ਆਈ।ਉਨ੍ਹਾ ਕਿਹਾ ਕਿ ਕੇਸ ਤਾਂ ਦਰਜ ਜ਼ਰੂਰ ਕੀਤਾ ਗਿਆ, ਪਰ ਉਸ ਵਿਚ ਜਾਨੋਂ ਮਾਰਨ ਦੀਆਂ ਧਾਰਾਵਾਂ ਨਹੀਂ ਲਗਾਈਆਂ ਗਈਆਂ, ਜਿਸ ਕਾਰਨ ਦੋਸ਼ੀ ਹੁਣ ਉਨ੍ਹਾਂ ਨੂੰ ਧਮਕਾ ਰਹੇ ਹਨ। ਪਰਵਾਰ ਦੇ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਦੇ ਬਜ਼ੁਰਗ ਜੋਗਿੰਦਰ ਸਿੰਘ ਪਿਛਲੇ ਕਈ ਦਿਨਾਂ ਤੋਂ ਕੁੱਝ ਖਾ ਪੀ ਵੀ ਨਹੀਂ ਰਹੇ ਹਨ, ਉਹ ਸਿਰਫ ਲਿਕਵਡ ਹੀ ਲੈ ਸਕਦੇ ਹਨ, ਕਿਉਂਕਿ ਉਨ੍ਹਾਂ ਦਾ ਜਵਾੜਾ ਤੋੜ ਦਿੱਤਾ ਗਿਆ ਸੀ।ਰੁਪਿੰਦਰ ਕੌਰ ਨੇ ਦੱਸਿਆ ਕਿ ਇਨਸਾਫ਼ ਦੀ ਮੰਗ ਲਈ ਉਨ੍ਹਾਂ ਵੱਲੋਂ ਮਨੁੱਖੀ ਅਧਿਕਾਰ ਕਮਿਸ਼ਨ, ਮਹਿਲਾ ਸੈੱਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਲਿਖਤੀ ਸ਼ਿਕਾਇਤਾਂ ਭੇਜੀਆਂ ਗਈਆਂ ਹਨ।ਉਨ੍ਹਾਂ ਦੋਸ਼ ਲਗਾਇਆ ਕਿ ਜਿਨ੍ਹਾਂ ਵਿਅਕਤੀਆਂ ਨੇ ਕਥਿਤ ਤੌਰ 'ਤੇ ਘਟਨਾ ਨੂੰ ਅੰਜਾਮ ਦਿੱਤਾ, ਉਨ੍ਹਾਂ ਦੇ ਨਾਮ ਤੇ ਪਤੇ ਪੁਲਸ ਕੋਲ ਮੌਜੂਦ ਹਨ, ਫਿਰ ਵੀ ਉਨ੍ਹਾਂ ਖ਼ਿਲਾਫ਼ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ ਗਈ।ਉਨ੍ਹਾਂ ਸਰਕਾਰ ਤੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਦੋਸ਼ੀਆਂ ਖ਼ਿਲਾਫ਼ ਤੁਰੰਤ ਕਾਨੂੰਨੀ ਕਾਰਵਾਈ ਕਰਕੇ ਪਰਵਾਰ ਨੂੰ ਇਨਸਾਫ਼ ਦਿੱਤਾ ਜਾਵੇ।

## ਯੋਗ ਪਰਵਾਰ ਜਲਦ ਬਣਵਾਉਣ ਨਵਾਂ ਰਾਸ਼ਨ ਕਾਰਡ : ਡਾ. ਅਰੋੜਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਮੋਗਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਵੇਂ ਰਾਸ਼ਨ ਕਾਰਡ ਬਣਵਾਉਣ ਤੇ ਰਾਸ਼ਨ ਕਾਰਡ ਵਿੱਚ ਪਰਿਵਾਰਕ ਮੈਂਬਰਾਂ ਦੇ ਨਾਮ ਸ਼ਾਮਲ (ਐਡ) ਕਰਵਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ, ਜਿਹੜੇ ਯੋਗ ਪਰਿਵਾਰਾਂ ਨੇ ਅਜੇ ਤੱਕ ਨਵਾਂ ਰਾਸ਼ਨ ਕਾਰਡ ਨਹੀਂ ਬਣਵਾਇਆ ਜਾਂ ਕਿਸੇ ਪਰਿਵਾਰਕ ਮੈਂਬਰ ਦਾ ਨਾਮ ਰਾਸ਼ਨ ਕਾਰਡ ਵਿੱਚ ਦਰਜ ਨਹੀਂ ਕਰਵਾਇਆ, ਉਹ ਜਲਦ ਤੋਂ ਜਲਦ ਅਰਜ਼ੀ ਦੇਣ।ਵਿਧਾਇਕ ਡਾ. ਅਰੋੜਾ ਨੇ ਕਿਹਾ ਕਿ ਯੋਗ ਲਾਭਪਾਤਰੀ ਆਪਣੇ ਲੋੜੀਂਦੇ ਦਸਤਾਵੇਜ਼ਾਂ ਸਮੇਤ ਸਬੰਧਤ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ ਦੇ ਦਫ਼ਤਰ ਜਾਂ ਆਪਣੇ ਨਜ਼ਦੀਕੀ ਸੇਵਾ ਕੇਂਦਰ ਵਿੱਚ ਸੰਪਰਕ ਕਰਕੇ ਇਸ ਸਹੂਲਤ ਦਾ ਲਾਭ ਲੈ ਸਕਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਮਕਸਦ ਹੈ ਕਿ ਕੋਈ ਵੀ ਯੋਗ ਪਰਿਵਾਰ ਸਰਕਾਰੀ ਰਾਸ਼ਨ ਯੋਜਨਾ ਦੇ ਲਾਭ ਤੋਂ ਵਾਂਝਾ ਨਾ ਰਹੇ।ਇਸ ਲਈ ਲੋਕ ਸਮੇਂ ਸਿਰ ਆਪਣੀ ਅਰਜ਼ੀ ਦੀ ਪ੍ਰਕਿਰਿਆ ਪੂਰੀ ਕਰਨ ਤਾਂ ਜੋ ਉਨ੍ਹਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਬਿਨਾਂ ਕਿਸੇ ਦਿੱਕਤ ਦੇ ਮਿਲ ਸਕੇ। ਡਾ. ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਲੋਕ ਭਲਾਈ ਦੀਆਂ ਯੋਜਨਾਵਾਂ ਦਾ ਲਾਭ ਪਾਰਦਰਸ਼ੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਹਰ ਯੋਗ ਪਰਿਵਾਰ ਤੱਕ ਪਹੁੰਚਾਉਣ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਆਪਣੇ ਕਾਰਜਕਾਲ ਦੌਰਾਨ ਕੀਤੇ ਹਰ ਵਾਅਦੇ ਨੂੰ ਪੂਰਾ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਰਾਸ਼ਨ ਕਾਰਡ ਬਣਵਾਉਣ ਜਾਂ ਉਸ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਆਉਂਦੀ ਹੈ ਤਾਂ ਉਹ ਉਨ੍ਹਾਂ ਦੇ ਧਿਆਨ ਵਿੱਚ ਲਿਆਵੇ, ਜਿਸ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਵਾਇਆ ਜਾਵੇਗਾ।

# ਰੋਟਰੀ ਕਲੱਬ ਨੇ ਨਰਸਿੰਗ ਕਾਲਜ ਵਿਖੇ ਪੌਦੇ ਲਗਾਏ

**ਵਾਤਾਵਰਣ ਦੀ ਸੰਭਾਲ ਅੱਜ ਦੀ ਸਭ ਤੋਂ ਵੱਡੀ ਲੋੜ : ਡਾ. ਸ਼ਰਮਾ**



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਵਾਤਾਵਰਣ ਦੀ ਸੰਭਾਲ ਤੇ ਹਰਿਆਵਲੀ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਰੋਟਰੀ ਕਲੱਬ ਧੂਰੀ ਵੱਲੋਂ ਵਿੱਦਿਆ ਸਾਗਰ ਨਰਸਿੰਗ ਕਾਲਜ ਧੂਰੀ ਵਿਖੇ ਟ੍ਰੀ ਪਲਾਂਟੇਸ਼ਨ ਕੈਂਪ ਆਯੋਜਿਤ ਕੀਤਾ ਗਿਆ।ਇਸ ਮੌਕੇ ਅੰਬ ਦੇ ਬੂਟੇ ਲਗਾ ਕੇ ਵਾਤਾਵਰਣ ਦੀ ਸੁਰੱਖਿਆ ਤੇ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਸੰਦੇਸ਼ ਦਿੱਤਾ ਗਿਆ।ਸਮਾਗਮ ਦੀ ਅਗਵਾਈ ਰੋਟਰੀ ਕਲੱਬ ਧੂਰੀ ਦੇ ਪ੍ਰਧਾਨ ਰਮੇਸ਼ ਗੋਇਲ ਨੇ ਕੀਤੀ, ਜਦਕਿ ਸਕੱਤਰ ਸਰਬਜੀਤ ਸਿੰਘ ਨੇ ਸਮੂਹ ਮਹਿਮਾਨਾਂ ਤੇ ਮੈਂਬਰਾਂ ਦਾ ਸਵਾਗਤ ਕੀਤਾ।ਆਪਣੇ ਸੰਬੋਧਨ ਵਿੱਚ ਰਮੇਸ਼ ਗੋਇਲ ਨੇ ਕਿਹਾ ਕਿ ਰੁੱਖ ਧਰਤੀ ਦਾ ਅਨਮੋਲ ਧਨ ਹਨ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ਼-ਸੁਥਰਾ ਵਾਤਾਵਰਣ ਦੇਣ ਲਈ ਹਰ ਵਿਅਕਤੀ ਨੂੰ ਰੁੱਖ ਲਗਾਉਣ ਤੇ ਉਨ੍ਹਾਂ ਦੀ ਸੰਭਾਲ ਕਰਨ ਦਾ ਸੰਕਲਪ ਲੈਣਾ ਚਾਹੀਦਾ ਹੈ। ਸਰਬਜੀਤ ਸਿੰਘ ਨੇ ਕਿਹਾ ਕਿ ਰੋਟਰੀ ਕਲੱਬ ਧੂਰੀ ਸਮਾਜ ਸੇਵਾ ਦੇ ਨਾਲ-ਨਾਲ ਵਾਤਾਵਰਣ ਸੁਰੱਖਿਆ ਲਈ ਵੀ ਨਿਰੰਤਰ ਕੰਮ ਕਰਦਾ ਰਹੇਗਾ।ਕਲੱਬ ਦੇ ਪੈਟਰਨ ਡਾ. ਏ. ਆਰ. ਸ਼ਰਮਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਵਾਤਾਵਰਣ ਦੀ ਸੰਭਾਲ ਅੱਜ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।ਉਨ੍ਹਾਂ ਨੇ ਬੱਚਿਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ, ਉਨ੍ਹਾਂ ਦੀ ਸੰਭਾਲ ਕਰਨ ਤੇ ਵਾਤਾਵਰਣ ਨੂੰ ਪ੍ਰਦੂਸ਼ਣ-ਮੁਕਤ ਬਣਾਉਣ ਲਈ ਆਪਣਾ ਯੋਗਦਾਨ ਪਾਉਣ ਦੀ ਪ੍ਰੇਰਣਾ ਦਿੱਤੀ।ਇਸ ਮੌਕੇ ਵਿਦਿਆਸਾਗਰ ਗਰੁੱਪ ਆਫ਼ ਇੰਸ. ਦੇ ਡਾਇਰੈਕਟਰ ਡਾ. ਜਗਜੀਤ ਸਿੰਘ, ਐਜੂਕੇਸ਼ਨ ਕਾਲਜ ਦੇ ਪ੍ਰਿੰਸੀਪਲ ਡਾ. ਮਨਦੀਪ ਗੋਇਲ ਤੇ ਡਾ. ਰੋਯਨਪ੍ਰੀਤ ਕੌਰ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।ਕੈਂਪ ਵਿੱਚ ਰੋਟਰੀ ਕਲੱਬ ਦੇ ਹੋਰ ਮੈਂਬਰ ਵੀ ਹਾਜ਼ਰ ਸਨ।

## ਮਾਤਾ ਗੁਜਰੀ ਸਕੂਲ ਵਿਖੇ ਰੁੱਖ ਲਗਾਓ ਮੁਹਿੰਮ ਦਾ ਆਯੋਜਨ



**ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ 'ਮਿਸ਼ਨ ਹਰਿਆਲੀ' ਤਹਿਤ ਵਿਸ਼ਾਲ ਰੁੱਖ ਲਗਾਓ ਮੁਹਿੰਮ ਦਾ ਆਯੋਜਨ ਕੀਤਾ ਗਿਆ। ਇਸ ਮੁਹਿੰਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨਾ, ਹਰਿਆਲੀ ਨੂੰ ਉਤਸ਼ਾਹਤ ਕਰਨਾ ਤੇ ਰੁੱਖਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਉਣਾ ਸੀ।ਇਸ ਮੌਕੇ ਸਕੂਲ ਦੇ ਡਾਇਰੈਕਟਰ ਸ੍ਰ. ਭੁਪਿੰਦਰ ਸਿੰਘ, ਪ੍ਰਧਾਨ ਸ੍ਰੀਮਤੀ ਰਵਿੰਦਰ ਕੌਰ ਤੇ ਪ੍ਰਿੰਸੀਪਲ ਸ੍ਰੀਮਤੀ ਪੂਨਮ ਧੀਮਾਨ ਦੀ ਅਗਵਾਈ ਹੇਠ ਸਕੂਲ ਕੈਂਪਸ ਵਿੱਚ ਛਾਂਦਾਰ, ਫਲਦਾਰ ਤੇ ਦੇਸੀ ਕਿਸਮਾਂ ਦੇ ਪੌਦੇ ਲਗਾਏ ਗਏ। ਅਧਿਆਪਕਾਂ, ਵਿਦਿਆਰਥੀਆਂ ਤੇ ਸਮੂਹ ਸਟਾਫ਼ ਨੇ ਉਤਸ਼ਾਹ ਨਾਲ ਇਸ ਮੁਹਿੰਮ ਵਿੱਚ ਭਾਗ ਲਿਆ ਤੇ ਵਾਤਾਵਰਣ ਦੀ ਸੰਭਾਲ ਲਈ ਆਪਣੀ ਵਚਨਬੱਧਤਾ ਦਰਸਾਈ।ਇਸ ਮੌਕੇ ਸੰਬੋਧਨ ਕਰਦਿਆਂ ਡਾਇਰੈਕਟਰ ਸ੍ਰ. ਭੁਪਿੰਦਰ ਸਿੰਘ ਨੇ ਕਿਹਾ ਕਿ ਰੁੱਖ ਕੁਦਰਤ ਦੀ ਅਨਮੋਲ ਦਾਤ ਹਨ ਤੇ ਹਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਵੱਧ ਤੋਂ ਵੱਧ ਰੁੱਖ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਸੰਭਾਲ ਵੀ ਕਰੇ।ਪ੍ਰਧਾਨ ਸ੍ਰੀਮਤੀ ਰਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸੰਦੇਸ਼ ਦਿੱਤਾ ਕਿ ਵਾਤਾਵਰਣ ਦੀ ਰੱਖਿਆ ਲਈ ਛੋਟੇ-ਛੋਟੇ ਯਤਨ ਵੀ ਵੱਡਾ ਬਦਲਾਅ ਲਿਆ ਸਕਦੇ ਹਨ। ਪ੍ਰਿੰਸੀਪਲ ਸ੍ਰੀਮਤੀ ਪੂਨਮ ਧੀਮਾਨ ਨੇ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਘੱਟੋ-ਘੱਟ ਇੱਕ ਰੁੱਖ ਲਗਾ ਕੇ ਉਸ ਦੀ ਸੰਭਾਲ ਕਰਨ ਦਾ ਸੰਕਲਪ ਲੈਣ ਲਈ ਪ੍ਰੇਰਿਤ ਕੀਤਾ। ਅੰਤ ਵਿੱਚ ਵਿਦਿਆਰਥੀਆਂ ਤੇ ਸਟਾਫ਼ ਨੇ ਵਾਤਾਵਰਣ ਦੀ ਸੁਰੱਖਿਆ, ਪੌਦਿਆਂ ਦੀ ਸੰਭਾਲ ਤੇ ਆਪਣੇ ਆਲੇ-ਦੁਆਲੇ ਨੂੰ ਹਰਿਆ-ਭਰਿਆ ਬਣਾਉਣ ਦਾ ਪ੍ਰਣ ਲਿਆ।

## ਸਫਾਈ ਸੇਵਕਾਂ 'ਤੇ ਲਾਠੀਚਾਰਜ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਸਰਕਾਰੀ ਗੁੰਡਾਗਰਦੀ ਕਰਾਰ

**ਲੁਧਿਆਣਾ (ਸਤੀਸ਼ ਸਚਦੇਵਾ)**-ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਸ਼ਹੀਦ ਭਗਤ ਸਿੰਘ ਵਿਚਾਰ ਮੰਚ, ਮਹਾਂ ਸਭਾ ਲੁਧਿਆਣਾ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਨੇ ਬਰਨਾਲਾ ਸ਼ਹਿਰ ਦੇ ਸਫਾਈ ਸੇਵਕਾਂ ਉਪਰ ਕੀਤੀ ਵਹਿਸ਼ੀ ਲਾਠੀਚਾਰਜ ਨੂੰ ਸਰਕਾਰੀ ਸ਼ਹਿ ਹੇਠ ਗੁੰਡਾਗਰਦੀ ਕਰਾਰ ਦਿੱਤਾ ਹੈ।ਜਥੇਬੰਦੀਆਂ ਦੇ ਆਗੂਆਂ ਪ੍ਰੋ. ਜਗਮੋਹਨ ਸਿੰਘ, ਜਸਵੰਤ ਜ਼ੀਰਖ, ਬਲਵਿੰਦਰ ਸਿੰਘ, ਅਜਮੇਰ ਦਾਖਾ, ਡਾ. ਹਰਬੰਸ ਗਰੇਵਾਲ, ਪ੍ਰੋ. ਏ ਕੇ ਮਲੇਰੀ, ਸਤੀਸ਼ ਸੱਚਦੇਵਾ, ਐਡਵੋਕੇਟ ਹਰਪ੍ਰੀਤ ਜ਼ੀਰਖ, ਬਲਕੌਰ ਸਿੰਘ ਗਿੱਲ ਨੇ ਪੰਜਾਬ ਭਰ ਦੀਆਂ ਇਨਕਲਾਬੀ ਜਮਹੂਰੀ ਜਥੇਬੰਦੀਆਂ ਨੂੰ ਇਸ ਗੁੰਡਾਗਰਦੀ ਖਿਲਾਫ਼ ਸਾਂਝਾ ਮੋਰਚਾ ਲਾਮਬੰਦ ਕਰਕੇ ਸਰਕਾਰ ਦੇ ਹਰ ਵਹਿਸ਼ੀਪੁਣੇ ਖ਼ਿਲਾਫ਼ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ।ਆਗੂਆਂ ਨੇ ਕਿਹਾ ਕਿ ਜਿਸ ਤਰ੍ਹਾਂ ਸਫਾਈ ਕਰਮਚਾਰੀ ਮਰਦਾਂ ਤੇ ਔਰਤਾਂ ਨੂੰ ਛੱਲੀਆਂ ਵਾਂਗ ਕੁੱਟਿਆ ਗਿਆ, ਉਨ੍ਹਾਂ ਦੇ ਸਿਰਾਂ 'ਤੇ ਡਾਂਗਾਂ ਵਰ੍ਹਾ ਕੇ ਦਰਜਨਾਂ ਮਜ਼ਦੂਰ ਮਰਦ ਔਰਤਾਂ ਨੂੰ ਗੰਭੀਰ ਰੂਪ ਵਿੱਚ ਜ਼ਖਮੀ ਕੀਤਾ ਗਿਆ, ਇਸ ਤਰ੍ਹਾਂ ਦੀ ਕਾਰਵਾਈ ਕੋਈ ਤਾਨਾਸ਼ਾਹ ਵਹਿਸ਼ੀ ਸਰਕਾਰ ਤੇ ਉਸ ਦੀ ਪੁਲਸ ਹੀ ਕਰ ਸਕਦੀ ਹੈ।ਬਦਲਾਅ ਦੇ ਵੱਡੇ ਵੱਡੇ ਵਾਅਦੇ ਕਰਕੇ ਸੱਤਾ 'ਤੇ ਬਿਰਾਜਮਾਨ ਹੋਈ ਸਰਕਾਰ ਨੇ ਸੂਬੇ ਨੂੰ ਪੁਲਸ ਰਾਜ ਵਿੱਚ ਤਬਦੀਲ ਕਰ ਦਿੱਤਾ ਹੈ।ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਨ ਵਾਲੇ ਤੇ ਠੇਕੇਦਾਰਾਂ ਦੀ ਦੂਹਰੀ ਲੁੱਟ ਦਾ ਸ਼ਿਕਾਰ ਸਫਾਈ ਕਰਮਚਾਰੀਆਂ ਨੂੰ ਉਨ੍ਹਾਂ ਦੀਆਂ ਮੰਗਾਂ ਮੰਨਣ ਦੇ ਅਨੇਕ ਬਾਰ ਲਾਰੇ ਲਾਏ ਜਾ ਚੁੱਕੇ ਹਨ।ਆਗੂਆਂ ਨੇ ਮੰਗ ਕੀਤੀ ਕਿ ਪੁਲਸ ਕਾਰਵਾਈ ਦੀ ਜੁਡੀਸ਼ੀਅਲ ਜਾਂਚ ਕਰਵਾਈ ਜਾਵੇ ਅਤੇ ਦੋਸ਼ੀ ਪੁਲਸ ਅਧਿਕਾਰੀਆਂ ਨੂੰ ਬਣਦੀ ਸਜ਼ਾ ਦਿੱਤੀ ਜਾਵੇ, ਡੀਐੱਸਪੀ ਐੱਸ ਐੱਸ ਬੈਂਸ ਤੇ ਐੱਚ ਐੱਸ ਓ ਲਖਵਿੰਦਰ ਸਿੰਘ ਨੂੰ ਬਰਖਾਸਤ ਕੀਤਾ ਕੀਤਾ ਜਾਵੇ ਅਤੇ ਸਫਾਈ ਕਰਮਚਾਰੀਆਂ ਦੀਆਂ ਮੰਗਾਂ ਨੂੰ ਮੰਨ ਕੇ ਤੁਰੰਤ ਲਾਗੂ ਕੀਤਾ ਜਾਵੇ।

## ਅੰਮ੍ਰਿਤਾ ਵੜਿੰਗ ਨੇ ਧਰਨੇ ਦੌਰਾਨ ਸਫ਼ਾਈ ਸੇਵਕਾਂ ਦਾ ਹਾਲ ਜਾਣਿਆ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਧਰਮਪਤਨੀ ਅੰਮ੍ਰਿਤਾ ਵੜਿੰਗ ਨੇ ਨਗਰ ਕੌਂਸਲ ਵਿਖੇ 8 ਜੁਲਾਈ ਤੋਂ ਲਗਾਤਾਰ ਧਰਨੇ 'ਤੇ ਬੈਠੇ ਸਫਾਈ ਸੇਵਕਾਂ ਦੇ ਧਰਨੇ ਵਿਚ ਸ਼ਮੂਲੀਅਤ ਕੀਤੀ ਅਤੇ ਹਾਲ ਜਾਣਿਆ।ਅੰਮ੍ਰਿਤਾ ਵੜਿੰਗ ਬਰਨਾਲਾ ਵਿਖੇ ਸਫਾਈ ਸੇਵਕਾਂ ਤੇ ਪੁਲਿਸ ਵੱਲੋਂ ਕੀਤੇ ਤਸ਼ੱਦਦ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅੰਮ੍ਰਿਤਾ ਵੜਿੰਗ ਨੇ ਕਿਹਾ ਕਿ ਦਿੱਲੀ ਵਿਖੇ ਜੰਤਰ ਮੰਤਰ 'ਤੇ ਲਾਠੀਚਾਰਜ ਨੂੰ ਆਮ ਆਦਮੀ ਪਾਰਟੀ ਬੁਰੀ ਤਰ੍ਹਾਂ ਨਿੰਦ ਰਹੀ ਹੈ, ਉਥੇ ਹੀ ਪੰਜਾਬ ਵਿਚ ਆਪ ਸਰਕਾਰ ਖੁਦ ਕੇਂਦਰ ਦੀ ਭਾਜਪਾ ਸਰਕਾਰ ਵਾਲਾ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਇਕ ਪਾਸੇ ਪੰਜਾਬ ਸਰਕਾਰ ਮਾਵਾਂ-ਧੀਆਂ ਦੇ ਸਤਿਕਾਰ ਦੀ ਗੱਲ ਕਰਦੀ ਹੈ ਤੇ ਉਨ੍ਹਾਂ ਨੂੰ ਸਨਮਾਨ ਵਜੋਂ ਰਾਸ਼ੀ ਦੇਣ ਦੀ ਗੱਲ ਰਹੀ ਹੈ, ਦੂਜੇ ਪਾਸੇ ਔਰਤਾਂ 'ਤੇ ਹੀ ਲਾਠੀਚਾਰਜ ਕਰਕੇ ਉਨ੍ਹਾਂ ਨੂੰ ਜ਼ਖ਼ਮੀ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਾ ਤਾਂ ਨਿਯਮਾਂ ਅਨੁਸਾਰ ਮੁਲਾਜ਼ਮਾਂ ਦਾ ਡੀ.ਏ. ਜਮਾਂ ਕਰਾ ਰਹੀ ਹੈ ਤੇ ਨਾ ਹੀ ਉਨ੍ਹਾਂ ਨੂੰ ਨੌਕਰੀਆਂ ਦੇ ਪੱਕਾ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਜਿੱਥੇ-ਜਿੱਥੇ ਕਾਂਗਰਸ ਦੀ ਸਰਕਾਰ ਹੈ, ਉਥੇ ਉਥੇ ਪੈਨਸ਼ਨਾਂ ਲਾਗੂ ਹੋਈਆਂ ਹਨ ਅਤੇ ਉਹ ਵਾਅਦੇ ਕਰਦੇ ਹਨ ਕਿ ਰਾਜ ਵਿਚ ਕਾਂਗਰਸ ਦੀ ਸਰਕਾਰ ਆਉਣ ਤੇ ਮੁਲਾਜ਼ਮਾਂ ਦੀਆਂ ਪੈਨਸ਼ਨਾਂ ਲਾਗੂ ਕੀਤੀਆਂ ਜਾਣਗੀਆਂ।ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਨਰਿੰਦਰ ਮੁੰਜਾਲ ਬਿੰਟਾ ਅਰੋੜਾ ਨੇ ਕਿਹਾ ਕਿ ਉਹ ਸਫਾਈ ਸੇਵਕਾਂ 'ਤੇ ਹੋਈ ਤਸ਼ੱਦਦ ਤੋਂ ਬਹੁਤ ਦੁਖੀ ਅਤੇ ਨਿਰਾਸ਼ ਹਨ।

## 'ਯਾਰ ਜਿਗਰੀ ਕਸੂਤੀ ਡਿਗਰੀ' ਦੀ ਸਟਾਰ ਕਾਸਟ ਦਾ ਸਵਾਗਤ



**ਭਵਾਨੀਗੜ੍ਹ (ਰਾਜ ਖੁਰਮੀ)**-ਆਸਰਾ ਕਾਲਜ ਵਿੱਚ 7 ਅਗਸਤ ਨੂੰ ਰਿਲੀਜ਼ ਹੋਣ ਜਾ ਰਹੀ ਪੰਜਾਬੀ ਫਿਲਮ 'ਯਾਰ ਜਿਗਰੀ ਕਸੂਤੀ ਡਿਗਰੀ' ਦੀ ਸਟਾਰ ਕਾਸਟ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਕਾਲਜ ਪ੍ਰਬੰਧਕਾਂ ਵੱਲੋਂ ਸਟਾਰ ਕਾਸਟ ਦਾ ਨਿੱਘਾ ਸਵਾਗਤ ਕੀਤਾ ਗਿਆ, ਜਦਕਿ ਕਾਲਜ ਦੇ ਆਡੀਟੋਰੀਅਮ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਕਲਾਕਾਰਾਂ ਨਾਲ ਰੂਬਰੂ ਹੋ ਕੇ ਯਾਦਗਾਰ ਪਲ ਬਿਤਾਏ।ਫਿਲਮ ਦੇ ਲੀਡ ਐਕਟਰ ਪੁਖਰਾਜ ਭੱਲਾ, ਅੰਮ੍ਰਿਤ ਐਮਬੀ, ਹਸ਼ਨੀਨ ਚੌਹਾਨ, ਪਵਨ ਜੋਹਲ, ਕਰਨ ਦਿਉਲ, ਕਰਨ ਸੰਧਾਵਾਲੀਆ, ਸੁਖਦੀਪ ਸਪਰਾ, ਅਮਨਜੋਤ ਕੌਰ ਤੇ ਜਗਮੀਤ ਕੌਰ ਨੇ ਪੀ.ਆਰ. ਮੈਨੇਜਰ ਵਿਸ਼ਾਲ ਕਲਸੀ ਅਤੇ ਪੈਰੀ ਗਰੋਵਰ ਨਾਲ ਮਿਲ ਕੇ ਫਿਲਮ ਦੇ ਸੰਵਾਦ ਅਤੇ ਗੀਤ ਪੇਸ਼ ਕਰਕੇ ਵਿਦਿਆਰਥੀਆਂ ਦਾ ਭਰਪੂਰ ਮਨੋਰੰਜਨ ਕੀਤਾ।ਕਲਾਕਾਰਾਂ ਨੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਕਾਲਜ ਜੀਵਨ ਨਾਲ ਜੁੜੀਆਂ ਯਾਦਾਂ ਤੇ ਤਜਰਬੇ ਵੀ ਸਾਂਝੇ ਕੀਤੇ।ਐਕਟਰ ਪੁਖਰਾਜ ਭੱਲਾ ਨੇ ਕਿਹਾ ਕਿ 'ਯਾਰ ਜਿਗਰੀ ਕਸੂਤੀ ਡਿਗਰੀ' ਸਿਰਫ਼ ਮਨੋਰੰਜਨ ਤੱਕ ਸੀਮਤ ਨਹੀਂ, ਸਗੋਂ ਕਾਲਜ ਲਾਈਫ ਦੀਆਂ ਭਾਵਨਾਵਾਂ, ਦੋਸਤੀ, ਸੰਘਰਸ਼, ਸੁਪਨਿਆਂ ਅਤੇ ਵਿਦਿਆਰਥੀ ਜੀਵਨ ਦੀਆਂ ਹਕੀਕਤਾਂ ਨੂੰ ਪਰਦੇ 'ਤੇ ਪੇਸ਼ ਕਰਨ ਵਾਲੀ ਫਿਲਮ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਇਸ ਨਾਂਅ ਹੇਠ ਆਈਆਂ ਦੋ ਵੈੱਬ ਸੀਰੀਜ਼ ਨੂੰ ਪੰਜਾਬ ਦੇ ਨੌਜਵਾਨਾਂ ਵੱਲੋਂ ਬੇਹੱਦ ਪਿਆਰ ਮਿਲਿਆ ਸੀ ਅਤੇ ਹੁਣ ਇਹ ਫਿਲਮ ਵੀ ਦਰਸ਼ਕਾਂ ਨੂੰ ਇੱਕ ਖਾਸ ਸੰਦੇਸ਼ ਦੇਵੇਗੀ।ਆਸਰਾ ਕਾਲਜ ਦੇ ਚੇਅਰਮੈਨ ਡਾ. ਆਰ. ਕੇ. ਗੋਇਲ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਦੋਸਤੀ ਅਤੇ ਮਨੋਰੰਜਨ ਦੇ ਨਾਲ-ਨਾਲ ਆਪਣੇ ਕਰੀਅਰ 'ਤੇ ਧਿਆਨ ਕੇਂਦਰਿਤ ਕਰਨ ਦੀ ਪ੍ਰੇਰਣਾ ਦਿੱਤੀ।ਉਨ੍ਹਾਂ ਕਿਹਾ ਕਿ ਹਰ ਵਿਦਿਆਰਥੀ ਨੂੰ ਆਪਣੀ ਜ਼ਿੰਦਗੀ ਵਿੱਚ ਇੱਕ ਸਫਲ ਪੇਸ਼ੇਵਰ ਬਣਨ ਦੇ ਨਾਲ-ਨਾਲ ਚੰਗਾ ਇਨਸਾਨ ਬਣਨ ਦਾ ਵੀ ਟੀਚਾ ਰੱਖਣਾ ਚਾਹੀਦਾ ਹੈ।

## ਬੈਡਮਿੰਟਨ 'ਚ ਗਿਆਨ ਸਾਗਰ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ




**ਬਰੇਟਾ (ਰੀਤਵਾਲ)**-ਬੀਤੇ ਦਿਨੀਂ ਲੜਕੀਆਂ ਦੀਆਂ ਬੈਡਮਿੰਟਨ ਖੇਡਾਂ, ਜੋ ਕਿਸ਼ਨਗੜ੍ਹ ਵਿਖੇ ਹੋਈਆਂ, ਇਨ੍ਹਾਂ ਖੇਡਾਂ ਵਿੱਚ ਗਿਆਨ ਸਾਗਰ ਕਾਨਵੈਂਟ ਸਕੂਲ ਦੀਆਂ ਬੱਚੀਆਂ ਨੇ ਵੀ ਹਿੱਸਾ ਲਿਆ ਤੇ ਆਪਣੀ ਖੇਡ ਦਾ ਵਧੀਆ ਪ੍ਰਦਰਸ਼ਨ ਕਰਦੇ ਹੋਏ ਅੰਡਰ-17 ਬੈਡਮਿੰਟਨ ਟੀਮ ਵਿੱਚ ਗੋਲਡ ਮੈਡਲ ਜਿੱਤਿਆ।ਇਨ੍ਹਾਂ ਬੱਚਿਆਂ ਦੇ ਨਾਮ ਖੁਸ਼ੀ ਕਲਾਸ 10ਵੀਂ, ਵੰਸ਼ਿਕਾ ਕਲਾਸ 10ਵੀਂ, ਸੁਖਮਨਪ੍ਰੀਤ ਕਲਾਸ 10ਵੀਂ, ਯਸ਼ਿਕਾ ਕਲਾਸ 10ਵੀਂ, ਜੈਸਮੀਨ ਕੌਰ ਕਲਾਸ 9ਵੀਂ ਹਨ।ਇਨ੍ਹਾਂ ਬੱਚੀਆਂ ਵਿੱਚੋਂ ਵੰਸ਼ਿਕਾ, ਸੁਖਮਨਪ੍ਰੀਤ ਕੌਰ ਤੇ ਯਸ਼ਿਕਾ ਦੀ ਸਿਲੈਕਸ਼ਨ ਜ਼ਿਲ੍ਹਾ ਪੱਧਰੀ ਖੇਡਾਂ ਲਈ ਹੋਈ, ਜੋ ਸਾਡੇ ਲਈ ਬੜੀ ਖੁਸ਼ੀ ਵਾਲੀ ਗੱਲ ਹੈ। ਸਕੂਲ ਪ੍ਰਿੰਸੀਪਲ ਭਾਰਤ ਦੀਪ ਗਰਗ ਤੇ ਸਕੂਲ ਚੇਅਰਮੈਨ ਰਾਮਪਾਲ ਸਿੰਘ ਸੇਖੋਂ ਨੇ ਇਨ੍ਹਾਂ ਬੱਚੀਆਂ ਨੂੰ ਮੈਡਲ ਤੇ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਤੇ ਜਿੱਤ ਦੀ ਵਧਾਈ ਦਿੱਤੀ ਅਤੇ ਹੋਰ ਬੱਚੀਆਂ ਨੂੰ ਖੇਡਾਂ ਵਿੱਚ ਵੱਧ ਚੜ੍ਹ ਕੇ ਅੱਗੇ ਆਉਣ ਲਈ ਪ੍ਰੇਰਤ ਕੀਤਾ।

## ਰੂਪ ਵਾਟਿਕਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਮੈਂਗੋ ਡੇ ਮਨਾਇਆ



**ਜਗਰਾਉਂ (ਅਮਿਤ ਖੰਨਾ)**-ਰੂਪ ਵਾਟਿਕਾ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਵਿਖੇ ਜਮਾਤ ਨਰਸਰੀ ਤੋਂ ਯੂ.ਕੇ.ਜੀ. ਦੇ ਵਿਦਿਆਰਥੀਆਂ ਵੱਲੋਂ ਮੈਂਗੋ ਡੇ ਮਨਾਇਆ ਗਿਆ।ਇਸ ਮੌਕੇ ਪਰਿਸਰ ਨੂੰ ਪੀਲੇ ਤੇ ਹਰੇ ਰੰਗ ਦੇ ਗੁਬਾਰਿਆਂ, ਅੰਬ ਦੀਆਂ ਆਕ੍ਰਿਤੀਆਂ, ਰੰਗ ਬਿਰੰਗੇ ਪੋਸਟਰਾਂ ਤੇ ਮਨਮੋਹਕ ਚਾਰਟਾਂ ਨਾਲ ਸਜਾਇਆ ਗਿਆ।ਇਸ ਮੌਕੇ ਨੰਨ੍ਹੇ-ਮੁਨੇ ਵਿਦਿਆਰਥੀ ਪੀਲੇ ਰੰਗ ਦੇ ਕੱਪੜੇ ਪਾ ਕੇ ਆਏ ਤੇ ਬੱਚਿਆਂ ਨੇ ਅੰਬ ਸੰਬੰਧਤ ਚਾਰਟ ਬਣਾ ਕੇ ਆਪਣੀ ਸਿਰਜਣਾਤਮਕਤਾ ਤੋਂ ਜਾਣੂੰ ਕਰਵਾਇਆ।ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਅੰਬ ਦੇ ਮਹੱਤਵ ਤੇ ਉਸ ਦੇ ਪੌਸ਼ਟਿਕ ਤੱਤਾਂ ਬਾਰੇ ਤੇ ਕਿਸਮਾਂ ਬਾਰੇ ਜਾਣਕਾਰੀ ਹਾਸਲ ਕੀਤੀ।ਬੱਚਿਆਂ ਨੇ ਫਰੂਟੀ ਦਾ ਅਨੰਦ ਮਾਣਿਆ, ਜਿਸ ਨਾਲ ਵਾਤਾਵਰਨ ਹੋਰ ਵੀ ਅਨੰਦ ਮਗਨ ਹੋ ਗਿਆ।ਸਕੂਲ ਪ੍ਰਿੰਸੀਪਲ ਸ੍ਰੀਮਤੀ ਵਿੰਮੀ ਠਾਕੁਰ ਨੇ ਬੱਚਿਆਂ ਨੂੰ ਅੰਬ ਦੇ ਪੌਸ਼ਟਿਕ ਗੁਣਾਂ ਤੇ ਮਹੱਤਵ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਜਿਹੇ ਪ੍ਰੋਗਰਾਮਾਂ ਦਾ ਆਯੋਜਨ ਕਰਨ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਫਲਾਂ ਪ੍ਰਤੀ ਜਾਗਰੂਕਤਾ ਲਿਆਉਣ ਦਾ ਹੈ ਤੇ ਉਨ੍ਹਾਂ ਨੂੰ ਇੱਕ ਤੰਦਰੁਸਤ ਜੀਵਨ ਜਿਊਣ ਲਈ ਪ੍ਰੇਰਿਤ ਕਰਨਾ ਹੈ।

## ਸ਼ਹਿਜ਼ਾਦ ਵਿਖੇ ਸ਼ਹੀਦ ਊਧਮ ਸਿੰਘ ਦੇ ਬਰਸੀ ਸਮਾਗਮ ਦੀਆਂ ਤਿਆਰੀਆਂ ਜਾਰੀ



**ਲੁਧਿਆਣਾ (ਸਤੀਸ਼ ਸਚਦੇਵਾ)**-ਕਾਮਾਗਾਟਾਮਾਰੂ ਯਾਦਗਾਰ ਕਮੇਟੀ ਜ਼ਿਲ੍ਹਾ ਲੁਧਿਆਣਾ ਦੀ ਕਾਰਜਕਾਰੀ ਕਮੇਟੀ ਦੀ ਰਹਿਨੁਮਾਈ ਹੇਠ ਇਸ ਦੀ ਸ਼ਹਿਜ਼ਾਦ ਇਕਾਈ ਵੱਲੋਂ 31 ਜੁਲਾਈ ਨੂੰ ਹੋਣ ਵਾਲੇ ਸ਼ਹੀਦੀ ਸਮਾਗਮ ਦੀਆਂ ਜ਼ੋਰਦਾਰ ਤਿਆਰੀਆਂ ਵਿੱਢ ਦਿੱਤੀਆਂ ਗਈਆਂ ਹਨ। ਸ਼ਹਿਜ਼ਾਦ ਇਕਾਈ ਦੀ ਇੱਕ ਅਹਿਮ ਮੀਟਿੰਗ ਸਾਥੀ ਜੋਗਿੰਦਰ ਸਿੰਘ ਸਹਿਜ਼ਾਦ ਤੇ ਪ੍ਰੇਮ ਸਿੰਘ ਸ਼ਹਿਜ਼ਾਦ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਕਾਰਜਾਂ ਦੀ ਪੂਰਤੀ ਸਬੰਧੀ ਆਗੂਆਂ ਤੇ ਵਰਕਰਾਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ।ਆਗੂਆਂ ਨੇ ਮੀਟਿੰਗ ਉਪਰੰਤ ਸਾਂਝੇ ਤੌਰ 'ਤੇ ਵਰਨਣ ਕੀਤਾ ਕਿ 31 ਜੁਲਾਈ ਦੇ ਸ਼ਹਿਜ਼ਾਦ ਸ਼ਹੀਦੀ ਸਮਾਗਮ ਵਿੱਚ ਜਿੱਥੇ ਪਿੰਡਾਂ 'ਚੋਂ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਤੇ ਬੀਬੀਆਂ ਦੀ ਨਿੱਗਰ ਸ਼ਮੂਲੀਅਤ ਹੋਵੇਗੀ, ਉੱਥੇ ਇਲਾਕੇ ਦੇ ਪਿੰਡਾਂ 'ਚੋਂ ਵੀ ਕਮੇਟੀ ਦੇ ਵਰਕਰ ਤੇ ਹਮਦਰਦ ਅਤੇ ਭਰਾਤਰੀ ਜਥੇਬੰਦੀਆਂ ਵੱਧ ਚੜ੍ਹ ਕੇ ਹਾਜ਼ਰੀ ਯਕੀਨੀ ਬਣਾਉਣਗੀਆਂ।ਸ਼ਹੀਦੀ ਸਮਾਗਮ ਦੀ ਪ੍ਰਧਾਨਗੀ ਜ਼ਿਲ੍ਹਾ ਕਾਰਜਕਾਰੀ ਕਮੇਟੀ ਦੇ ਆਗੂ ਐਡਵੋਕੇਟ ਕੁਲਦੀਪ ਸਿੰਘ ਕਿਲ੍ਹਾ ਰਾਏਪੁਰ, ਮਾਸਟਰ ਜਸਦੇਵ ਸਿੰਘ ਲਲਤੋਂ, ਮਲਕੀਤ ਸਿੰਘ ਬੱਦੋਵਾਲ ਤੇ ਬੀਬੀ ਜਸਵੀਰ ਕੌਰ ਜੋਧਾਂ ਕਰਨਗੇ।ਇਸ ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਤੀਰਥ ਸਿੰਘ, ਮੋਹਣ ਸਿੰਘ, ਮਹਿੰਦਰ ਸਿੰਘ ਗਰੇਵਾਲ, ਨਿਰਮਲ ਸਿੰਘ, ਜਗਦੀਸ਼ ਸਿੰਘ, ਭੁਪਿੰਦਰ ਸਿੰਘ, ਮਨਵੀਰ ਸਿੰਘ, ਸੋਨੀ, ਰਾਜੂ, ਰਿੰਕੂ ਤੇ ਕਮਾਂਡੋ ਉਚੇਚੇ ਤੌਰ 'ਤੇ ਸ਼ਾਮਲ ਹੋਏ।

## ਡੀ ਏ ਵੀ ਕਕਰਾਲਾ ਦਾ ਕਲੱਸਟਰ ਪੱਧਰੀ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਸਮਾਣਾ (ਇਕਬਾਲ ਸਿੰਘ ਬੱਲ)**-ਡੀਏਵੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਕਕਰਾਲਾ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਸਕੂਲ ਦੇ ਵਿਦਿਆਰਥੀਆਂ ਨੇ ਡੀਏਵੀ ਕਲੱਸਟਰ ਪੱਧਰੀ ਖੇਡ ਮੁਕਾਬਲਿਆਂ (ਖੋ-ਖੋ) ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੌਸ਼ਨ ਕੀਤਾ।ਇਹ ਖੇਡ ਮੁਕਾਬਲੇ ਡੀਏਵੀ ਪਬਲਿਕ ਸਕੂਲ ਸਮਾਣਾ ਵਿਖੇ ਕਰਵਾਏ ਗਏ।ਮਾਣਯੋਗ ਪ੍ਰਿੰਸੀਪਲ ਸ੍ਰੀਮਤੀ ਸ਼ਿਪਰਾ ਸ਼ਰਮਾ ਦੀ ਪ੍ਰੇਰਨਾਦਾਇਕ ਰਹਿਨੁਮਾਈ ਹੇਠ ਵਿਦਿਆਰਥੀਆਂ ਨੇ ਅਨੁਸ਼ਾਸਨ, ਮਿਹਨਤ ਤੇ ਟੀਮ ਭਾਵਨਾ ਦਾ ਉੱਤਮ ਪ੍ਰਦਰਸ਼ਨ ਕਰਦਿਆਂ ਸ਼ਾਨਦਾਰ ਉਪਲਬਧੀ ਹਾਸਲ ਕੀਤੀ।ਮੁਕਾਬਲੇ ਵਿੱਚ ਅੰਡਰ-14 ਲੜਕੀਆਂ ਵਰਗ ਦੀ ਟੀਮ ਨੇ ਸੋਨੇ ਦਾ ਤਮਗਾ ਤੇ ਅੰਡਰ-14 ਲੜਕੇ ਵਰਗ ਦੀ ਟੀਮ ਨੇ ਚਾਂਦੀ ਦਾ ਤਮਗਾ ਜਿੱਤਿਆ।ਇਸ ਮਾਣਯੋਗ ਉਪਲਬਧੀ 'ਤੇ ਸਕੂਲ ਵਿੱਚ ਵਿਸ਼ੇਸ਼ ਸਨਮਾਨ ਸਮਾਰੋਹ ਤੇ ਤਮਗਾ ਵੰਡ ਸਮਾਗਮ ਕਰਵਾਇਆ ਗਿਆ।ਇਸ ਦੌਰਾਨ ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਵੱਲੋਂ ਸਨਮਾਨਤ ਕੀਤਾ ਗਿਆ ਤੇ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਦੀ ਕਾਮਯਾਬੀ ਦਾ ਜਸ਼ਨ ਮਨਾਇਆ ਗਿਆ। ਪ੍ਰਿੰਸੀਪਲ ਸ੍ਰੀਮਤੀ ਸ਼ਿਪਰਾ ਸ਼ਰਮਾ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਿਹਨਤ, ਸਮਰਪਣ ਤੇ ਲਗਾਤਾਰ ਅਭਿਆਸ ਲਈ ਦਿਲੋਂ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਸਕੂਲ ਪਰਿਵਾਰ ਵਿਦਿਆਰਥੀਆਂ ਦੇ ਉਜਲੇ ਭਵਿੱਖ ਦੀ ਕਾਮਨਾ ਕਰਦਾ ਹੈ ਤੇ ਉਨ੍ਹਾਂ ਨੂੰ ਨਿੱਤ ਨਵੀਆਂ ਉਚਾਈਆਂ ਹਾਸਲ ਕਰਨ ਲਈ ਪ੍ਰੇਰਿਤ ਕਰਦਾ ਰਹੇਗਾ।

# ਬਿਜਲੀ ਕਰਮਚਾਰੀਆਂ ਵੱਲੋਂ ਹੜਤਾਲ ਦੇ ਚੌਥੇ ਦਿਨ ਮੈਨੇਜਮੈਂਟ ਖਿਲਾਫ ਜ਼ੋਰਦਾਰ ਪ੍ਰਦਰਸ਼ਨ










**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਏਕਤਾ ਮੰਚ ਪੰਜਾਬ ਅਤੇ ਜੁਆਇੰਟ ਫੋਰਮ ਪੰਜਾਬ ਦੇ ਸੱਦੇ 'ਤੇ ਅੱਜ ਚੌਥੇ ਦਿਨ ਮਾਸ ਲੀਵ 'ਤੇ ਸਰਕਲ ਫਿਰੋਜ਼ਪੁਰ ਦੇ ਬਿਜਲੀ ਕਰਮਚਾਰੀਆਂ ਨੇ ਸਤੀਸ਼ ਕੁਮਾਰ ਸਕੱਤਰ ਸਬ ਅਰਬਨ ਮੰਡਲ ਫਿਰੋਜ਼ਪੁਰ ਦੀ ਪ੍ਰਧਾਨਗੀ ਹੇਠ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਤੇ ਐਂਪਲਾਈਜ਼ ਵੱਲੋਂ ਸਾਂਝੇ ਤੌਰ 'ਤੇ ਸਿਟੀ ਡਵੀਜ਼ਨ ਤੇ ਸਬ ਅਰਬਨ ਮੰਡਲ ਫਿਰੋਜ਼ਪੁਰ ਰੋਸ ਧਰਨਾ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਰਾਕੇਸ਼ ਸੈਣੀ ਸੀਨੀਅਰ ਮੀਤ ਪ੍ਰਧਾਨ ਪੰਜਾਬ ਤੇ ਪਰਦੀਪ ਕੁਮਾਰ ਸੈਕਟਰੀ ਪੰਜਾਬ ਐਂਪਲਾਈਜ਼, ਸਤੀਸ਼ ਕੁਮਾਰ ਸਾਬਕਾ ਆਗੂ ਪੰਜਾਬ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਵਰ/ਟਰਾਂਸਕੋ ਦੀ ਮੈਨੇਜਮੈਂਟ ਵੱਲੋਂ ਮੰਗੀਆਂ ਮੰਗਾਂ ਜਿਵੇਂ ਕਿ 17 ਜੁਲਾਈ 2020 ਵਾਲਾ ਪੱਤਰ ਰੱਦ ਕਰਕੇ ਕਰਮਚਾਰੀਆਂ ਨੂੰ ਛੇਵਾਂ ਸਕੇਲ ਲਾਗੂ ਕਰਨ, ਸੀਆਰਏ 249/04, 267/11, 281/13 ਵਾਲੇ ਕਰਮਚਾਰੀਆਂ ਦੀ ਸੇਵਾ ਰੈਗੂਲਰ ਕਰਨ, 18 ਪ੍ਰਤੀਸ਼ਤ ਬਕਾਇਆ ਡੀਏ ਦੀ ਕਿਸ਼ਤਾਂ ਜਾਰੀ ਕਰਨਾ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਕਲੈਰੀਕਲ ਭਰਤੀ ਕਰਨ ਆਦਿ ਮੰਗਾਂ ਲਾਗੂ ਜਿਨ੍ਹਾਂ ਚਿਰ ਨਹੀਂ ਕੀਤੀਆਂ ਜਾਂਦੀਆਂ ਉਨ੍ਹਾਂ ਚਿਰ ਸੰਘਰਸ਼ ਜਾਰੀ ਰਹੇਗਾ। ਇਸ ਤੋਂ ਇਲਾਵਾ ਧਰਨੇ ਨੂੰ ਅਸ਼ਵਨੀ ਕੁਮਾਰ




ਸਬ ਅਰਬਨ ਮੰਡਲ ਪ੍ਰਧਾਨ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਨੇ ਕਿਹਾ ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਮਾਸ ਲੀਵ ਨੂੰ ਹੋਰ ਵਧਾਇਆ ਜਾ ਸਕਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰੋਸ਼ਨ ਲਾਲ, ਤਿਰਲੋਚਨ ਸਿੰਘ, ਸੁਖਦੇਵ ਸਿੰਘ, ਰਾਮ ਸੁੱਖ, ਬਲਵੰਤ ਸਿੰਘ, ਅਨਮੋਲ ਸਿੰਘ, ਕਰਮਜੀਤ ਸਿੰਘ, ਰਾਕੇਸ਼ ਕੁਮਾਰ, ਰਣਬੀਰ ਸਿੰਘ ਨੇ ਵੀ ਸੰਬੋਧਨ ਕੀਤਾ।

**ਸਮਰਾਲਾ (ਸੁਰਜੀਤ ਸਿੰਘ) :** ਬਿਜਲੀ ਅਦਾਰੇ ਦੀਆਂ ਮੁਲਾਜ਼ਮ ਜਥੇਬੰਦੀਆਂ ਦੇ ਸੱਦੇ 'ਤੇ ਸਮਰਾਲਾ ਮੰਡਲ ਦੇ ਮੁਲਾਜ਼ਮਾਂ ਨੇ ਲਗਾਤਾਰ ਸਮੂਹਿਕ ਛੁੱਟੀ ਕਰਦੇ ਹੋਏ ਸ਼ਿਕਾਇਤ ਘਰ ਸਮਰਾਲਾ ਵਿਖੇ ਇਕੱਠੇ ਹੋ ਕੇ ਮੰਡਲ ਪ੍ਰਧਾਨ ਸੰਗਤ ਸਿੰਘ ਸੇਖੋਂ ਦੀ ਪ੍ਰਧਾਨਗੀ ਹੇਠ ਰੋਸ ਰੈਲੀ ਕੀਤੀ।ਇਸ ਵਿੱਚ 80% ਮੁਲਾਜ਼ਮਾਂ ਵੱਲੋਂ 21 ਜੁਲਾਈ ਤੋਂ ਸਮੂਹਕ ਛੁੱਟੀ 'ਤੇ ਜਾਣ ਦੇ ਬਾਵਜੂਦ ਮੁਲਾਜ਼ਮਾਂ ਦੀਆਂ ਮੰਗਾਂ ਤੋਂ ਗੱਲਬਾਤ ਵੀ ਨਾ ਕਰਨ ਦੀ ਜ਼ੋਰਦਾਰ ਨਿੰਦਿਆ ਕੀਤੀ ਗਈ।ਇਸ ਰੋਸ ਪ੍ਰਦਰਸ਼ਨ ਨੂੰ ਮੁਲਾਜ਼ਮ ਆਗੂਆਂ ਸੁਰਜੀਤ ਕੁਮਾਰ, ਸਿਮਰਨ ਪ੍ਰੀਤ ਸਿੰਘ, ਗੁਰਸੇਵਕ ਸਿੰਘ, ਖੜਕ ਸਿੰਘ, ਮਨਜੀਤ ਸਿੰਘ ਘੁਲਾਲ, ਗੁਰਦੀਪ ਸਿੰਘ, ਰਣਧੀਰ ਸਿੰਘ, ਪੈਨਸ਼ਨਰਜ਼ ਐਸੋਸੀਏਸ਼ਨ ਦੇ ਸਿੰਕਦਰ ਸਿੰਘ ਸਰਕਲ ਪ੍ਰਧਾਨ, ਜੁਗਲ ਕਿਸ਼ੋਰ ਸਾਹਨੀ, ਜਗਤਾਰ ਸਿੰਘ ਆਦਿ ਨੇ ਸੰਬੋਧਨ ਕਰਦਿਆਂ ਚਿਤਾਵਨੀ ਦਿੱਤੀ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਤੇ ਵਿਸ਼ਾਲ ਕੀਤਾ ਜਾਵੇਗਾ।

**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ) :** ਬਿਜਲੀ ਮੁਲਾਜ਼ਮਾਂ ਵੱਲੋਂ ਆਪਣੀਆਂ ਮੰਗਾਂ ਦੀ ਪੂਰਤੀ ਲਈ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੇ ਈ, ਗਰਿੱਡ ਸਬ ਸਟੇਸ਼ਨ ਯੂਨੀਅਨ, ਪੀ ਐੱਸ ਈ ਬੀ ਇੰਪਲਾਈਜ਼ ਫਡਰੇਸ਼ਨ ਏਟਕ ਅਡਹਾਕ ਕਮੇਟੀ ਪੰਜਾਬ ਦੇ ਸੱਦੇ 'ਤੇ ਡਵੀਜ਼ਨ ਰਾਏਕੋਟ ਦੀਆਂ ਵੱਖ ਵੱਖ ਮੁਲਾਜ਼ਮ ਜਥੇਬੰਦੀਆ ਤੇ ਪੈਨਸ਼ਨ ਯੂਨੀਅਨ ਦੇ ਸਹਿਯੋਗ ਨਾਲ ਅੱਜ ਸੈਂਕੜੇ ਕਰਮਚਾਰੀਆਂ ਤੇ ਪੈਨਸ਼ਨਰਾਂ ਵੱਲੋਂ ਡਵੀਜ਼ਨ ਰਾਏਕੋਟ ਦੇ ਦਫਤਰ ਸਾਹਮਣੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ।ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਵੱਲੋਂ ਮੰਗਾਂ ਨਾ ਮੰਨਣ ਦੇ ਰੋਸ 'ਚ ਅੱਜ ਚੌਥੇ ਦਿਨ ਵੀ ਡਵੀਜ਼ਨ ਰਾਏਕੋਟ ਅੰਦਰ ਲੱਗਭੱਗ 95% ਬਿਜਲੀ ਮੁਲਾਜ਼ਮ ਮਾਸ ਲੀਵ ਕਰ ਕੇ ਹੜਤਾਲ 'ਤੇ ਚਲੇ ਗਏ।ਇਸ ਮੌਕੇ ਟੀ ਐੱਸ ਯੂ ਸਰਕਲ ਪ੍ਰਧਾਨ ਤਰਲੋਚਨ ਸਿੰਘ ਠਠੂਰ, ਹਰਪ੍ਰੀਤ ਸਿੰਘ ਜੇ ਈ ਬੱਸੀਆਂ, ਚਰਨਜੀਤ ਸਿੰਘ ਰਜੋਆਣਾ, ਅਮਨਦੀਪ ਸਿੰਘ ਸਿਧਵਾਂ, ਸੁਰਿੰਦਰ ਸਿੰਘ ਲੋਪੋ, ਜਗਰੂਪ ਸਿੰਘ ਬੀਹਲਾ, ਸੁਖਜੀਤ ਸਿੰਘ ਸੰਘੇੜਾ, ਮਨਜਿੰਦਰ ਸਿੰਘ ਜਿੰਦੂ, ਅਵਤਾਰ ਸਿੰਘ ਬੱਸੀਆਂ, ਹਰਬੰਸ ਸਿੰਘ ਸਾਬਕਾ ਆਗੂ, ਬਲਜੀਤ ਸਿੰਘ ਗਰੇਵਾਲ ਕੁਲ ਹਿੰਦ ਕਿਸਾਨ ਸਭਾ, ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਅਡਹਾਕ ਕਮੇਟੀ ਦੇ ਸਰਕਲ ਮੀਤ ਪ੍ਰਧਾਨ ਮਨਜਿੰਦਰ ਸਿੰਘ, ਡਵੀਜ਼ਨ ਪ੍ਰਧਾਨ ਸਾਧੂ ਸਿੰਘ, ਡਵੀਜ਼ਨ ਸਕੱਤਰ ਬਲਕਾਰ ਸਿੰਘ ਰਾਏਕੋਟ, ਸਰਕਲ ਮੀਤ ਪ੍ਰਧਾਨ ਕੁਰਮਿੰਦਰ ਸਿੰਘ ਤਲਵੰਡੀ, ਗੁਰਜੀਤ ਸਿੰਘ ਲੰਮਾ, ਪਰਮਿੰਦਰ ਸਿੰਘ ਲੱਖਾਂ ਪ੍ਰਧਾਨ, ਬਲਵੀਰ ਸਿੰਘ ਰਾਜੋਆਣਾ, ਜਗਜੀਤ ਸਿੰਘ ਢੇਸੀ,ਸੁਖਦੇਵ ਸਿੰਘ ਜੇ ਈ ਲੱਖਾ, ਸਤਿਨਾਮ ਸਿੰਘ ਲੱਖਾਂ, ਬਹਾਦਰ ਸਿੰਘ ਬੱਸੀਆਂ, ਜੋਗਿੰਦਰ ਸਿੰਘ ਜੱਟਪੁਰੀ ਆਦਿ ਹਾਜ਼ਰ ਸਨ।

**ਦੋਰਾਹਾ (ਹਰਮਿੰਦਰ ਸੇਠ) :** ਟੈਕਨੀਕਲ ਸਰਵਿਸਜ਼ ਯੂਨੀਅਨ (ਭੰਗਲ) ਤੇ ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ, ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਦੇ ਆਗੂਆਂ ਬਲਦੇਵ ਸਿੰਘ, ਜਗਰੂਪ ਸਿੰਘ, ਹਰਪ੍ਰੀਤ ਸਿੰਘ ਨੇ ਪ੍ਰੈੱਸ ਨੂੰ ਸਾਂਝੇ ਰੂਪ ਵਿੱਚ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ ਟੈਕਨੀਕਲ ਸਰਵਿਸਜ਼ ਯੂਨੀਅਨ ਤੇ ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨਾਂ ਅਤੇ ਸਾਂਝਾ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸੱਦੇ 'ਤੇ ਦੋਰਾਹਾ ਮੰਡਲ ਅਧੀਨ ਪੈਂਦੀਆਂ ਵੱਖ ਵੱਖ ਸਬ ਡਵੀਜ਼ਨਾਂ ਜਿਵੇਂ ਸਬ ਅਰਬਨ ਦੋਰਾਹਾ, ਸ਼ਹਿਰੀ ਦੋਰਾਹਾ, ਪਾਇਲ, ਘੁਲਾਲ ਕਲਾਂ, ਘੁਡਾਣੀ ਕਲਾਂ ਦੇ ਬਿਜਲੀ ਕਾਮਿਆਂ ਨੇ ਪੰਜਵੇਂ ਦਿਨ ਸਮੂਹਕ ਛੁੱਟੀ 'ਤੇ ਰਹਿ ਕੇ ਡਵੀਜ਼ਨ ਦੋਰਾਹਾ ਦੇ ਗੇਟ ਅੱਗੇ ਵਿਸ਼ਾਲ ਰੋਸ ਰੈਲੀ ਕੀਤੀ। ਰੈਲੀ ਨੂੰ ਸੰਬੋਧਨ ਕਰਦੇ ਹੋਏ ਵੱਖ ਵੱਖ ਆਗੂਆਂ ਸੁਖਜੀਤ ਸਿੰਘ, ਜਸਵਿੰਦਰ ਸਿੰਘ, ਰਾਮਪਾਲ ਸਿੰਘ, ਤਰਸੇਮ ਸਿੰਘ, ਅਮਰੀਕ ਸਿੰਘ, ਹਰਪ੍ਰੀਤ ਸਿੰਘ ਆਦਿ ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਨੇ ਮੁਲਾਜ਼ਮ ਮੰਗਾਂ ਮਸਲਿਆਂ ਦਾ ਹੱਲ ਨਾ ਕੀਤਾ ਤਾਂ ਸਮੂਹ ਬਿਜਲੀ ਖੇਤਰ ਵਿੱਚ ਕੰਮ ਕਰਦੇ ਕਾਮਿਆਂ ਨੂੰ ਸੰਘਰਸ਼ ਵਿੱਚ ਸ਼ਾਮਲ ਕੀਤਾ ਜਾਵੇਗਾ।

## ਬਿਜਲੀ ਮੁਲਾਜ਼ਮਾਂ ਦੇ ਸੰਘਰਸ਼ ਦੀ ਕਰਾਂਗੇ ਡਟਵੀਂ ਹਮਾਇਤ : ਸੰਯੁਕਤ ਕਿਸਾਨ ਮੋਰਚਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ)**-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਬਿਜਲੀ ਮੁਲਾਜ਼ਮਾਂ ਦਾ ਪੰਜਾਬ ਸਰਕਾਰ ਖ਼ਿਲਾਫ਼ ਆਪਣੀਆਂ ਹੱਕੀ ਤੇ ਵਾਜਿਬ ਮੰਗਾਂ ਨੂੰ ਲੈ ਕੇ ਕਈ ਦਿਨਾਂ ਤੋਂ ਵੱਖ ਵੱਖ ਥਾਵਾਂ 'ਤੇ ਮੋਰਚਾ ਚੱਲ ਰਿਹਾ ਹੈ।ਸੰਯੁਕਤ ਕਿਸਾਨ ਮੋਰਚੇ ਵੱਲੋਂ ਉਨ੍ਹਾਂ ਦੇ ਸੰਘਰਸ਼ ਦੀ ਡਟਵੀਂ ਹਿਮਾਇਤ ਕਰਨ ਦਾ ਐਲਾਨ ਕੀਤਾ ਗਿਆ ਹੈ।ਇਸ ਮੌਕੇ ਬੀ. ਕੇ.ਯੂ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ ਅਬਲੂ, ਬੀ.ਕੇ.ਯੂ ਡਕੌਂਦਾ (ਬੁਰਜ ਗਿੱਲ) ਦੇ ਜ਼ਿਲ੍ਹਾ ਪ੍ਰਧਾਨ ਸਵੰਦਰ ਪੂਰਨ ਸਿੰਘ ਵੱਟੂ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ, ਬੀ ਕੇ ਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੋਬਿੰਦ ਸਿੰਘ ਕੋਟਲੀ ਦਿਉਣ, ਬੀ.ਕੇ.ਯੂ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਸ਼ਿਵਰਾਜ ਸਿੰਘ ਭੰਗਚੜੀ, ਬੀ ਕੇ ਯੂ ਲੱਖੋਵਾਲ (ਟਿਕੈਤ) ਦੇ ਜ਼ਿਲ੍ਹਾ ਪ੍ਰਧਾਨ ਗੁਰਿੰਦਰ ਸਿੰਘ ਡੋਹਕ, ਬੀ.ਕੇ.ਯੂ ਮਾਲਵਾ ਦੇ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਧੂਲਕੋਟ, ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਚੌਧਰੀ ਪਾਲ ਸਿੰਘ ਭੁਲੇਰੀਆਂ, ਬੀਕੇਯੂ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਉੜਾਂਗ, ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਅਸਪਾਲਾਂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮਨਦੀਪ ਸਿੰਘ ਫਕਰਸਰਵਾਲਾ, ਕੁੱਲ ਹਿੰਦ ਕਿਸਾਨ ਸਭਾ (ਪੁੰਨਾਂਵਾਲ) ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਧਰਮਪਾਲ ਸਿੰਘ ਝਬੇਲਵਾਲੀ, ਕੁੱਲ ਹਿੰਦ ਕਿਸਾਨ ਸਭਾ (ਅਜੇ ਭਵਨ) ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਸਿੰਘ ਵਣਵਾਲਾ ਨੇ ਬੋਲਦਿਆਂ ਕਿਹਾ ਕਿ ਬਿਜਲੀ ਮੁਲਾਜ਼ਮਾਂ ਵੱਲੋਂ ਪਿਛਲੀ 21 ਜੁਲਾਈ ਤੋਂ ਪੰਜਾਬ ਸਰਕਾਰ ਤੇ ਬਿਜਲੀ ਬੋਰਡ ਦੀ ਮੈਨੇਜਮੈਂਟ ਖਿਲਾਫ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਲਈ ਸੰਘਰਸ਼ ਵਿੱਢਿਆ ਹੋਇਆ ਹੈ, ਜਿਸ ਦਾ ਸਾਰਥਕ ਹੱਲ ਕੱਢਣ ਦੀ ਬਜਾਏ ਲਗਾਤਾਰ ਮੈਨੇਜਮੈਂਟ ਵੱਲੋਂ ਟਾਲ ਮਟੋਲ ਦੀ ਨੀਤੀ ਅਪਣਾਈ ਜਾ ਰਹੀ, ਜਿਸ ਕਰਕੇ ਕਿਸਾਨਾਂ ਤੇ ਆਮ ਲੋਕਾਂ ਨੂੰ ਮਿਲਣ ਵਾਲੀ ਬਿਜਲੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ।ਸਰਕਾਰ ਦੀਆਂ ਮਾੜੀਆਂ ਨੀਤੀਆਂ ਕਰਕੇ ਹਰ ਵਰਗ ਸੰਘਰਸ਼ ਦੇ ਰਾਹ ਪਿਆ ਹੋਇਆ ਹੈ।ਕਿਸਾਨੀ ਆਗੂਆਂ ਨੇ ਕਿਹਾ ਕਿ 2022 ਵਿੱਚ ਸਰਕਾਰ ਇਨਾਂ ਮੰਗਾਂ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ, ਜਿਸ ਨੂੰ ਹੁਣ ਸਰਕਾਰ ਵੱਲੋਂ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ।ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਕਿਸਾਨੀ ਸੰਘਰਸ਼ ਦੇ ਚਲਦੇ ਬਿਜਲੀ ਮੁਲਾਜ਼ਮ ਕਿਸਾਨਾਂ ਦੀ ਹਮਾਇਤ ਕਰਦੇ ਆਏ ਹਨ।ਹੁਣ ਇਸ ਸੰਘਰਸ਼ ਦੀ ਘੜੀ ਵਿੱਚ ਸੰਯੁਕਤ ਕਿਸਾਨ ਮੋਰਚਾ ਬਿਜਲੀ ਮੁਲਾਜ਼ਮਾਂ ਦੀ ਡਟਵੀਂ ਹਮਾਇਤ ਕਰੇਗਾ।ਇਸ ਮੌਕੇ ਮੋਰਚੇ ਦੇ ਸੀਨੀਅਰ ਆਗੂ ਮਾਸਟਰ ਬਲਵਿੰਦਰ ਸਿੰਘ ਥਾਂਦੇਵਾਲਾ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਜਲਦੀ ਮੀਟਿੰਗ ਦੇ ਕੇ ਬਿਜਲੀ ਮੁਲਾਜ਼ਮ ਦੇ ਸੰਘਰਸ਼ ਦਾ ਹੱਲ ਨਹੀਂ ਕਰਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਯੁਕਤ ਕਿਸਾਨ ਮੋਰਚਾ ਬਿਜਲੀ ਮੁਲਾਜ਼ਮਾਂ ਦੇ ਸੰਘਰਸ਼ ਦੇ ਵਿੱਚ ਉਨ੍ਹਾਂ ਦੇ ਐੱਸ.ਈ ਦਫਤਰ ਸ੍ਰੀ ਮੁਕਤਸਰ ਸਾਹਿਬ ਵੱਲ ਕੂਚ ਕਰਦੇ ਹੋਏ ਸੋਮਵਾਰ ਨੂੰ 11 ਵਜੇ ਕਿਸਾਨਾਂ ਦਾ ਜੱਥਾ ਲੈ ਕੇ ਸ਼ਮੂਲੀਅਤ ਕੀਤੀ ਜਾਵੇਗੀ।

## ਕਾਤਰਾਂ

### ਮਾਰਕਫੈੱਡ ਦੇ ਚੇਅਰਮੈਨ ਇੰਦਰਜੀਤ ਮਾਨ ਨੂੰ ਸਦਮਾ



**ਬਠਿੰਡਾ (ਰਾਜੀਵ ਗੋਇਲ)**-ਪੰਜਾਬ ਮਾਰਕਫੈੱਡ ਦੇ ਚੇਅਰਮੈਨ ਇੰਦਰਜੀਤ ਸਿੰਘ ਮਾਨ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਤਾਇਆ ਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਮੈਂਬਰ ਗੁਰਮੇਲ ਸਿੰਘ ਦਾ ਅਚਨਚੇਤ ਦੇਹਾਂਤ ਹੋ ਗਿਆ। ਇਸ ਦੁੱਖ ਦੀ ਘੜੀ ਵਿੱਚ ਸਮੂਹ ਮਾਨ ਪਰਵਾਰ ਨਾਲ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕੈਬਨਿਟ ਮੰਤਰੀ ਅਮਨ ਅਰੋੜਾ, ਕੈਬਨਿਟ ਮੰਤਰੀ ਹਰਪਾਲ ਚੀਮਾ, ਸਾਬਕਾ ਵਜ਼ੀਰ ਸਿਕੰਦਰ ਸਿੰਘ ਮਲੂਕਾ, ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ, ਇੰਪਰੂਵਮੈਂਟ ਟਰੱਸਟ ਬਠਿੰਡਾ ਦੇ ਚੇਅਰਮੈਨ ਜਤਿੰਦਰ ਸਿੰਘ ਭੱਲਾ, ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਆੜ੍ਹਤੀਆ ਯੂਨੀਅਨ ਦੇ ਪ੍ਰਧਾਨ ਵਿਜੈ ਕੁਮਾਰ ਪੱਪੂ ਸਮੇਤ ਸਮੂਹ ਯੂਨੀਅਨ, ਗੁਰਮੀਤ ਸਿੰਘ ਮੀਤਾ, ਜਸਵੀਰ ਸਿੰਘ ਸਿੱਧੂ, ਰਣਧੀਰ ਸਿੰਘ ਧੀਰਾ ਯੂਥ ਆਗੂ ਆਮ ਆਦਮੀ ਪਾਰਟੀ, ਬੂਟਾ ਸਿੰਘ ਸਿੱਧੂ ਸਾ. ਪ੍ਰਧਾਨ ਨਗਰ ਪੰਚਾਇਤ ਭਗਤਾ, ਜਗਸੀਰ ਸਿੰਘ ਪੰਨੂ ਪ੍ਰਧਾਨ ਨਗਰ ਪੰਚਾਇਤ ਭਗਤਾ, ਰਾਜਵਿੰਦਰ ਸਿੰਘ, ਲਖਵੀਰ ਸਿੰਘ ਵਾਈਸ ਪ੍ਰਧਾਨ ਨਗਰ ਪੰਚਾਇਤ ਭਗਤਾ, ਕੁਨਾਲ ਗਰਗ, ਰਾਮ ਸਿੰਘ ਮਲੂਕਾ, ਕੁਲਵੰਤ ਸਿੰਘ ਮਲੂਕਾ, ਗਗਨਦੀਪ ਗਰੇਵਾਲ ਸਾ. ਚੇਅਰਮੈਨ, ਸੀਰਾ ਮੱਲੂਆਣਾ ਸਮੇਤ ਹਲਕਾ ਰਾਮਪੁਰਾ ਫੂਲ ਦੇ ਵੱਖ-ਵੱਖ ਸਿਆਸੀ, ਵਪਾਰੀ ਤੇ ਧਾਰਮਿਕ ਆਗੂਆਂ ਵੱਲੋਂ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ ਹੈ।

### ਤਰੁਣ ਚੁੱਘ ਨੂੰ ਗੋਰਾ ਪਠੇਲਾ ਨੇ ਦਿੱਤੀ ਵਧਾਈ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ)**-ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਰਾਜੇਸ਼ ਗੋਰਾ ਪਠੇਲਾ ਨੇ ਭਾਜਪਾ ਦੇ ਜਨਰਲ ਸਕੱਤਰ ਤਰੁਣ ਚੁੱਘ ਨੂੰ ਭਾਰਤ ਸਰਕਾਰ ਦੀ ਗ੍ਰਹਿ ਮੰਤਰਾਲੇ ਕਮੇਟੀ ਵਿੱਚ ਮੈਂਬਰ ਵਜੋਂ ਸ਼ਾਮਲ ਕੀਤੇ ਜਾਣ ਤੇ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ। ਗੋਰਾ ਪਠੇਲਾ ਨੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਤਰੁਣ ਚੁੱਘ ਨੂੰ ਬਤੌਰ ਰਾਜਸਭਾ ਮੈਂਬਰ ਵਜੋਂ ਇਸ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ ਹੈ।ਦੱਸ ਦਈਏ ਕਿ ਇਸ ਤੋਂ ਪਹਿਲਾਂ ਇਨ੍ਹਾਂ ਨੂੰ ਰੱਖਿਆ ਮੰਤਰਾਲੇ ਭਾਰਤ ਸਰਕਾਰ ਕਮੇਟੀ ਦਾ ਮੈਂਬਰ ਬਣਾਇਆ ਗਿਆ ਸੀ।

### ਕਰੰਟ ਆਉਣ ਕਾਰਨ ਨੰਦੀ ਦੀ ਮੌਤ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬੀਤੀ ਦੇਰ ਸ਼ਾਮ ਗਿੱਦੜਬਾਹਾ ਵਿਖੇ ਹੋਈ ਬਾਰਿਸ਼ ਕਾਰਨ ਸ਼ਹਿਰ ਦੀ ਸਰਕੂਲਰ ਰੋਡ 'ਤੇ ਸਥਿਤ ਇੰਡੀਅਨ ਬੈਂਕ ਨਜ਼ਦੀਕ ਸੜਕ ਕਿਨਾਰੇ ਲੱਗੇ ਬਿਜਲੀ ਦੇ ਖੰਭੇ ਵਿੱਚ ਕਰੰਟ ਆਉਣ ਕਾਰਨ ਨੰਦੀ ਦੀ ਮੌਕੇ 'ਤੇ ਮੌਤ ਹੋ ਗਈ।ਵਰਨਣਯੋਗ ਹੈ ਕਿ ਉਕਤ ਰੋਡ 'ਤੇ ਸੀਵਰੇਜ ਰਿਪਲੇਸਮੈਂਟ ਦਾ ਕੰਮ ਬੀਤੇ ਕਾਫੀ ਸਮੇਂ ਤੋਂ ਚੱਲ ਰਿਹਾ ਹੈ, ਜਿਸ ਕਾਰਨ ਭੱਠੀ ਵਾਲਾ ਮੋੜ ਤੋਂ ਲੈ ਕੇ ਲੰਬੀ ਵਾਲੇ ਫਾਟਕ ਤੱਕ ਜਗ੍ਹਾ ਜਗ੍ਹਾ ਬਾਰਿਸ਼ ਦਾ ਪਾਣੀ ਤੇ ਚਿੱਕੜ ਫੈਲਿਆ ਹੈ, ਜਿਸ ਕਾਰਨ ਆਮ ਲੋਕ ਇਸ ਰਾਸਤੇ ਤੋਂ ਲੰਘਣ ਵਿਚ ਗੁਰੇਜ ਕਰਦੇ ਹਨ, ਅਜਿਹੇ ਵਿਚ ਕੋਈ ਵੀ ਮਨੁੱਖੀ ਹਾਨੀ ਵੀ ਹੋ ਸਕਦੀ ਸੀ।ਦੂਜੇ ਪਾਸੇ ਖੰਭੇ ਵਿਚ ਕਰੰਟ ਆਉਣ ਕਾਰਨ ਨੰਦੀ ਦੀ ਮੌਤ ਤੋਂ ਬਾਅਦ ਪਾਵਰਕਾਮ ਵੱਲੋਂ ਸੰਬੰਧਤ ਖੰਭੇ ਦੀ ਚੈਕਿੰਗ ਕਰਕੇ ਉਸ ਨੂੰ ਕਰੰਟ ਮੁਕਤ ਕੀਤਾ ਗਿਆ।ਖੇਤੀਬਾੜੀ ਵਿਭਾਗ ਅਨੁਸਾਰ ਅੱਜ ਸਵੇਰ ਤੱਕ ਇਲਾਕੇ ਵਿੱਚ ਕੁੱਲ 3.06 ਐੱਮ.ਐੱਮ. ਬਾਰਿਸ਼ ਦਰਜ ਕੀਤੀ ਗਈ ਹੈ।

## ਕਿਸਾਨ ਸੰਘਰਸ਼ ਕਮੇਟੀ ਨੇ ਕੇਂਦਰ ਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ



**ਮੱਖੂ (ਰਛਪਾਲ ਸਿੰਘ ਸੰਧੂ)**-ਕੇਂਦਰ ਦੀਆਂ ਕਿਸਾਨ ਮਾਰੂ ਨੀਤੀਆਂ ਤਹਿਤ ਅਮਰੀਕਾ ਨਾਲ ਵਪਾਰ ਮੁਕਤ ਸਮਝੌਤੇ ਖਿਲਾਫ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੇ ਕਿਸਾਨ ਆਗੂਆਂ ਵੱਲੋਂ ਨੈਸ਼ਨਲ ਹਾਈਵੇ ਜਾਮ ਕਰਕੇ ਕੇਂਦਰ ਤੇ ਪੰਜਾਬ ਸਰਕਾਰ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਸੂਬਾ ਆਗੂ ਸੁਖਦੇਵ ਸਿੰਘ ਮੰਡ, ਕਰਨੈਲ ਸਿੰਘ ਭੋਲਾ ਨੇ ਕਿਹਾ ਕਿ ਇਹ ਸਮਝੌਤਾ ਕਿਸਾਨੀ ਲਈ ਮੌਤ ਦੇ ਵਾਰੰਟ ਵਾਂਗ ਹੈ, ਕਿਉਂਕਿ ਅਮਰੀਕਾ ਦੇ ਸਸਤੇ ਅਨਾਜ ਦਾ ਦੇਸੀ ਕਿਸਾਨ ਮੰਡੀ 'ਚ ਮੁਕਾਬਲਾ ਨਹੀਂ ਕਰ ਸਕਣਗੇ ਤੇ ਖੇਤੀ 'ਚੋਂ ਬਾਹਰ ਹੋ ਜਾਣਗੇ।ਇਹ ਸਮਝੌਤਾ ਖੇਤੀ 'ਤੇ ਨਿਰਭਰ ਦੇਸ਼ ਦੀ ਵੱਡੀ ਵਸੋਂ ਦੀ ਰੋਜ਼ੀ ਰੋਟੀ ਖੋਹ ਲਵੇਗਾ।ਇਸ ਨੂੰ ਰੋਕਣ ਲਈ ਯੂਨੀਅਨ ਵੱਲੋਂ ਪਿੰਡ ਪਿੰਡ ਜਾਗਰੂਕਤਾ ਮੁਹਿੰਮ ਚਲਾ ਕੇ ਕਿਸਾਨਾਂ ਨੂੰ ਸੰਘਰਸ਼ ਦੇ ਮੈਦਾਨ 'ਚ ਲਿਆਏਗੀ।ਸੁਖਦੇਵ ਸਿੰਘ ਮੰਡ ਵੱਲੋਂ ਦਿੱਲੀ ਦੇ ਜੰਤਰ ਮੰਤਰ 'ਚ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਤੇ ਪੰਜਾਬ ਵਿੱਚ ਬਰਨਾਲਾ 'ਚ ਸਫ਼ਾਈ ਸੇਵਕਾਂ 'ਤੇ ਹੋਏ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।ਇਸ ਮੌਕੇ ਸੁਖਦੇਵ ਸਿੰਘ ਮੰਡ, ਕਰਨੈਲ ਸਿੰਘ ਭੋਲਾ, ਮਨਜੀਤ ਸਿੰਘ, ਗੁਲਾਬ ਸਿੰਘ ਜੋਗੇਵਾਲਾ, ਸੁਖਵਿੰਦਰ ਸਿੰਘ ਸ਼ਿੰਦਾ, ਦਰਬਾਰਾ ਸਿੰਘ ਬਸਤੀ ਸ਼ਾਮੇਵਾਲੀ, ਅਰਜਨ ਸਿੰਘ, ਲਖਵਿੰਦਰ ਸਿੰਘ ਮਹਿਮੂਦ ਵਾਲਾ, ਕੁਲਦੀਪ ਸਿੰਘ ਫੇਮੀਵਾਲਾ, ਸੁਖਦੇਵ ਸਿੰਘ, ਨਿਰਮਲ ਸਿੰਘ, ਹਰਦੀਪ ਸਿੰਘ, ਪਿੱਪਲ ਸਿੰਘ ਨੂਰਪੁਰ, ਮੋਤਾ ਸਿੰਘ, ਬਾਬਾ ਦਰਸ਼ਨ ਸਿੰਘ ਬੁੱਟਰ, ਜਸਵਿੰਦਰ ਸਿੰਘ ਆਦਿ ਕਿਸਾਨ ਹਾਜ਼ਰ ਸਨ।

## ਭਾਰਤੀ ਨੌਜਵਾਨਾਂ ਨੇ ਧਰਮਨਿਰਪੇਖਤਾ, ਲੋਕਤੰਤਰ ਤੇ ਸਮਾਜਿਕ-ਆਰਥਿਕ ਨਿਆਂ ਦੀ ਰੱਖਿਆ ਕੀਤੀ : ਸੀਪੀਆਈ

**ਲੁਧਿਆਣਾ (ਐੱਮ ਐੱਸ ਭਾਟੀਆ)**-ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਜ਼ਿਲ੍ਹਾ ਲੁਧਿਆਣਾ ਨੇ ਦੇਸ਼ ਦੇ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਕਰਨ 'ਤੇ ਵਧਾਈ ਦਿੱਤੀ ਹੈ।ਭਾਰਤੀ ਨੌਜਵਾਨਾਂ ਨੇ ਇੱਕ ਵਾਰ ਫਿਰ ਧਰਮਨਿਰਪੇਖਤਾ, ਲੋਕਤੰਤਰ ਤੇ ਸਮਾਜਿਕ-ਆਰਥਿਕ ਨਿਆਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ ਹੈ।ਅਸੀਂ ਨੀਟ ਪ੍ਰੀਖਿਆ ਰੱਦ ਹੋਣ ਤੋਂ ਬਾਅਦ ਆਪਣੀ ਜਾਨ ਗੁਆਉਣ ਵਾਲੇ ਵਿਦਿਆਰਥੀਆਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ।ਪੁਲਸ ਦੀ ਬੇਰਹਿਮੀ ਕਾਰਨ ਜ਼ਖ਼ਮੀ ਹੋਏ ਵਿਦਿਆਰਥੀਆਂ ਪ੍ਰਤੀ ਵੀ ਅਸੀਂ ਡੂੰਘੀ ਚਿੰਤਾ ਪ੍ਰਗਟ ਕਰਦੇ ਹਾਂ। ਇਹ ਬਹੁਤ ਹੀ ਦੁਖਦਾਈ ਗੱਲ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮ੍ਰਿਤਕ ਤੇ ਜ਼ਖ਼ਮੀ ਵਿਦਿਆਰਥੀਆਂ ਬਾਰੇ ਇੱਕ ਵੀ ਸ਼ਬਦ ਨਹੀਂ ਬੋਲਿਆ।ਕੱਲ੍ਹ ਅੱਧੀ ਰਾਤ ਨੂੰ ਦਿੱਤਾ ਗਿਆ ਉਨ੍ਹਾਂ ਦਾ ਭਾਸ਼ਣ ਇੱਕ ਹੋਰ ਜੁਮਲਾ, ਝੂਠਾਂ ਦਾ ਪੁਲੰਦਾ ਤੇ ਉਨ੍ਹਾਂ ਵਿਦਿਆਰਥੀਆਂ ਪ੍ਰਤੀ ਅਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਸੀ, ਜੋ ਸਮਾਵੇਸ਼ੀ ਸਿੱਖਿਆ ਨੂੰ ਯਕੀਨੀ ਬਣਾਉਣ ਤੇ ਵਿਗਿਆਨਕ ਸੋਚ ਦੇ ਵਿਕਾਸ ਲਈ ਸਿੱਖਿਆ ਪ੍ਰਣਾਲੀ ਵਿੱਚ ਸੁਧਾਰਾਂ ਦੀ ਮੰਗ ਕਰ ਰਹੇ ਹਨ।ਹੁਣ ਸਮਾਂ ਆ ਗਿਆ ਹੈ ਕਿ ਆਰ ਐੱਸ ਐੱਸ-ਭਾਜਪਾ ਦੇ ਫਿਰਕੂ ਤੇ ਵੰਡਪਾਊ ਏਜੰਡੇ ਦਾ ਡੱਟ ਕੇ ਵਿਰੋਧ ਕੀਤਾ ਜਾਵੇ।ਇਹ ਬਿਆਨ ਕਾਮਰੇਡ ਡੀ. ਪੀ. ਮੌੜ (ਜ਼ਿਲ੍ਹਾ ਸਕੱਤਰ, ਸੀਪੀਆਈ ਲੁਧਿਆਣਾ), ਡਾ. ਅਰੁਣ ਮਿਤਰਾ, ਕਾਮਰੇਡ ਐੱਮ. ਐੱਸ. ਭਾਟੀਆ, ਡਾ. ਰਾਜਿੰਦਰਪਾਲ ਸਿੰਘ ਔਲਖ, ਚਮਕੌਰ ਸਿੰਘ, ਰਮੇਸ਼ ਰਤਨ ਤੇ ਵਿਜੈ ਕੁਮਾਰ ਵੱਲੋਂ ਜਾਰੀ ਕੀਤਾ ਗਿਆ।

## ਸਫਾਈ ਸੇਵਕਾਂ 'ਤੇ ਢਾਹੇ ਤਸ਼ੱਦਦ ਖਿਲਾਫ ਵਾਲਮੀਕੀ ਮਜ਼ਬੀ ਸਿੱਖ ਮਹਾਂ ਸਭਾ 'ਚ ਤਿੱਖਾ ਰੋਸ

**ਭਲਕੇ ਮੋਗਾ ਵਿਖੇ ਕੀਤਾ ਜਾਵੇਗਾ ਵਿਸ਼ਾਲ ਰੋਸ ਮਾਰਚ : ਧਾਲੀਵਾਲ**



**ਮੋਗਾ (ਇਕਬਾਲ ਸਿੰਘ ਖਹਿਰਾ)**-ਵਾਲਮੀਕੀ ਮਜਬੀ ਸਿੱਖ ਮਹਾਂਸਭਾ ਦੇ ਚੇਅਰਮੈਨ ਜਗਤਾਰ ਸਿੰਘ ਮਖੂ, ਮਹਾਂਸਭਾ ਦੇ ਪ੍ਰਧਾਨ ਬਲਜਿੰਦਰ ਧਾਲੀਵਾਲ, ਸਕੱਤਰ ਇੰਦਰਪਾਲ ਸਿੰਘ, ਰਾਜਪਾਲ ਸਿੰਘ ਐੱਫਸੀਆਈ, ਗੁਰਤੇਜ ਸਿੰਘ ਵਿੱਤ ਸਕੱਤਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ 6 ਦੱਸਿਆ ਕਿ ਪਿਛਲੇ ਦਿਨੀਂ ਬਰਨਾਲਾ ਪੁਲਸ ਪ੍ਰਸ਼ਾਸਨ ਵੱਲੋਂ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਇਸ਼ਾਰੇ 'ਤੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਸਫਾਈ ਸੇਵਕਾ ਖਾਸ ਕਰਕੇ ਔਰਤਾਂ ਦੇ ਸਿੱਧੀਆਂ ਸਿਰਾਂ ਵਿੱਚ ਡਾਂਗਾਂ ਮਾਰ ਕੇ ਅੰਨ੍ਹਾ ਤਸ਼ੱਦਦ ਕੀਤਾ ਗਿਆ। ਸਫਾਈ ਸੇਵਕਾਂ ਦੀ ਪਸ਼ੂਆਂ ਵਾਂਗ ਕੁੱਟ ਮਾਰ ਕੀਤੀ ਗਈ। ਸਿਰਾਂ ਵਿੱਚ ਸਿੱਧੀਆਂ ਡਾਂਗਾਂ ਮਾਰਨ ਵਿੱਚ ਡੀ ਐੱਸ ਪੀ ਬਰਨਾਲਾ ਸਤਬੀਰ ਸਿੰਘ ਤੇ ਐੱਸਐੱਚਓ ਲਖਵਿੰਦਰ ਸਿੰਘ ਨੇ ਅਹਿਮ ਭੂਮਿਕਾ ਨਿਭਾਈ।ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨਾ ਸਭ ਦਾ ਸੰਵਿਧਾਨਕ ਹੱਕ ਹੈ, ਪਰ ਪੁਲਸ ਪ੍ਰਸ਼ਾਸਨ ਵੱਲੋਂ ਸਫਾਈ ਸੇਵਕਾਂ 'ਤੇ ਅੰਨ੍ਹਾ ਤਸ਼ੱਦਦ ਕਰਕੇ ਇਨ੍ਹਾਂ ਅਫਸਰਾਂ ਨੇ ਸਾਰੇ ਰਿਕਾਰਡ ਤੋੜ ਦਿੱਤੇ।ਪੁਲਸ ਪ੍ਰਸ਼ਾਸਨ ਦੇ ਅੰਨ੍ਹੇ ਤਸ਼ੱਦਦ ਦੇ ਵਿਰੋਧ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ।ਮੋਗਾ ਜ਼ਿਲ੍ਹੇ ਦੇ ਕਾਰਪੋਰੇਸ਼ਨ ਦਫਤਰ ਵਿੱਚ ਜ਼ਿਲ੍ਹੇ ਦੀਆਂ ਸਾਰੀਆਂ ਇਨਸਾਫ ਪਸੰਦ ਜਥੇਬੰਦੀਆਂ ਵੱਲੋਂ ਇੱਕ ਹੰਗਾਮੀ ਮੀਟਿੰਗ ਕੀਤੀ ਗਈ ਤੇ ਜਿਸ ਵਿੱਚ ਫੈਸਲਾ ਕੀਤਾ ਗਿਆ ਕਿ 27 ਜੁਲਾਈ ਨੂੰ ਮੋਗਾ ਸ਼ਹਿਰ ਦੇ ਵਿੱਚ ਵੀ ਇਨਸਾਫ ਪਸੰਦ ਜਥੇਬੰਦੀਆਂ ਵੱਲੋਂ ਵਿਸ਼ਾਲ ਰੋਸ ਮਾਰਚ ਬਾਜ਼ਾਰ ਵਿੱਚ ਕੀਤਾ ਜਾਵੇਗਾ, ਜਿਸ ਵਿੱਚ ਵਾਲਮੀਕੀ/ਮਜ਼ਬੀ ਸਿੱਖ ਮਹਾਂਸਭਾ ਭਰਵੀਂ ਹਾਜ਼ਰੀ ਭਰੇਗੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਅੰਬੇਡਕਰ ਮਿਸ਼ਨ ਤੋਂ ਹਰਬੰਸ ਸਾਗਰ, ਸਾਹਿਲ, ਐੱਫ ਸੀ ਆਈ ਤੋਂ ਸਾਬਕਾ ਐੱਮ ਪੀ ਕੇਵਲ ਸਿੰਘ, ਭਵਾਦਾਸ ਤੋਂ ਨਰੇਸ਼ ਬੋਹਤ, ਚਰਨਜੀਤ ਸਿੰਘ ਸਾਬਕਾ ਸਰਪੰਚ ਕੋਰੇਵਾਲਾ, ਰਿਟਾਇਰਡ ਹੈੱਡਮਾਸਟਰ ਸ਼ਿੰਦਰਪਾਲ ਸਿੰਘ, ਮਾਸਟਰ ਬੂਟਾ ਸਿੰਘ, ਰਾਹੁਲ ਉਜੀਲਵਾਲ ਤੇ ਹੋਰ ਸਾਥੀ ਹਾਜ਼ਰ ਸਨ।

## ਸਫਾਈ ਸੇਵਕਾਂ ਦੇ ਰੋਸ ਪ੍ਰਦਰਸ਼ਨ 'ਚ ਪਹੁੰਚੇ ਰਾਜਾ ਵੜਿੰਗ

**ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਸਾਧਿਆ ਨਿਸ਼ਾਨਾ**



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**
ਸੁਨਾਮ ਨਗਰ ਕੌਂਸਲ ਵਿਖੇ ਸਫਾਈ ਸੇਵਕਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਕੀਤੇ ਜਾ ਰਹੇ ਰੋਸ਼ ਪ੍ਰਦਰਸ਼ਨ ਵਿੱਚ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਉਨ੍ਹਾਂ ਸਫਾਈ ਸੇਵਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਮੰਗਾਂ ਨੂੰ ਸੁਣਿਆ।ਇਸ ਮੌਕੇ ਰਾਜਾ ਵੜਿੰਗ ਨੇ ਪੰਜਾਬ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਸਫਾਈ ਸੇਵਕ ਸ਼ਹਿਰਾਂ ਨੂੰ ਸਾਫ਼-ਸੁਥਰਾ ਰੱਖਣ ਲਈ ਦਿਨ-ਰਾਤ ਮਿਹਨਤ ਕਰਦੇ ਹਨ, ਪਰ ਸਰਕਾਰ ਵੱਲੋਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਸਫਾਈ ਸੇਵਕਾਂ ਦੇ ਹੱਕਾਂ ਲਈ ਉਨ੍ਹਾਂ ਦੇ ਨਾਲ ਖੜ੍ਹੀ ਹੈ ਤੇ ਉਨ੍ਹਾਂ ਦੀਆਂ ਮੰਗਾਂ ਨੂੰ ਹਰ ਪੱਧਰ 'ਤੇ ਉਠਾਇਆ ਜਾਵੇਗਾ।ਰਾਜਾ ਵੜਿੰਗ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਸਫਾਈ ਸੇਵਕਾਂ ਦੀਆਂ ਮੰਗਾਂ ਦਾ ਤੁਰੰਤ ਹੱਲ ਕੀਤਾ ਜਾਵੇ ਤੇ ਉਨ੍ਹਾਂ ਨਾਲ ਇਨਸਾਫ਼ ਕੀਤਾ ਜਾਵੇ। ਇਸ ਦੌਰਾਨ ਸਫਾਈ ਸੇਵਕਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਜਾਰੀ ਰਿਹਾ।

## ਅਧਿਆਪਕਾਂ ਦੀ ਘਾਟ ਖ਼ਿਲਾਫ਼ ਮਾਪਿਆਂ ਤੇ ਬੱਚਿਆਂ ਸਕੂਲ ਨੂੰ ਜਿੰਦਾ ਲਾ ਕੇ ਦਿੱਤਾ ਧਰਨਾ

**ਸਿੱਖਿਆ ਵਿਭਾਗ ਖ਼ਿਲਾਫ਼ ਰੋਸ, ਪ੍ਰਸ਼ਾਸਨ ਤੋਂ ਜਲਦ ਅਧਿਆਪਕ ਭੇਜਣ ਦੀ ਮੰਗ**



ਸਕੂਲ ਨੂੰ ਜਿੰਦਾ ਲਗਾਉਣ ਸਮੇਂ ਦਾ ਦ੍ਰਿਸ਼।

**ਬਰੇਟਾ (ਰੀਤਵਾਲ)**-ਆਦਰਸ਼ ਮਾਡਲ ਸਕੂਲ ਕੁਲਰੀਆਂ ਵਿੱਚ ਲੰਬੇ ਸਮੇਂ ਤੋਂ ਚੱਲ ਰਹੀ ਅਧਿਆਪਕਾਂ ਦੀ ਘਾਟ ਦੇ ਵਿਰੋਧ ਵਿੱਚ ਅੱਜ ਮਾਪਿਆਂ ਤੇ ਵਿਦਿਆਰਥੀਆਂ ਨੇ ਰੋਸ ਪ੍ਰਗਟ ਕਰਦਿਆਂ ਸਕੂਲ ਦੇ ਮੁੱਖ ਗੇਟ ਨੂੰ ਜਿੰਦਾ ਲਾ ਕੇ ਧਰਨਾ ਦਿੱਤਾ।ਇਸ ਮੌਕੇ ਵੱਡੀ ਗਿਣਤੀ ਵਿੱਚ ਪਹੁੰਚੇ ਮਾਪਿਆਂ ਨੇ ਸਰਕਾਰ ਤੇ ਸਿੱਖਿਆ ਵਿਭਾਗ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਦੱਸਣਯੋਗ ਹੈ ਕਿ ਸਕੂਲ ਵਿੱਚ ਵਿਦਿਆਰਥੀਆਂ ਦੀ ਕੁੱਲ ਗਿਣਤੀ 734 ਹੈ, ਜਦਕਿ ਅਧਿਆਪਕਾਂ ਦੀ ਕੁੱਲ ਗਿਣਤੀ 13 ਹੈ।

ਮਾਪਿਆਂ ਦਾ ਕਹਿਣਾ ਹੈ ਕਿ ਸਕੂਲ ਵਿੱਚ ਕਈ ਵਿਸ਼ਿਆਂ ਦੀਆਂ ਅਸਾਮੀਆਂ ਲੰਬੇ ਸਮੇਂ ਤੋਂ ਖਾਲੀ ਪਈਆਂ ਹਨ, ਜਿਸ ਕਾਰਨ ਬੱਚਿਆਂ ਦੀ ਪੜ੍ਹਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ।ਵਾਰ-ਵਾਰ ਸਿੱਖਿਆ ਅਧਿਕਾਰੀਆਂ ਨੂੰ ਸ਼ਿਕਾਇਤ ਕਰਨ ਦੇ ਬਾਵਜੂਦ ਕੋਈ ਸੁਣਵਾਈ ਨਾ ਹੋਣ ਤੋਂ ਬਾਅਦ ਉਨ੍ਹਾਂ ਨੂੰ ਇਹ ਸਖ਼ਤ ਕਦਮ ਚੁੱਕਣਾ ਪਿਆ।ਧਰਨੇ ਵਿੱਚ ਸ਼ਾਮਲ ਵਿਦਿਆਰਥੀਆਂ ਨੇ ਵੀ ਹੱਥਾਂ ਵਿੱਚ ਤਖ਼ਤੀਆਂ ਫੜ ਕੇ ਆਪਣੀ ਪੜ੍ਹਾਈ ਦੇ ਨੁਕਸਾਨ ਬਾਰੇ ਗੱਲ ਰੱਖੀ।

ਧਰਨਾਕਾਰੀਆਂ ਨੇ ਸਾਫ਼ ਕਿਹਾ ਕਿ ਜਦੋਂ ਤੱਕ ਖਾਲੀ ਪਈਆਂ ਅਸਾਮੀਆਂ 'ਤੇ ਅਧਿਆਪਕਾਂ ਦੀ ਨਿਯੁਕਤੀ ਨਹੀਂ ਹੁੰਦੀ, ਸਕੂਲ ਦਾ ਜਿੰਦਾ ਨਹੀਂ ਖੋਲ੍ਹਿਆ ਜਾਵੇਗਾ।ਸੂਚਨਾ ਮਿਲਦਿਆਂ ਹੀ ਮੌਕੇ 'ਤੇ ਪੁੱਜੇ ਡਿਪਟੀ ਡੀ ਓ ਪਰਮਜੀਤ ਸਿੰਘ ਨੇ ਮਾਪਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤੇ ਮਸਲੇ ਨੂੰ ਉੱਚ ਅਧਿਕਾਰੀਆਂ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ।ਉਨ੍ਹਾਂ ਕਿਹਾ ਕਿ ਇੱਕ ਮਹੀਨੇ ਦੇ ਅੰਦਰ ਅੰਦਰ ਸਕੂਲ 'ਚ ਪ੍ਰਿੰਸੀਪਲ ਸਮੇਤ ਅਧਿਆਪਕਾਂ ਦੀਆਂ ਅਸਾਮੀਆਂ ਨੂੰ ਭਰ ਦਿੱਤਾ ਜਾਵੇਗਾ।ਇਸ ਭਰੋਸੇ ਤੋਂ ਬਾਅਦ ਇੱਕ ਵਾਰ ਧਰਨਾਕਾਰੀਆਂ ਵੱਲੋਂ ਧਰਨਾ ਚੁੱਕ ਲਿਆ ਗਿਆ।ਇਸ ਮੌਕੇ ਡਾਕਟਰ ਖਜ਼ਾਨਚੀ ਸ਼ਰਮਾ, ਅਜੈਬ ਸਿੰਘ, ਪਰਮਜੀਤ ਸਿੰਘ ਪੰਮਾ, ਜਸਵੀਰ ਸਿੰਘ ਜੱਸੀ, ਕੁਲਦੀਪ ਬਹਾਦਰਪੁਰ, ਟਿੱਕੂ ਸਿੰਘ, ਜਸਪਾਲ ਸਿੰਘ, ਮੁਖਤਿਆਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਔਰਤਾਂ ਹਾਜ਼ਰ ਸਨ।

## ਨਗਰ ਪੰਚਾਇਤ ਪ੍ਰਧਾਨ ਨੇ ਪੱਲਿਓਂ ਪੈਸੇ ਖਰਚ ਕੇ ਛੱਪੜ ਕਰਵਾਇਆ ਸਾਫ



**ਬਠਿੰਡਾ (ਰਾਜੀਵ ਗੋਇਲ)**-ਨਗਰ ਪੰਚਾਇਤ ਭਗਤਾ ਦੇ ਨਵੇਂ ਚੁਣੇ ਗਏ ਪ੍ਰਧਾਨ ਜਗਸੀਰ ਸਿੰਘ ਸੀਰਾ ਪੰਨੂ ਵੱਲੋਂ ਪਹਿਲਕਦਮੀ ਕਰਦੇ ਹੋਏ ਅੱਜ ਸੋਸ਼ਲ ਮੀਡੀਆ 'ਤੇ ਘੁੰਮ ਰਹੀਆਂ ਉਨ੍ਹਾਂ ਸਾਰੀਆਂ ਵੀਡੀਓਜ਼ 'ਤੇ ਵਿਰਾਮ ਲਗਾ ਦਿੱਤਾ ਗਿਆ, ਜਿਨ੍ਹਾਂ ਵਿੱਚ ਭਗਤਾ ਪਿੰਡ ਅੰਦਰ ਬਣੇ ਛੱਪੜ ਦੇ ਪਾਣੀ ਨੂੰ ਗਲੀਆਂ ਵਿੱਚ ਘੁੰਮਦਾ ਦਿਖਾਇਆ ਜਾਂਦਾ ਸੀ। ਬਰਸਾਤੀ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਸੀਰਾ ਪੰਨੂ ਨੇ ਆਪਣਾ ਨਿੱਜੀ ਟ੍ਰੈਕਟਰ ਲਗਾ ਕੇ ਅਤੇ ਪੱਲਿਓਂ ਪੈਸੇ ਖਰਚ ਕਰਕੇ ਮੁਸੀਬਤ ਆਉਣ ਤੋਂ ਪਹਿਲਾਂ ਹੀ ਉਸ ਛੱਪੜ ਦੇ ਪਾਣੀ ਦੀ ਨਿਕਾਸੀ ਕਰਵਾ ਦਿੱਤੀ ਗਈ। ਪਿਛਲੇ ਕਈ ਦਿਨਾਂ ਤੋਂ ਇਸ ਛੱਪੜ ਦੇ ਗੰਦੇ ਪਾਣੀ ਦੀ ਨਿਕਾਸੀ ਦਾ ਕੰਮ ਚੱਲ ਰਿਹਾ ਹੈ ਤਾਂ ਕਿ ਭਵਿੱਖ ਵਿੱਚ ਬਾਰਿਸ਼ ਸਮੇਂ ਆਮ ਲੋਕਾਂ ਨੂੰ ਕਿਸੇ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਦੱਸਣਾ ਬਣਦਾ ਹੈ ਕਿ ਨਗਰ ਪੰਚਾਇਤ ਦੇ ਪ੍ਰਧਾਨ ਰਹਿ ਚੁੱਕੇ ਤੇ ਮੌਜੂਦਾ ਕੌਂਸਲਰ ਬੂਟਾ ਸਿੰਘ ਨੂੰ ਵੀ ਸਮਾਜਸੇਵਾ ਦਾ ਕਾਫੀ ਸ਼ੌਕ ਹੈ ਤੇ ਉਨ੍ਹਾਂ ਨੇ ਪਿਛਲੇ ਵਰ੍ਹੇ ਹੜ੍ਹਾਂ ਦੀ ਸਥਿਤੀ ਮੌਕੇ ਡਰੇਨ ਦੀ ਸਫਾਈ ਕਰਵਾਈ ਸੀ ਤਾਂ ਕਿ ਸ਼ਹਿਰ ਵਾਸੀਆਂ ਨੂੰ ਆਉਣ ਵਾਲੀ ਮੁਸੀਬਤ ਤੋਂ ਬਚਾਇਆ ਜਾ ਸਕੇ। ਇਸੇ ਤਰ੍ਹਾਂ ਹੀ ਸੀਰਾ ਪੰਨੂ ਵੱਲੋਂ ਛੱਪੜ ਦੀ ਨਿਕਾਸੀ ਕਰਵਾ ਕੇ ਲੋਕਾਂ ਨੂੰ ਆਉਣ ਵਾਲੀ ਸਮੱਸਿਆ ਤੋਂ ਨਿਜਾਤ ਦਿਵਾਈ ਗਈ ਹੈ ਅਤੇ ਪੰਨੂ ਦੇ ਇਸ ਕਦਮ ਨੂੰ ਲੈ ਕੇ ਲੋਕਾਂ ਵੱਲੋਂ ਰੱਜ ਕੇ ਤਾਰੀਫ ਕੀਤੀ ਜਾ ਰਹੀ ਹੈ। ਇਸ ਮੌਕੇ ਕੌਂਸਲਰ ਗੁਰਪ੍ਰੀਤ ਸਿੰਘ ਘਾਰੂ, ਆਪ ਆਗੂ ਕੇਵਲ ਸਿੰਘ ਸਮੇਤ ਉੱਥੋਂ ਦੇ ਵਸਨੀਕ ਹਾਜ਼ਰ ਸਨ।

## ਸ.ਫਾਈ ਸੇਵਕਾਂ ਤੇ ਮੁਲਾਜ਼ਮਾਂ 'ਤੇ ਲਾਠੀਚਾਰਜ ਸਰਕਾਰ ਦੀ ਘਟੀਆ ਹਰਕਤ : ਹਰਦਿਆਲ ਕੰਬੋਜ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**
ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਤੇ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਨੇ ਆਖਿਆ ਕਿ ਬਰਨਾਲਾ ਵਿਖੇ ਸਫ਼ਾਈ ਸੇਵਕਾਂ ਉੱਪਰ ਪੁਲਸ ਤਸੱਦਦ ਢਾਹਿਆ ਗਿਆ ਹੈ, ਜੋ ਕਿ ਬੇਹੱਦ ਨਿੰਦਣਯੋਗ ਤੇ ਘਟੀਆ ਹਰਕਤ ਹੈ।ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਬੀਤੇ ਦਿਨੀਂ ਸੰਸਦ ਦਾ ਘਿਰਾਓ ਕਰਨ ਜਾਂਦੇ ਸੈਂਕੜੇ ਵਿਦਿਆਰਥੀਆਂ ਉੱਪਰ ਕੇਂਦਰ ਸਰਕਾਰ ਦੇ ਹੁਕਮਾਂ ਤੋਂ ਬਾਅਦ ਅੰਨ੍ਹੇਵਾਹ ਲਾਠੀਚਾਰਜ ਕਰਨਾ ਬੇਹੱਦ ਸ਼ਰਮਨਾਕ ਹਰਕਤ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇਸ ਘਟਨਾ ਲਈ ਕੇਵਲ ਤੇ ਕੇਵਲ ਪੰਜਾਬ ਸਰਕਾਰ ਜ਼ਿੰਮੇਵਾਰ ਹੈ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਦੀਆਂ ਸਿੱਖਿਆ ਵਿਰੋਧੀ ਨੀਤੀਆਂ ਦੇ ਕਾਰਨ ਅੱਜ ਦੇਸ਼ ਦੇ ਨੌਜਵਾਨਾਂ ਦਾ ਭਵਿੱਖ ਪੂਰੀ ਤਰ੍ਹਾਂ ਖ਼ਤਰੇ 'ਚ ਹੈ।ਉਨ੍ਹਾਂ ਕਿਹਾ ਕਿ ਦੇਸ਼ ਦਾ ਨੌਜਵਾਨ ਵਰਗ ਸਿੱਖਿਆ ਤੇ ਰੁਜ਼ਗਾਰ ਦੇ ਬਿਹਤਰ ਮੌਕਿਆਂ ਦੀ ਉਮੀਦ ਰੱਖਦਾ ਹੈ, ਪਰ ਕੇਂਦਰ ਸਰਕਾਰ ਦੀਆਂ ਸਿੱਖਿਆ ਵਿਰੋਧੀ ਨੀਤੀਆਂ ਕਾਰਨ ਵਿਦਿਆਰਥੀਆਂ ਤੇ ਨੌਜਵਾਨਾਂ 'ਚ ਨਿਰਾਸ਼ਾ ਵਧ ਰਹੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਵਿਦਿਆਰਥੀਆਂ ਦੀ ਆਵਾਜ਼ ਸੁਣਨ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦੀ ਲੋੜ ਹੈ, ਨਾ ਕਿ ਉਨ੍ਹਾਂ 'ਤੇ ਲਾਠੀਚਾਰਜ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਦੀ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਅੱਜ ਦੇਸ਼ ਦੇ ਨੌਜਵਾਨਾਂ ਦਾ ਭਵਿੱਖ ਖ਼ਤਰੇ 'ਚ ਹੈ।ਉਨ੍ਹਾਂ ਕਿਹਾ ਕਿ ਸਿੱਖਿਆ ਦੇ ਖੇਤਰ 'ਚ ਵਿਦਿਆਰਥੀਆਂ ਨੂੰ ਦਰਪੇਸ਼ ਸਮੱਸਿਆਵਾਂ ਦਾ ਤੁਰੰਤ ਹੱਲ ਕੀਤਾ ਜਾਣਾ ਚਾਹੀਦਾ ਹੈ ਤੇ ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਹਰਦਿਆਲ ਕੰਬੋਜ ਨੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਤੋਂ ਅਸਤੀਫ਼ੇ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ 'ਚ ਅਸਫ਼ਲ ਰਹਿੰਦੀ ਹੈ ਤਾਂ ਇਸ ਦੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਬਰਨਾਲਾ ਦੇ ਸਫ਼ਾਈ ਸੇਵਕਾਂ ਨੂੰ ਵੀ ਉਨ੍ਹਾਂ ਦੇ ਹੱਕ ਮਿਲਣੇ ਚਾਹੀਦੇ ਹਨ ਤੇ ਸਬੰਧਤ ਮੁਲਾਜ਼ਮਾਂ 'ਤੇ ਕਾਰਵਾਈ ਹੋਣੀ ਚਾਹੀਦੀ ਹੈ।

## 13 ਦਿਨ ਬਾਅਦ ਵੀ ਨੌਜਵਾਨ ਦੇ ਕਾਤਲਾਂ ਨੂੰ ਫੜਨ 'ਚ ਪੁਲਸ ਨਾਕਾਮ

**ਕਤਲ ਕੀਤੇ ਨੌਜਵਾਨ ਪੁੱਤਰ ਦਾ ਇਨਸਾਫ਼ ਲੈਣ ਲਈ ਦਰ-ਦਰ ਦੀਆਂ ਠੋਕਰਾਂ ਖਾਣ ਲਈ ਪਰਵਾਰ ਮਜਬੂਰ**



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਬੀਤੇ ਦਿਨੀਂ ਘਰ ਅੱਗੇ ਖੜ੍ਹੀ ਕਾਰ ਪਾਸੇ ਕਰਵਾਉਣ ਨੂੰ ਲੈ ਕੇ ਤਕਰਾਰ ਹੋਈ ਸੀ।ਇਸ ਮਾਮੂਲੀ ਤਕਰਾਰ ਨੇ ਉਸ ਵੇਲੇ ਭਿਆਨਕ ਰੂਪ ਧਾਰਨ ਕਰ ਲਿਆ, ਜਦੋਂ ਇੱਕ ਕੌਂਸਲਰ ਦੇ ਪਤੀ ਦੀ ਅਗਵਾਈ 'ਚ ਆਏ ਇੱਕ ਧਿਰ ਦੇ ਵਿਅਕਤੀਆਂ ਨੇ ਘਰ ਅੱਗੋਂ ਕਾਰ ਪਾਸੇ ਕਰਵਾਉਣ ਨੂੰ ਕਹਿਣ ਵਾਲੀ ਧਿਰ ਦੇ ਮੁੱਖ ਦਰਵਾਜ਼ੇ ਤੋਂ ਉੱਪਰ ਦੀ ਲੰਘ ਕੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਕੀਤੀ ਗਈ ਕੁੱਟਮਾਰ ਦੀ ਤਾਬ ਨਾ ਝੱਲਦਿਆਂ ਇੱਕ ਨੌਜਵਾਨ ਲੜਕੇ ਦੀ ਹਸਪਤਾਲ ਵਿੱਚ ਮੌਤ ਹੋ ਗਈ ਹੈ।ਇਸ ਪੀੜਤ ਪਰਵਾਰ ਤੇ ਇਸ ਦੇ ਰਿਸ਼ਤੇਦਾਰਾਂ ਵੱਲੋਂ ਦੋਸ਼ ਲਾਏ ਜਾ ਰਹੇ ਹਨ ਕਿ ਇਸ ਘਟਨਾ ਦੇ 13 ਦਿਨ ਬੀਤ ਜਾਣ ਦੇ ਬਾਵਜੂਦ ਕਿਸੇ ਵੀ ਦੋਸ਼ੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

ਸ਼ਹਿਰ ਦੀ ਅਮਰੀਕ ਕਲੋਨੀ ਦੇ ਰਹਿਣ ਵਾਲੇ ਮੇਘ ਚੰਦ ਨਾਲ ਆਏ ਕੇਵਲ ਕੁਮਾਰ, ਭਗਵਾਨ ਦਾਸ, ਸੁਰੇਸ਼ ਕੁਮਾਰ ਤੇ ਬੰਟੀ (ਮਿਲਨ ਪੈਲੇਸ) ਨੇ ਦੱਸਿਆ ਕਿ 15 ਜੁਲਾਈ ਨੂੰ ਮੇਘ ਚੰਦ ਦੇ ਘਰ ਦੇ ਅੱਗੇ ਉਨ੍ਹਾਂ ਦੇ ਗੁਆਂਢੀਆਂ ਵੱਲੋਂ ਘਰ ਅੱਗੇ ਕਈ ਦਿਨਾਂ ਤੋਂ ਖੜ੍ਹੀ ਕੀਤੀ ਕਾਰ ਕਾਰਨ ਸਫ਼ਾਈ ਕਰਨ ਵਿੱਚ ਮੁਸ਼ਕਲ ਆਉਣ 'ਤੇ ਕਾਰ ਮਾਲਕ ਨੂੰ ਕਾਰ ਪਾਸੇ ਕਰਨ ਲਈ ਮੇਘ ਰਾਜ ਦੀ ਪਤਨੀ ਨੇ ਕਿਹਾ ਤਾਂ ਅਕਸ਼ੈ ਕੁਮਾਰ ਤੇ ਉਸ ਦੀ ਪਤਨੀ ਨੇ ਉਸ ਨੂੰ ਗਾਲ੍ਹਾਂ ਕੱਢੀਆਂ।ਇਸ ਮਗਰੋਂ ਆਪਣੇ ਘਰ ਵਾਪਸ ਆਈ ਮੇਘ ਚੰਦ ਦੀ ਪਤਨੀ ਨੂੰ 7 ਨੰਬਰ ਵਾਰਡ ਦੇ ਕੌਂਸਲਰ ਦੇ ਪਤੀ ਰਾਜ ਕੁਮਾਰ ਅਤੇ ਉਸ ਦੇ ਪੁੱਤਰ ਨੇ ਗੱਲਬਾਤ ਕਰਨ ਦਾ ਕਹਿ ਕੇ ਦਰਵਾਜ਼ਾ ਖੁੱਲ੍ਹਵਾਇਆ ਤੇ ਦਰਵਾਜ਼ਾ ਖੁੱਲ੍ਹਣ 'ਤੇ ਆਏ ਉਕਤ ਲੋਕਾਂ ਨੇ ਉਸ ਨਾਲ ਧੱਕਾ-ਮੁੱਕੀ ਕੀਤੀ।ਜਦੋਂ ਮੇਘ ਚੰਦ ਦੀ ਪਤਨੀ ਨੇ ਦਰਵਾਜ਼ਾ ਬੰਦ ਕਰ ਲਿਆ ਤਾਂ ਬਹੁਤ ਸਾਰੇ ਹੋਰ ਲੋਕ ਘਰ ਦੇ ਦਰਵਾਜ਼ੇ ਦੀ ਉੱਪਰ ਦੀ ਲੰਘ ਕੇ ਅੰਦਰ ਆ ਗਏ ਤੇ ਉਨ੍ਹਾਂ ਨੇ ਪਰਵਾਰ ਦੇ ਸਾਰੇ ਮੈਂਬਰਾਂ ਦੀ ਕੁੱਟਮਾਰ ਕੀਤੀ।

ਉਨ੍ਹਾਂ ਦੱਸਿਆ ਕਿ ਮੇਘ ਰਾਜ ਦੇ 28 ਸਾਲਾ ਪੁੱਤਰ ਹਰੀਸ਼ ਕੁਮਾਰ ਦੇ ਸਿਰ ਤੇ ਪੇਟ 'ਤੇ ਜ਼ਿਆਦਾ ਸੱਟਾਂ ਲੱਗਣ ਕਾਰਨ ਉਸ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ।ਜਿੱਥੇ ਉਸ ਦੀ ਹਾਲਤ ਗੰਭੀਰ ਹੋਣ ਕਾਰਨ ਲੁਧਿਆਣਾ ਦੇ ਡੀ.ਐੱਮ.ਸੀ. ਹਸਪਤਾਲ ਵਿੱਚ ਰੈਫ਼ਰ ਕੀਤਾ ਗਿਆ, ਜਿੱਥੇ 20 ਜੁਲਾਈ ਨੂੰ ਉਸ ਦੀ ਮੌਤ ਹੋ ਗਈ।

ਮੇਘ ਚੰਦ ਤੇ ਉਸ ਦੇ ਰਿਸ਼ਤੇਦਾਰਾਂ ਨੇ ਕਿਹਾ ਕਿ 15 ਜੁਲਾਈ ਨੂੰ ਮਾਮਲਾ ਦਰਜ ਕਰਨ ਵਾਲੀ ਪਾਤੜਾਂ ਪੁਲਸ ਨੇ ਉਨ੍ਹਾਂ ਦੇ ਨੌਜਵਾਨ ਪੁੱਤਰ ਦੀ ਮੌਤ ਹੋ ਜਾਣ ਤੋਂ ਬਾਅਦ ਵੀ ਕਿਸੇ ਵੀ ਦੋਸ਼ੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ।ਉਨ੍ਹਾਂ ਕਿਹਾ ਕਿ ਇਸ ਸਬੰਧੀ ਉਹ ਕਈ ਵਾਰ ਪਾਤੜਾਂ ਦੇ ਡੀਐੱਸਪੀ ਨੂੰ ਮਿਲ ਚੁੱਕੇ ਹਨ, ਪਰ ਕੋਈ ਸੁਣਵਾਈ ਨਹੀਂ ਹੋ ਰਹੀ।ਉਨ੍ਹਾਂ ਦੋਸ਼ ਲਾਇਆ ਕਿ ਪਾਤੜਾਂ ਪੁਲਸ ਚੌਕੀ ਦੇ ਮੁਖੀ ਵੱਲੋਂ ਉਨ੍ਹਾਂ ਨੂੰ ਖੁਦ ਕਾਤਲਾਂ ਦਾ ਪਤਾ ਲਗਾਉਣ ਲਈ ਕਿਹਾ ਜਾ ਰਿਹਾ ਹੈ।ਇਸ ਸਬੰਧੀ ਡੀਐੱਸਪੀ ਗੁਰਦੀਪ ਸਿੰਘ ਸੰਧੂ ਤੇ ਚੌਕੀ ਮੁਖੀ ਜਸਵਿੰਦਰ ਸਿੰਘ ਨੇ ਕਿਹਾ ਕਿ ਪੁਲਸ ਵੱਲੋਂ ਫ਼ਰਾਰ ਹੋਏ ਸਾਰੇ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ ਤੇ ਜਲਦ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## 29 ਨੂੰ ਬਾਘਾ ਪੁਰਾਣਾ ਤੇ ਫੂਲੇਵਾਲਾ 'ਚ 'ਮੀਰੀ-ਪੀਰੀ ਖ਼ਾਲਸਾ ਮਾਰਚ' ਦਾ ਹੋਵੇਗਾ ਸ਼ਾਨਦਾਰ ਸਵਾਗਤ : ਮਾਹਲਾ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ 24 ਜੁਲਾਈ ਤੋਂ ਆਰੰਭ ਹੋਏ 'ਮੀਰੀ-ਪੀਰੀ ਖ਼ਾਲਸਾ ਮਾਰਚ' ਦੇ 29 ਜੁਲਾਈ ਨੂੰ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਦੇ ਪਿੰਡ ਫੂਲੇਵਾਲਾ, ਸ਼ਹਿਰ ਬਾਘਾ ਪੁਰਾਣਾ ਤੋਂ ਹੁੰਦਾ ਹੋਇਆ ਲੰਗੇਆਣਾ, ਪੁਰਾਣਾ, ਨੱਥੂਵਾਲਾ, ਵੱਡਾ ਘਰ ਤੇ ਛੋਟਾ ਘਰ ਵਿਖੇ ਪੁੱਜਣ ਮੌਕੇ ਇਤਿਹਾਸਕ ਅਤੇ ਸ਼ਾਨਦਾਰ ਸਵਾਗਤ ਦੀਆਂ ਤਿਆਰੀਆਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੀ ਇੱਕ ਭਰਵੀਂ ਇਕੱਤਰਤਾ ਗੁਰਦੁਆਰਾ ਸ੍ਰੀ ਮਸਤਾਨ ਸਿੰਘ ਮੋਗਾ ਰੋਡ ਵਿਖੇ ਹਲਕਾ ਇੰਚਾਰਜ ਤੇ ਪਾਰਟੀ ਦੀ ਕੋਰ ਕਮੇਟੀ ਦੇ ਮੈਂਬਰ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਅਗਵਾਈ ਹੇਠ ਹੋਈ।ਮੀਟਿੰਗ ਦੌਰਾਨ ਮਾਰਚ ਦੇ ਸਵਾਗਤ, ਰੂਟ, ਪ੍ਰਬੰਧਾਂ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਆਪਣੇ ਸੰਬੋਧਨ ਦੌਰਾਨ ਜਥੇਦਾਰ ਤੀਰਥ ਸਿੰਘ ਮਾਹਲਾ ਨੇ ਕਿਹਾ ਕਿ 'ਮੀਰੀ-ਪੀਰੀ ਖ਼ਾਲਸਾ ਮਾਰਚ' ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਵਨ ਮੀਰੀ-ਪੀਰੀ ਦਿਵਸ ਨੂੰ ਸਮਰਪਤ ਹੈ, ਜਿਸ ਦਾ ਮਕਸਦ ਸਿੱਖ ਪੰਥ ਦੀ ਸ਼ਾਨਦਾਰ ਵਿਰਾਸਤ, ਗੁਰੂ ਸਾਹਿਬ ਵੱਲੋਂ ਦਿੱਤੇ ਗਏ ਮੀਰੀ-ਪੀਰੀ ਦੇ ਸਿਧਾਂਤ, ਸਿੱਖੀ ਦੇ ਮਹਾਨ ਆਦਰਸ਼ਾਂ ਤੇ ਧਾਰਮਿਕ ਕਦਰਾਂ-ਕੀਮਤਾਂ ਨੂੰ ਸਮਾਜ ਦੇ ਹਰ ਵਰਗ ਤੱਕ ਪਹੁੰਚਾਉਣਾ ਹੈ।ਉਨ੍ਹਾਂ ਕਿਹਾ ਕਿ ਇਸ ਮਾਰਚ ਦਾ ਐਲਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਹਾਲ ਹੀ ਵਿੱਚ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਏ ਪੰਥਕ ਇਕੱਠ ਦੌਰਾਨ ਕੀਤਾ ਗਿਆ ਸੀ ਤੇ ਇਹ ਮਾਰਚ ਪੰਜਾਬ ਭਰ ਵਿਚ ਸਿੱਖ ਕੌਮ ਨੂੰ ਇੱਕਜੁੱਟ ਕਰਨ ਦੇ ਨਾਲ-ਨਾਲ ਨੌਜਵਾਨ ਪੀੜ੍ਹੀ ਨੂੰ ਆਪਣੇ ਇਤਿਹਾਸ ਤੇ ਵਿਰਸੇ ਨਾਲ ਜੋੜਨ ਦਾ ਅਹਿਮ ਉਪਰਾਲਾ ਸਾਬਿਤ ਹੋਵੇਗਾ।ਉਨ੍ਹਾਂ ਸਮੂਹ ਅਕਾਲੀ ਵਰਕਰਾਂ, ਨੌਜਵਾਨਾਂ, ਧਾਰਮਿਕ ਜਥੇਬੰਦੀਆਂ ਤੇ ਇਲਾਕਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ 29 ਜੁਲਾਈ ਨੂੰ ਪਿੰਡ ਫੂਲੇਵਾਲਾ ਤੇ ਬਾਘਾ ਪੁਰਾਣਾ ਵਿਖੇ ਪੁੱਜਣ ਵਾਲੇ ਇਸ ਪਵਿੱਤਰ ਮਾਰਚ ਦਾ ਵੱਡੀ ਗਿਣਤੀ ਵਿੱਚ ਹਾਜ਼ਰ ਹੋ ਕੇ ਨਿੱਘਾ ਤੇ ਯਾਦਗਾਰੀ ਸਵਾਗਤ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਇਹ ਮਾਰਚ ਸਿੱਖ ਕੌਮ ਦੀ ਚੜ੍ਹਦੀ ਕਲਾ, ਏਕਤਾ ਤੇ ਗੁਰੂ ਸਾਹਿਬ ਦੇ ਉਪਦੇਸ਼ਾਂ ਪ੍ਰਤੀ ਅਟੁੱਟ ਸ਼ਰਧਾ ਦਾ ਪ੍ਰਤੀਕ ਹੈ।ਇਸ ਮੌਕੇ ਸ਼ਹਿਰੀ ਪ੍ਰਧਾਨ ਪਵਨ ਢੰਡ, ਐੱਸ.ਜੀ.ਪੀ.ਸੀ. ਮੈਂਬਰ ਸੁਖਹਰਪ੍ਰੀਤ ਸਿੰਘ ਰੋਡੇ, ਕਰਨਲ ਦਰਸ਼ਨ ਸਿੰਘ ਸਮਾਧ ਭਾਈ, ਯੂਥ ਕੋਰ ਕਮੇਟੀ ਮੈਂਬਰ ਸੁਖਜੀਤ ਸਿੰਘ ਮਾਹਲਾ, ਸਾਬਕਾ ਚੇਅਰਮੈਨ ਸੁਖਚਰਨ ਸਿੰਘ ਛਿੰਦਾ, ਇਕੱਤਰ ਸਿੰਘ ਥਰਾਜ, ਸਾਬਕਾ ਚੇਅਰਮੈਨ ਜਤਿੰਦਰ ਸਿੰਘ ਬਿੱਟੂ ਚਨੂੰਵਾਲਾ, ਸਾਬਕਾ ਚੇਅਰਮੈਨ ਹਰਮੇਲ ਸਿੰਘ ਮੌੜ, ਬਲਵਿੰਦਰ ਸਿੰਘ ਜੈਲਦਾਰ, ਜਸਪ੍ਰੀਤ ਸਿੰਘ ਮਾਹਲਾ ਸਮੇਤ ਹੋਰ ਆਗੂਆਂ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਹਲਕਾ ਬਾਘਾ ਪੁਰਾਣਾ ਦੀ ਸੰਗਤ ਇਸ ਇਤਿਹਾਸਕ ਮਾਰਚ ਦਾ ਪੂਰੇ ਉਤਸ਼ਾਹ, ਅਨੁਸ਼ਾਸਨ ਤੇ ਸੇਵਾ ਭਾਵਨਾ ਨਾਲ ਸਵਾਗਤ ਕਰੇਗੀ।ਉਨ੍ਹਾਂ ਕਿਹਾ ਕਿ ਮਾਰਚ ਦੇ ਸਫ਼ਲ ਆਯੋਜਨ ਲਈ ਪਾਰਟੀ ਵਰਕਰਾਂ ਨੂੰ ਵੱਖ-ਵੱਖ ਜ਼ਿੰਮੇਵਾਰੀਆਂ ਵੀ ਸੌਂਪੀਆਂ ਗਈਆਂ ਹਨ ਤਾਂ ਜੋ ਆਉਣ ਵਾਲੀਆਂ ਸੰਗਤਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਸਮੂਹ ਅਕਾਲੀ ਆਗੂਆਂ ਤੇ ਵਰਕਰਾਂ ਨੇ 29 ਜੁਲਾਈ ਨੂੰ ਵੱਡੀ ਗਿਣਤੀ ਵਿੱਚ ਸੰਗਤ ਸਮੇਤ ਪਹੁੰਚ ਕੇ ਮਾਰਚ ਦਾ ਇਤਿਹਾਸਕ ਸਵਾਗਤ ਕਰਨ ਦਾ ਅਹਿਦ ਵੀ ਕੀਤਾ। ਇਸ ਮੌਕੇ ਜਗਮੋਹਨ ਸਿੰਘ ਜੈ ਸਿੰਘ ਵਾਲਾ, ਸੰਜੀਵ ਬਿੱਟੂ ਰੋਡੇ, ਹਰਜੀਤ ਸਿੰਘ ਗਿੱਲ, ਵਪਾਰ ਮੰਡਲ ਪ੍ਰਧਾਨ ਪਵਨ ਗੋਇਲ, ਹਲਕਾ ਯੂਥ ਪ੍ਰਧਾਨ ਗੋਪੀ ਕੋਟਲਾ, ਹਰਜੋਤ ਸਿੰਘ ਡੇਮਰੂ, ਹਰਜਿੰਦਰ ਸਿੰਘ ਰੋਡੇ, ਰਣਧੀਰ ਸਿੰਘ ਥਰਾਜ, ਹਰਮੇਸ਼ ਸਿੰਘ ਸਮਾਲਸਰ,ਦਰਸ਼ਨ ਸਿੰਘ ਥਰਾਜ,ਰਾਜਵਿੰਦਰ ਸਿੰਘ ਜੈਲ ਸਿੰਘ ਵਾਲਾ, ਵਿੱਕੀ ਫੂਲੇਵਾਲਾ, ਪ੍ਰਧਾਨ ਸੁਖਵੀਰ ਸਿੰਘ ਸੁੱਖਾ ਬਰਾੜ, ਪਵਨਦੀਪ ਸਿੰਘ ਚਨੂੰਵਾਲਾ, ਚਮਕੌਰ ਸਿੰਘ ਘੋਲੀਆ, ਸੁਖਮੰਦਰ ਸਿੰਘ ਭਲੂਰ, ਗੋਪੀ ਹਰੀਏਵਾਲਾ, ਜਨਮ ਚਨੂੰਵਾਲਾ, ਰਣਜੀਤ ਸਿੰਘ ਝੀਤੇ, ਜਸਵੀਰ ਸਿੰਘ ਬਰਾੜ, ਭਾਈ ਕਰਮਜੀਤ ਸਿੰਘ, ਕਾਲਾ ਰਾਜੇਆਣਾ ਸਰਕਲ ਪ੍ਰਧਾਨ ਐਸ.ਸੀ.ਵਿੰਗ ਰੋਡੇ, ਮਨੋਜ ਗੋਇਲ, ਰੂਬਲ ਪੂਰੀ, ਚਰਨਪ੍ਰੀਤ ਸਿੰਘ,ਰਵਿੰਦਰ ਰਵੀ, ਐਡਵੋਕੇਟ ਰਾਮ ਬਾਂਸਲ, ਜਿੰਮੀ ਸਰਪੰਚ ਗੱਜਣਵਾਲਾ, ਚੈਰੀ ਭਾਟੀਆ, ਸਰਪੰਚ ਬੂਟਾ ਸਿੰਘ ਢੱਲੂਵਾਲਾ, ਬਲਵੀਰ ਸਿੰਘ ਭੰਗੂ, ਗੁਰਜੰਟ ਸਿੰਘ ਸਦਿਓੜਾ, ਪ੍ਰਧਾਨ ਹਰਜੀਤ ਸਿੰਘ ਕਾਲੇਕੇ, ਜਗਰੂਪ ਸਿੰਘ ਲੰਗੇਆਣਾ, ਪ੍ਰਦੀਪ ਸਿੰਘ ਠੱਠੀ ਭਾਈ,ਕਰਮ ਸਿੰਘ ਮਾਹਲਾ, ਚੰਦਨ ਸੇਠੀ ਤੇ ਹੋਰ ਵੱਡੀ ਗਿਣਤੀ ਵਿਚ ਵਰਕਰ ਹਾਜ਼ਰ ਸਨ।

**ਸਿੱਖ ਸਿਧਾਂਤਾਂ ਤੇ ਗੁਰੂ ਸਾਹਿਬ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਦਾ ਸਾਧਨ ਬਣੇਗਾ 'ਮੀਰੀ-ਪੀਰੀ ਖ਼ਾਲਸਾ ਮਾਰਚ'**



## 108 ਐਂਬੂਲੈਂਸ ਮੁਲਾਜ਼ਮਾਂ ਵੱਲੋਂ ਭਲਕੇ ਸਿਹਤ ਮੰਤਰੀ ਦੀ ਕੋਠੀ ਦੇ ਘਿਰਾਓ ਦਾ ਐਲਾਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੰਗਾਂ ਪੂਰੀਆਂ ਨਾ ਹੋਣ ਤੇ ਲਗਾਤਾਰ ਮਿਲ ਰਹੇ ਭਰੋਸਿਆਂ ਤੋਂ ਪ੍ਰੇਸ਼ਾਨ ਹੋ ਕੇ 108 ਐਂਬੂਲੈਂਸ ਇੰਪਲਾਈਜ਼ ਐਸੋਸੀਏਸ਼ਨ ਪੰਜਾਬ ਨੇ ਸਰਕਾਰ ਖ਼ਿਲਾਫ਼ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਹੈ। ਜਥੇਬੰਦੀ ਵੱਲੋਂ 27 ਜੁਲਾਈ ਨੂੰ ਪਟਿਆਲਾ ਵਿਖੇ ਸਿਹਤ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਦਾ ਵੱਡਾ ਐਲਾਨ ਕੀਤਾ ਗਿਆ ਹੈ। 108 ਐਂਬੂਲੈਂਸ ਇੰਪਲਾਈਜ਼ ਐਸੋਸੀਏਸ਼ਨ, ਪੰਜਾਬ ਵੱਲੋਂ ਜਾਰੀ ਪ੍ਰੈੱਸ ਨੋਟ ਰਾਹੀਂ ਦੱਸਿਆ ਗਿਆ ਕਿ ਮੁਲਾਜ਼ਮ ਪਿਛਲੇ ਕਈ ਸਾਲਾਂ ਤੋਂ ਇੱਕ ਪ੍ਰਾਈਵੇਟ ਕੰਪਨੀ ਅਧੀਨ ਘੱਟ ਤਨਖਾਹਾਂ 'ਤੇ ਕੰਮ ਕਰ ਰਹੇ ਹਨ। ਕਾਨੂੰਨੀ ਤੌਰ 'ਤੇ 8 ਘੰਟੇ ਡਿਊਟੀ ਦੀ ਥਾਂ ਉਨ੍ਹਾਂ ਤੋਂ ਧੱਕੇ ਨਾਲ 12 ਘੰਟੇ ਕੰਮ ਲਿਆ ਜਾਂਦਾ ਹੈ ਅਤੇ 4 ਘੰਟੇ ਦੇ ਵਾਧੂ ਸਮੇਂ ਦਾ ਕੋਈ ਓਵਰਟਾਈਮ ਵੀ ਨਹੀਂ ਦਿੱਤਾ ਜਾਂਦਾ। ਮੁਲਾਜ਼ਮ ਆਗੂਆਂ ਨੇ ਦੱਸਿਆ ਕਿ ਉਹ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ, ਸਿਹਤ ਮੰਤਰੀ ਡਾ. ਬਲਬੀਰ ਸਿੰਘ ਤੇ ਕਈ ਵਿਧਾਇਕਾਂ ਨੂੰ ਮਿਲ ਚੁੱਕੇ ਹਨ, ਪਰ ਹਰ ਵਾਰ ਉਨ੍ਹਾਂ ਨੂੰ ਸਿਰਫ਼ ਲਾਰੇ-ਲੱਪੇ ਹੀ ਮਿਲੇ ਹਨ। ਜਨਵਰੀ 2023 ਵਿੱਚ ਸਿਹਤ ਮੰਤਰੀ ਵੱਲੋਂ ਤਨਖਾਹ ਵਿੱਚ 5000 ਰੁਪਏ ਦੇ ਵਾਧੇ ਦਾ ਕੀਤਾ ਵਾਅਦਾ ਵੀ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ। ਇਸ ਰੋਸ ਵਜੋਂ 27 ਜੁਲਾਈ 2026 (ਸੋਮਵਾਰ) ਨੂੰ ਪੰਜਾਬ ਭਰ ਦੇ ਮੁਲਾਜ਼ਮ ਆਪਣੇ ਪਰਿਵਾਰਾਂ ਸਮੇਤ ਪਟਿਆਲਾ ਵਿਖੇ ਸਿਹਤ ਮੰਤਰੀ ਦੀ ਕੋਠੀ ਦਾ ਘਿਰਾਓ ਕਰਨਗੇ। ਜਥੇਬੰਦੀ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਪ੍ਰਸ਼ਾਸਨ ਨੇ ਕੋਈ ਧੱਕੇਸ਼ਾਹੀ ਕੀਤੀ ਜਾਂ ਮੁੱਖ ਮੰਤਰੀ ਵਲੋਂ ਪੈਨਲ ਮੀਟਿੰਗ ਬੁਲਾ ਕੇ ਮੰਗਾਂ ਨਾ ਮੰਨੀਆਂ ਗਈਆਂ, ਤਾਂ ਤੁਰੰਤ ਪ੍ਰਭਾਵ ਨਾਲ ਪੂਰੇ ਪੰਜਾਬ ਵਿੱਚ 108 ਐਂਬੂਲੈਂਸ ਸੇਵਾਵਾਂ ਠੱਪ ਕਰ ਦਿੱਤੀਆਂ ਜਾਣਗੀਆਂ।

# ਕਮਿਊਨਿਸਟ ਆਗੂ ਮਨਰੇਗਾ ਕਰਮਚਾਰੀਆਂ ਦੀ ਹਮਾਇਤ 'ਤੇ ਆਏ



**ਸ਼ਾਹਕੋਟ (ਗਿਆਨ ਸੈਦਪੁਰੀ)** - ਸੀ ਪੀ ਆਈ ਤਹਿਸੀਲ ਸ਼ਾਹਕੋਟ ਦੇ ਵਿੱਤ ਸਕੱਤਰ ਕਾਮਰੇਡ ਸੁਨੀਲ ਕੁਮਾਰ ਅਤੇ ਤਹਿਸੀਲ ਨਕੋਦਰ ਦੇ ਆਗੂ ਸਿਕੰਦਰ ਸੰਧੂ ਨੇ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਪੰਜਾਬ ਦੇ ਮੁਲਾਜ਼ਮਾਂ ਨੂੰ ਪੰਜਾਬ ਸਰਕਾਰ ਵੱਲੋਂ ਅਣਗੌਲਿਆ ਕੀਤੇ ਜਾਣ ਦੀ ਨਿਖੇਧੀ ਕੀਤੀ ਹੈ। ਆਗੂਆਂ ਕਿਹਾ ਕਿ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਬਜਾਏ ਸਰਕਾਰ ਤਸ਼ੱਦਦ ਕਰ ਰਹੀ ਹੈ। ਕਮਿਊਨਿਸਟ ਆਗੂਆਂ ਨੇ ਬਰਨਾਲਾ ਵਿਖੇ ਸਫ਼ਾਈ ਕਰਮਚਾਰੀਆਂ 'ਤੇ ਕੀਤੇ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਮਨਰੇਗਾ ਮਜ਼ਦੂਰਾਂ ਨਾਲ ਵੀ ਬੇਇਨਸਾਫ਼ੀ ਕੀਤੀ ਜਾ ਰਹੀ ਹੈ। ਉਹ ਲੰਮੇ ਸਮੇਂ ਤੋਂ ਆਪਣੀਆਂ ਮੰਗਾਂ ਲਈ ਜੂਝ ਰਹੇ ਹਨ। ਦੋਵਾਂ ਆਗੂਆਂ ਨੇ ਹੜਤਾਲ 'ਤੇ ਬੈਠੇ ਮਨਰੇਗਾ ਕਰਮਚਾਰੀ ਯੂਨੀਅਨ ਦੇ ਮੁਲਾਜ਼ਮਾਂ ਦੀ ਪੂਰਨ ਹਮਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਸੀ ਪੀ ਆਈ ਮਨਰੇਗਾ ਕਰਮਚਾਰੀਆਂ ਦਾ ਡਟ ਕੇ ਸਾਥ ਦੇਵੇਗੀ। ਮਨਰੇਗਾ ਕਰਮਚਾਰੀਆਂ ਦੀ ਹਮਾਇਤ ਲਈ ਹੜਤਾਲ ਵਾਲੀ ਥਾਂ ਪਹੁੰਚੇ ਆਗੂਆਂ ਵਿੱਚ ਕਾਮਰੇਡ ਸੁਨੀਲ ਕੁਮਾਰ, ਕਾਮਰੇਡ ਸਿਕੰਦਰ ਸੰਧੂ, ਅਵਤਾਰ ਸਿੰਘ, ਬੂਟਾ ਸਿੰਘ ਅਤੇ ਬਲਵਿੰਦਰ ਕੁਮਾਰ ਸ਼ਾਮਲ ਸਨ। ਇਸ ਮੌਕੇ ਕਰਮਚਾਰੀਆਂ ਵਿੱਚ ਦੀਪਕ ਏ.ਪੀ.ਓ., ਸੋਮਨਾਥ, ਸਤਨਾਮ, ਸੋਮ ਰਾਜ, ਹਰਜੋਤ, ਮਨਪ੍ਰੀਤ ਕੌਰ, ਨਵਦੀਪ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਵਿਦਿਆਰਥਣਾਂ ਦੀ ਸ਼ਿਕਾਇਤ 'ਤੇ ਅਧਿਆਪਕ ਮੁਅੱਤਲ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਵਿਦਿਆਰਥਣਾਂ ਵੱਲੋਂ ਗਲਤ ਵਿਵਹਾਰ ਅਤੇ ਧਮਕੀਆਂ ਦੇਣ ਦੀ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰਦਿਆਂ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਮੋਗਾ ਜ਼ਿਲ੍ਹੇ ਦੇ ਪਿੰਡ ਮੋਠਾਂਵਾਲੀ ਦੇ ਸਰਕਾਰੀ ਮਿਡਲ ਸਕੂਲ ਵਿੱਚ ਤਾਇਨਾਤ ਸਮਾਜਿਕ ਸਿੱਖਿਆ ਅਧਿਆਪਕ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਕਾਰਵਾਈ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਨਿਰਦੇਸ਼ਾਂ 'ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ), ਮੋਗਾ ਵੱਲੋਂ ਪੇਸ਼ ਕੀਤੀ ਗਈ ਮੁੱਢਲੀ ਰਿਪੋਰਟ ਉਪੰਰਤ ਕੀਤੀ ਗਈ ਹੈ। ਛੇਵੀਂ ਅਤੇ ਅੱਠਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਦੋਸ਼ ਲਗਾਇਆ ਸੀ ਕਿ ਉਕਤ ਅਧਿਆਪਕ ਨੇ ਉਨ੍ਹਾਂ ਨੂੰ ਗਲਤ ਢੰਗ ਨਾਲ ਛੂਹਿਆ ਅਤੇ ਉਨ੍ਹਾਂ ਨੂੰ ਧਮਕੀ ਦਿੱਤੀ ਕਿ ਜੇਕਰ ਇਸ ਹਰਕਤ ਬਾਰੇ ਕਿਸੇ ਨੂੰ ਦੱਸਿਆ ਤਾਂ ਉਨ੍ਹਾਂ ਨੂੰ ਫੇਲ੍ਹ ਕਰ ਦਿੱਤਾ ਜਾਵੇਗਾ। ਇਸ ਘਟਨਾ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਰ ਬੱਚੇ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਪ੍ਰਮੁੱਖ ਤਰਜੀਹ ਦਿੱਤੀ ਜਾਂਦੀ ਹੈ। ਇਸ ਮਾਮਲੇ ਦੀ ਸਮਾਂਬੱਧ ਜਾਂਚ ਦੇ ਹੁਕਮ ਦਿੱਤੇ ਗਏ ਹਨ ਅਤੇ ਦੋਸ਼ ਸਾਬਤ ਹੋਣ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਨਾਲ ਸਬੰਧਤ ਕਿਸੇ ਵੀ ਸ਼ਿਕਾਇਤ ਨਾਲ ਤਰੁੰਤ ਅਤੇ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਮੁਅੱਤਲੀ ਦੌਰਾਨ ਮੁਲਜ਼ਮ ਨੂੰ ਸੇਵਾ ਨਿਯਮਾਂ ਅਨੁਸਾਰ ਗੁਜ਼ਾਰਾ ਭੱਤਾ ਮਿਲੇਗਾ। ਦਫਤਰ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ), ਮੋਗਾ ਨੂੰ ਉਸ ਦਾ ਮੁੱਖ ਦਫ਼ਤਰ ਨਿਰਧਾਰਤ ਕੀਤਾ ਗਿਆ ਹੈ ਜਿੱਥੇ ਉਸਨੂੰ ਅਗਲੇ ਹੁਕਮਾਂ ਤੱਕ ਰੋਜ਼ਾਨਾ ਆਪਣੀ ਹਾਜ਼ਰੀ ਲਗਾਉਣੀ ਪਵੇਗੀ।



# ਸੁਖਮਨੀ ਸਕੂਲ ਦੇ ਬਰਖ਼ਾਸਤ ਮੁਲਾਜ਼ਮਾਂ ਦੇ ਹੱਕ 'ਚ ਆਈਆਂ ਕਿਸਾਨ ਜਥੇਬੰਦੀਆਂ ਤੇ ਟਰੇਡ ਯੂਨੀਅਨਾਂ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਸੁਖਮਨੀ ਇੰਟਰਨੈਸ਼ਨਲ ਸਕੂਲ ਡੇਰਾਬੱਸੀ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਨੌਕਰੀ ਤੋਂ ਕੱਢੇ ਗਏ ਮੁਲਾਜ਼ਮਾਂ ਦੀ ਬਹਾਲੀ ਲਈ ਵਿੱਢੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਸ਼ਨੀਵਾਰ ਕਿਸਾਨ ਜਥੇਬੰਦੀਆਂ ਅਤੇ ਟਰੇਡ ਯੂਨੀਅਨਾਂ ਦੀ ਇੱਕ ਅਹਿਮ ਸਾਂਝੀ ਕਨਵੈਂਸ਼ਨ ਹੋਈ। ਆਗੂਆਂ ਨੇ ਚਿੰਤਾ ਪ੍ਰਗਟਾਈ ਕਿ ਪਿਛਲੇ 5 ਮਹੀਨਿਆਂ ਤੋਂ ਅੱਤ ਦੀ ਗਰਮੀ ਵਿੱਚ ਮੁਲਾਜ਼ਮ ਸਕੂਲ ਦੇ ਬਾਹਰ ਧਰਨੇ 'ਤੇ ਬੈਠੇ ਹਨ, ਪਰ ਪੰਜਾਬ ਸਰਕਾਰ, ਲੇਬਰ ਕਮਿਸ਼ਨਰ ਅਤੇ ਸਕੂਲ ਪ੍ਰਬੰਧਕਾਂ ਵੱਲੋਂ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ, ਜੋ ਕਿ ਬਹੁਤ ਹੀ ਸ਼ਰਮਨਾਕ ਹੈ।ਆਗੂਆਂ ਨੇ ਦੱਸਿਆ ਕਿ 5 ਮਹੀਨਿਆਂ ਤੋਂ ਰੁਜ਼ਗਾਰ ਬੰਦ ਹੋਣ ਕਾਰਨ ਇਨ੍ਹਾਂ ਕਿਰਤੀਆਂ ਦੇ ਪਰਵਾਰਾਂ ਦਾ ਗੁਜ਼ਾਰਾ ਅਸੰਭਵ ਹੋ ਗਿਆ ਹੈ ਅਤੇ ਬੱਚਿਆਂ ਦੀ ਪੜ੍ਹਾਈ ਰੁਕ ਗਈ ਹੈ। ਪ੍ਰਬੰਧਕਾਂ ਖ਼ਿਲਾਫ਼ ਕੋਈ ਕਾਰਵਾਈ ਨਾ ਹੋਣ ਕਾਰਨ ਪੰਜਾਬ ਸਰਕਾਰ ਅਤੇ ਕਿਰਤ ਵਿਭਾਗ ਦਾ ਵਤੀਰਾ ਬੇਹੱਦ ਸੰਵੇਦਨਹੀਣ ਅਤੇ ਮਤਰੇਈ ਮਾਂ ਵਾਲਾ ਸਾਬਤ ਹੋ ਰਿਹਾ ਹੈ।ਪੀੜਤ ਮੁਲਾਜ਼ਮ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੂੰ ਦੋ ਵਾਰ ਮੰਗ ਪੱਤਰ ਦੇ ਚੁੱਕੇ ਹਨ। ਡੇਰਾਬੱਸੀ ਤੋਂ ਵਿਧਾਇਕ ਦੀ ਕੋਠੀ ਤੱਕ ਪੈਦਲ ਰੋਸ ਮਾਰਚ ਕਰਨ ਦੌਰਾਨ ਉਨ੍ਹਾਂ ਦੇ ਭਰਾ ਨੇ ਇੱਕ ਹਫ਼ਤੇ 'ਚ ਮਸਲਾ ਹੱਲ ਕਰਨ ਦਾ ਭਰੋਸਾ ਦਿੱਤਾ ਸੀ। ਇਸ ਤੋਂ ਬਾਅਦ ਵਿਧਾਇਕ ਦਫ਼ਤਰ ਅੱਗੇ



ਪ੍ਰਦਰਸ਼ਨ ਵੇਲੇ ਮੰਗ ਪੱਤਰ ਰਿਸੀਵ ਨਾ ਕੀਤੇ ਜਾਣ 'ਤੇ ਮਜਬੂਰਨ ਦਫ਼ਤਰ ਦੇ ਬਾਹਰ ਚਿਪਕਾਉਣਾ ਪਿਆ। ਆਗੂਆਂ ਨੇ ਅਫ਼ਸੋਸ ਜਤਾਇਆ ਕਿ ਪੀੜਤਾਂ ਵਿੱਚੋਂ ਕਈ ਕਰਮਚਾਰੀ ਵਿਧਾਇਕ ਦੇ ਆਪਣੇ ਪਿੰਡ ਨਾਲ ਸੰਬੰਧਤ ਹਨ। ਉਨ੍ਹਾਂ ਸਵਾਲ ਕੀਤਾ ਕਿ ਜੋ ਵਿਧਾਇਕ ਆਪਣੇ ਪਿੰਡ ਦੇ ਲੋਕਾਂ ਦਾ ਮਸਲਾ ਹੱਲ ਨਹੀਂ ਕਰ ਸਕਦਾ, ਉਹ ਹਲਕੇ ਦੀ ਬੇਰੁਜ਼ਗਾਰੀ ਕਿਵੇਂ ਦੂਰ ਕਰੇਗਾ? ਮੀਟਿੰਗ ਦੌਰਾਨ ਖੁਲਾਸਾ ਕੀਤਾ ਗਿਆ ਕਿ ਸੁਖਮਨੀ ਸਕੂਲ ਦੇ ਐਡਮਿਨ ਅਫਸਰ ਰਸ਼ਪਾਲ ਸਿੰਘ ਮਾਲਕਾਂ ਦੇ ਵਿਦੇਸ਼ ਹੋਣ ਦਾ ਬਹਾਨਾ ਬਣਾ ਕੇ ਮੁਲਾਜ਼ਮਾਂ ਨੂੰ ਗੁੰਮਰਾਹ ਕਰ ਰਹੇ ਹਨ। ਪ੍ਰਬੰਧਕਾਂ ਦੇ ਇਸ ਟਾਲਮਟੋਲ ਵਾਲੇ ਰਵੱਈਏ ਕਾਰਨ ਜਥੇਬੰਦੀਆਂ ਵਿੱਚ ਭਾਰੀ ਰੋਸ ਹੈ।ਸਰਕਾਰ ਦੀ ਚੁੱਪੀ ਅਤੇ ਮੈਨੇਜਮੈਂਟ ਦੀ ਧੱਕੇਸ਼ਾਹੀ ਖ਼ਿਲਾਫ਼ ਜਥੇਬੰਦੀਆਂ ਨੇ ਐਲਾਨ ਕੀਤਾ ਹੈ ਕਿ 27 ਜੁਲਾਈ ਨੂੰ ਸਕੂਲ/ਕਾਲਜ ਦੇ ਬਾਹਰ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਐਡਮਿਨ ਅਫਸਰ ਰਸ਼ਪਾਲ ਸਿੰਘ ਦਾ ਪੁਤਲਾ ਫੂਕਿਆ ਜਾਵੇਗਾ। ਜੇਕਰ ਫਿਰ ਵੀ ਮਸਲਾ ਹੱਲ ਨਾ ਹੋਇਆ, ਤਾਂ ਮੌਕੇ 'ਤੇ ਹੀ ਤਿੱਖਾ ਐਕਸ਼ਨ ਲਿਆ ਜਾਵੇਗਾ।ਇਸ ਮੀਟਿੰਗ ਵਿੱਚ ਮਨਪ੍ਰੀਤ ਸਿੰਘ (ਸੂਬਾ ਮੀਤ ਪ੍ਰਧਾਨ, ਬੀ ਕੇ ਯੂ ਲੱਖੋਵਾਲ), ਵਿਨੋਦ ਚੁੱਘ (ਸੂਬਾ ਮੀਤ ਪ੍ਰਧਾਨ, ਪੰਜਾਬ ਏਟਕ), ਰਣਜੀਤ ਸਿੰਘ ਰਾਣਾ (ਬਲਾਕ ਪ੍ਰਧਾਨ, ਬੀ ਕੇ ਯੂ ਲੱਖੋਵਾਲ), ਅਤਿੰਦਰ ਸਿੰਘ (ਬੀ ਕੇ ਯੂ ਕਾਦੀਆਂ), ਗੁਰਪਾਲ ਸਿੰਘ ਦੱਪਰ, ਹਰੀ ਸਿੰਘ ਬੋਹੜਾ, ਸੁਰਿੰਦਰ ਸਿੰਘ, ਬਲਵਿੰਦਰ ਸਿੰਘ (ਕੁੱਲ ਹਿੰਦ ਕਿਸਾਨ ਸਭਾ), ਕਾਮਰੇਡ ਬੈਜਨਾਥ (ਸੀਟੂ), ਹਰਵਿੰਦਰ ਸਿੰਘ, ਸੋਮਨਾਥ (ਨਗਰ ਕੌਂਸਲ ਸਫਾਈ ਕਰਮਚਾਰੀ ਯੂਨੀਅਨ), ਕਮਲਜੀਤ ਸਿੰਘ ਅਤੇ ਬਲਜੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਟੋਏ 'ਚ ਡਿੱਗੇ ਦੋ ਮੋਟਰਸਾਈਕਲ ਸਵਾਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਨੂਰਮਹਿਲ ਵਿੱਚ ਬੀਤੇ ਦਿਨੀਂ ਪਾਣੀ ਦਾ ਪਾਈਪ ਟੁੱਟ ਜਾਣ ਕਾਰਨ ਨਗਰ ਕੌਂਸਲ ਵੱਲੋਂ ਉਸ ਪਾਈਪ ਨੂੰ ਠੀਕ ਕਰਕੇ ਪਾਣੀ ਦੀ ਸਪਲਾਈ ਤਾਂ ਦੋ ਚਾਰ ਦਿਨਾਂ ਵਿੱਚ ਬਹਾਲ ਕਰ ਦਿੱਤੀ ਗਈ ਪਰ ਪੁੱਟੇ ਹੋਏ ਟੋਏ ਨੂੰ ਮਿੱਟੀ ਨਾਲ ਭਰਨ ਦਾ ਇਨ੍ਹਾਂ ਦੇ ਕਰਮਚਾਰੀਆਂ ਨੂੰ ਸ਼ਾਇਦ ਚੇਤਾ ਭੁੱਲ ਗਿਆ। ਇਸ ਪੁੱਟੇ ਹੋਏ ਟੋਏ ਤੇ ਉਸ ਗਲੀ ਵਿੱਚੋਂ ਦੀ ਲੰਘਣ ਵਾਲੇ ਦੋ ਮੋਟਰਸਾਈਕਲ ਸਵਾਰ ਦੋ ਨੌਜਵਾਨ ਡਿਗ ਪਏ। ਜਿਨ੍ਹਾਂ ਦੇ ਕੁਝ ਸੱਟਾਂ ਵੀ ਲੱਗੀਆਂ ਤੇ ਟੋਏ ਵਿੱਚੋਂ ਮੋਟਰਸਾਈਕਲ ਕੱਢਣ ਲਈ ਜੇ ਸੀ ਬੀ ਦਾ ਸਹਾਰਾ ਲੈਣਾ ਪਿਆ। ਨਗਰ ਕੌਂਸਲ ਵੱਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਉੱਥੇ ਕੋਈ ਸਾਈਨ ਬੋਰਡ ਵੀ ਨਹੀਂ ਲਗਾਇਆ ਗਿਆ।ਜਦੋਂ ਇਸ ਸਬੰਧੀ ਨਗਰ ਕੌਂਸਲ ਦੇ ਪ੍ਰਧਾਨ ਦੀਪਕ ਕੁਮਾਰ ਦੀਪੂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸੀਵਰੇਜ ਦੀ ਹੋਦੀ ਬੈਠ ਜਾਣ ਕਾਰਨ ਪਾਈਪ ਟੁੱਟ ਗਿਆ ਸੀ। ਗਲਾਡਾ ਦੇ ਕਰਮਚਾਰੀਆਂ ਨੂੰ ਸੱਦਿਆ ਗਿਆ ਹੈ, ਹਾਲ ਦੀ ਘੜੀ ਸਮਾਂ ਲੱਗ ਸਕਦਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਥੋਂ ਦੀ ਧਿਆਨ ਨਾਲ ਲੰਘਿਆ ਜਾਵੇ।



# ਦੋ-ਰੋਜ਼ਾ ਰਾਸ਼ਟਰੀ ਸੈਮੀਨਾਰ 28-29 ਨੂੰ

**ਆਦਮਪੁਰ (ਪਰਮਜੀਤ ਸਿੰਘ)**- ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ,ਖਿਆਲਾ, ਜਲੰਧਰ ਦੇ ਇਤਿਹਾਸ ਵਿਭਾਗ, ਯੂਨੀਵਰਸਿਟੀ ਇੰਸਟੀਚਿਊਟ ਆਫ਼ ਹਿਊਮਨਿਟੀਜ਼, ਵੱਲੋਂ 28-29 ਜੁਲਾਈ, 2026 ਨੂੰ ਦੋ-ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਜਾ ਰਿਹਾ ਹੈ।

ਇਸ ਸੈਮੀਨਾਰ ਬਾਰੇ ਜਾਣਕਾਰੀ ਦਿੰਦਿਆਂ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. (ਡਾ.) ਪਲਵਿੰਦਰ ਸਿੰਘ ਨੇ ਕਿਹਾ ਕਿ 1947 ਦੀ ਵੰਡ ਸਿਰਫ਼ ਜ਼ਮੀਨ ਜਾਂ ਸਰਹੱਦਾਂ ਦੀ ਵੰਡ ਨਹੀਂ ਸੀ ਸਗੋਂ ਇਹ ਕਰੋੜਾਂ ਲੋਕਾਂ ਦੀਆਂ ਸੰਵੇਦਨਾਵਾਂ, ਸੱਭਿਆਚਾਰ ਅਤੇ ਮਾਨਸਿਕਤਾ 'ਤੇ ਲੱਗਿਆ ਇੱਕ ਅਜਿਹਾ ਅਸਹਿ ਜ਼ਖ਼ਮ ਸੀ ਜਿਸ ਦੇ ਅਸਰ ਅੱਜ ਵੀ ਸਾਡੀ ਸਮੂਹਿਕ ਯਾਦਦਾਸ਼ਤ ਵਿੱਚ ਮੌਜੂਦ ਹਨ।

ਇਹ ਰਾਸ਼ਟਰੀ ਸੈਮੀਨਾਰ ਇਤਿਹਾਸ ਦੇ ਉਹਨਾਂ ਅਣਫੋਲੇ ਪੰਨਿਆਂ, ਪੀੜ੍ਹੀ ਦਰ ਪੀੜ੍ਹੀ ਚੱਲੀ ਆ ਰਹੀ ਮਾਨਸਿਕ ਪੀੜ ਅਤੇ ਵੰਡ ਤੋਂ ਬਾਅਦ ਲੋਕਾਂ ਦੇ ਮੁੜ ਵਸੇਬੇ ਦੇ ਸੰਘਰਸ਼ ਨੂੰ ਵੱਖ-ਵੱਖ ਪਰਤਾਂ ਰਾਹੀਂ ਸਮਝਣ ਦਾ ਇੱਕ ਗੰਭੀਰ ਅਕਾਦਮਿਕ ਯਤਨ ਹੈ। ਸੈਮੀਨਾਰ ਵਿੱਚ ਅਕਾਦਮਿਕ ਵਿਦਵਾਨ (ਸਾਬਕਾ ਪ੍ਰੋ. ਮੰਜੂ ਮਲੋਤਰਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਡਾ.ਜਸਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ, ਡਾ. ਪ੍ਰਮੋਦ ਕੁਮਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਡਾ. ਸਮੀਰ ਕੇਂਦਰੀਯ ਯੂਨੀਵਰਸਿਟੀ, ਪੰਜਾਬ, ਬਠਿੰਡਾ) ਖੋਜਾਰਥੀ ਅਤੇ ਇਤਿਹਾਸਕਾਰ ਹਿੱਸਾ ਲੈਣਗੇ।

# 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਪੁਲਸ ਸਟੇਸ਼ਨ ਤੇ ਧਾਰਮਿਕ ਸਥਾਨਾਂ 'ਤੇ ਕੀਤੀ ਗਈ ਜਾਂਚ

**ਜ਼ੀਰਕਪੁਰ (ਜਤਿੰਦਰ ਕੁਮਾਰ)**- ਪੰਜਾਬ ਸਰਕਾਰ ਦੀ ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ ਮੁਹਿੰਮ ਤਹਿਤ ਸ਼ੁੱਕਰਵਾਰ ਨੂੰ ਜ਼ੀਰਕਪੁਰ ਵਿੱਚ ਸਿਹਤ ਵਿਭਾਗ ਵੱਲੋਂ ਡੇਂਗੂ ਦੀ ਰੋਕਥਾਮ ਲਈ ਵਿਸ਼ੇਸ਼ ਮਾਸ ਕੰਟੇਨਰ ਸਰਵੇ ਕੀਤਾ ਗਿਆ। ਸਰਵੇ ਦੌਰਾਨ ਸ਼ਹਿਰ ਦੇ ਡੇਂਗੂ ਹੌਟਸਪੌਟ ਖੇਤਰਾਂ, ਪੁਲਸ ਸਟੇਸ਼ਨ ਅਤੇ ਵੱਖ-ਵੱਖ ਧਾਰਮਿਕ ਸਥਾਨਾਂ ਦੀ ਜਾਂਚ ਕੀਤੀ ਗਈ। ਇਸ ਦੌਰਾਨ ਜਿਨ੍ਹਾਂ ਘਰਾਂ ਅਤੇ ਥਾਵਾਂ 'ਤੇ ਡੇਂਗੂ ਮੱਛਰ ਦਾ ਲਾਰਵਾ ਮਿਲਿਆ, ਉਨ੍ਹਾਂ ਖ਼ਿਲਾਫ਼ ਨਗਰ ਕੌਂਸਲ ਜ਼ੀਰਕਪੁਰ ਵੱਲੋਂ ਮੌਕੇ 'ਤੇ ਹੀ 6 ਚਲਾਨ ਕੀਤੇ ਗਏ। ਇਹ ਮੁਹਿੰਮ ਸਿਵਲ ਸਰਜਨ ਮੋਹਾਲੀ ਡਾ. ਸੰਗੀਤਾ ਜੈਨ, ਸੀਨੀਅਰ ਮੈਡੀਕਲ ਅਫ਼ਸਰ ਢਕੋਲੀ ਡਾ. ਗਗਨਦੀਪ ਸਿੰਘ ਸ਼ੇਰਗਿੱਲ, ਨੋਡਲ ਅਫ਼ਸਰ ਡਾ. ਸਰਗੁਣ ਗਰੇਵਾਲ ਅਤੇ ਹੈਲਥ ਸੁਪਰਵਾਈਜ਼ਰ ਲਖਵਿੰਦਪਾਲ ਦੀ ਅਗਵਾਈ ਹੇਠ ਚਲਾਈ ਗਈ। ਸਿਹਤ ਵਿਭਾਗ ਦੀਆਂ ਟੀਮਾਂ ਨੇ ਡੇਂਗੂ ਹੌਟਸਪੌਟ ਖੇਤਰਾਂ ਦੇ ਨਾਲ-ਨਾਲ ਮੰਦਰਾਂ, ਗੁਰਦੁਆਰਿਆਂ ਅਤੇ ਹੋਰ ਜਨਤਕ ਥਾਵਾਂ 'ਤੇ ਜਾ ਕੇ ਪਾਣੀ ਵਾਲੇ ਕੰਟੇਨਰਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਅਤੇ ਲੋਕਾਂ ਨੂੰ ਡੇਂਗੂ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ। ਸਰਵੇ ਦੌਰਾਨ ਸਿਹਤ ਕਰਮਚਾਰੀਆਂ ਨੇ ਲੋਕਾਂ ਨੂੰ ਦੱਸਿਆ ਕਿ ਡੇਂਗੂ ਦਾ ਮੱਛਰ ਸਾਫ਼ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਦਿਨ ਵੇਲੇ ਕੱਟਦਾ ਹੈ। ਉਨ੍ਹਾਂ ਕਿਹਾ ਕਿ ਕੂਲਰਾਂ, ਪੁਰਾਣੇ ਟਾਇਰਾਂ, ਗਮਲਿਆਂ, ਫਰਿੱਜ ਦੀਆਂ ਟਰੇਆਂ ਅਤੇ ਹੋਰ ਪਾਣੀ ਵਾਲੇ ਬਰਤਨਾਂ ਨੂੰ ਹਫ਼ਤੇ ਵਿੱਚ ਘੱਟੋ-ਘੱਟ ਇੱਕ ਵਾਰ ਪੂਰੀ ਤਰ੍ਹਾਂ ਸੁੱਕਾ ਕਰਨਾ ਲਾਜ਼ਮੀ ਹੈ, ਤਾਂ ਜੋ ਮੱਛਰ ਦੇ ਪੈਦਾ ਹੋਣ ਦੀ ਸੰਭਾਵਨਾ ਨੂੰ ਖ਼ਤਮ ਕੀਤਾ ਜਾ ਸਕੇ। ਅਧਿਕਾਰੀਆਂ ਨੇ ਦੱਸਿਆ ਕਿ ਤੇਜ਼ ਬੁਖ਼ਾਰ, ਸਿਰ ਦਰਦ, ਅੱਖਾਂ ਦੇ ਪਿੱਛੇ ਦਰਦ ਅਤੇ ਮਾਸਪੇਸ਼ੀਆਂ ਵਿੱਚ ਦਰਦ ਡੇਂਗੂ ਦੇ ਮੁੱਖ ਲੱਛਣ ਹਨ। ਅਜਿਹੇ ਲੱਛਣ ਨਜ਼ਰ ਆਉਣ 'ਤੇ ਲੋਕਾਂ ਨੂੰ ਬਿਨਾਂ ਦੇਰੀ ਆਪਣੇ ਨਜ਼ਦੀਕੀ ਸਰਕਾਰੀ ਸਿਹਤ ਕੇਂਦਰ ਜਾਂ ਹਸਪਤਾਲ ਵਿੱਚ ਜਾ ਕੇ ਖ਼ੂਨ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਇਸ ਦੇ ਨਾਲ ਹੀ ਘਰਾਂ, ਦੁਕਾਨਾਂ, ਦਫ਼ਤਰਾਂ ਅਤੇ ਸਕੂਲਾਂ ਵਿੱਚ ਸਾਫ਼-ਸਫ਼ਾਈ ਬਣਾਈ ਰੱਖਣ ਅਤੇ ਕਿਤੇ ਵੀ ਸਾਫ਼ ਪਾਣੀ ਖੜ੍ਹਾ ਨਾ ਹੋਣ ਦੇਣ ਦੀ ਅਪੀਲ ਵੀ ਕੀਤੀ ਗਈ।



# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ 'ਤੇ ਦਿੱਤਾ ਜ਼ੋਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਨਸ਼ਾ-ਮੁਕਤ ਬਣਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਦੀ ਪ੍ਰਧਾਨਗੀ ਹੇਠ ਨਸ਼ਾ ਮੁਕਤੀ ਮੋਰਚੇ ਦੇ ਕੋਆਰਡੀਨੇਟਰਾਂ ਦੀ ਮੀਟਿੰਗ ਹੋਈ। ਇਸ ਦੌਰਾਨ ਜ਼ਿਲ੍ਹੇ ਵਿੱਚ ਬਣਾਈਆਂ ਗਈਆਂ ਵਿਲੇਜ ਡਿਫੈਂਸ ਕਮੇਟੀਆਂ (ਵੀ ਡੀ ਸੀ) ਦੇ ਕੰਮਕਾਜ ਦੀ ਸਮੀਖਿਆ ਕੀਤੀ ਗਈ। ਮੀਟਿੰਗ ਵਿੱਚ ਨਸ਼ਾ ਮੁਕਤੀ ਮੋਰਚੇ ਦੇ ਦੋਆਬਾ ਜ਼ੋਨ ਦੇ ਇੰਚਾਰਜ ਅਤਿਨ ਅਗਨੀਹੋਤਰੀ, ਜ਼ਿਲ੍ਹਾ ਕੋਆਰਡੀਨੇਟਰ (ਸ਼ਹਿਰੀ) ਕੰਚਨ ਦਿਓਲ, ਜ਼ਿਲ੍ਹਾ ਕੋਆਰਡੀਨੇਟਰ (ਪੇਂਡੂ) ਡਾ. ਮੁਕੇਸ਼ ਕਾਂਡਾ, ਵਾਈਸ ਜ਼ਿਲ੍ਹਾ ਕੋਆਰਡੀਨੇਟਰ ਬਲਜੀਤ, ਮਨਜਿੰਦਰ ਸਿੰਘ ਰਿੰਕੂ ਅਤੇ ਅਸੈਂਬਲੀ ਕੋਆਰਡੀਨੇਟਰਾਂ ਨੇ ਵੀ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਵਿਲੇਜ ਡਿਫੈਂਸ ਕਮੇਟੀਆਂ ਦੇ ਕੰਮਾਂ, ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਅਤੇ ਜਾਰੀ ਦਿਸ਼ਾ-ਨਿਰਦੇਸ਼ਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਨਸ਼ਾ ਮੁਕਤੀ ਮੋਰਚੇ ਦੇ ਅਹੁਦੇਦਾਰਾਂ ਨੇ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੇ ਸੁਝਾਅ ਵੀ ਸਾਂਝੇ ਕੀਤੇ। ਇਸ ਮੌਕੇ ਸ਼ਾਨਦਾਰ ਕੰਮ ਕਰਨ ਵਾਲੀਆਂ ਵਿਲੇਜ ਡਿਫੈਂਸ ਕਮੇਟੀਆਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਨਮਾਨਤ ਵੀ ਕੀਤਾ ਗਿਆ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹਾ ਪੁਲਿਸ ਅਤੇ ਸਿਹਤ ਵਿਭਾਗ ਨੂੰ ਆਪਸੀ ਤਾਲਮੇਲ ਨਾਲ ਪ੍ਰਭਾਵਸ਼ਾਲੀ ਕਾਰਵਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਨਸ਼ਾ ਵੇਚਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਜਿੰਨੀ ਲਾਜ਼ਮੀ ਹੈ, ਉਨ੍ਹਾਂ ਹੀ ਜ਼ਰੂਰੀ ਨਸ਼ੇ ਦੀ ਲਤ ਦਾ ਸ਼ਿਕਾਰ ਹੋਏ ਲੋਕਾਂ ਦਾ ਸਮੇਂ ਸਿਰ ਇਲਾਜ ਅਤੇ ਮੁੜ ਵਸੇਬਾ ਵੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਨਸ਼ਾ ਮੁਕਤੀ ਅਤੇ ਮੁੜ ਵਸੇਬਾ ਕੇਂਦਰ ਚਲਾਇਆ ਜਾ ਰਿਹਾ ਹੈ, ਜਿੱਥੇ ਪ੍ਰਭਾਵਿਤ ਵਿਅਕਤੀਆਂ ਦਾ ਇਲਾਜ ਅਤੇ ਪੁਨਰਵਾਸ ਕੀਤਾ ਜਾ ਰਿਹਾ ਹੈ। ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਨੇ ਦੱਸਿਆ ਕਿ ਨਸ਼ਾ ਮੁਕਤੀ ਐਪ ਰਾਹੀਂ ਵਿਲੇਜ ਡਿਫੈਂਸ ਕਮੇਟੀਆਂ ਵੱਲੋਂ ਦਿੱਤੇ ਜਾ ਰਹੇ ਫੀਡਬੈਕ 'ਤੇ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ।



## ਲੋਕਾਂ ਨੂੰ ਸ੍ਰੀ ਗੁਰੂ ਰਵਿਦਾਸ ਦੇ ਸਮਾਨਤਾ ਤੇ ਮਨੁੱਖਤਾ ਦੇ ਸੰਦੇਸ਼ ਨਾਲ ਜੋੜ ਰਹੀ ਦਸਤਾਵੇਜ਼ੀ ਫਿਲਮ

**ਜਲੰਧਰ, (ਸੁਰਿੰਦਰ ਕੁਮਾਰ)**- ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਿਖਾਈ ਜਾ ਰਹੀ ਵਿਸ਼ੇਸ਼ ਦਸਤਾਵੇਜ਼ੀ ਫਿਲਮ ਨੂੰ ਜ਼ਿਲ੍ਹੇ ਦੇ ਪਿੰਡਾਂ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਜ਼ਿਲ੍ਹੇ ਦੇ ਪਿੰਡ ਢੰਡੋਰੀ, ਲੁਟੇਰਾ ਕਲਾਂ ਅਤੇ ਸੋਹੇਵਾਲ ਵਿਖੇ ਡਾਕੂਮੈਂਟਰੀ ਵੈਨਾਂ 'ਤੇ ਲਗਾਈਆਂ ਗਈਆਂ ਐਲ ਈ ਡੀ ਸਕਰੀਨਾਂ ਰਾਹੀਂ ਪਿੰਡ ਵਾਸੀਆਂ ਨੂੰ ਇਹ ਦਸਤਾਵੇਜ਼ੀ ਫ਼ਿਲਮ ਦਿਖਾਈ ਗਈ। ਦਸਤਾਵੇਜ਼ੀ ਫਿਲਮ ਰਾਹੀਂ ਸੰਗਤ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਮਹਾਨ ਵਿਚਾਰਾਂ ਅਤੇ ਸਮਾਜਿਕ ਸੁਧਾਰਾਂ ਵਿੱਚ ਉਨ੍ਹਾਂ ਦੇ ਯੋਗਦਾਨ ਤੋਂ ਜਾਣੂ ਕਰਵਾਇਆ ਗਿਆ। ਵੱਡੀ ਗਿਣਤੀ ਪਿੰਡ ਵਾਸੀਆਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਿਤ ਦਸਤਾਵੇਜ਼ੀ ਫਿਲਮ ਨੂੰ ਸ਼ਰਧਾ, ਸਤਿਕਾਰ ਅਤੇ ਉਤਸ਼ਾਹ ਨਾਲ ਦੇਖਿਆ। ਡਾਕੂਮੈਂਟਰੀ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਦੇ ਮਹੱਤਵਪੂਰਨ ਪੱਖਾਂ, ਮਹਾਨ ਵਿਚਾਰਾਂ, ਸਮਾਜਿਕ ਨਿਆਂ, ਮਨੁੱਖਤਾ ਦੀ ਸੇਵਾ, ਸੱਚ, ਕਿਰਤ ਅਤੇ ਸਮਾਨਤਾ ਦੇ ਸੁਨੇਹੇ ਨੂੰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ ਹੈ।



## ਉਪ-ਰਾਸ਼ਟਰਪਤੀ ਨੇ ਨੇਤਰਦਾਨ ਸੰਬੰਧੀ ਕਾਲਮ ਸ਼ਾਮਲ ਕਰਨ ਲਈ ਨਿਰਦੇਸ਼ ਜਾਰੀ ਕਰਨ ਦਾ ਦਿੱਤਾ ਭਰੋਸਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਰੋਟਰੀ ਆਈ ਬੈਂਕ ਅਤੇ ਕੋਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ, ਹੁਸ਼ਿਆਰਪੁਰ ਵੱਲੋਂ ਪ੍ਰਧਾਨ ਜੇ ਬੀ ਬਹਿਲ ਦੀ ਅਗਵਾਈ ਹੇਠ ਸਾਬਕਾ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੂੰ ਉਪ-ਰਾਸ਼ਟਰਪਤੀ ਸੀ. ਪੀ. ਰਾਧਾਕ੍ਰਿਸ਼ਨਨ ਦੇ ਨਾਂਅ ਇੱਕ ਬੇਨਤੀ ਪੱਤਰ ਸੌਂਪਿਆ ਗਿਆ।ਬੇਨਤੀ ਪੱਤਰ ਵਿੱਚ ਸੋਸਾਇਟੀ ਵੱਲੋਂ ਅਪੀਲ ਕੀਤੀ ਗਈ ਕਿ ਜਿਵੇਂ ਪੰਜਾਬ ਵਿੱਚ ਨੇਤਰਦਾਨ ਨੂੰ ਉਤਸ਼ਾਹਿਤ ਕਰਨ ਲਈ ਯਤਨ ਕੀਤੇ ਜਾ ਰਹੇ ਹਨ, ਉਸੇ ਤਰ੍ਹਾਂ ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਅਤੇ ਹੋਰ ਵਿਦਿਅਕ ਸੰਸਥਾਵਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਇਸ ਮੁਹਿੰਮ ਨਾਲ ਜੋੜਨ ਅਤੇ ਜਾਗਰੂਕ ਕਰਨ ਲਈ ਉਨ੍ਹਾਂ ਦੇ ਦਾਖਲਾ ਫਾਰਮਾਂ ਅਤੇ ਵਿਦਿਆਰਥੀ ਪਛਾਣ ਪੱਤਰਾਂ (ਆਈ.ਡੀ. ਕਾਰਡਾਂ) ਵਿੱਚ ਨੇਤਰਦਾਨ ਲਈ ਸਹਿਮਤੀ ਦਾ ਇੱਕ ਕਾਲਮ ਸ਼ਾਮਲ ਕੀਤਾ ਜਾਵੇ। ਇਸ ਮੌਕੇ ਸ੍ਰੀ ਅਵਿਨਾਸ਼ ਰਾਏ ਖੰਨਾ ਨੇ ਦੱਸਿਆ ਕਿ ਮਾਣਯੋਗ ਉਪ-ਰਾਸ਼ਟਰਪਤੀ ਨੇ ਇਸ ਸੁਝਾਅ ਨਾਲ ਸਹਿਮਤੀ ਪ੍ਰਗਟ ਕਰਦਿਆਂ ਸੰਬੰਧਤ ਯੂਨੀਵਰਸਿਟੀਆਂ ਅਤੇ ਹੋਰ ਵਿਦਿਅਕ ਸੰਸਥਾਵਾਂ ਨੂੰ ਨਿਯਮਾਂ ਅਨੁਸਾਰ ਨੇਤਰਦਾਨ ਸਬੰਧੀ ਕਾਲਮ ਸ਼ਾਮਲ ਕਰਨ ਲਈ ਨਿਰਦੇਸ਼ ਜਾਰੀ ਕਰਨ ਦਾ ਪੂਰਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਉਪਰਾਲੇ ਨਾਲ ਅੰਧੇਪਨ ਨਾਲ ਪੀੜਤ ਲੋਕਾਂ ਨੂੰ ਨਵੀਂ ਰੋਸ਼ਨੀ ਮਿਲੇਗੀ ਅਤੇ ਦੇਸ਼ ਵਿੱਚ ਅੰਧੇਪਨ ਨੂੰ ਘਟਾਉਣ ਵਿੱਚ ਵੀ ਮਦਦ ਮਿਲੇਗੀ।



# ਸਾਲਾਨਾ ਜੋੜ ਮੇਲਾ ਕਰਵਾਇਆ

**ਟਾਂਡਾ ਉੜਮੁੜ (ਮਿਥਲੇਸ਼ ਗਰਗ,ਜਸਵਿੰਦਰ ਸੰਧੂ)** ਹਰ ਸਾਲ ਦੀ ਤਰਾਂ ਇਸ ਸਾਲ ਵੀ ਧੰਨ ਧੰਨ ਸਰਕਾਰ ਬਾਬਾ ਨੰਦ ਸ਼ਾਹ ਜੀ ਦੀ ਦਰਗਾਹ ਪਿੰਡ ਬੋਦਾਂ ਵਿਖੇ ਦਰਗਾਹ ਦੇ ਗੱਦੀ ਨਸ਼ੀਨ ਬਾਬਾ ਹਾਜ਼ਿਰ ਸ਼ਾਹ ਜੀ ਦੀ ਅਗਵਾਈ ਵਿੱਚ ਸਾਲਾਨਾ ਜੋੜ ਮੇਲਾ ਕਰਵਾਇਆ ਗਿਆ।ਇਸ ਮੌਕੇ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਸਵੈਸੇਵੀ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਦੂਰ ਦਰਾਡੇ ਆਈਆਂ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਆਪਣੀ ਹਾਜ਼ਰੀ ਭਰੀ। ਇਸ ਜੋੜ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਲੋਕ ਸੇਵਾ ਵੈਲਫੇਅਰ ਸੋਸਾਇਟੀ ਦੇ ਸਰਪ੍ਰਸਤ ਰਸ਼ਪਾਲ ਸਿੰਘ ਚਰੜ ਸ਼ਾਮਿਲ ਹੋਏ। ਮੇਲੇ ਦੀ ਸ਼ੁਰੂਆਤ ਤੋਂ ਪਹਿਲਾਂ ਦਰਗਾਹ ਤੇ ਬਾਬਾ ਜਾਹਿਰ ਸ਼ਾਹ ਜੀ ਨੇ ਝੰਡਾ ਚੜਾਉਣ ਉਪਰੰਤ ਚਾਦਰ ਚੜਾਉਣ ਦੀ ਰਸਮ ਅਦਾ ਕੀਤੀ। ਜੋੜ ਮੇਲੇ ਦਾ ਸ਼ੁਭ ਆਰੰਭ ਸੂਫ਼ੀ ਗਾਇਕ ਸਿੰਗਰ ਰਾਜ ਗਿੱਲ ਨੇ ਆਪਣੀ ਕਵਾਲੀਆਂ ਰਾਹੀਂ ਬਾਬਾ ਜੀ ਦਾ ਗੁਣਗਾਨ ਕਰਕੇ ਬਾਬਾ ਜੀ ਦੇ ਸ਼ਰਧਾਲੂਆਂ ਨੂੰ ਬਾਬਾ ਜੀ ਦੇ ਰੰਗ ਵਿੱਚ ਰੰਗ ਦਿੱਤਾ। ਇੰਟਰਨੈਸ਼ਨਲ ਸੂਫ਼ੀ ਸਿੰਗਰ ਸਰਕਾਰ ਅਲੀ ਨੇ ਆਪਣੇ ਸੂਫੀਆਣੇ ਗੀਤ 'ਖੋਟਾ ਸਿੱਕਾ' ਅਤੇ 'ਦੀਦ ਮੌਲਾ ਮਹਿਰਮਾ' ਆਦਿ ਗੀਤ ਗਾ ਕੇ ਸ਼ਰਧਾਲੂਆਂ ਨੂੰ ਬਾਬਾ ਜੀ ਦੇ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਹਾਜ਼ਰ ਕਠਨ ਸੰਬੋਧਨ ਕਰਦੇ ਹੋਏ ਮੁੱਖ ਮਹਿਮਾਨ ਰਸ਼ਪਾਲ ਸਿੰਘ ਚਰੜ ਨੇ ਕਿਹਾ ਕਿ ਹਰ ਵਰਗ ਦੇ ਧਾਰਮਿਕ ਸਮਾਗਮਾਂ ਵਿੱਚ ਸਾਨੂੰ ਸਾਰਿਆਂ ਨੂੰ ਆਪਣੀ ਹਾਜ਼ਰੀ ਲਗਵਾਉਣੀ ਚਾਹੀਦੀ ਹੈ, ਇਸ ਨਾਲ ਜਿੱਥੇ ਆਪ ਜੀ ਭਾਈਚਾਰੇ ਵਿੱਚ ਵਾਧਾ ਹੁੰਦਾ ਹੈ ਉੱਥੇ ਸਤਿਗੁਰੂ ਦੇ ਦਰਸਾਏ ਮਾਰਗ ਤੇ ਚੱਲਣ ਦੀ ਪ੍ਰੇਰਨਾ ਵੀ ਮਿਲਦੀ ਹੈ। ਦਰਗਾਹ ਦੇ ਗੱਦੀ ਨਸ਼ੀਨ ਬਾਬਾ ਹਾਜ਼ਿਰ ਸ਼ਾਹ ਜੀ ਨੇ ਕਿਹਾ ਕਿ ਇਹ ਸੱਭਿਆਚਾਰਕ ਜੋੜ ਮੇਲੇ ਸਾਰੇ ਧਰਮਾਂ ਦੇ ਸਾਂਝੇ ਹੁੰਦੇ ਹਨ ਇਸ ਲਈ ਇਹਨਾਂ ਵਿੱਚ ਸ਼ਾਮਿਲ ਹੋ ਕੇ ਉਪਰ ਉੱਠ ਕੇ ਸਾਨੂੰ ਸਾਰਿਆਂ ਨੂੰ ਬਾਬਾ ਜੀ ਦੇ ਦਰਬਾਰ ਵਿੱਚ ਆਪਣੀ ਹਾਜ਼ਰੀ ਜ਼ਰੂਰ ਲਗਵਾਉਣੀ ਚਾਹੀਦੀ ਹੈ। ਬਾਬਾ ਜੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਨੂੰ ਸਨਮਾਨਤ ਕੀਤਾ। ਸਾਰਾ ਦਿਨ ਬਾਬਾ ਜੀ ਦਾ ਅਤੁੱਟ ਲੰਗਰ ਚਲਦਾ ਰਿਹਾ। ਇਸ ਮੌਕੇ ਤੇ ਹਰਜੀਤ ਸਿੰਘ ਖ਼ਾਲਸਾ, ਮਨੀ ਸਿੱਧੂ, ਰਵਿੰਦਰ ਸਿੰਘ ਚਰੜ, ਅੰਮ੍ਰਿਤਪਾਲ ਸਿੰਘ, ਲਵਦੀਪ ਸਿੰਘ, ਪੰਚ ਉਪਕਾਰ ਸਿੰਘ, ਮਨੀ ਦੇਹਰੀਵਾਲ, ਗੁਰਪ੍ਰੀਤ ਸਿੰਘ ਗੋਪੀ, ਬੱਬੂ ਕੰਗ, ਜਸਕਰਨ ਸਿੰਘ ਅਤੇ ਹਰਪਾਲ ਸਿੰਘ ਤੋਂ ਇਲਾਵਾ ਹੋਰ ਸ਼ਰਧਾਲੂਆਂ ਨੇ ਬਾਬਾ ਜੀ ਦੇ ਦਰਬਾਰ ਚ ਮੱਥਾ ਟੇਕ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।



# ਲਾਠੀਚਾਰਜ ਦੀ ਹਿਊਮਨ ਰਾਈਟਸ ਵੈਲਫੇਅਰ ਐਸੋਸੀਏਸ਼ਨ ਵੱਲੋਂ ਨਿੰਦਾ

**ਜ਼ੀਰਕਪੁਰ (ਜਤਿੰਦਰ ਕੁਮਾਰ)**- ਹਿਊਮਨ ਰਾਈਟਸ ਵੈਲਫੇਅਰ ਐਸੋਸੀਏਸ਼ਨ ਦੀ ਇੱਕ ਅਹਿਮ ਬੈਠਕ ਪ੍ਰਧਾਨ ਹਰਬੰਸ ਸਿੰਘ ਦੀ ਅਗਵਾਈ ਹੇਠ ਹੋਈ। ਬੈਠਕ ਦੌਰਾਨ 20 ਜੁਲਾਈ ਨੂੰ ਨਵੀਂ ਦਿੱਲੀ ਦੇ ਜੰਤਰ-ਮੰਤਰ 'ਤੇ ਨੀਟ ਪੇਪਰ ਲੀਕ ਅਤੇ ਪ੍ਰੀਖਿਆ ਪ੍ਰਣਾਲੀ ਦੇ ਵਿਰੋਧ ਵਿੱਚ ਸੰਸਦ ਮਾਰਚ ਕਰ ਰਹੇ ਵਿਦਿਆਰਥੀਆਂ 'ਤੇ ਹੋਏ ਲਾਠੀਚਾਰਜ ਅਤੇ ਪੰਜਾਬ ਦੇ ਬਰਨਾਲਾ ਵਿਖੇ ਸਫ਼ਾਈ ਕਰਮਚਾਰੀਆਂ ਦੇ ਪ੍ਰਦਰਸ਼ਨ ਦੌਰਾਨ ਪੁਲਸ ਵੱਲੋਂ ਕੀਤੇ ਲਾਠੀਚਾਰਜ ਦੀ ਨਿੰਦਾ ਕੀਤੀ ਗਈ। ਐਸੋਸੀਏਸ਼ਨ ਨੇ ਕਿਹਾ ਕਿ ਇਨ੍ਹਾਂ ਘਟਨਾਵਾਂ ਨੇ ਦੇਸ਼ ਵਿੱਚ ਪੁਲਸ ਸੁਧਾਰਾਂ ਦੀ ਲੋੜ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਮੈਂਬਰਾਂ ਨੇ ਮੰਗ ਕੀਤੀ ਕਿ ਪੁਲਸ ਨੂੰ ਰਾਜਨੀਤਿਕ ਦਖ਼ਲਅੰਦਾਜ਼ੀ ਤੋਂ ਮੁਕਤ ਕੀਤਾ ਜਾਵੇ, ਕਾਨੂੰਨ-ਵਿਵਸਥਾ ਅਤੇ ਅਪਰਾਧ ਜਾਂਚ ਦੇ ਕੰਮ ਵੱਖ-ਵੱਖ ਕੀਤੇ ਜਾਣ, ਡਿਜੀਟਲ ਸਬੂਤਾਂ ਅਤੇ ਵਿਗਿਆਨਕ ਜਾਂਚ ਨੂੰ ਤਰਜੀਹ ਦਿੱਤੀ ਜਾਵੇ ਅਤੇ ਪੁਲਸ ਖ਼ਿਲਾਫ਼ ਸ਼ਿਕਾਇਤਾਂ ਦੀ ਸੁਣਵਾਈ ਲਈ ਸੁਤੰਤਰ ਪ੍ਰਾਧਿਕਰਨ ਦਾ ਗਠਨ ਕੀਤਾ ਜਾਵੇ, ਤਾਂ ਜੋ ਜਵਾਬਦੇਹੀ ਯਕੀਨੀ ਬਣ ਸਕੇ। ਬੈਠਕ ਵਿੱਚ ਰਣਧੀਰ ਸਿੰਘ (ਕੈਸ਼ੀਅਰ), ਕਾਨ੍ਹਾ ਰਾਮ ਸੋਹਲ (ਚੇਅਰਮੈਨ), ਐਨ. ਏ. ਖਾਨ, ਬੰਤ ਸਿੰਘ ਢਕੋਲਾ, ਰਵਿੰਦਰ ਕੌਰ ਬਾਜਵਾ, ਸੁਖਵਿੰਦਰ ਕੌਰ, ਅਨੂ ਦੇਵੀ, ਸਤਨਾਮ ਕੌਰ, ਸੋਨਮ ਅਤੇ ਹੋਰ ਮੈਂਬਰ ਵੀ ਮੌਜੂਦ ਸਨ।



# ਮੁਸਲਿਮ ਸਮਾਜ ਦੀਆਂ ਸਮੱਸਿਆਵਾਂ ਦੇ ਢੁਕਵੇਂ ਹੱਲ ਲਈ ਮੀਟਿੰਗ



**ਜਲੰਧਰ (ਇਕਬਾਲ ਸਿੰਘ ਉਭੀ)**- ਮੁਸਲਿਮ ਡਿਵੈਲਪਮੈਂਟ ਬੋਰਡ ਵੱਲੋਂ ਸਥਾਨਕ ਸਰਕਟ ਹਾਊਸ ਵਿਖੇ ਚੇਅਰਮੈਨ ਅਬਦੁਲ ਬਾਹਰੀ ਸਲਮਾਨੀ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ।ਇਸ ਮੌਕੇ ਚੇਅਰਮੈਨ ਸਲਮਾਨੀ ਨੇ ਬੋਰਡ ਦੇ ਨੁਮਾਇੰਦਿਆਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮੁਸਲਿਮ ਸਮਾਜ ਦੀਆਂ ਸਮੱਸਿਆਵਾਂ ਦੇ ਢੁੱਕਵੇਂ ਹੱਲ ਲਈ ਸਮਾਜ ਦੇ ਹਰ ਪਰਵਾਰ ਤੱਕ ਪਹੁੰਚ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਕਿਹਾ ਕਿ ਬੋਰਡ ਦੇ ਨੁਮਾਇੰਦੇ ਮੁਸਲਿਮ ਸਮਾਜ ਦੇ ਲੋਕਾਂ ਨਾਲ ਸਿੱਧਾ ਸੰਪਰਕ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਦੀ ਸੁਣਵਾਈ ਅਤੇ ਉਨ੍ਹਾਂ ਦੇ ਢੁੱਕਵੇਂ ਹੱਲ ਲਈ ਸਬੰਧਤ ਵਿਭਾਗਾਂ ਨਾਲ ਤਾਲਮੇਲ ਯਕੀਨੀ ਬਣਾਉਣ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਵਰਗ ਦੇ ਨਾਲ ਖੜ੍ਹੀ ਹੈ ਅਤੇ ਸੂਬੇ ਦੇ ਹਰ ਵਰਗ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ।ਇਸ ਮੌਕੇ ਨਵ-ਨਿਯੁਕਤ ਹਲਕਾ ਚੇਅਰਮੈਨਾਂ ਦਾ ਸਨਮਾਨ ਵੀ ਕੀਤਾ ਗਿਆ ਅਤੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।


## ਸਫ਼ਾਈ ਕਾਮਿਆਂ 'ਤੇ ਪੁਲਸ ਵੱਲੋਂ ਕੀਤਾ ਲਾਠੀਚਾਰਜ ਨਿੰਦਣਯੋਗ : ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਬਰਨਾਲਾ ਵਿਖੇ ਆਪਣੀਆਂ ਹੱਕੀ ਤੇ ਵਾਜਬ ਮੰਗਾਂ ਨੂੰ ਲੈ ਕੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਸਫ਼ਾਈ ਕਾਮਿਆਂ ਅਤੇ ਬੀਬੀਆਂ 'ਤੇ ਪੁਲਸ ਪ੍ਰਸ਼ਾਸਨ ਵੱਲੋਂ ਕੀਤੇ ਗਏ ਵਹਿਸ਼ੀਆਨਾ ਅਤੇ ਅਣਮਨੁੱਖੀ ਲਾਠੀਚਾਰਜ ਦੀ ਬੇਗਮਪੁਰਾ ਟਾਈਗਰ ਫੋਰਸ ਨੇ ਗੰਭੀਰ ਨੋਟਿਸ ਲੈਂਦਿਆਂ ਇਸ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਹੈ। ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ, ਦੁਆਬਾ ਪ੍ਰਧਾਨ ਨੇਕੂ ਅਜਨੋਹਾ, ਅਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਨੇ ਸਾਂਝੇ ਤੌਰ 'ਤੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਹੱਕ ਮੰਗ ਰਹੇ ਮਿਹਨਤਕਸ਼ ਕਾਮਿਆਂ 'ਤੇ ਡੀ ਐਸ.ਪੀ. ਸਤਵੀਰ ਸਿੰਘ ਬੈਂਸ ਅਤੇ ਐਸ.ਐਚ.ਓ. ਲਖਵਿੰਦਰ ਸਿੰਘ ਵੱਲੋਂ ਢਾਹਿਆ ਗਿਆ ਜ਼ੁਲਮ ਮਨੁੱਖੀ ਅਧਿਕਾਰਾਂ ਦਾ ਸ਼ਰੇਆਮ ਘਾਣ ਅਤੇ ਸੰਵਿਧਾਨ ਦੀਆਂ ਧੱਜੀਆਂ ਉਡਾਉਣ ਦੇ ਬਰਾਬਰ ਹੈ। ਆਗੂਆਂ ਨੇ ਸਪੱਸ਼ਟ ਕੀਤਾ ਕਿ ਇਹ ਲੜਾਈ ਹੁਣ ਸਿਰਫ਼ ਸਫ਼ਾਈ ਕਾਮਿਆਂ ਦੀ ਨਹੀਂ ਰਹੀ, ਬਲਕਿ ਪੂਰੇ ਇਨਸਾਫ਼ ਪਸੰਦ ਸਮਾਜ ਦੀ ਬਣ ਚੁੱਕੀ ਹੈ। ਆਗੂਆਂ ਚੇਤਾਵਨੀ ਦਿੱਤੀ ਕਿ ਜੇਕਰ ਦੋਸ਼ੀ ਪੁਲਿਸ ਮੁਲਾਜ਼ਮਾਂ 'ਤੇ ਪਰਚਾ ਦਰਜ ਨਾ ਕੀਤਾ ਗਿਆ, ਤਾਂ ਬੇਗਮਪੁਰਾ ਟਾਈਗਰ ਫੋਰਸ ਸਾਰੀਆਂ ਇਨਸਾਫ਼ ਪਸੰਦ ਜਥੇਬੰਦੀਆਂ ਨੂੰ ਨਾਲ ਲੈ ਕੇ ਪੂਰੇ ਪੰਜਾਬ ਵਿੱਚ ਤਿੱਖਾ ਅੰਦੋਲਨ ਵਿੱਢੇਗੀ।




## ਯੋਗੇਸ਼ ਸਪਰਾ ਦਾ ਸਨਮਾਨ

**ਦਸੂਹਾ (ਕਰਨੈਲ ਮਾਂਗਟ)** - ਭਾਜਪਾ ਹਾਈਕਮਾਂਡ ਵੱਲੋਂ ਯੋਗੇਸ਼ ਸਪਰਾ ਨੂੰ ਭਾਜਪਾ ਜ਼ਿਲ੍ਹਾ ਹੁਸ਼ਿਆਰਪੁਰ (ਦਿਹਾਤੀ) ਦਾ ਪ੍ਰਧਾਨ ਨਿਯੁਕਤ ਕੀਤੇ ਜਾਣ ਤੋਂ ਬਾਅਦ ਪਾਰਟੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਹੈ। ਨਗਰ ਕੌਂਸਲ ਦਸੂਹਾ ਦੇ ਸਾਬਕਾ ਪ੍ਰਧਾਨ ਅਤੇ ਭਾਜਪਾ ਦੇ ਸੀਨੀਅਰ ਆਗੂ ਡਾ. ਹਰਸਿਮਰਤ ਸਾਹੀ (ਸੰਨੀ ਸਾਹੀ) ਵੱਲੋਂ ਗੁਰੂ ਹਰਿਗੋਬਿੰਦ ਪੈਟਰੋਲੀਅਮ (ਸਾਹੀ ਪੰਪ) ਵਿਖੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਯੋਗੇਸ਼ ਸਪਰਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਡਾ. ਹਰਸਿਮਰਤ ਸਾਹੀ ਅਤੇ ਹੋਰ ਭਾਜਪਾ ਆਗੂਆਂ ਨੇ ਯੋਗੇਸ਼ ਸਪਰਾ ਦਾ ਮੂੰਹ ਮਿੱਠਾ ਕਰਵਾਇਆ ਅਤੇ ਸਿਰੋਪਾਓ ਭੇਟ ਕਰਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਡਾ. ਹਰਸਿਮਰਤ ਸਾਹੀ ਨੇ ਕਿਹਾ ਕਿ ਯੋਗੇਸ਼ ਸਪਰਾ ਦੇ ਜ਼ਿਲ੍ਹਾ ਪ੍ਰਧਾਨ ਬਣਨ ਨਾਲ ਵਰਕਰਾਂ ਵਿੱਚ ਨਵਾਂ ਜੋਸ਼ ਅਤੇ ਉਤਸ਼ਾਹ ਪੈਦਾ ਹੋਇਆ ਹੈ, ਜਿਸ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ ਅਤੇ ਵੱਧ ਤੋਂ ਵੱਧ ਲੋਕ ਭਾਜਪਾ ਨਾਲ ਜੁੜਨਗੇ। ਯੋਗੇਸ਼ ਸਪਰਾ ਨੇ ਭਾਜਪਾ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਦਲਜੀਤ ਸਿੰਘ ਘੁੰਮਣ, ਗੁਰਬਾਜ ਸਿੰਘ ਸੰਧੂ, ਸੰਸਾਰ ਸਿੰਘ, ਜਤਿੰਦਰ ਹੈਪੀ, ਅਮਰਜੀਤ ਸਿੰਘ ਗੋਲਡੀ, ਮਨੋਜ ਕੁਮਾਰ, ਜਤਿਨ ਨਾਇਅਰ, ਅਕਾਸ਼ ਸਬਰਵਾਲ, ਘੋਨਾ ਕਸ਼ਯਪ, ਰਿੰਪੀ ਰਲਹਨ, ਖੁਸ਼ਦੀਪ ਕਸ਼ਯਪ, ਕਰਨਪਾਲ ਸਿੰਘ ਗੋਲਡੀ ਆਦਿ ਹਾਜ਼ਰ ਸਨ।




# ਅਮਰਜੀਤ ਸਿੰਘ ਖੁਰਲ ਦੀ ਯਾਦ ਨੂੰ ਸਮਰਪਿਤ ਸਾਵਣ ਕਵੀ-ਦਰਬਾਰ ਅੱਜ

**ਚੰਡੀਗੜ੍ਹ (ਸੁਰਜੀਤ ਸੁਮਨ)**, ਚੰਡੀਗੜ੍ਹ ਦੀ ਪ੍ਰਸਿੱਧ ਸਾਹਿਤਕ ਸੰਸਥਾ ਸਾਹਿਤ ਵਿਗਿਆਨ ਕੇਂਦਰ (ਰਜਿ:) ਵੱਲੋਂ 26 ਜੁਲਾਈ, ਦਿਨ ਐਤਵਾਰ ਨੂੰ ਸਵੇਰੇ 10.00 ਵਜੇ, ਰੋਟਰੀ ਭਵਨ ਸੈਕਟਰ 70, ਮੋਹਾਲੀ ਵਿਖੇ ਸੰਸਥਾ ਦੇ ਸੁਹਿਰਦ ਮੈਂਬਰ ਅਮਰਜੀਤ ਸਿੰਘ ਖੁਰਲ ਦੀ ਯਾਦ ਨੂੰ ਸਮਰਪਿਤ ਸਾਵਣ ਕਵੀ-ਦਰਬਾਰ ਕਰਵਾਇਆ ਜਾ ਰਿਹਾ ਹੈ।ਇਸ ਦਿਨ ਕਵਿਤਾਵਾਂ, ਗਜ਼ਲਾਂ, ਗੀਤਾਂ ਰਾਹੀਂ ਜਿੱਥੇ ਸਾਉਣ ਮਹੀਨੇ ਦੀ ਪੰਜਾਬੀ ਸਭਿਆਚਾਰ ਵਿਚ ਮਹਤੱਤਾ ਬਾਰੇ ਚਰਚਾ ਹੋਵੇਗੀ, ਉੱਥੇ ਬੀਬੀਆ ਵੱਲੋਂ ਤੀਆਂ ਦਾ ਤਿਉਹਾਰ ਵੀ ਮਨਾਇਆ ਜਾਵੇਗਾ।ਇਸ ਮੌਕੇ ਖੁਰਲ ਪਰਿਵਾਰ ਵੱਲੋਂ ਖੀਰ ਪੂੜਿਆਂ ਦਾ ਲੰਗਰ ਵੀ ਵਰਤਾਇਆ ਜਾਵੇਗਾ।ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਪੰਜਾਬੀ ਨਾਵਲਕਾਰ ਸੰਤਵੀਰ ਕਰਨਗੇ।ਇਸ ਮੌਕੇ ਗੁਰਪ੍ਰੀਤ ਸਿੰਘ ਖੁਰਲ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਸਮਾਗਮ ਵਿਚ ਚੰਡੀਗੜ੍ਹ, ਮੋਹਾਲੀ, ਪੰਚਕੂਲਾ, ਖਰੜ, ਮੋਰਿੰਡਾ, ਕੁਰਾਲੀ, ਰੋਪੜ ਤੋਂ ਸਾਹਿਤਕਾਰ ਸ਼ਾਮਲ ਹੋਣਗੇ।




# ਰੌੜੀ ਨੇ ਲੋਕ ਮਿਲਣੀ ਦੌਰਾਨ ਪੰਚਾਇਤ ਘਰ ਲਈ 25 ਲੱਖ ਰੁਪਏ ਦੀ ਰਾਸ਼ੀ ਕੀਤੀ ਜਾਰੀ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਹਲਕਾ ਗੜ੍ਹਸ਼ੰਕਰ ਦੇ ਪਿੰਡ ਬਿੰਜੋ ਵਿੱਚ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਹਲਕਾ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਲੋਕ ਮਿਲਣੀ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ ਉਨ੍ਹਾਂ ਨੇ ਪਿੰਡ ਵਾਸੀਆਂ ਨਾਲ ਰੂ-ਬ-ਰੂ ਹੋ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਵਿਕਾਸ ਸੰਬੰਧੀ ਮੰਗਾਂ ਨੂੰ ਧਿਆਨ ਨਾਲ ਸੁਣਿਆ ਅਤੇ ਮੌਕੇ 'ਤੇ ਹੀ ਸਬੰਧਤ ਅਧਿਕਾਰੀਆਂ ਨੂੰ ਜਲਦੀ ਹੱਲ ਕਰਨ ਦੇ ਨਿਰਦੇਸ਼ ਦਿੱਤੇ।ਲੋਕ ਮਿਲਣੀ ਦੌਰਾਨ ਪਿੰਡ ਬਿੰਜੋ ਦੇ ਵਿਕਾਸ ਲਈ ਇੱਕ ਵੱਡਾ ਐਲਾਨ ਕਰਦਿਆਂ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਪਿੰਡ ਵਿੱਚ ਨਵੇਂ ਪੰਚਾਇਤ ਘਰ ਦੀ ਉਸਾਰੀ ਲਈ 25 ਲੱਖ ਰੁਪਏ ਦੀ ਰਾਸ਼ੀ ਜਾਰੀ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਲੋਕ ਮਿਲਣੀਆਂ ਦਾ ਮਕਸਦ ਲੋਕਾਂ ਅਤੇ ਸਰਕਾਰ ਵਿਚਕਾਰ ਸਿੱਧਾ ਸੰਪਰਕ ਬਣਾਉਣਾ ਹੈ ਤਾਂ ਜੋ ਆਮ ਲੋਕਾਂ ਨੂੰ ਆਪਣੇ ਕੰਮਾਂ ਲਈ ਦਫ਼ਤਰਾਂ ਦੇ ਚੱਕਰ ਨਾ ਕੱਟਣੇ ਪੈਣ।ਉਨ੍ਹਾਂ ਭਰੋਸਾ ਦਿੱਤਾ ਕਿ ਪਿੰਡ ਬਿੰਜੋ ਦੇ ਰਹਿੰਦੇ ਹੋਰ ਵਿਕਾਸ ਕਾਰਜਾਂ ਨੂੰ ਵੀ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ। ਇਸ ਮੌਕੇ ਪਿੰਡ ਵਾਸੀਆਂ ਨੇ ਪਿੰਡ ਦੇ ਵਿਕਾਸ ਲਈ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।ਇਸ ਮੌਕੇ ਪਿੰਡ ਦੀ ਸਮੂਹ ਪੰਚਾਇਤ, ਬਲਾਕ ਪ੍ਰਧਾਨ, ਆਮ ਆਦਮੀ ਪਾਰਟੀ ਦੇ ਵਰਕਾਰ ਅਤੇ ਪਿੰਡ ਵਾਸੀ ਹਾਜ਼ਰ ਸਨ।




# ਮੇਹਰਚੰਦ ਪੋਲੀਟੈਕਨਿਕ 'ਚ ਐਡਮਿਸ਼ਨ ਦੀ ਆਖਰੀ ਤਰੀਕ 14 ਅਗਸਤ

**ਜਲੰਧਰ (ਸ਼ੈਲੀ ਐਲਬਰਟ)**- ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿੱਚ ਡਿਪਲੋਮੇ ਦੀ ਐਡਮਿਸ਼ਨ ਪੂਰੇ ਜ਼ੋਰਾਂ 'ਤੇ ਚੱਲ ਰਹੀ ਹੈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਜ਼ਿਆਦਾਤਰ ਸੀਟਾਂ ਭਰ ਚੁੱਕੀਆਂ ਹਨ। ਸਿਰਫ ਕੁਝ ਹੀ ਟਰੇਡਾਂ ਵਿੱਚ ਸੀਟਾਂ ਖਾਲੀ ਹਨ। ਦਸਵੀਂ ਪਾਸ ਚਾਹਵਾਨ ਵਿਦਿਆਰਥੀ ਦਫ਼ਤਰੀ ਸਮੇਂ ਵਿੱਚ ਕਿਸੇ ਵੀ ਵੇਲੇ ਪਹੁੰਚ ਕੇ ਐਡਮਿਸ਼ਨ ਕਰਾ ਸਕਦੇ ਹਨ। ਐਡਮਿਸ਼ਨ ਦੀ ਆਖਰੀ ਤਾਰੀਖ 14 ਅਗਸਤ ਹੈ। ਉਹਨਾਂ ਇਹ ਵੀ ਕਿਹਾ ਕਿ ਇਹ ਵਿਦਿਆਰਥੀਆਂ ਲਈ ਆਖਰੀ ਮੌਕਾ ਹੈ। ਇਸ ਉਪਰੰਤ ਕਿਸੇ ਨੂੰ ਐਡਮਿਸ਼ਨ ਨਹੀਂ ਮਿਲ ਸਕਦੀ। ਵਿਦਿਆਰਥੀਆਂ ਅਤੇ ਮਾਪਿਆਂ ਦੀ ਮਦਦ ਲਈ ਕਾਲਜ ਵਿਖੇ ਐਡਮਿਸ਼ਨ ਹੈਲਪ ਡੈਸਕ ਵੀ ਸਥਾਪਿਤ ਕੀਤਾ ਗਿਆ ਹੈ। +2 ਪਾਸ ਨਾਨ-ਮੈਡੀਕਲ, ਵੋਕੇਸ਼ਨਲ ਪਾਸ, ਆਈ.ਟੀ.ਆਈ ਪਾਸ ਵਿਦਿਆਰਥੀ ਵੀ ਲੀਟ ਐਂਟਰੀ ਰਾਹੀਂ ਦੂਜੇ ਸਾਲ ਵਿੱਚ ਸਿੱਧਾ ਪ੍ਰਵੇਸ਼ ਕਰ ਸਕਦੇ ਹਨ। ਉਹਨਾਂ ਇਹ ਵੀ ਕਿਹਾ ਕਿ ਇਸ ਵਾਰ ਅਲੂਮਨੀ ਵਿਦਿਆਰਥੀਆਂ ਵਲੋਂ ਲੋੜਵੰਦ ਵਿਦਿਆਰਥੀਆਂ ਨੂੰ ਲੱਖਾਂ ਰੁਪਇਆਂ ਦੀ ਸਕਾਲਰਸ਼ਿਪ ਦਿੱਤੀ ਜਾ ਰਹੀ ਹੈ। ਉਹਨਾਂ ਦੱਸਿਆ ਕਿ ਕਾਲਜ ਵਿੱਚ 30 ਜੁਲਾਈ ਨੂੰ ਨਵੇਂ ਸੈਸ਼ਨ ਦੀ ਸ਼ੁਰੂਆਤ ਹੋਵੇਗੀ ਤੇ ਫਿਰ ਸੱਤ ਰੋਜ਼ਾ ਉਰੀਐਂਟੇਸ਼ਨ ਪ੍ਰੋਗਾਮ ਚੱਲੇਗਾ। ਜਿਸ ਰਾਹੀਂ ਨਵੇਂ ਵਿਦਿਆਰਥੀਆਂ ਨੂੰ ਕਾਲਜ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਤੇ ਸਮੁੱਚੇ ਡਿਪਲੋਮੇ ਦੀ ਰੂਪ-ਰੇਖਾ ਦੱਸੀ ਜਾਵੇਗੀ।




# ਯੂਨੀਵਰਸਿਟੀ ਕਾਲਜ ਜੰਡਿਆਲਾ ਵਿਖੇ ਦਾਖ਼ਲਿਆਂ ਲਈ ਭਾਰੀ ਉਤਸ਼ਾਹ

**ਗੁਰਾਇਆ (ਬਿੰਦਰ ਸੁਮਨ)**- ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ, ਜੰਡਿਆਲਾ ਵਿਖੇ ਨਵੇਂ ਸੈਸ਼ਨ ਦੇ ਦਾਖ਼ਲਿਆਂ ਲਈ ਵਿਦਿਆਰਥੀਆਂ ਅਤੇ ਮਾਪਿਆਂ ਵਿੱਚ ਭਾਰੀ ਉਤਸ਼ਾਹ ਵੇਖਿਆ ਗਿਆ ਹੈ। ਇਲਾਕੇ ਦੇ ਨੌਜਵਾਨ ਉੱਚ ਸਿੱਖਿਆ ਲਈ ਇਸ ਸੰਸਥਾ ਨੂੰ ਆਪਣੀ ਪਹਿਲੀ ਪਸੰਦ ਬਣਾ ਰਹੇ ਹਨ।ਕਾਲਜ ਇੰਚਾਰਜ (ਪ੍ਰਿੰਸੀਪਲ) ਜਸ਼ਨਜੋਤ ਸਿੰਘ ਜੌਹਲ ਨੇ ਦੱਸਿਆ ਕਿ ਉਹ ਜੰਡਿਆਲਾ ਅਤੇ ਹੋਰ ਨੇੜਲੇ ਪਿੰਡਾਂ ਦੇ ਲੋਕਾਂ ਦੇ ਵਿਸ਼ੇਸ਼ ਤੌਰ 'ਤੇ ਧੰਨਵਾਦੀ ਹਨ ਜਿਹਨਾਂ ਨੇ ਇਸ ਵਿਰਾਸਤੀ ਕਾਲਜ ਨੂੰ ਹੋਰ ਬਿਹਤਰ ਬਣਾਉਣ ਲਈ ਲਗਾਤਾਰ ਸਮਰਥਨ ਦਿੱਤਾ ਹੈ ਅਤੇ ਕਾਲਜ ਪ੍ਰਤੀ ਵਿਸ਼ਵਾਸ ਦਿਖਾਇਆ ਹੈ।ਯੋਗ ਅਤੇ ਮਿਹਨਤੀ ਵਿਦਿਆਰਥੀਆਂ ਨੂੰ ਅੱਗੇ ਵਧਾਉਣ ਲਈ ਕਾਲਜ ਵੱਲੋਂ ਅਕਾਦਮਿਕ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਅਤੇ ਖੇਡਾਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਹਾਸਲ ਕਰਨ ਵਾਲੇ ਖਿਡਾਰੀਆਂ ਲਈ ਵੱਖ-ਵੱਖ ਸਕਾਲਰਸ਼ਿਪਸ ਅਤੇ ਹੋਰ ਉਤਸ਼ਾਹੀ ਯੋਜਨਾਵਾਂ ਵੀ ਉਪਲਬਧ ਕਰਵਾਈਆਂ ਜਾਂਦੀਆਂ ਹਨ।ਇਸ ਨੇਕ ਕਾਰਜ ਵਿੱਚ, ਜੰਡਿਆਲਾ ਲੋਕ ਭਲਾਈ ਮੰਚ ਅਤੇ ਲੋਕ ਮੰਚ ਪੰਜਾਬ ਜਲੰਧਰ ਮਹੱਤਵਪੂਰਨ ਵਿੱਤੀ ਭੂਮਿਕਾ ਨਿਭਾਉਂਦੇ ਹਨ। ਜੰਡਿਆਲਾ ਲੋਕ ਭਲਾਈ ਮੰਚ ਵਲੋਂ ਵਿਦੇਸ਼ਾਂ ਵਿੱਚ ਰਹਿੰਦੇ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦੀ ਸਹਾਇਤਾ ਨਾਲ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ ਦੀ ਅਦਾਇਗੀ ਵੀ ਆਪ ਕੀਤੀ ਜਾਂਦੀ ਹੈ।ਵਿਦਿਆਰਥੀਆਂ ਨੂੰ ਆਧੁਨਿਕ ਅਤੇ ਸੁਵਿਧਾਜਨਕ ਸਿੱਖਿਆ ਦਾ ਮਾਹੌਲ ਪ੍ਰਦਾਨ ਕਰਨ ਲਈ ਕਾਲਜ ਵਿੱਚ ਕਈ ਮਹੱਤਵਪੂਰਨ ਵਿਕਾਸ ਕਾਰਜ ਕੀਤੇ ਗਏ ਹਨ। ਪ੍ਰੋ.ਜੌਹਲ ਨੇ ਦੱਸਿਆ ਕਿ ਵਿਦਿਆਰਥੀਆਂ ਲਈ ਜਿੰਮ ਦੀ ਸਹੂਲਤ ਮੁਫ਼ਤ ਹੈ। ਕਾਲਜ ਵਿੱਚ ਸਿੱਖਿਆ ਦੇ ਨਾਲ-ਨਾਲ ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਅਤੇ ਵਿਅਕਤੀਗਤ ਵਿਕਾਸ ਨੂੰ ਵੀ ਬਰਾਬਰ ਮਹੱਤਵ ਦਿੱਤਾ ਜਾਂਦਾ ਹੈ। ਕਾਲਜ ਲਾਇਬ੍ਰੇਰੀ ਲਈ ਨਵੀਆਂ ਕਿਤਾਬਾਂ ਲਿਆ ਰਿਹਾ ਹੈ।



## ਸੰਘਵਾਲ ਵਿਖੇ ਦਿਨ-ਦਿਹਾੜੇ ਚੋਰੀ ਦੀ ਅਸਫਲ ਕੋਸ਼ਿਸ਼

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਨਜ਼ਦੀਕੀ ਪਿੰਡ ਸੰਘਵਾਲ ਵਿਖੇ ਸ਼ੁੱਕਰਵਾਰ ਨੂੰ ਦਿਨ ਦਿਹਾੜੇ ਚੋਰਾਂ ਵੱਲੋਂ ਇੱਕ ਘਰ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ, ਪ੍ਰੰਤੂ ਕੋਸ਼ਿਸ ਕਰਨ ਦੇ ਬਾਵਜੂਦ ਦਰਵਾਜ਼ਾ ਨਾ ਖੁੱਲ੍ਹਾ ਤਾਂ ਚੋਰ ਖਾਲੀ ਹੱਥ ਵਾਪਸ ਚਲੇ ਗਏ। ਜਾਣਕਾਰੀ ਦਿੰਦੇ ਹੋਏ ਜਸਵੀਰ ਕੌਰ ਪੁੱਤਰੀ ਸੰਤੋਖ ਸਿੰਘ ਨੇ ਦੱਸਿਆ ਕਿ ਉਸ ਦੀ ਮਾਤਾ, ਉਸ ਦੀ ਭਾਣਜੀ ਅਤੇ ਉਹ ਸ਼ੁੱਕਰਵਾਰ ਸਵੇਰੇ ਆਪਣੇ ਕਿਸੇ ਰਿਸ਼ਤੇਦਾਰ ਨੂੰ ਮਿਲਣ ਲਈ ਗਈਆਂ ਸਨ। ਜਦ ਸ਼ਾਮ ਨੂੰ ਉਹ ਵਾਪਸ ਆਪਣੇ ਘਰ ਆਈਆਂ ਤਾਂ ਉਹ ਕੋਠੀ ਦੀ ਲੌਬੀ ਵਿੱਚ ਬੈਠ ਗਈਆਂ ਅਤੇ ਉਹ ਘਰ ਦਾ ਕੰਮ ਨਿਪਟਾਉਣ ਲੱਗ ਪਈਆਂ। ਥੋੜ੍ਹੀ ਦੇਰ ਬਾਅਦ ਜਦ ਉਹਨਾਂ ਨੇ ਆਪਣੇ ਸੌਣ ਵਾਲੇ ਕਮਰੇ ਦਾ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਤਾਲਾ ਨਹੀਂ ਖੁੱਲ੍ਹਿਆ। ਜਦ ਉਹਨਾਂ ਨੇ ਧਿਆਨ ਨਾਲ ਦੇਖਿਆ ਕਿ ਸੈਂਟਰ ਵਾਲਾ ਹੈਂਡਲ ਲਾਕ ਵਿੰਗਾ ਹੋਇਆ ਪਿਆ ਸੀ ਅਤੇ ਦਰਵਾਜ਼ੇ ਦੀ ਚੁਗਾਠ ਅੰਦਰ ਨੂੰ ਧਸੀ ਹੋਈ ਸੀ ਅਤੇ ਅਗਲੇ ਕਮਰੇ ਦੇ ਕੋਲ ਇੱਕ ਲੈਂਟਰ ਵਿੱਚ ਪੈਣ ਵਾਲਾ ਫੱਟਾ ਪਿਆ ਸੀ, ਜਿਸ ਨਾਲ ਚੋਰਾਂ ਨੇ ਦਰਵਾਜ਼ਾ ਤੋੜਨ ਦੀ ਕੋਸ਼ਿਸ਼ ਕੀਤੀ ਸੀ। ਉਸ ਨੇ ਦੱਸਿਆ ਕਿ ਉਹ ਰਿਸ਼ਤੇਦਾਰਾਂ ਕੋਲ ਜਾਣ ਸਮੇਂ ਸੌਣ ਵਾਲੇ ਕਮਰੇ ਅਤੇ ਜਿਸ ਵਿੱਚ ਸਮਾਨ ਪਿਆ ਹੁੰਦਾ ਹੈ, ਉਸ ਨੂੰ ਤਾਲੇ ਲਗਾ ਗਈਆਂ ਸਨ ਅਤੇ ਦੋ ਕਮਰਿਆਂ ਦੇ ਦਰਵਾਜ਼ੇ ਖੁੱਲ੍ਹੇ ਹੀ ਸਨ। ਚੋਰ ਪਿਛਲੇ ਪਾਸਿਓਂ ਖੇਤਾਂ ਰਾਹੀਂ ਕੰਧ ਟੱਪ ਕੇ ਆਏ ਅਤੇ ਬਾਥਰੂਮ ਨੂੰ ਲੱਗੀ ਜਾਲੀ ਵਾਲੀ ਖਿੜਕੀ ਦੀ ਜਾਲੀ ਤੋੜ ਕੇ ਹੱਥ ਨਾਲ ਕੁੰਡੀ ਖੋਲ੍ਹ ਕੇ ਅੰਦਰ ਵੜੇ ਅਤੇ ਚੋਰੀ ਕਰਨ ਦੀ ਕੋਸ਼ਿਸ਼ ਕੀਤੀ। ਪ੍ਰੰਤੂ ਦਰਵਾਜ਼ਾ ਨਾ ਖੁੱਲ੍ਹਣ ਕਰਕੇ ਬੇਰੰਗ ਪਰਤ ਗਏ। ਪਿਛਲੇ ਹਫਤੇ ਹੀ ਸੰਘਵਾਲ ਵਿੱਚ ਦੋ ਕਿਸਾਨਾਂ ਦੇ ਡੇਰਿਆਂ ਤੋਂ ਤਿੰਨ ਮੱਝਾਂ ਤੇ ਇੱਕ ਬੱਕਰੀ ਚੋਰੀ ਹੋਈ ਸੀ, ਜਿਸ ਦਾ ਅਜੇ ਤੱਕ ਕੋਈ ਥਹੁ ਪਤਾ ਨਹੀਂ ਲੱਗਾ।



# ਵਿਦਿਆਰਥੀਆਂ 'ਤੇ ਢਾਹੇ ਅਣਮਨੁੱਖੀ ਜਬਰ ਖਿਲਾਫ ਜ਼ੋਰਦਾਰ ਰੋਸ ਧਰਨਾ

**ਜਲੰਧਰ (ਰਾਜੇਸ਼ ਥਾਪਾ, ਸ਼ੈਲੀ ਐਲਬਰਟ)**- ਦਿੱਲੀ ਪੁਲਸ ਤੇ ਸੰਘ ਪਰਵਾਰ ਦੇ ਵੱਲੋਂ ਨਵੀਂ ਦਿੱਲੀ ਵਿਖੇ ਵਿਦਿਆਰਥੀਆਂ ਅਤੇ ਆਮ ਲੋਕਾਂ 'ਤੇ ਢਾਹੇ ਅਣਮਨੁੱਖੀ ਜਬਰ ਤੇ ਗੁੰਡਾਗਰਦੀ ਖਿਲਾਫ ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਸੂਬਾ ਪੱਧਰ ਦਾ ਜ਼ੋਰਦਾਰ ਰੋਸ ਧਰਨਾ ਮਾਰਿਆ ਗਿਆ।ਧਰਨੇ ਦਾ ਸੱਦਾ ਆਰ ਐਮ ਪੀ ਆਈ, ਸੀ ਪੀ ਆਈ (ਐਮ ਐਲ) ਲਿਬ੍ਰੇਸ਼ਨ, ਸੀ ਪੀ ਆਈ (ਐਮ ਐਲ) ਨਿਊ ਡੈਮੋਕ੍ਰੇਸੀ ਤੇ ਐਮ ਸੀ ਪੀ ਆਈ-ਯੂ ਵੱਲੋਂ ਦਿੱਤਾ ਗਿਆ। ਮੰਗਤ ਰਾਮ ਪਾਸਲਾ, ਸੁਖਦਰਸ਼ਨ ਨੱਤ, ਪਰਗਟ ਸਿੰਘ ਜਾਮਾਰਾਏ, ਗੁਰਮੁਖ ਸਿੰਘ ਮਾਨ, ਧਰਮਿੰਦਰ ਸਿੰਘ ਮੁਕੇਰੀਆਂ ਤੇ ਗਗਨਦੀਪ ਨੇ ਆਪਣੇ ਵਿਚਾਰ ਰੱਖੇ।

ਬੁਲਾਰਿਆਂ ਨੇ ਜ਼ੋਰਦਾਰ ਮੰਗ ਕੀਤੀ ਕਿ ਪੇਪਰ ਲੀਕ ਘਪਲੇ ਦੇ ਮੁੱਖ ਦੋਸ਼ੀ, ਦਰਜਨਾਂ ਜ਼ਹੀਨ ਬੱਚਿਆਂ ਦੀਆਂ ਦੁਖਦਾਈ ਆਤਮ ਹੱਤਿਆਵਾਂ ਦੇ ਜਿੰਮੇਵਾਰ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਮੰਤਰੀ ਮੰਡਲ 'ਚੋਂ ਬਰਤਰਫ ਕੀਤਾ ਜਾਵੇ ਅਤੇ ਇਸ ਮਹਾ ਘੁਟਾਲੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਵਾਸੀਆਂ ਤੋਂ ਮਾਫੀ ਮੰਗਣ।ਉਨ੍ਹਾਂ ਅੰਦੋਲਨਕਾਰੀਆਂ ਖਿਲਾਫ ਸੰਘ-ਭਾਜਪਾ ਤੇ ਏਜੰਸੀਆਂ ਵਲੋਂ ਫੈਲਾਏ ਜਾ ਰਹੇ ਝੂਠ ਤੇ ਹਕੂਮਤੀ ਦਮਨ ਫੌਰੀ ਬੰਦ ਕੀਤੇ ਜਾਣ ਦੀ ਵੀ ਮੰਗ ਕੀਤੀ।ਇਸ ਮੌਕੇ ਪਾਸ ਕੀਤੇ ਇਕ ਸਰਵਸੰਮਤ ਮਤੇ ਰਾਹੀਂ ਪੇਪਰ ਲੀਕ ਹੋਣ ਦੇ ਦੁੱਖੋਂ ਖੁਦਕੁਸ਼ੀਆਂ ਕਰ ਗਏ ਬੱਚਿਆਂ ਦੇ ਮਾਪਿਆਂ ਨੂੰ ਢੁੱਕਵਾਂ ਮੁਆਵਜ਼ਾ ਦੇਣ, ਸਿੱਖਿਆ ਤੰਤਰ ਤਬਾਹ ਕਰਨ ਦੀਆਂ ਸਰਕਾਰ ਦੀਆਂ ਯੋਜਨਾਬੱਧ ਸਾਜਿਸ਼ਾਂ ਬੰਦ ਕਰਨ, ਦਲਿਤਾਂ-ਗਰੀਬਾਂ ਨੂੰ ਸਿਖਿਆ ਤੋਂ ਮਹਿਰੂਮ ਕਰਨ ਵਾਲੀ ਨਵੀਂ ਸਿੱਖਿਆ ਨੀਤੀ 2020 ਰੱਦ ਕਰਨ ਦੀ ਮੰਗ ਕੀਤੀ ਗਈ।

ਇਕ ਵੱਖਰੇ ਮਤੇ ਰਾਹੀਂ ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਬਰਨਾਲਾ ਵਿਖੇ ਸਫਾਈ ਕਰਮੀਆਂ 'ਤੇ ਢਾਹੇ ਗਏ ਪੁਲਸ ਜਬਰ ਦੀ ਨਿਖੇਧੀ ਕਰਦਿਆਂ ਦੋਸ਼ੀ ਪੁਲਸੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ ਗਈ। 'ਜਵਾਹਰ ਲਾਲ ਨਹਿਰੂ ਯੂਨੀਵਰਸਿਟੀ' ਨਵੀਂ ਦਿੱਲੀ ਦੀ ਵਿਦਿਆਰਥੀ ਯੂਨੀਅਨ (ਜੇ.ਐਨ.ਯੂ.ਐਸ.ਯੂ.) ਦੀ ਚੁਣੀ ਹੋਈ ਪ੍ਰਧਾਨ ਤੇ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਦੀ ਕੌਮੀ ਆਗੂ ਸਾਥੀ ਆਦਿਤੀ ਅਤੇ ਨਿਰੰਤਰ 23 ਦਿਨ ਭੁੱਖ ਹੜਤਾਲ 'ਤੇ ਬੈਠਣ ਵਾਲੇ ਵਿਦਿਆਰਥੀ ਆਗੂ ਸਾਥੀ ਆਮੀਨ ਅਮਿਤੋਜ ਧਰਨੇ 'ਚ ਉਚੇਚੇ ਸ਼ਾਮਲ ਹੋਏ।ਪੰਜਾਬ ਭਰ ਚੋਂ ਧਾਹ ਕੇ ਪੁੱਜੇ ਖੱਬੇ ਪੱਖੀ ਆਗੂਆਂ ਤੇ ਕਾਰਕੁੰਨਾਂ ਤੋਂ ਇਲਾਵਾ ਸੁਸ਼ੀਲ ਦੋਸਾਂਝ, ਦਰਸ਼ਨ ਬੁੱਟਰ, ਲਖਵਿੰਦਰ ਜੌਹਲ, ਸਤਨਾਮ ਚਾਨਾ, ਮੱਖਣ ਕੁਹਾੜ, ਮੱਖਣ ਮਾਨ, ਪ੍ਰਿੰਸੀਪਲ ਨਵਜੋਤ, ਸੰਤੋਖ ਲਾਲ ਵਿਰਦੀ ਦੀ ਅਗਵਾਈ 'ਚ ਉੱਘੇ ਲੇਖਕਾਂ, ਬੁਧੀਜੀਵੀਆਂ ਤੇ ਹੋਰ ਸਮਾਜਿਕ ਹਸਤੀਆਂ ਨੇ ਵੀ ਧਰਨੇ 'ਚ ਸ਼ਾਮਲ ਹੋ ਕੇ ਕੇਂਦਰੀ ਹਕੂਮਤ ਵਲੋਂ ਢਾਹੇ ਜਾ ਰਹੇ ਜਬਰ-ਜ਼ੁਲਮ ਖਿਲਾਫ ਸਖ਼ਤ ਰੋਸ ਦਾ ਇਜ਼ਹਾਰ ਕੀਤਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਕੁਲਵੰਤ ਸਿੰਘ ਸੰਧੂ ਤੇ ਗੁਰਮੀਤ ਸਿੰਘ ਦੀ ਅਗਵਾਈ 'ਚ ਕਮੇਟੀ ਦੇ ਮੈਂਬਰਾਂ ਨੇ ਵੀ ਹਾਜ਼ਰੀ ਲਵਾਈ।ਮੰਚ 'ਤੇ ਕਸ਼ਮੀਰ ਸਿੰਘ ਘੁੱਗਸ਼ੋਰ, ਮਨਜਿੰਦਰ ਸਿੰਘ ਢੇਸੀ, ਜਸਵਿੰਦਰ ਸਿੰਘ ਖਟਕੜ, ਰਤਨ ਸਿੰਘ ਰੰਧਾਵਾ, ਗੁਰਨਾਮ ਸਿੰਘ ਦਾਊਦ, ਪ੍ਰੋਫੈਸਰ ਬਲਵੀਰ, ਅਰਮਾਨ ਸਿੰਘ ਵੀ ਮੌਜੂਦ ਸਨ।




# ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੀ ਮੀਟਿੰਗ





**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਪੰਜਾਬ ਰਾਜ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਜਤਿੰਦਰ ਮਸੀਹ ਗੌਰਵ ਨੇ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕਰਕੇ ਘੱਟਗਿਣਤੀ ਭਾਈਚਾਰੇ ਦੀ ਭਲਾਈ, ਸੁਰੱਖਿਆ ਅਤੇ ਵਿਕਾਸ ਨਾਲ ਸਬੰਧਤ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਘੱਟ ਗਿਣਤੀ ਵਰਗ ਦੇ ਅਧਿਕਾਰਾਂ ਦੀ ਰੱਖਿਆ, ਸਮਾਜਿਕ ਵਿਕਾਸ ਅਤੇ ਆਰਥਿਕ ਸਸ਼ਕਤੀਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਸਰਕਾਰ ਦੀਆਂ ਸਾਰੀਆਂ ਲੋਕ ਭਲਾਈ ਯੋਜਨਾਵਾਂ ਦਾ ਲਾਭ ਯੋਗ ਲਾਭਪਾਤਰੀਆਂ ਤੱਕ ਸਮੇਂ ਸਿਰ ਪਹੁੰਚਾਇਆ ਜਾਣਾ ਚਾਹੀਦਾ ਹੈ। ਚੇਅਰਮੈਨ ਨੇ ਘੱਟ ਗਿਣਤੀ ਭਲਾਈ ਯੋਜਨਾਵਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਉਨ੍ਹਾਂ ਸਕਾਲਰਸ਼ਿਪ ਯੋਜਨਾਵਾਂ, ਰੁਜ਼ਗਾਰ ਅਤੇ ਹੁਨਰ ਵਿਕਾਸ ਪ੍ਰੋਗਰਾਮਾਂ ਅਤੇ ਘੱਟ ਗਿਣਤੀਆਂ ਦੀ ਸੰਘਣੀ ਵਸੋਂ ਵਾਲੇ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਨਾਲ ਸਬੰਧਤ ਕੰਮਾਂ ਦੀ ਸਮੀਖਿਆ ਕਰਦਿਆਂ ਅਧਿਕਾਰੀਆਂ ਨੂੰ ਯੋਜਨਾਵਾਂ ਦੇ ਪ੍ਰਭਾਵਸ਼ਾਲੀ ਲਾਗ ਕਰਨ ਲਈ ਹਦਾਇਤਾਂ ਦਿੱਤੀਆਂ।

ਕਾਨੂੰਨ-ਵਿਵਸਥਾ ਦੀ ਸਮੀਖਿਆ ਕਰਦਿਆਂ ਉਨ੍ਹਾਂ ਘੱਟਗਿਣਤੀ ਭਾਈਚਾਰੇ ਦੀ ਸੁਰੱਖਿਆ, ਸ਼ਿਕਾਇਤ ਨਿਵਾਰਨ ਪ੍ਰਣਾਲੀ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਤੁਰੰਤ ਹੱਲ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਇਸ ਦੌਰਾਨ ਉਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਅਧਿਕਾਰੀਆਂ ਨੂੰ ਢੁਕਵੇਂ ਅਤੇ ਸਮਾਂਬੱਧ ਹੱਲ ਲਈ ਕਿਹਾ।

## ਪੱਤਰਕਾਰ ਵਿਜੇ ਤੇਜੀ ਦਿੱਲੀ ਵਿਖੇ ਹੋਇਆ ਲੁੱਟ ਦਾ ਸ਼ਿਕਾਰ

**ਬੰਗਾ (ਅਵਤਾਰ ਕਲੇਰ)**- ਬੀਤੇ ਦਿਨੀਂ ਪੱਤਰਕਾਰ ਵਿਜੇ ਪਾਲ ਸਿੰਘ ਤੇਜੀ ਨੂੰ ਦਿੱਲੀ ਵਿਖੇ ਲੁੱਟੇ ਜਾਣ ਦਾ ਸਮਾਚਾਰ ਹੈ। ਤੇਜੀ ਨੇ ਦੱਸਿਆ ਕਿ ਮੈਂ ਬੈਂਕਾਕ ਜਾਣਾ ਸੀ। 14 ਜੁਲਾਈ ਨੂੰ ਰਾਤ 8 ਵਜੇ ਫਗਵਾੜਾ ਤੋਂ ਸ਼ਾਨੇ ਪੰਜਾਬ ਰੇਲ ਗੱਡੀ ਨੰ:12498 ਕੋਚ 4 ਰਾਹੀਂ ਦਿੱਲੀ ਜਾ ਰਿਹਾ ਸੀ। 15 ਜੁਲਾਈ ਨੂੰ ਦਿੱਲੀ ਉਤਰਨ ਮੌਕੇ ਸਾਡੇ ਡੱਬੇ ਵਿੱਚ 5-7 ਵਿਅਕਤੀਆਂ ਨੇ ਮੇਰੇ ਤੋਂ ਇਲਾਵਾ ਹੋਰ ਲੋਕਾਂ ਨਾਲ ਵੀ ਲੁੱਟ-ਖੋਹ ਕੀਤੀ ਤੇ ਫਰਾਰ ਹੋ ਗਏ। ਇਸ ਲੁੱਟ ਵਿੱਚ ਮੇਰਾ ਕੈਰੀ ਬੈਗ ਜਿਸ ਵਿੱਚ ਮੋਬਾਇਲ, ਪਾਸਪੋਰਟ, ਅੰਤਰਰਾਸ਼ਟਰੀ ਡਰਾਇਵਰੀ ਲਾਇਸੰਸ, ਆਧਾਰ ਕਾਰਡ, ਵੋਟਰ ਕਾਰਡ, ਪੈਨ ਕਾਰਡ, ਸਰਕਾਰੀ ਯੈਲੋ ਕਾਰਡ, 2400 ਰਿੰਗਟ, 400 ਡਾਲਰ ਤੋਂ ਇਲਾਵਾ 15 ਹਜ਼ਾਰ ਰੁਪਏ ਵੀ ਸਨ। ਇਸ ਸਾਰੇ ਮਾਮਲੇ ਦੀ ਐਫ. ਆਈ. ਆਰ ਨਵੀਂ ਦਿੱਲੀ ਵਿਖੇ ਕਰਵਾਈ ਗਈ ਹੈ। ਉਨ੍ਹਾਂ ਕੇਂਦਰ ਸਰਕਾਰ ਅਤੇ ਰੇਲਵੇ ਵਿਭਾਗ ਤੋਂ ਮੰਗ ਕੀਤੀ ਕਿ ਇਸ ਲੁੱਟ ਦਾ ਜਲਦੀ ਹੱਲ ਕੱਢਿਆ ਜਾਵੇ।



# ਮਾਨ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ 14.12 ਕਰੋੜ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਪੰਜਾਬ ਸਰਕਾਰ ਦੀ ਸਰਬਪੱਖੀ ਵਿਕਾਸ ਅਤੇ ਸਮਾਜਿਕ ਨਿਆਂ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਦੱਸਿਆ ਕਿ ਰਾਜ ਸਰਕਾਰ ਨੇ ਵਿੱਤੀ ਸਾਲ 2026-27 ਦੌਰਾਨ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ 2,769 ਯੋਗ ਲਾਭਪਾਤਰੀਆਂ ਲਈ ਅਸ਼ੀਰਵਾਦ ਸਕੀਮ ਤਹਿਤ 14.12 ਕਰੋੜ ਦੀ ਰਾਸ਼ੀ ਜਾਰੀ ਕੀਤੀ ਹੈ। ਇਹ ਵਿੱਤੀ ਸਹਾਇਤਾ ਯੋਗ ਪਰਿਵਾਰਾਂ ਨੂੰ ਉਨ੍ਹਾਂ ਦੀਆਂ ਧੀਆਂ ਦੇ ਵਿਆਹ ਦੇ ਖਰਚੇ ਇੱਜ਼ਤ-ਮਾਣ ਨਾਲ ਪੂਰੇ ਕਰਨ ਵਿੱਚ ਮਦਦ ਕਰੇਗੀ ਅਤੇ ਉਨ੍ਹਾਂ ਦੇ ਵਿੱਤੀ ਬੋਝ ਨੂੰ ਘਟਾਏਗੀ। ਹੋਰ ਵੇਰਵੇ ਸਾਂਝੇ ਕਰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮੌਜੂਦਾ ਵਿੱਤੀ ਸਾਲ ਦੌਰਾਨ ਅਸ਼ੀਰਵਾਦ ਪੋਰਟਲ ਰਾਹੀਂ 19 ਜ਼ਿਲ੍ਹਿਆਂ ਦੇ ਲਾਭਪਾਤਰੀਆਂ ਦੀਆਂ 2,769 ਯੋਗ ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਇਹ ਸੁਨਿਸ਼ਚਿਤ ਕਰਨ ਲਈ ਕਿ ਹਰ ਯੋਗ ਪਰਵਾਰ ਨੂੰ ਸਮੇਂ ਸਿਰ ਵਿੱਤੀ ਸਹਾਇਤਾ ਮਿਲੇ, ਪੰਜਾਬ ਸਰਕਾਰ ਨੇ 14.12 ਕਰੋੜ ਜਾਰੀ ਕੀਤੇ ਹਨ, ਜੋ ਕਿ ਪਾਰਦਰਸ਼ੀ, ਕੁਸ਼ਲ ਅਤੇ ਸਮੇਂ ਸਿਰ ਕਲਿਆਣਕਾਰੀ ਲਾਭ ਪਹੁੰਚਾਉਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।



ਮੰਤਰੀ ਨੇ ਦੱਸਿਆ ਕਿ ਲਾਭਪਾਤਰੀਆਂ ਵਿੱਚ ਬਰਨਾਲਾ ਤੋਂ 85, ਬਠਿੰਡਾ ਤੋਂ 61, ਫਰੀਦਕੋਟ ਤੋਂ 31, ਫਿਰੋਜ਼ਪੁਰ ਤੋਂ 91, ਸ੍ਰੀ ਫਤਿਹਗੜ੍ਹ ਸਾਹਿਬ ਤੋਂ 83, ਫਾਜ਼ਿਲਕਾ ਤੋਂ 347, ਗੁਰਦਾਸਪੁਰ ਤੋਂ 401, ਹੁਸ਼ਿਆਰਪੁਰ ਤੋਂ 162, ਜਲੰਧਰ ਤੋਂ 17, ਲੁਧਿਆਣਾ ਤੋਂ 151, ਮੋਗਾ ਤੋਂ 73, ਸ੍ਰੀ ਮੁਕਤਸਰ ਸਾਹਿਬ ਤੋਂ 105, ਪਟਿਆਲਾ ਤੋਂ 556, ਪਠਾਨਕੋਟ ਤੋਂ 61, ਰੂਪਨਗਰ ਤੋਂ 161, ਐਸ.ਏ.ਐਸ. ਨਗਰ (ਮੁਹਾਲੀ) ਤੋਂ 108, ਐਸ.ਬੀ.ਐਸ. ਨਗਰ ਤੋਂ 65, ਸੰਗਰੂਰ ਤੋਂ 94 ਅਤੇ ਮਾਲੇਰਕੋਟਲਾ ਤੋਂ 117 ਲਾਭਪਾਤਰੀ ਸ਼ਾਮਲ ਹਨ।

# ਮਾਨ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਤਸਵੀਰ ਬਦਲੀ : ਮੋਹਿੰਦਰ ਭਗਤ

**ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ)**- ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਸਥਾਨਕ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬਸਤੀ ਸ਼ੇਖ ਅਤੇ ਪੀ.ਐਮ.ਸ਼੍ਰੀ ਸਰਕਾਰੀ



ਸੀਨੀਅਰ ਸੈਕੰਡਰੀ ਸਕੂਲ, ਬਸਤੀ ਦਾਨਿਸ਼ਮੰਦਾ ਵਿਖੇ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਕੂਲੀ ਬੈਗਾਂ ਦੀ ਵੰਡ ਕੀਤੀ ਗਈ। ਕੈਬਨਿਟ ਮੰਤਰੀ ਨੇ ਇਸ ਮੌਕੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਉਦੇਸ਼ ਹਰ ਬੱਚੇ ਨੂੰ ਬਿਹਤਰ ਸਿੱਖਿਆ, ਲੋੜੀਂਦੀਆਂ ਸਹੂਲਤਾਂ ਅਤੇ ਰੌਸ਼ਨ ਭਵਿੱਖ ਲਈ ਸਮਾਨ ਮੌਕੇ ਪ੍ਰਦਾਨ ਕਰਨਾ ਹੈ ਤਾਂ ਜੋ ਉਹ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਂਦੇ, ਜਿਸ ਦੇ ਸਿੱਟੇ ਵਜੋਂ ਪੰਜਾਬ ਪੂਰੇ ਦੇਸ਼ ਵਿੱਚ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸਥਾਨ 'ਤੇ ਪਹੁੰਚ ਗਿਆ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਦਾ ਆਧੁਨਿਕੀਕਰਨ ਕੀਤਾ ਗਿਆ। ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਮਾਰਟ ਕਲਾਸਰੂਮ, ਆਧੁਨਿਕ ਪ੍ਰਯੋਗਸ਼ਾਲਾਵਾਂ, ਬਿਹਤਰ ਫਰਨੀਚਰ, ਸਾਫ਼-ਸੁਥਰਾ ਵਾਤਾਵਰਣ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਤਸਵੀਰ ਬਦਲ ਕੇ ਰੱਖ ਦਿੱਤੀ ਹੈ।ਇਸ ਮੌਕੇ ਕੈਬਨਿਟ ਮੰਤਰੀ ਨੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬਸਤੀ ਸ਼ੇਖ ਵਿਖੇ ਕਿਚਨ ਸ਼ੈੱਡ, ਫਰਸ਼ ਅਤੇ ਹੋਰ ਵਿਕਾਸ ਕਾਰਜਾਂ ਲਈ ਪੰਜਾਬ ਸਰਕਾਰ ਵੱਲੋਂ 15 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਪ੍ਰਿੰ. ਰੇਖਾ ਰਾਣੀ, ਪ੍ਰਿੰ. ਦਿਨੇਸ਼ ਕੁਮਾਰ, ਐਜੂਕੇਸ਼ਨ ਇੰਚਾਰਜ ਜਲੰਧਰ ਪੱਛਮੀ ਸੰਜੀਵ ਭਗਤ, 'ਆਪ' ਆਗੂ ਸਿਮਰਨਜੀਤ ਸਿੰਘ ਬੰਟੀ, ਐਡਵੋਕੇਟ ਸੰਦੀਪ ਵਰਮਾ, ਕਮਲ ਲੋਚ, ਏਕਮਜੀਤ, ਅਨਮੋਲ ਅਤੇ ਸਕੂਲਾਂ ਦਾ ਸਟਾਫ਼ ਵੀ ਮੌਜੂਦ ਸੀ।

# ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਕਪੂਰਥਲਾ ਇਕਾਈ ਦੀ ਚੋਣ, ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਬਣੇ

**ਕਪੂਰਥਲਾ (ਪ੍ਰੀਤ ਸੰਗੋਜਲਾ)** ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਇਕਾਈ ਕਪੂਰਥਲਾ ਦੀ ਪਲੇਠੀ ਮੀਟਿੰਗ ਕਪੂਰਥਲਾ ਵਿਖੇ ਅਹੂਜਾ ਰੈਸਟੋਰੈਂਟ ਵਿੱਚ ਰੱਖੀ ਗਈ ਜਿਸ ਵਿੱਚ ਭਾਰੀ ਗਿਣਤੀ ਵਿੱਚ ਪੱਤਰਕਾਰ ਸਾਥੀਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਕਪੂਰਥਲਾ



ਇਕਾਈ ਦੀ ਚੋਣ ਵਾਸਤੇ ਕੀਤੀ ਗਈ ਜਿਸ ਵਿੱਚ ਕਪੂਰਥਲੇ ਦੇ ਸਾਰੇ ਪੱਤਰਕਾਰਾਂ ਨੇ ਵੱਧ ਚੜ ਕੇ ਹਿੱਸਾ ਲਿਆ। ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਵੱਲੋਂ ਜਾਇੰਟ ਸੈਕਟਰੀ ਪੰਜਾਬ ਦਵਿੰਦਰ ਸਿੰਘ ਭੰਗੂ, ਅੰਮ੍ਰਿਤਸਰ ਇਕਾਈ ਦੇ ਪ੍ਰਧਾਨ ਡਾਕਟਰ ਰਜਿੰਦਰ ਰਿਖੀ, ਅੰਮ੍ਰਿਤਸਰ ਦਿਹਾਤੀ ਦੇ ਸੈਕਟਰੀ ਜਨਰਲ ਬਲਜਿੰਦਰ ਸਿੰਘ ਰਾਜਾ, ਜਿਲ੍ਹਾ ਜਲੰਧਰ ਇਕਾਈ ਦੇ ਕਨਵੀਨਰ ਮੈਡਮ ਤਜਿੰਦਰ ਕੌਰ ਥਿੰਦ ਅਤੇ ਸੁਲਤਾਨਪੁਰ ਤੋਂ ਪੁਰਾਣੇ ਪੱਤਰਕਾਰ ਨਰਿੰਦਰ ਸੋਨੀਆ ਮੁੱਖ ਤੌਰ 'ਤੇ ਪਹੁੰਚੇ। ਇਸ ਮੌਕੇ ਸਾਰੇ ਬੁਲਾਰਿਆਂ ਨੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ ਜਿਨਾਂ ਦੇ ਵਿੱਚ ਸਟੇਜ ਦੀ ਜ਼ਿੰਮੇਵਾਰੀ ਐਡਵੋਕੇਟ ਹਰਜੀਤ ਸਿੰਘ ਨੇ ਨਿਭਾਈ। ਕਪੂਰਥਲਾ ਇਕਾਈ ਦੀ ਚੋਣ ਵਿੱਚ ਪ੍ਰੀਤ ਸੰਗੋਜਲਾ ਨੂੰ ਸਰਬ ਸੰਮਤੀ ਨਾਲ ਜ਼ਿਲ੍ਹਾ ਪ੍ਰਧਾਨ ਚੁਣਿਆ ਗਿਆ, ਇਸੇ ਲੜੀ ਤਹਿਤ ਸੁਖਵਿੰਦਰ ਸੋਹੀ ਉਪ ਪ੍ਰਧਾਨ, ਅਵਿਨਾਸ਼ ਸ਼ਰਮਾ ਅਤੇ ਨਰਿੰਦਰ ਸੋਨੀਆ ਨੂੰ ਸਰਪ੍ਰਸਤ, ਬਰਿੰਦਰ ਚਾਨਾ ਨੂੰ ਜਨਰਲ ਸੈਕਟਰੀ, ਹਰਪ੍ਰੀਤ ਸਿੰਘ ਮੱਟੂ ਨੂੰ ਪ੍ਰੈੱਸ ਸੈਕਟਰੀ, ਡਾਕਟਰ ਅਰੁਣ ਕੁਮਾਰ ਖਜਾਨਚੀ, ਚਰਨਜੀਤ ਢਿੱਲੋਂ ਜੋਇੰਟ ਸੈਕਟਰੀ, ਐਡਵੋਕੇਟ ਪਵਨ ਕਾਲੀਆ ਅਤੇ ਐਡਵੋਕੇਟ ਹਰਜੀਤ ਸਿੰਘ ਨੂੰ ਲੀਗਲ ਸੈਲ ਦੇ ਕਾਨੂੰਨੀ ਸਲਾਹਕਾਰ ਨਿਯੁਕਤ ਕੀਤਾ ਗਿਆ। ਇਸ ਮੌਕੇ ਪੰਜਾਬ ਕਾਰਜਕਾਰਨੀ ਦੇ ਜਾਇਟ ਸੈਕਟਰੀ ਦਵਿੰਦਰ ਸਿੰਘ ਭੰਗੂ ਨੇ ਪ੍ਰੈਸ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਡਾਕਟਰ ਰਜਿੰਦਰ ਰਿਖੀ ਨੇ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨਿਯਨ ਦੀਆਂ ਪ੍ਰਾਪਤੀਆਂ ਬਾਰੇ ਵਿਚਾਰ ਸਾਂਝੇ ਕੀਤੇ।

# ਨਗਰ ਨਿਗਮ ਦੀ ਵਿੱਤ ਤੇ ਠੇਕਾ ਕਮੇਟੀ ਦੀ ਮੀਟਿੰਗ ਭਲਕੇ

**ਜਲੰਧਰ (ਇਕਬਾਲ ਸਿੰਘ ਉਭੀ)** ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਅਹਿਮ ਮੀਟਿੰਗ 27 ਜੁਲਾਈ ਨੂੰ ਸਵੇਰੇ 11 ਵਜੇ ਮੇਅਰ ਹਾਊਸ, ਮਾਡਲ ਟਾਊਨ ਵਿਖੇ ਹੋਣ ਜਾ ਰਹੀ ਹੈ।ਇਸ ਮੀਟਿੰਗ ਵਿੱਚ ਲਗਭਗ 700 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਨਾਲ ਸਬੰਧਤ ਪ੍ਰਸਤਾਵਾਂ 'ਤੇ ਵਿਚਾਰ ਕਰਕੇ ਮਨਜ਼ੂਰੀ ਦਿੱਤੀ ਜਾ ਸਕਦੀ ਹੈ। ਇਨ੍ਹਾਂ ਵਿੱਚ ਸਭ ਤੋਂ ਵੱਡਾ 600 ਕਰੋੜ ਰੁਪਏ ਦਾ ਸਾਲਿਡ ਵੇਸਟ ਮੈਨੇਜਮੈਂਟ ਪ੍ਰੋਜੈਕਟ ਹੈ।ਇਸ ਪ੍ਰੋਜੈਕਟ ਤਹਿਤ ਇੱਕ ਨਿੱਜੀ ਕੰਪਨੀ ਨੂੰ ਸ਼ਹਿਰ ਭਰ ਦਾ ਕੂੜਾ ਇਕੱਠਾ ਕਰਨ, ਡੰਪਾਂ ਦਾ ਪ੍ਰਬੰਧਨ ਕਰਨ ਅਤੇ ਕੂੜੇ ਤੋਂ ਖਾਦ ਤਿਆਰ ਕਰਨ ਦੀ ਜ਼ਿੰਮੇਵਾਰੀ ਦਿੱਤੀ ਜਾਵੇਗੀ। ਅੱਠ ਸਾਲਾਂ ਲਈ ਤਿਆਰ ਕੀਤੇ ਜਾਣ ਵਾਲੇ ਇਸ ਪ੍ਰੋਜੈਕਟ 'ਤੇ ਨਗਰ ਨਿਗਮ ਨੂੰ ਹਰ ਸਾਲ ਕਰੀਬ 75 ਕਰੋੜ ਰੁਪਏ ਦਾ ਭੁਗਤਾਨ ਕਰਨਾ ਪਵੇਗਾ। ਹਾਲਾਂਕਿ ਇਸ ਯੋਜਨਾ ਦਾ ਨਿਗਮ ਦੀਆਂ ਯੂਨੀਅਨਾਂ ਵੱਲੋਂ ਪਹਿਲਾਂ ਹੀ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਮੀਟਿੰਗ ਵਿੱਚ ਇਸ ਪ੍ਰਸਤਾਵ 'ਤੇ ਤਿੱਖੀ ਚਰਚਾ ਹੋਣ ਦੀ ਸੰਭਾਵਨਾ ਹੈ। ਇਸ ਮੌਕੇ ਸਮਾਰਟ ਟ੍ਰੈਫਿਕ ਲਾਈਟਾਂ, ਸਟਰੀਟ ਲਾਈਟਾਂ, ਸੜਕਾਂ ਦਾ ਪਾਣੀ, ਪਾਰਕਾਂ ਵਿੱਚ ਖੇਡ ਗਰਾਊਂਡਾ, ਆਵਾਰਾ ਕੁੱਤਿਆਂ ਲਈ ਸ਼ੈੱਡ ਸਮੇਤ ਹੋਰ ਵਿਕਾਸ ਕਾਰਜਾਂ ਨੂੰ ਮੰਜ਼ੂਰੀ ਮਿਲਣ ਦੀ ਆਸ ਹੈ।

# ਸਫ਼ਾਈ ਕਰਮਚਾਰੀਆਂ ਨੇ ਸਰਕਾਰ ਦਾ ਪੁਤਲਾ ਫੂਕਿਆ



**ਟਾਂਡਾ ਉੜਮੁੜ (ਮਿਥਲੇਸ਼ ਗਰਗ,ਜਸਵਿੰਦਰ ਸੰਧੂ)**- ਬਰਨਾਲਾ ਵਿੱਚ ਸਫਾਈ ਕਰਮਚਾਰੀਆਂ ਉੱਤੇ ਹੋਏ ਕਥਿਤ ਪੁਲਿਸ ਲਾਠੀਚਾਰਜ ਦੇ ਵਿਰੋਧ ਵਿੱਚ ਟਾਂਡਾ ਦੇ ਸਰਕਾਰੀ ਹਸਪਤਾਲ ਚੌਕ ਵਿਖੇ ਨਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਦੀ ਯੂਨੀਅਨ ਵੱਲੋਂ ਰੋਸ ਮਾਰਚ ਕੱਢ ਕੇ ਪੰਜਾਬ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕੀਤਾ ਗਿਆ ਅਤੇ ਮੁੱਖ ਮੰਤਰੀ ਦਾ ਪੁਤਲਾ ਸਾੜਿਆ ਗਿਆ।ਪ੍ਰਦਰਸ਼ਨ ਦੀ ਅਗਵਾਈ ਪ੍ਰਧਾਨ ਮਾਇਆ, ਚੇਅਰਮੈਨ ਯਸ਼ਪਾਲ ਸੋਨੂ, ਜਤਿੰਦਰ ਹੰਸ ਅਤੇ ਰਜਿੰਦਰ ਕੁਮਾਰ ਨੇ ਕੀਤੀ। ਉਨ੍ਹਾਂ ਕਿਹਾ ਕਿ ਸਫਾਈ ਕਰਮਚਾਰੀ ਪਿਛਲੇ ਦੋ ਹਫ਼ਤਿਆਂ ਤੋਂ ਸਰਕਾਰ ਵੱਲੋਂ ਪਹਿਲਾਂ ਹੀ ਮਨਜ਼ੂਰ ਕੀਤੀਆਂ ਮੰਗਾਂ ਨੂੰ ਲਾਗੂ ਕਰਨ ਲਈ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰ ਰਹੇ ਹਨ। ਇਸ ਦੇ ਬਾਵਜੂਦ ਬਰਨਾਲਾ ਵਿੱਚ ਉਨ੍ਹਾਂ ਉੱਤੇ ਬੇਰਹਿਮੀ ਨਾਲ ਲਾਠੀਚਾਰਜ ਕੀਤਾ ਗਿਆ ਅਤੇ ਇਸ ਕਾਰਵਾਈ ਦੌਰਾਨ ਮਹਿਲਾ ਕਰਮਚਾਰੀਆਂ ਨਾਲ ਵੀ ਕੋਈ ਰਿਆਇਤ ਨਹੀਂ ਕੀਤੀ ਗਈ।ਉਨ੍ਹਾਂ ਦੋਸ਼ ਲਾਇਆ ਕਿ ਪੁਲਸ ਪ੍ਰਸ਼ਾਸਨ ਵੱਲੋਂ ਸਫਾਈ ਕਰਮਚਾਰੀਆਂ ਉੱਤੇ ਕੀਤੇ ਗਏ ਅੱਤਿਆਚਾਰ ਦਾ ਸੂਬੇ ਭਰ ਦੇ ਸਫਾਈ ਕਰਮਚਾਰੀ ਇਕਜੁੱਟ ਹੋ ਕੇ ਜਵਾਬ ਦੇਣਗੇ। ਉਨ੍ਹਾਂ ਲਾਠੀਚਾਰਜ ਲਈ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਨੂੰ ਇਨਸਾਫ਼ ਨਾ ਦਿੱਤਾ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਹੀਰਾ ਲਾਲ ਭੱਟੀ, ਮਨੀ, ਵਿੱਕੀ, ਅਜੈ, ਸ਼ੁਭਮ ਭੱਟੀ, ਰਜਨੀ ਬਾਲਾ, ਰਣਦੀਪ ਭੱਟੀ, ਵਰਿੰਦਰ ਕੁਮਾਰ, ਸ਼ੁਭਮ, ਰਾਣੀ, ਬੀਨਾ, ਗੀਨਾ ਰਾਣੀ, ਸੁਖਵਿੰਦਰ ਕੌਰ, ਰਮਾ ਰਾਣੀ, ਰੂਬੀ, ਪੂਜਾ, ਅਨੂ, ਰਮਨ, ਨੀਰਾ, ਪੱਕੂ ਟਾਂਡਾ, ਸ਼ੇਖਰ, ਸ਼ੀਤਲ, ਮਦਨ ਲਾਲ, ਮੰਗੂ ਅਤੇ ਬਖ਼ਸ਼ੀਸ਼ ਸਮੇਤ ਵੱਡੀ ਗਿਣਤੀ ਵਿੱਚ ਸਫਾਈ ਕਰਮਚਾਰੀ ਹਾਜ਼ਰ ਸਨ।

# ਮੋਹਾਲੀ ਪ੍ਰੈੱਸ ਕਲੱਬ ਦੀ ਨਵੀਂ ਚੁਣੀ ਟੀਮ ਦਾ ਅਹੁਦਾ ਸੰਭਾਲ ਸਮਾਗਮ ਸੰਪੰਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਰਣਜੀਤ ਪਾਲ ਸਿੰਘ ਨੇ ਮੋਹਾਲੀ ਪ੍ਰੈਸ ਕਲੱਬ ਦੇ 27ਵੇਂ ਅਹੁਦਾ ਸੰਭਾਲ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਕਲੱਬ ਦੀ ਨਵੀਂ ਚੁਣੀ ਟੀਮ ਨੂੰ ਵਧਾਈ ਦਿੱਤੀ। ਸੈਕਟਰ-71 ਸਥਿਤ ਪ੍ਰਾਚੀਨ ਕਲਾ ਕੇਂਦਰ ਵਿਖੇ ਮੋਹਾਲੀ ਪ੍ਰੈਸ ਕਲੱਬ ਵੱਲੋਂ ਕਰਵਾਏ ਗਏ 27ਵੇਂ 'ਤਾਜਪੋਸ਼ੀ ਸਮਾਗਮ' ਦੌਰਾਨ ਮੁੱਖ ਮਹਿਮਾਨ ਵਜੋਂ ਸੰਬੋਧਨ ਕਰਦਿਆਂ ਰਣਜੀਤ ਪਾਲ ਸਿੰਘ ਨੇ ਕਿਹਾ ਕਿ ਪ੍ਰੈਸ ਲੋਕਤੰਤਰ ਦਾ ਚੌਥਾ ਥੰਮ੍ਹ ਹੈ ਅਤੇ ਦੱਬੇ-ਕੁਚਲੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਸਮਾਜ ਵਿੱਚ ਜੋ ਵੀ ਵਾਪਰਦਾ ਹੈ, ਮੀਡੀਆ ਹੀ ਉਸ ਨੂੰ ਲੋਕਾਂ ਦੇ ਸਾਹਮਣੇ ਲਿਆਉਂਦਾ ਹੈ। ਇਸ ਲਈ ਮੀਡੀਆ ਦੀ ਜ਼ਿੰਮੇਵਾਰੀ ਬਹੁਤ ਵੱਡੀ ਹੈ। ਇਸ ਮੌਕੇ ਡੀ.ਪੀ.ਆਰ.ਓ. ਮੋਹਾਲੀ ਰਵੀਇੰਦਰ ਸਿੰਘ ਮੱਕੜ ਅਤੇ ਨਗਰ ਨਿਗਮ ਦੇ ਡਿਪਟੀ ਮੇਅਰ ਹਰਪਾਲ ਸਿੰਘ ਚੰਨਾ ਵੀ ਹਾਜ਼ਰ ਸਨ। ਇਸ ਦੌਰਾਨ ਸਮੂਹ ਮਹਿਮਾਨਾਂ ਵੱਲੋਂ ਗਵਰਨਿੰਗ ਬਾਡੀ ਦੀ ਮੌਜੂਦਗੀ ਵਿੱਚ ਕਲੱਬ ਦਾ ਸੋਵੀਨਾਰ ਵੀ ਰਿਲੀਜ਼ ਕੀਤਾ ਗਿਆ। ਇਸ ਤੋਂ ਪਹਿਲਾਂ ਮਹਿਮਾਨਾਂ ਦਾ ਬੁੱਕੇ ਅਤੇ ਮੋਮੈਂਟੋ ਦੇ ਕੇ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਸ. ਹਰਿੰਦਰ ਸਿੰਘ ਹਰ ਨੇ ਬਾਖੂਬੀ ਨਿਭਾਈ। ਇਸ ਮੌਕੇ




ਨਵੀਂ ਚੁਣੀ ਗਵਰਨਿੰਗ ਬਾਡੀ ਦੇ ਮੈਂਬਰਾਂ ਸ. ਗੁਰਮੀਤ ਸਿੰਘ ਸ਼ਾਹੀ (ਪ੍ਰਧਾਨ), ਸ. ਸੁਖਦੇਵ ਸਿੰਘ ਪਟਵਾਰੀ (ਜਨਰਲ ਸਕੱਤਰ), ਸ. ਮਨਜੀਤ ਸਿੰਘ ਚਾਨਾ (ਸੀਨੀਅਰ ਮੀਤ ਪ੍ਰਧਾਨ), ਸ੍ਰੀਮਤੀ ਨੀਲਮ ਠਾਕੁਰ ਅਤੇ ਸ. ਵਿਜੇ ਪਾਲ (ਮੀਤ ਪ੍ਰਧਾਨ), ਸ. ਰਾਜੀਵ ਤਨੇਜਾ (ਖ਼ਜ਼ਾਨਚੀ), ਸ. ਵਿਜੇ ਕੁਮਾਰ (ਜਥੇਬੰਦਕ ਸਕੱਤਰ), ਡਾ. ਰਵਿੰਦਰ ਕੌਰ ਅਤੇ ਸ. ਸੰਦੀਪ ਬਿੰਦਰਾ (ਜੁਆਇੰਟ ਸਕੱਤਰ)—ਨੂੰ ਨਵੀਂ ਜ਼ਿੰਮੇਵਾਰੀ ਸੰਭਾਲਣ 'ਤੇ ਵਧਾਈ ਦਿੱਤੀ ਗਈ। ਇਸ ਮੌਕੇ ਕੁਲਦੀਪ ਸਿੰਘ ਸਮਾਣਾ, ਅਕਵਿੰਦਰ ਸਿੰਘ ਗੋਸਲ, ਤਰਲੋਚਨ ਸਿੰਘ ਮਟੌਰ, ਆਰ.ਪੀ. ਕੰਬੋਜ, ਖੁਸ਼ਬੀਰ ਕੌਰ ਤੋਂ ਇਲਾਵਾ ਨਾਹਰ ਸਿੰਘ ਧਾਲੀਵਾਲ, ਅਰੁਣ ਨਾਭਾ, ਕੁਲਬੀਰ ਸਿੰਘ ਸੈਣੀ, ਹਰਦੀਪ ਕੌਰ ਵਿਰਕ, ਗੁਰਪ੍ਰੀਤ ਕੌਰ ਭੁੱਲਰ, ਹਰਬੰਸ ਸਿੰਘ ਬਾਗੜੀ, ਅਜਾਇਬ ਸਿੰਘ ਔਜਲਾ, ਬਲਜੀਤ ਮਰਵਾਹਾ, ਕੁਲਵਿੰਦਰ ਸਿੰਘ ਬਾਵਾ, ਹਰਿੰਦਰ ਪਾਲ ਸਿੰਘ ਹੈਰੀ, ਧਰਮ ਸਿੰਘ, ਮੰਗਤ ਸਿੰਘ ਸੈਦਪੁਰ, ਸੁਖਵਿੰਦਰ ਸਿੰਘ, ਸੁਸ਼ੀਲ ਗਰਚਾ, ਸਰੋਜ ਕੁਮਾਰੀ ਵਰਮਾ, ਸਨਾ ਮਹਿੰਦੀ, ਅਮਰਪਾਲ ਸਿੰਘ ਨੂਰਪੁਰੀ, ਅਮਰਜੀਤ ਸਿੰਘ, ਪ੍ਰਿਤਪਾਲ ਸਿੰਘ ਸੋਢੀ, ਰਜੀਵ ਕੁਮਾਰ, ਅਮਨਦੀਪ ਗਿੱਲ, ਦਵਿੰਦਰ ਸਿੰਘ ਏ.ਆਈ.ਆਰ., ਰਾਜੀਵ ਸਚਦੇਵਾ, ਉਜਲ ਸਿੰਘ, ਮਾਇਆ ਰਾਮ, ਹਰਮਿੰਦਰ ਸਿੰਘ ਨਾਗਪਾਲ, ਤਰਲੋਚਨ ਸਿੰਘ, ਰਾਜੀਵ ਵਸ਼ਿਸ਼ਟ, ਗੁਰਨਾਮ ਸਾਗਰ, ਕੁਲਵੰਤ ਸਿੰਘ ਕੋਟਲੀ, ਜਸਵਿੰਦਰ ਰੁਪਾਲ, ਧਰਮਿੰਦਰ ਸਿੰਗਲਾ, ਰਿਤਿਸ਼ ਕੁਮਾਰ ਨਾਹਰ, ਜਤਿੰਦਰ ਪਾਲ ਸਿੰਘ, ਸੁਭਾਸ਼ ਵਟਸਨ ਅਤੇ ਰਮੇਸ਼ ਸਚਦੇਵਾ ਸਮੇਤ ਵੱਡੀ ਗਿਣਤੀ ਵਿੱਚ ਪੱਤਰਕਾਰ ਹਾਜ਼ਰ ਸਨ।

# ਮੈਰਿਟਨ ਹੋਟਲ ਨੂੰ ਸੀਲ ਕਰਨ ਦੇ ਆਦੇਸ਼, ਬਿਜਲੀ-ਪਾਣੀ ਕੱਟਣ ਦੀ ਤਿਆਰੀ

**ਜਲੰਧਰ (ਸੁਰਿੰਦਰ ਕੁਮਾਰ)**- ਜਲੰਧਰ ਨਗਰ ਨਿਗਮ ਨੇ ਸ਼ਹਿਰ ਦੇ ਮਸ਼ਹੂਰ ਮੈਰਿਟਨ ਹੋਟਲ 'ਤੇ ਸਖ਼ਤ ਕਾਰਵਾਈ ਕਰਦੇ ਹੋਏ ਇਸਨੂੰ ਸੀਲ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਹਨ। ਮੇਅਰ ਵਨੀਤ ਧੀਰ ਦੇ ਨਿਰਦੇਸ਼ਾਂ 'ਤੇ ਐਮ.ਟੀ.ਪੀ ਇਕਬਾਲਪ੍ਰੀਤ ਸਿੰਘ ਰੰਧਾਵਾ ਨੇ ਇਹ ਕਾਰਵਾਈ ਕੀਤੀ ਹੈ। ਨਿਗਮ ਦਾ ਦੋਸ਼ ਹੈ ਕਿ ਹੋਟਲ ਗੈਰ-ਕਾਨੂੰਨੀ ਤੌਰ 'ਤੇ ਬਣਾਇਆ ਗਿਆ ਹੈ ਅਤੇ ਨੋਟਿਸਾਂ ਦੇ ਬਾਵਜੂਦ ਹੋਟਲ ਪ੍ਰਬੰਧਨ ਨੇ ਕੋਈ ਜਵਾਬ ਨਹੀਂ ਦਿੱਤਾ। ਨਗਰ ਨਿਗਮ ਨੇ ਹੋਟਲ ਮਾਲਕ ਨੂੰ ਪਹਿਲਾਂ 9 ਫਰਵਰੀ ਅਤੇ ਫਿਰ 7 ਮਈ 2026 ਨੂੰ ਨੋਟਿਸ ਭੇਜੇ ਸਨ। ਜਦੋਂ ਕੋਈ ਹੱਲ ਨਾ ਨਿਕਲਿਆ ਤਾਂ 22 ਜੁਲਾਈ 2026 ਨੂੰ ਤੀਜਾ ਅਤੇ ਆਖਰੀ ਨੋਟਿਸ ਜਾਰੀ ਕੀਤਾ ਗਿਆ ਹੈ। ਐਮ.ਟੀ.ਪੀ ਰੰਧਾਵਾ ਨੇ ਕਿਹਾ ਕਿ ਹੋਟਲ ਨੂੰ ਤੁਰੰਤ ਖਾਲੀ ਕਰਨ ਦੇ ਹੁਕਮ ਦਿੱਤੇ ਗਏ ਹਨ ਅਤੇ ਕਿਸੇ ਵੀ ਸਮੇਂ ਸਰਕਾਰੀ ਤਾਲਾ ਲਗਾਇਆ ਜਾ ਸਕਦਾ ਹੈ। ਹੋਟਲ ਨੂੰ ਪੂਰੀ ਤਰ੍ਹਾਂ ਬੰਦ ਕਰਨ ਲਈ ਨਗਰ ਨਿਗਮ ਨੇ ਪੀ ਐੱਸ ਪੀ ਸੀ ਐੱਲ ਤੇ ਓ ਐਂਡ ਐੱਮ ਬ੍ਰਾਂਚ ਨੂੰ ਵੀ ਚਿੱਠੀ ਲਿਖੀ ਹੈ। ਇਸ ਵਿੱਚ ਮੈਰਿਟਨ ਹੋਟਲ ਦਾ ਬਿਜਲੀ, ਪਾਣੀ ਅਤੇ ਸੀਵਰੇਜ ਕਨੈਕਸ਼ਨ ਤੁਰੰਤ ਕੱਟਣ ਲਈ ਕਿਹਾ ਗਿਆ ਹੈ ਤਾਂ ਜੋ ਹੋਟਲ ਦਾ ਸੰਚਾਲਨ ਪੂਰੀ ਤਰ੍ਹਾਂ ਰੋਕਿਆ ਜਾ ਸਕੇ।

# ਵਿਦਿਆਰਥਣਾਂ ਨੂੰ ਸਕੂਲ ਬੈਗ ਵੰਡੇ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਮੁਹਿੰਮ ਨੂੰ ਹੋਰ ਮਜ਼ਬੂਤੀ ਦਿੰਦਿਆਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸ਼ੁੱਕਰਵਾਰ ਨੂੰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਰੇਲਵੇ ਮੰਡੀ ਵਿੱਚ ਕਰਵਾਏ ਸਮਾਗਮ ਦੌਰਾਨ ਗਿਆਰਵੀਂ ਅਤੇ ਬਾਰਹਵੀਂ ਜਮਾਤ ਦੀਆਂ ਵਿਦਿਆਰਥਣਾਂ ਨੂੰ ਸਕੂਲ ਬੈਗ ਵੰਡੇ। ਇਸ ਮੌਕੇ ਉਨ੍ਹਾਂ ਵਿਦਿਆਰਥਣਾਂ ਨੂੰ ਸਿੱਖਿਆ ਪ੍ਰਤੀ ਸਮਰਪਿਤ ਰਹਿਣ ਅਤੇ ਆਪਣੇ ਰੌਸ਼ਨ ਭਵਿੱਖ ਲਈ ਪੂਰੀ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਲੋੜੀਂਦੀਆਂ ਸਿੱਖਿਆ ਸਬੰਧੀ ਸਹੂਲਤਾਂ ਮੁਹੱਈਆ ਕਰਵਾਉਣਾ ਪੰਜਾਬ ਸਰਕਾਰ ਦੀਆਂ ਮੁੱਖ ਤਰਜੀਹਾਂ ਵਿੱਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਸਕੂਲ ਬੈਗ ਵੰਡਣ ਵਰਗੀਆਂ ਪਹਿਲਾਂ ਨਾ ਸਿਰਫ਼ ਵਿਦਿਆਰਥਣਾਂ ਨੂੰ ਉਤਸ਼ਾਹਿਤ ਕਰਦੀਆਂ ਹਨ, ਸਗੋਂ ਉਨ੍ਹਾਂ ਦੇ ਆਤਮਵਿਸ਼ਵਾਸ ਨੂੰ ਵੀ ਵਧਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕਿਸੇ ਵੀ ਬੱਚੇ ਦੀ ਪੜ੍ਹਾਈ ਸਾਧਨਾਂ ਦੀ ਘਾਟ ਕਾਰਨ ਪ੍ਰਭਾਵਿਤ ਨਾ ਹੋਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਬੇਮਿਸਾਲ ਬਦਲਾਅ ਕੀਤੇ ਹਨ। ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਇਆ ਗਿਆ ਹੈ। ਇਸ ਮੌਕੇ ਕੌਂਸਲਰ ਬਲਵਿੰਦਰ ਕਤਨਾ, ਕੌਂਸਲਰ ਜਗਵਿੰਦਰ ਸਿੰਘ, ਪ੍ਰਿੰਸੀਪਲ ਰਾਜਨ ਅਰੋੜਾ, ਵਿਸ਼ਾਲ ਸ਼ਰਮਾ, ਯੂਥ ਕੋਆਰਡੀਨੇਟਰ ਪ੍ਰਿਤਪਾਲ ਸਿੰਘ, ਅਧਿਆਪਕ, ਸਕੂਲ ਸਟਾਫ਼ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥਣਾਂ ਹਾਜ਼ਰ ਸਨ।



# ਸਫਾਈ ਸੇਵਕਾਂ 'ਤੇ ਲਾਠੀਚਾਰਜ ਦੇ ਵਿਰੋਧ 'ਚ ਅਰਥੀ ਫੂਕੀ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸਫਾਈ ਸੇਵਕ ਯੂਨੀਅਨ ਪੰਜਾਬ ਦੇ ਸੱਦੇ 'ਤੇ ਮਹਿਤਪੁਰ ਵਿੱਚ ਬੇਮਿਆਦੀ ਹੜਤਾਲ16ਦਿਨ ਵੀ ਜਾਰੀ ਰਹੀ। ਇਸ ਦੌਰਾਨ ਸਫਾਈ ਕਰਮਚਾਰੀਆਂ ਨੇ ਸਰਕਾਰ ਖ਼ਿਲਾਫ਼ ਰੋਸ ਮਾਰਚ ਕੱਢ ਕੇ ਬਰਨਾਲਾ ਵਿੱਚ ਸਫਾਈ ਸੇਵਕਾਂ ਤੇ ਕੀਤੇ ਗਏ ਲਾਠੀ ਚਾਰਜ ਦੇ ਵਿਰੋਧ ਵਿੱਚ ਕੁਝ ਸਮੇਂ ਲਈ ਆਵਾਜਾਈ ਰੋਕ ਕੇ ਸਰਕਾਰ ਦੀ ਅਰਥੀ ਸਾੜ ਕੇ ਜ਼ੋਰਦਾਰ ਨਾਅਰੇ ਬਾਜ਼ੀ ਕਰਦਿਆਂ ਮੰਗ ਕੀਤੀ ਕਿ ਇਸ ਲਾਠੀ ਚਾਰਜ ਲਈ ਜ਼ਿੰਮੇਵਾਰ ਡੀ ਐਸ ਪੀ ਅਤੇ ਐਸ ਐਚ ਓ ਨੂੰ ਤੁਰੰਤ ਬਰਖਾਸਤ ਕਰਕੇ ਉਹਨਾਂ ਵਿਰੁੱਧ ਐਸ ਸੀ ਐਸ ਟੀ ਦਾ ਪਰਚਾ ਦਰਜ ਕੀਤਾ ਜਾਵੇ। ਇਸ ਲਾਠੀ ਚਾਰਜ ਵਿੱਚ ਦਰਜਨਾ ਸਫਾਈ ਕਾਮੇ ਅਤੇ ਔਰਤਾਂ ਸਖ਼ਤ ਜ਼ਖਮੀ ਹੋਈਆਂ ਜਿਹੜੀਆਂ ਜੇਰੇ ਇਲਾਜ ਹਨ। ਇਸ ਮੌਕੇ ਮਿਊਂਸਿਪਲ ਕਾਮਿਆਂ ਦੇ ਆਗੂ ਸੁਭਾਸ਼ ਵਾਲਮੀਕ, ਪੱਪੂ ਪ੍ਰਧਾਨ, ਓਮ ਪ੍ਰਧਾਨ, ਸੁਨੀਲ ਮਹਿਤਪੁਰੀ, ਕੁਲਵਿੰਦਰ, ਕਮਲ ਕਿਸ਼ੋਰ,ਰਾਮ ਚਰਨ ਅਤੇ ਭਰਾਤਰੀ ਜਥੇਬੰਦੀਆਂ ਵੱਲੋਂ ਪੇਂਡੂ ਸਫਾਈ ਕਰਮਚਾਰੀ ਯੂਨੀਅਨ ਦੇ ਆਗੂ ਪ੍ਰੇਮ ਸਾਗਰ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਨੌਜਵਾਨ ਭਾਰਤ ਸਭਾ ਦੇ ਸੁਖਦੇਵ ਸਿੰਘ ਮੰਡਿਆਲਾ ਇਸ ਰੋਸ ਪ੍ਰਦਰਸ਼ਨ ਵਿੱਚ ਹਿੱਸਾ ਲਿਆ।



# ਨਵੇਂ ਰਾਸ਼ਨ ਕਾਰਡ ਬਣਵਾਉਣ ਆਨਲਾਈਨ ਅਰਜ਼ੀਆਂ 11 ਤੱਕ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਘੋਸ਼ਣਾ ਅਤੇ ਰਾਜ ਸਰਕਾਰ ਦੇ ਫ਼ੈਸਲੇ ਅਨੁਸਾਰ ਰਾਸ਼ਟਰੀ ਖਾਦ ਸੁਰੱਖਿਆ ਐਕਟ-2013 ਤਹਿਤ ਸਮਾਰਟ ਰਾਸ਼ਨ ਕਾਰਡ ਯੋਜਨਾ ਦੇ ਅਧੀਨ ਨਵੇਂ ਰਾਸ਼ਨ ਕਾਰਡ ਬਣਾਉਣ ਅਤੇ ਮੌਜੂਦਾ ਰਾਸ਼ਨ ਕਾਰਡਾਂ ਵਿੱਚ ਨਵੇਂ ਮੈਂਬਰ ਸ਼ਾਮਲ ਕਰਨ ਲਈ ਆਨਲਾਈਨ ਅਰਜ਼ੀਆਂ ਮੰਗੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਪਹਿਲ ਦਾ ਮਕਸਦ ਯੋਗ ਪਰਿਵਾਰਾਂ ਨੂੰ ਪਾਰਦਰਸ਼ੀ, ਨਿਰਪੱਖ ਅਤੇ ਤਕਨੀਕ ਆਧਾਰਿਤ ਪ੍ਰਕਿਰਿਆ ਰਾਹੀਂ ਯੋਜਨਾ ਦਾ ਲਾਭ ਮੁਹੱਈਆ ਕਰਵਾਉਣਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅਰਜ਼ੀ ਫਾਰਮ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ ਵਿਭਾਗ ਦੀ ਵੈੱਬਸਾਈਟ http://foodsuppb.gov.in ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਬਿਨੈਕਾਰ ਅਰਜ਼ੀ ਭਰਨ ਤੋਂ ਪਹਿਲਾਂ ਇਸ ਨਾਲ ਦਿੱਤੀਆਂ ਸਾਰੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹਨ ਅਤੇ ਲੋੜੀਂਦੇ ਦਸਤਾਵੇਜ਼ਾਂ ਸਮੇਤ ਹੀ ਪੂਰੀ ਅਰਜ਼ੀ ਜਮ੍ਹਾਂ ਕਰਵਾਉਣ।





# ਗ੍ਰਾਮ ਪੰਚਾਇਤ ਵਿਕਾਸ ਯੋਜਨਾ ਸੰਬੰਧੀ ਬਲਾਕ ਪੱਧਰੀ ਸਿਖਲਾਈ ਜਾਰੀ

**ਮੋਰਿੰਡਾ (ਨਿਰਮਲ ਸਿੰਘ ਕਲਸੀ)**- ਪ੍ਰਦੇਸ਼ਕ ਦਿਹਾਤੀ ਵਿਕਾਸ ਅਤੇ ਪੰਚਾਇਤੀ ਰਾਜ ਸੰਸਥਾ (ਐਸ.ਆਈ.ਆਰ.ਡੀ.), ਮੋਹਾਲੀ ਵੱਲੋਂ ਬਲਾਕ ਮੋਰਿੰਡਾ ਵਿੱਚ ਕੁਆਲਿਟੀ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਅਤੇ ਪੰਚਾਇਤ ਪ੍ਰਗਤੀ ਸੂਚਕਾਂਕ ਸਬੰਧੀ ਇੱਕ ਰੋਜ਼ਾ ਬਲਾਕ ਪੱਧਰੀ ਸਿਖਲਾਈ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ।ਇਸ ਸਿਖਲਾਈ ਦਾ ਉਦੇਸ਼ ਅਧਿਕਾਰੀਆਂ ਅਤੇ ਕਰਮਚਾਰੀਆਂ, ਜਿਵੇਂ ਕਿ ਸਰਪੰਚ, ਪੰਚ, ਸਕੱਤਰ, ਆਸ਼ਾ ਵਰਕਰ ਅਤੇ ਆਂਗਣਵਾੜੀ ਵਰਕਰਾਂ ਨੂੰ ਸਿਖਲਾਈ ਦੇ ਕੇ ਗ੍ਰਾਮ ਪੰਚਾਇਤ ਵਿਕਾਸ ਯੋਜਨਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਗੁਣਵੱਤਾ ਭਰਪੂਰ ਬਣਾਉਣਾ ਹੈ।ਇਹ ਸਿਖਲਾਈ 13 ਜੁਲਾਈ ਤੋਂ 31 ਜੁਲਾਈ ਤੱਕ ਬੀ ਡੀ ਪੀ ਓ ਬਲਾਕ ਮੋਰਿੰਡਾ ਦੀ ਨਿਗਰਾਨੀ ਹੇਠ ਚੱਲ ਰਹੀ ਹੈ।ਇਹ ਜਾਣਕਾਰੀ ਦਿੰਦਿਆਂ ਨੇਹਾ ਰਾਣੀ ਦੇ ਦੱਸਿਆ ਕਿ ਹਰ ਰੋਜ਼ ਛੇ ਗ੍ਰਾਮ ਪੰਚਾਇਤਾਂ ਦੇ ਨੁਮਾਇੰਦੇ ਸਿਖਲਾਈ ਹਾਸਲ ਕਰ ਰਹੇ ਹਨ। ਸੈਸ਼ਨ ਵਿੱਚ ਵੀ ਛੇ ਗ੍ਰਾਮ ਪੰਚਾਇਤਾਂ ਦੇ ਸਰਪੰਚ, ਪੰਚ, ਸਕੱਤਰ, ਆਸ਼ਾ ਵਰਕਰ, ਆਂਗਣਵਾੜੀ ਵਰਕਰ ਅਤੇ ਹੋਰ ਸਬੰਧਤ ਕਰਮਚਾਰੀਆਂ ਨੇ ਉਤਸ਼ਾਹ ਨਾਲ ਭਾਗ ਲੈ ਰਹੇ ਹਨ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਹਰਵਿੰਦਰ ਕੌਰ ਸੰਧੂ ਚੇਅਰਪਰਸਨ ਪੰਚਾਇਤ ਸੰਮਤੀ ਮੋਰਿੰਡਾ ਨੇ ਕਿਹਾ ਕਿ ਬਲਾਕ ਦੇ ਸਾਰੇ ਸਰਪੰਚ ਤੇ ਪੰਚ ਸਹਿਬਾਨ ਇਸ ਟਰੇਨਿੰਗ ਕੈਂਪ ਦਾ ਵੱਧ ਤੋਂ ਵੱਧ ਲਾਹਾ ਲੈਣ।

# ਵਿਦਿਆਰਥੀਆਂ ਦੇ ਪਰਵਾਰਾਂ ਨੂੰ ਇੱਕ-ਇੱਕ ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ : ਚੀਮਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਕਪੂਰਥਲਾ ਦੇ ਡਿਪਟੀ ਸਕੱਤਰ ਹਰਿੰਦਰ ਸਿੰਘ ਚੀਮਾ ਅਤੇ ਸੰਯੁਕਤ ਕਿਸਾਨ ਮੋਰਚਾ (ਐਸ ਕੇ ਐਮ) ਕਪੂਰਥਲਾ ਦੇ ਕਨਵੀਨਰ ਐਡਵੋਕੇਟ ਰਜਿੰਦਰ ਸਿੰਘ ਰਾਣਾ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਪਿਛਲੇ ਦਸ ਸਾਲਾਂ ਦੌਰਾਨ ਦੇਸ਼ ਭਰ ਵਿੱਚ 152 ਤੋਂ ਵੱਧ ਪੇਪਰ ਲੀਕ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ, ਜਿਸ ਨਾਲ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਭਵਿੱਖ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਕਿਹਾ ਕਿ ਪੇਪਰ ਲੀਕ ਅਤੇ ਭਰਤੀ ਪ੍ਰਕਿਰਿਆ ਨਾਲ ਜੁੜੀਆਂ ਬੇਨਿਯਮੀਆਂ ਕਾਰਨ ਕਈ ਨੌਜਵਾਨਾਂ ਉੱਤੇ ਮਾਨਸਿਕ ਦਬਾਅ ਵਧਿਆ ਹੈ ਅਤੇ ਇਸ ਸੰਦਰਭ ਵਿੱਚ ਬਹੁਤ ਸਾਰੇ ਵਿਦਿਆਰਥੀਆਂ ਵੱਲੋਂ ਆਤਮ ਹੱਤਿਆਵਾਂ ਦਰਜ ਹੋ ਚੁੱਕੀਆਂ ਹਨ, ਜੋ ਬਹੁਤ ਹੀ ਚਿੰਤਾ ਦਾ ਵਿਸ਼ਾ ਹਨ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਆਪਣੇ ਹੱਕਾਂ ਲਈ ਸ਼ਾਂਤੀਪੂਰਨ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਉੱਤੇ ਪੁਲਸ ਵੱਲੋਂ ਕੀਤੀ ਗਈ ਕਾਰਵਾਈ ਉਚਿਤ ਨਹੀਂ ਸੀ ਅਤੇ ਇਸ ਮਾਮਲੇ ਦੀ ਸਮੀਖਿਆ ਹੋਣੀ ਚਾਹੀਦੀ ਹੈ। ਅਸੀਂ ਇਸ ਦੀ ਘੋਰ ਨਿੰਦਾ ਕਰਦੇ ਹਾਂ। ਉਨ੍ਹਾਂ ਮੰਗ ਕੀਤੀ ਕਿ ਜੂਨ ਮਹੀਨੇ ਤੱਕ ਪੇਪਰ ਲੀਕ ਅਤੇ ਭਰਤੀ ਪ੍ਰਣਾਲੀ ਨਾਲ ਜੁੜੇ ਤਣਾਅ ਕਾਰਨ ਆਤਮ ਹੱਤਿਆ ਕਰਨ ਵਾਲੇ ਵਿਦਿਆਰਥੀਆਂ ਦੇ ਪਰਵਾਰਾਂ ਨੂੰ ਇੱਕ-ਇੱਕ ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। ਇਸ ਤੋਂ ਇਲਾਵਾ ਉਹਨਾਂ ਕਿਹਾ ਕਿ ਦੇਸ਼ ਵਿੱਚ ਲਗਾਤਾਰ ਸਾਹਮਣੇ ਆ ਰਹੇ ਪੇਪਰ ਲੀਕ ਮਾਮਲਿਆਂ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਤੁਰੰਤ ਅਸਤੀਫ਼ਾ ਦੇਣਾ ਚਾਹੀਦਾ ਹੈ।



ਇਸ ਦੇ ਨਾਲ ਹੀ ਪੰਜਾਬ ਵਿੱਚ ਫਾਰਮੇਸੀ ਭਰਤੀ ਪ੍ਰੀਖਿਆ ਵਿੱਚ ਸਾਹਮਣੇ ਆਈਆਂ ਬੇਨਿਯਮੀਆਂ ਲਈ ਪੰਜਾਬ ਸਰਕਾਰ ਨੂੰ ਜਵਾਬਦੇਹ ਬਣਦਿਆਂ ਸੰਬੰਧਤ ਮੰਤਰੀ ਨੂੰ ਵੀ ਅਸਤੀਫ਼ਾ ਦੇਣਾ ਚਾਹੀਦਾ ਹੈ। ਉਨ੍ਹਾਂ ਮੰਗ ਕੀਤੀ ਕਿ ਫਾਰਮੇਸੀ ਭਰਤੀ ਦੀ ਪ੍ਰੀਖਿਆ ਤੁਰੰਤ ਰੱਦ ਕਰਕੇ ਇਸ ਨੂੰ ਪੂਰੀ ਪਾਰਦਰਸ਼ਤਾ ਨਾਲ ਮੁੜ ਕਰਵਾਇਆ ਜਾਵੇ ਅਤੇ ਪੇਪਰ ਲੀਕ ਦੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਆਗੂਆਂ ਨੇ ਬੇਨਾ ਵਿੱਚ ਮਨਰੇਗਾ ਮਜ਼ਦੂਰਾਂ ਅਤੇ ਬਰਨਾਲਾ ਵਿੱਚ ਸਫ਼ਾਈ ਕਰਮਚਾਰੀਆਂ ਉੱਪਰ ਪੰਜਾਬ ਪੁਲਸ ਵੱਲੋਂ ਕੀਤੇ ਗਏ ਲਾਠੀਚਾਰਜ ਦੀ ਵੀ ਨਿੰਦਾ ਕਰਦਿਆਂ ਕਿਹਾ ਕਿ ਆਪਣੀਆਂ ਜਾਇਜ਼ ਮੰਗਾਂ ਲਈ ਸੰਘਰਸ਼ ਕਰ ਰਹੇ ਮਜ਼ਦੂਰਾਂ ਅਤੇ ਮੁਲਾਜ਼ਮਾਂ ਨਾਲ ਸੰਵਾਦ ਰਾਹੀਂ ਮਸਲੇ ਹੱਲ ਕੀਤੇ ਜਾਣੇ ਚਾਹੀਦੇ ਹਨ। ਸਰਕਾਰ ਨੂੰ ਬਲ ਦੀ ਥਾਂ ਗੱਲਬਾਤ ਅਤੇ ਸਮਝੌਤੇ ਦੇ ਰਾਹ ਨੂੰ ਤਰਜੀਹ ਦੇਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਦੇਸ਼ ਦੇ ਨੌਜਵਾਨਾਂ, ਵਿਦਿਆਰਥੀਆਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਹੱਕਾਂ ਦੀ ਰਾਖੀ ਕਰਨਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਜੇਕਰ ਸਰਕਾਰਾਂ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਅਣਡਿੱਠਾ ਕਰਦੀਆਂ ਰਹੀਆਂ, ਤਾਂ ਲੋਕਤੰਤਰਕ ਢੰਗ ਨਾਲ ਸੰਘਰਸ਼ ਜਾਰੀ ਰੱਖਿਆ ਜਾਵੇਗਾ।

# ਭਾਜਪਾ ਓ ਬੀ ਸੀ ਮੋਰਚੇ ਦੀ ਮੀਟਿੰਗ

**ਜ਼ੀਰਕਪੁਰ (ਜਤਿੰਦਰ ਕੁਮਾਰ)**- ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਓ.ਬੀ.ਸੀ. ਮੋਰਚੇ ਵੱਲੋਂ ਜ਼ੀਰਕਪੁਰ ਵਿਖੇ ਇੱਕ ਪ੍ਰਭਾਵਸ਼ਾਲੀ ਅਤੇ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਸੰਜੀਵ ਵਸ਼ਿਸ਼ਟ ਦੇ ਨਿਰਦੇਸ਼ਾਂ ਅਨੁਸਾਰ ਓ ਬੀ ਸੀ ਜ਼ਿਲ੍ਹਾ ਪ੍ਰਧਾਨ ਹਰਪ੍ਰੀਤ ਸਿੰਘ ਸੈਣੀ ਦੀ ਯੋਗ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਖਰੜ, ਡੇਰਾਬਸੀ ਅਤੇ ਮੋਹਾਲੀ ਵਿਧਾਨ ਸਭਾ ਹਲਕਿਆਂ ਦੇ ਪ੍ਰਮੁੱਖ ਆਗੂਆਂ ਅਤੇ ਮਿਹਨਤੀ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਮੀਟਿੰਗ ਦਾ ਮੁੱਖ ਏਜੰਡਾ ਆਉਂਦੇ ਸਮੇਂ ਲਈ ਜ਼ਿਲ੍ਹੇ ਭਰ ਵਿੱਚ ਪਾਰਟੀ ਦੇ ਸੰਗਠਨ ਨੂੰ ਜ਼ਮੀਨੀ ਪੱਧਰ 'ਤੇ ਹੋਰ ਜ਼ਿਆਦਾ ਮਜ਼ਬੂਤ ਬਣਾਉਣਾ ਸੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਪ੍ਰੀਤ ਸਿੰਘ ਸੈਣੀ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਮੂਹ ਆਗੂਆਂ ਅਤੇ ਵਰਕਰਾਂ ਨੂੰ ਪਾਰਟੀ ਹਿੱਤ ਵਿੱਚ ਇਕਜੁੱਟ ਹੋ ਕੇ ਕੰਮ ਕਰਨ ਅਤੇ ਬੂਥ ਪੱਧਰ ਤੱਕ ਸੰਗਠਨ ਨੂੰ ਮਜ਼ਬੂਤ ਬਣਾਉਣ ਲਈ ਲਾਮਬੰਦ ਕੀਤਾ। ਉਨ੍ਹਾਂ ਵਰਕਰਾਂ ਨੂੰ ਪ੍ਰੇਰਿਤ ਕੀਤਾ ਗਿਆ ਕਿ ਉਹ ਕੇਂਦਰ ਸਰਕਾਰ ਦੀਆਂ ਜਨ ਕਲਿਆਣਕਾਰੀ ਯੋਜਨਾਵਾਂ ਅਤੇ ਭਾਜਪਾ ਦੀ ਵਿਚਾਰਧਾਰਾ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਪਾਰਟੀ ਨਾਲ ਜੋੜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਖਰੜ, ਡੇਰਾਬਸੀ ਅਤੇ ਮੋਹਾਲੀ ਵਿਧਾਨ ਸਭਾ ਹਲਕਿਆਂ ਦੇ ਆਪਸੀ ਤਾਲਮੇਲ ਨੂੰ ਹੋਰ ਮਜ਼ਬੂਤ ਕਰਨ ਬਾਰੇ ਪ੍ਰਧਾਨ ਹਰਪ੍ਰੀਤ ਸਿੰਘ ਸੈਣੀ ਨੇ ਕਿਹਾ ਕਿ ਓ.ਬੀ.ਸੀ. ਭਾਈਚਾਰਾ ਦੇਸ਼ ਅਤੇ ਸੂਬੇ ਦੇ ਵਿਕਾਸ ਵਿੱਚ ਰੀੜ੍ਹ ਦੀ ਹੱਡੀ ਦੀ ਭੂਮਿਕਾ ਨਿਭਾ ਰਿਹਾ ਹੈ।



# ਪਿੰਡਾਂ ਦਾ ਸਰਬਪੱਖੀ ਵਿਕਾਸ ਕਰਨਾ ਪੰਜਾਬ ਸਰਕਾਰ ਦੀ ਤਰਜੀਹ : ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਦੇ ਪਿੰਡ ਕੁਤਬਪੁਰ ਵਿਖੇ ਕਰਵਾਈ ਗਈ 'ਲੋਕ ਮਿਲਣੀ' ਦੌਰਾਨ ਪਿੰਡ ਦੇ ਵਿਕਾਸ ਕਾਰਜਾਂ ਲਈ ਗ੍ਰਾਮ ਪੰਚਾਇਤ ਨੂੰ ਚੈੱਕ



ਸੌਂਪਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਉਦੇਸ਼ ਸੂਬੇ ਦੇ ਹਰ ਪਿੰਡ ਨੂੰ ਵਿਕਾਸ ਪੱਖੋਂ ਮਜ਼ਬੂਤ ਬਣਾਉਣਾ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਵਿਕਾਸ ਲਈ ਦਿੱਤੀ ਜਾ ਰਹੀ ਗ੍ਰਾਂਟ ਨਾਲ ਪਿੰਡ ਵਿੱਚ ਲੋੜੀਂਦੇ ਵਿਕਾਸ ਕਾਰਜ ਹੋਣਗੇ, ਜਿਸ ਨਾਲ ਪਿੰਡ ਵਾਸੀਆਂ ਨੂੰ ਸਿੱਧਾ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਸੜਕਾਂ, ਗਲੀਆਂ-ਨਾਲੀਆਂ, ਪੀਣ ਵਾਲੇ ਸਾਫ਼ ਪਾਣੀ, ਸੀਵਰੇਜ, ਖੇਡ ਮੈਦਾਨਾਂ, ਕਮਿਊਨਿਟੀ ਕੇਂਦਰਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਦੇ ਵਿਕਾਸ ਲਈ ਲਗਾਤਾਰ ਫੰਡ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਸਿਰਫ਼ ਐਲਾਨ ਕਰਨਾ ਨਹੀਂ, ਸਗੋਂ ਹਰ ਯੋਜਨਾ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨਾ ਹੈ।

ਕੈਬਨਿਟ ਮੰਤਰੀ ਨੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਮੰਗਾਂ ਵੀ ਸੁਣੀਆਂ ਅਤੇ ਸਬੰਧਤ ਅਧਿਕਾਰੀਆਂ ਨੂੰ ਮੰਗਾਂ ਦਾ ਜਲਦੀ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ।

ਇਸ ਮੌਕੇ ਸਰਪੰਚ ਗੁਰਦਿਆਲ ਸਿੰਘ, ਨਰੇਸ਼ ਕੌਰ ਪੰਚ, ਕਮਲਜੀਤ ਕੌਰ ਪੰਚ, ਦਿਲਬਾਗ ਸਿੰਘ, ਕੇਹਰ ਸਿੰਘ, ਨਿਰਮਲ ਸਿੰਘ, ਜਗਦੀਸ਼ ਸਿੰਘ, ਬਹਾਦਰ ਸਿੰਘ,ਬਲਵਿੰਦਰ ਸਿੰਘ, ਗੁਰਮੀਤ ਸਿੰਘ ਵੀ ਹਾਜ਼ਰ ਸਨ।

# ਡੇਂਗੂ ਤੋਂ ਬਚਾਅ ਲਈ ਪੁਲਸ ਸਟੇਸ਼ਨਾਂ 'ਚ ਚੈਕਿੰਗ



**ਮੁਹਾਲੀ (ਗੁਰਜੀਤ ਬਿੱਲਾ)**- ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਨੇ ਪੁਲਿਸ ਸਟੇਸ਼ਨਾਂ ਅਤੇ ਧਾਰਮਿਕ ਸਥਾਨਾਂ 'ਚ ਚੈਕਿੰਗ ਕੀਤੀ ਅਤੇ ਕਿਸੇ ਵੀ ਥਾਂ ਪਾਣੀ ਇਕੱਠਾ ਨਾ ਹੋਣ ਦੇਣ ਲਈ ਅਪੀਲ ਕੀਤੀ। ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਫ਼ੇਜ਼-6 ਵਿਖੇ ਪੁਲਸ ਚੌਕੀ ਦਾ ਦੌਰਾ ਕੀਤਾ ਅਤੇ ਪਾਣੀ ਇਕੱਠਾ ਹੋਣ ਦੀ ਸੰਭਾਵਨਾ ਵਾਲੀਆਂ ਥਾਵਾਂ ਦਾ ਨਿਰੀਖਣ ਕੀਤਾ। ਉਨ੍ਹਾਂ ਨਾਲ ਐਸ. ਐਮ. ਓ. ਡਾ. ਪਰਮਿੰਦਰਜੀਤ ਸਿੰਘ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਵੀ ਸਨ। ਉਨ੍ਹਾਂ ਨੇ ਪੂਰੀ ਟੀਮ ਨਾਲ ਚੌਂਕੀ ਦੇ ਅੰਦਰ ਅਤੇ ਆਲੇ-ਦੁਆਲੇ ਬਾਰੀਕੀ ਨਾਲ ਜਾਂਚ ਕੀਤੀ। ਡੇਂਗੂ ਬੁਖ਼ਾਰ ਦੀ ਰੋਕਥਾਮ ਲਈ ਲੋੜੀਂਦੀਆਂ ਹਦਾਇਤਾਂ ਵੀ ਦਿਤੀਆਂ। ਡਾ. ਜੈਨ ਨੇ ਕਿਹਾ ਕਿ ਡੇਂਗੂ ਤੋਂ ਬਚਾਅ ਲਈ ਸਾਫ਼-ਸਫ਼ਾਈ ਬਣਾਈ ਰੱਖਣਾ ਅਤੇ ਪਾਣੀ ਨੂੰ ਖੜ੍ਹਾ ਨਾ ਹੋਣ ਦੇਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਪਣੇ ਆਲੇ-ਦੁਆਲੇ ਸਫ਼ਾਈ ਰੱਖਣ ਅਤੇ ਹਫ਼ਤਾਵਾਰੀ ਤੌਰ 'ਤੇ ਡੇਂਗੂ ਲਾਰਵੇ ਦੀ ਜਾਂਚ ਕਰਨ ਲਈ ਪ੍ਰੇਰਿਤ ਕੀਤਾ। ਪੁਲਸ ਚੌਂਕੀ ਦੀ ਖ਼ਾਲ੍ਹੀ ਜਗ੍ਹਾ ਵਿਚ ਖੜੇ ਵਾਹਨਾਂ ਕੋਲ ਮੱਛਰਾਂ ਦੀ ਰੋਕਥਾਮ ਲਈ ਦਵਾਈ ਦਾ ਛਿੜਕਾਅ ਵੀ ਕਰਵਾਇਆ ਗਿਆ ਤਾਕਿ ਬੀਮਾਰੀਆਂ ਪੈਦਾ ਨਾ ਹੋ ਸਕਣ। ਇਸੇ ਦੌਰਾਨ ਜ਼ਿਲ੍ਹੇ ਵਿਚ ਵੱਖ ਵੱਖ ਥਾਈਂ ਸੀਨੀਅਰ ਮੈਡੀਕਲ ਅਫ਼ਸਰਾਂ ਦੀ ਅਗਵਾਈ ਹੇਠ ਸਿਹਤ ਟੀਮਾਂ ਵਲੋਂ ਨਿਰੀਖਣ ਕੀਤਾ ਗਿਆ।

# ਡਾ. ਜੱਗੀ ਯਾਦਗਾਰੀ ਪੁਰਸਕਾਰ ਤੇ ਓਪਨ ਏਅਰ ਥੀਏਟਰ ਦਾ ਉਦਘਾਟਨੀ ਸਮਾਰੋਹ ਭਲਕੇ

**ਚੰਡੀਗੜ੍ਹ (ਸੁਰਜੀਤ ਸੁਮਨ)** ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਵੱਲੋਂ ਪਦਮਸ਼੍ਰੀ ਡਾ. ਰਤਨ ਸਿੰਘ ਜੱਗੀ ਮੈਮੋਰੀਅਲ ਫਾਊਂਡੇਸ਼ਨ ਦੇ ਸਹਿਯੋਗ ਨਾਲ ਪਦਮਸ਼੍ਰੀ ਡਾ. ਰਤਨ ਸਿੰਘ ਜੱਗੀ ਯਾਦਗਾਰੀ ਪੁਰਸਕਾਰ ਅਤੇ ਡਾ. ਰਤਨ ਸਿੰਘ ਜੱਗੀ ਓਪਨ ਏਅਰ ਥੀਏਟਰ ਦਾ ਉਦਘਾਟਨੀ ਸਮਾਰੋਹ 27 ਜੁਲਾਈ ਨੂੰ ਸ਼ਾਮ 5.30 ਸੈਕਟਰ 16 ਬੀ ਪੰਜਾਬ ਕਲਾ ਭਵਨ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਸਮਾਗਮ ਦੇ ਮੁੱਖ ਮਹਿਮਾਨ ਕੁਲਤਾਰ ਸਿੰਘ ਸੰਧਵਾਂ, ਮਾਨਯੋਗ, ਸਪੀਕਰ ਪੰਜਾਬ ਵਿਧਾਨ ਸਭਾ ਹੋਣਗੇ।ਕਲਾ ਪਰਿਸ਼ਦ ਦੇ ਵਾਈਸ-ਚੇਅਰਮੈਨ ਡਾ. ਯੋਗਰਾਜ ਸੁਆਗਤੀ ਸ਼ਬਦ ਕਹਿਣਗੇ।ਜਾਣ-ਪਹਿਚਾਣ ਕਲਾ ਪਰਿਸ਼ਦ ਦੇ ਚੇਅਰਮੈਨ ਸਵਰਨਜੀਤ ਸਵੀ ਕਰਵਾਉਣਗੇ।ਡਾ. ਆਤਮ ਸਿੰਘ ਰੰਧਾਵਾ, ਪ੍ਰਧਾਨ, ਪੰਜਾਬ ਸਾਹਿਤ ਅਕਾਦਮੀ ਵੱਲੋਂ ਡਾ.ਰਤਨ ਸਿੰਘ ਜੱਗੀ ਦੀ 'ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਦੇਣ' 'ਤੇ ਭਾਸ਼ਣ ਕੀਤਾ ਜਾਵੇਗਾ।ਸੈਸ਼ਨ ਦੇ ਆਖ਼ਰ ਵਿਚ ਮਲਵਿੰਦਰ ਸਿੰਘ ਜੱਗੀ, ਚੇਅਰਮੈਨ, ਪਦਮਸ਼੍ਰੀ ਡਾ. ਰਤਨ ਸਿੰਘ ਜੱਗੀ ਮੈਮੋਰੀਅਲ ਫਾਊਂਡੇਸ਼ਨ, ਸਾਰੇ ਆਏ ਮਹਿਮਾਨਾਂ ਦਾ ਧੰਨਵਾਦ ਕਰਨਗੇ।ਸਮਾਰੋਹ ਦਾ ਦੂਜਾ ਸੈਸ਼ਨ 6.30 ਵਜੇ ਸ਼ਾਮ ਨੂੰ ਸ਼ੁਰੂ ਹੋਵੇਗਾ, ਜਿਸ ਦੀ ਪ੍ਰਧਾਨਗੀ ਅਸ਼ਵਨੀ ਚੈਟਲੇ, ਪ੍ਰਧਾਨ, ਪੰਜਾਬ ਸੰਗੀਤ ਨਾਟਕ ਅਟਾਦਮੀ, ਚੰਡੀਗੜ੍ਹ ਕਰਨਗੇ। 7 ਵਜੇ ਕੱਥਕ ਦੀ ਪੇਸ਼ਕਾਰੀ ਕਲਾਕਾਰ ਜਤਿੰਦਰ ਅਰੋੜਾ ਨਈਅਰ ਵੱਲੋਂ ਕੀਤੀ ਜਾਵੇਗੀ।



# ਵਿਦਿਆਰਥਣਾਂ ਨੇ ਜਿੱਤਿਆ ਕਾਂਸੀ ਦਾ ਤਗਮਾ

**ਬਲਾਚੌਰ (ਜਸਵਿੰਦਰ ਬੈਂਸ)** ਦ ਨੋਰਵੁੱਡ ਸਕੂਲ ਚਾਹਲ ਦੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਖੇਡਾਂ ਦੇ ਖੇਤਰ ਵਿੱਚ ਆਪਣੀ ਕਾਬਲੀਅਤ ਦਾ ਲੋਹਾ ਮਨਵਾਉਂਦਿਆਂ ਸੀ ਬੀ ਐਸ ਈ ਕਲੱਸਟਰ ਵਾਲੀਬਾਲ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਗਮਾ ਜਿੱਤ ਕੇ ਸਕੂਲ, ਮਾਪਿਆਂ ਅਤੇ ਸਮੁੱਚੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਉਪਲਬਧੀ ਨਾਲ ਸਕੂਲ ਵਿੱਚ ਖੁਸ਼ੀ ਅਤੇ ਮਾਣ ਦਾ ਮਾਹੌਲ ਹੈ।ਸਕੂਲ ਮੈਨੇਜਮੈਂਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਪੂਰਥਲਾ ਵਿਖੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਵਿੱਚ ਆਯੋਜਿਤ ਸੀ ਬੀ ਐਸ ਈ ਕਲੱਸਟਰ ਵਾਲੀਬਾਲ ਟੂਰਨਾਮੈਂਟ ਦੌਰਾਨ ਸਕੂਲ ਦੀ ਅੰਡਰ-14 ਲੜਕੀਆਂ ਦੀ ਟੀਮ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਤੀਜਾ ਸਥਾਨ ਹਾਸਲ ਕੀਤਾ ਅਤੇ ਕਾਂਸੀ ਦਾ ਤਗਮਾ ਆਪਣੇ ਨਾਂਅ ਕੀਤਾ। ਇਸ ਮੁਕਾਬਲੇ ਵਿੱਚ ਪੰਜਾਬ ਸਮੇਤ ਵੱਖ-ਵੱਖ ਰਾਜਾਂ ਦੀਆਂ ਕੁੱਲ 16 ਮਜ਼ਬੂਤ ਟੀਮਾਂ ਨੇ ਭਾਗ ਲਿਆ, ਜਿਨ੍ਹਾਂ ਵਿਚਕਾਰ ਸਖ਼ਤ ਮੁਕਾਬਲਾ ਦੇਖਣ ਨੂੰ ਮਿਲਿਆ।ਮੈਨੇਜਮੈਂਟ ਨੇ ਕਿਹਾ ਕਿ ਇਹ ਉਪਲਬਧੀ ਵਿਦਿਆਰਥਣਾਂ ਦੀ ਸਖ਼ਤ ਮਿਹਨਤ, ਕੋਚਾਂ ਦੀ ਲਗਨ, ਮਾਪਿਆਂ ਦੇ ਸਹਿਯੋਗ ਅਤੇ ਸਕੂਲ ਵੱਲੋਂ ਦਿੱਤੀਆਂ ਜਾ ਰਹੀਆਂ ਉੱਚ ਪੱਧਰੀ ਖੇਡ ਸਹੂਲਤਾਂ ਦਾ ਨਤੀਜਾ ਹੈ। ਮੈਨੇਜਮੈਂਟ ਨੇ ਇਹ ਵੀ ਦੱਸਿਆ ਕਿ ਪਠਾਨਕੋਟ ਵਿਖੇ ਮੌਂਟੇਸੋਰੀ ਕੈਂਬ੍ਰਿਜ ਪਬਲਿਕ ਸਕੂਲ ਵਿੱਚ ਆਯੋਜਿਤ ਕਲੱਸਟਰ ਬਾਸਕਿਟਬਾਲ ਟੂਰਨਾਮੈਂਟ ਵਿੱਚ ਵੀ ਸਕੂਲ ਦੀਆਂ ਅੰਡਰ-14 ਲੜਕਿਆਂ ਅਤੇ ਲੜਕੀਆਂ ਦੀਆਂ ਟੀਮਾਂ ਨੇ ਭਾਗ ਲਿਆ ਅਤੇ ਆਪਣੇ ਸ਼ਾਨਦਾਰ ਖੇਡ ਪ੍ਰਦਰਸ਼ਨ ਨਾਲ ਦਰਸ਼ਕਾਂ ਅਤੇ ਅਧਿਕਾਰੀਆਂ ਦੀ ਪ੍ਰਸ਼ੰਸਾ ਹਾਸਲ ਕੀਤੀ।



# ਭਾਜਪਾ ਕੋਰ ਗਰੁੱਪ ਦੀ ਮੀਟਿੰਗ

**ਜਲੰਧਰ (ਇਕਬਾਲ ਸਿੰਘ ਉਭੀ)**- ਭਾਰਤੀ ਜਨਤਾ ਪਾਰਟੀ (ਸ਼ਹਿਰੀ) ਦੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਅਸ਼ੋਕ ਸਰੀਨ ਹਿੱਕੀ ਦੇ ਸਨਮਾਨ ਵਿੱਚ ਸਥਾਨਕ ਹੋਟਲ ਵਿੱਚ ਭਾਜਪਾ ਕੋਰ ਗਰੁੱਪ ਦੀ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਭਾਜਪਾ ਜਲੰਧਰ (ਸ਼ਹਿਰੀ) ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਸੁਸ਼ੀਲ ਸ਼ਰਮਾ ਨੇ ਕੀਤੀ। ਮੀਟਿੰਗ ਦੌਰਾਨ ਸੰਗਠਨ ਨੂੰ ਹੋਰ ਮਜ਼ਬੂਤ ਬਣਾਉਣ, ਆਉਣ ਵਾਲੀਆਂ ਰਾਜਨੀਤਿਕ ਗਤੀਵਿਧੀਆਂ ਅਤੇ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਮੌਕੇ ਸਾਬਕਾ ਜ਼ਿਲ੍ਹਾ ਪ੍ਰਧਾਨ ਸੁਸ਼ੀਲ ਸ਼ਰਮਾ ਨੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਅਸ਼ੋਕ ਸਰੀਨ ਹਿੱਕੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਪਾਰਟੀ ਨੇਤ੍ਰਿਤਵ ਨੇ ਇੱਕ ਸਮਰਪਿਤ, ਤਜਰਬੇਕਾਰ ਅਤੇ ਮਿਹਨਤੀ ਕਾਰਕੁਨ ਨੂੰ ਇਹ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਅਸ਼ੋਕ ਸਰੀਨ ਹਿੱਕੀ ਦੀ ਅਗਵਾਈ ਹੇਠ ਭਾਜਪਾ ਜਲੰਧਰ ਸ਼ਹਿਰੀ ਸੰਗਠਨ ਨਵੀਆਂ ਉੱਚਾਈਆਂ ਨੂੰ ਛੂਹੇਗਾ ਅਤੇ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਲੰਧਰ ਦੀਆਂ ਚਾਰੋਂ ਵਿਧਾਨ ਸਭਾ ਸੀਟਾਂ 'ਤੇ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਜਿਤਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ।

# ਭਗਵਾਨ ਜਗਨਨਾਥ ਰੱਥ ਯਾਤਰਾ 'ਚ ਹਜ਼ਾਰਾਂ ਸ਼ਰਧਾਲੂਆਂ ਨੇ ਲਿਆ ਹਿੱਸਾ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਵਿਸ਼ਵ ਪ੍ਰਸਿੱਧ ਓਡੀਸ਼ਾ ਦੇ ਪੁਰੀ ਸਥਿਤ ਭਗਵਾਨ ਜਗਨਨਾਥ ਰਥ ਯਾਤਰਾ ਤੋਂ ਪ੍ਰੇਰਿਤ ਹੋ ਕੇ ਤੀਰਥ ਜਗਨਨਾਥ ਸੇਵਾ ਸਮਿਤੀ, ਜਲੰਧਰ ਵੱਲੋਂ ਭਗਵਾਨ ਜਗਨਨਾਥ ਰਥ ਯਾਤਰਾ 2026 ਦਾ ਸ਼ਾਨਦਾਰ



ਆਯੋਜਨ ਸ਼ਰਧਾ ਨਾਲ ਕੀਤਾ ਗਿਆ।ਇਸ ਇਤਿਹਾਸਕ ਸ਼ੋਭਾ ਯਾਤਰਾ ਵਿੱਚ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਹਜ਼ਾਰਾਂ ਸ਼ਰਧਾਲੂਆਂ ਨੇ ਸ਼ਮੂਲੀਅਤ ਕੀਤੀ। ਭਗਵਾਨ ਜਗਨਨਾਥ, ਭਗਵਾਨ ਬਲਭੱਦਰ ਅਤੇ ਦੇਵੀ ਸੁਭੱਦਰਾ ਦੀ ਪਵਿੱਤਰ ਰਥ ਯਾਤਰਾ ਨੇ ਪੂਰੇ ਸ਼ਹਿਰ ਨੂੰ ਭਗਤੀ, ਸੱਭਿਆਚਾਰਕ ਏਕਤਾ ਅਤੇ ਸਮਾਜਿਕ ਸਾਂਝ ਦੇ ਰੰਗ ਵਿੱਚ ਰੰਗ ਦਿੱਤਾ। ਰਥ ਯਾਤਰਾ ਦੀ ਸ਼ੁਰੂਆਤ ਦੁਪਹਿਰ ਕਰੀਬ 3 ਵਜੇ ਕੰਪਨੀ ਬਾਗ ਚੌਕ (ਸ੍ਰੀ ਰਾਮ ਚੌਕ) ਤੋਂ ਹੋਈ। ਇਸ ਮੌਕੇ ਕਈ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਜਨ ਪ੍ਰਤੀਨਿਧੀਆਂ ਨੇ ਆਪਣੀ ਹਾਜ਼ਰੀ ਲਗਵਾਈ। ਇਨ੍ਹਾਂ ਵਿੱਚ ਪੰਜਾਬ ਦੇ ਬਾਗਬਾਨੀ ਮੰਤਰੀ ਮੋਹਿੰਦਰ ਭਗਤ, ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਪੁਲਸ ਕਮਿਸ਼ਨਰ ਸਤਿੰਦਰ ਸਿੰਘ, ਜਲੰਧਰ ਦੇ ਮੇਅਰ ਵਨੀਤ ਧੀਰ, ਡਿਪਟੀ ਮੇਅਰ ਮਲਕੀਤ ਸਿੰਘ ਸੁਭਾਨਾ, ਨਿਤਿਨ ਕੋਹਲੀ (ਆਪ ਹਲਕਾ ਇੰਚਾਰਜ, ਜਲੰਧਰ ਸੈਂਟਰਲ), ਸ਼ੀਤਲ ਵਿਜ (ਸ਼੍ਰੀ ਦੇਵੀ ਤਲਾਬ ਮੰਦਰ ਪ੍ਰਬੰਧਕ ਕਮੇਟੀ ਦੀ ਮੁਖੀ), ਕੌਂਸਲਰ ਅਸ਼ਵਨੀ ਅਗਰਵਾਲ, ਪੰਜਾਬ ਕੇਸਰੀ ਗਰੁੱਪ ਦੇ ਸੰਪਾਦਕ ਅਭਿਜੈ ਚੋਪੜਾ, ਡਿਜੀਟਲ ਮੀਡੀਆ ਐਸੋਸੀਏਸ਼ਨ ਦੇ ਪ੍ਰਧਾਨ ਅਮਨ ਬੱਗਾ ਸਮੇਤ ਪੰਜਾਬ ਭਰ ਤੋਂ ਆਏ ਕਈ ਉਦਯੋਗਪਤੀ, ਸਮਾਜ ਸੇਵੀ, ਧਾਰਮਿਕ ਆਗੂ ਅਤੇ ਸ਼ਰਧਾਲੂ ਮੌਜੂਦ ਰਹੇ। ਇਸ ਮੌਕੇ ਮੇਅਰ ਵਨੀਤ ਧੀਰ ਨੇ ਕਿਹਾ ਕਿ ਜਲੰਧਰ ਵਿੱਚ ਭਗਵਾਨ ਜਗਨਨਾਥ ਰਥ ਯਾਤਰਾ ਦਾ ਆਯੋਜਨ ਹੋਣਾ ਪੂਰੇ ਸ਼ਹਿਰ ਲਈ ਮਾਣ ਵਾਲੀ ਗੱਲ ਹੈ। ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਇਸ ਮੌਕੇ ਨੂੰ ਜਲੰਧਰ ਵਾਸੀਆਂ ਲਈ ਵੱਡਾ ਸੁਭਾਗ ਦੱਸਦਿਆਂ। ਨਿਤਿਨ ਕੋਹਲੀ ਨੇ ਕਿਹਾ ਕਿ ਪਹਿਲੀ ਵਾਰ ਆਯੋਜਿਤ ਇਸ ਰਥ ਯਾਤਰਾ ਨੂੰ ਲੋਕਾਂ ਵੱਲੋਂ ਬੇਹੱਦ ਪਿਆਰ ਅਤੇ ਸਮਰਥਨ ਮਿਲਿਆ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ ਇਹ ਸਮਾਗਮ ਹੋਰ ਵੀ ਰੂਹਾਨੀ ਰੂਪ ਧਾਰੇਗਾ।

# ਡੋਪ ਟੈਸਟ ਪਾਜ਼ੇਟਿਵ ਆਉਣ 'ਤੇ 3 ਨੌਜਵਾਨਾਂ ਖਿਲਾਫ ਮਾਮਲਾ ਦਰਜ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਪੰਡਤ ਮਿਥਲੇਸ਼)**- ਟਾਂਡਾ ਪੁਲਸ ਨੇ ਡੋਪ ਟੈਸਟ ਪਾਜ਼ੇਟਿਵ ਆਉਣ 'ਤੇ 3 ਨੌਜਵਾਨਾਂ ਖਿਲਾਫ਼ ਖ਼ਿਲਾਫ਼ ਐੱਨ.ਡੀ.ਪੀ.ਐੱਸ ਐਕਟ ਅਧੀਨ ਮਾਮਲਾ ਮਾਮਲਾ ਦਰਜ ਕੀਤਾ ਹੈ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਥਾਣਾ ਟਾਂਡਾ ਦੇ ਐਸ.ਐਚ.ਓ ਜਗਦੀਪ ਸਿੰਘ ਨੇ ਦੱਸਿਆ ਕਿ ਏ.ਐਸ.ਆਈ ਰਾਜਵਿੰਦਰ ਸਿੰਘ ਚੌਂਕੀ ਇੰਚਾਰਜ ਬਸਤੀ ਬੋਹੜਾਂ ਵੱਲੋਂ ਇਹ ਕਾਰਵਾਈ ਨਸ਼ੇ ਦੇ ਆਦੀ ਨੌਜਵਾਨਾਂ ਦੇ ਦੇ ਵਾਰਸਾਂ ਦੇ ਕਹਿਣ 'ਤੇ ਦਿੱਤੀ ਗਈ ਸ਼ਿਕਾਇਤ ਉਪਰੰਤ ਕੀਤੀ ਗਈ ਹੈ।ਉਹਨਾਂ ਦੱਸਿਆ ਕਿ ਡੋਪ ਟੈਸਟ ਵਿੱਚ ਪੋਜੀਟਿਵ ਪਾਏ ਗਏ ਨੌਜਵਾਨਾਂ ਦੀ ਪਹਿਚਾਣ ਵਿਜੇ ਕੁਮਾਰ ਵਾਸੀ ਪਿੰਡ ਬੈਂਸ ਅਵਾਨ, ਕ੍ਰਿਸ਼ਨਾ ਉਰਫ ਗੋਰੀ ਤੇ ਕੁਲਦੀਪ ਕੁਮਾਰ ਉਰਫ ਵਿਸ਼ਾਲ ਦੋਨੋਂ ਵਾਸੀ ਪਿੰਡ ਬਸਤੀ ਬੋਹੜਾ ਵਜੋਂ ਹੋਈ ਹੈ।ਉਨ੍ਹਾਂ ਹੋਰ ਦੱਸਿਆ ਕਿ ਉਕਤ ਸਾਰੇ ਨੌਜਵਾਨਾਂ ਦਾ ਡੋਪ ਟੈਸਟ ਕਰਵਾਇਆ ਜੋ ਪਾਜ਼ੇਟਿਵ ਆਇਆ ਹੈ।ਉਨ੍ਹਾਂ ਹੋਏ ਦੱਸਿਆ ਕਿ ਮਾਮਲਾ ਦਰਜ ਕਰਨ ਉਪਰੰਤ ਨੌਜਵਾਨਾ ਨੂੰ ਦਸੂਹਾ ਦੇ ਨਸ਼ਾ ਛੜਾਓ ਕੇਂਦਰ ਵਿੱਚ ਭਰਤੀ ਕਰਵਾਇਆ ਗਿਆ।

# ਨੂਰਮਹਿਲ 'ਚ ਸਫਾਈ ਕਰਮਚਾਰੀਆਂ ਵੱਲੋਂ ਟਰੈਫਿਕ ਜਾਮ ਤੇ ਧਰਨਾ, ਸੋਮਵਾਰ ਨੂਰਮਹਿਲ ਬੰਦ ਰੱਖਣ ਦਾ ਐਲਾਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਨੂਰਮਹਿਲ ਵਿੱਚ ਸਫਾਈ ਕਰਮਚਾਰੀਆਂ ਵੱਲੋਂ ਪੁਰਾਣੇ ਅੱਡੇ ਤੇ ਬਰਨਾਲੇ ਵਿਖੇ ਮੌਜੂਦਾ ਸਰਕਾਰ ਤੋਂ ਆਪਣੀਆਂ ਮੰਗਾਂ ਨੂੰ ਮਨਵਾਉਣ ਲਈ ਜੋ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ ਜਿੱਥੇ ਪੁਲਸ ਵੱਲੋਂ ਉਨ੍ਹਾਂ ਉੱਪਰ ਅੰਨ੍ਹੇਵਾਹ ਲਾਠੀਚਾਰਜ ਕੀਤਾ ਗਿਆ, ਦੇ ਸਬੰਧ ਵਿੱਚ ਟਰੈਫਿਕ ਜਾਮ ਤੇ ਧਰਨਾ ਲਾਇਆ ਗਿਆ । ਇਸ ਧਰਨੇ ਵਿੱਚ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਬੋਲਦਿਆਂ ਕਿਹਾ ਕਿ ਸਰਕਾਰ ਨੇ ਸਫਾਈ ਕਰਮਚਾਰੀਆਂ ਉੱਪਰ ਜੋ ਤਸ਼ੱਦਦ ਬਰਨਾਲੇ ਵਿਖੇ ਢਾਹਿਆ, ਜਿਸ ਦਾ ਖ਼ਮਿਆਜ਼ਾ ਸਰਕਾਰ ਨੂੰ 2027 ਵਿੱਚ ਭੁਗਤਣਾ ਪਵੇਗਾ ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ ਤੇ ਪੰਜਾਬ ਪੁਲਸ ਦੇ ਜਿਨ੍ਹਾਂ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਨਿਹੱਥੇ ਲੋਕਾਂ ਉੱਪਰ ਤਸ਼ੱਦਦ ਢਾਹਿਆ ਉਨ੍ਹਾਂ ਨੂੰ ਨੌਕਰੀ ਵਿੱਚੋਂ ਕੱਢਿਆ ਜਾਵੇ ।ਧਰਨਾਕਾਰੀਆ ਵੱਲੋਂ ਭਗਵੰਤ ਮਾਨ ਤੇ ਡੀ.ਐਸ.ਪੀ ਸਤਬੀਰ ਸਿੰਘ ਅਤੇ ਹੋਰ ਪੁਲਸ ਅਧਿਕਾਰੀਆਂ ਦੇ ਪੁਤਲੇ ਫੂਕੇ ਤੇ ਜੰਮ ਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ।ਇਸ ਮੌਕੇ ਧਰਨਾ ਕਾਰੀਆ ਨੇ ਨੂਰਮਹਿਲ ਬੰਦ ਰੱਖਣ ਦਾ ਐਲਾਨ ਵੀ ਕੀਤਾ । ਇਸ ਮੌਕੇ ਸਫ਼ਾਈ ਕਰਮਚਾਰੀ ਤੇ ਪ੍ਰਧਾਨ ਮਨੀਸ਼ ਕਾਲੀ, ਰਵੀ ਕੁਮਾਰ ਸਹੋਤਾ ਤੇ ਵੱਖ ਵੱਖ-ਪਾਰਟੀਆਂ ਦੇ ਆਗੂ ਜਿਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਰਾਜ ਕਮਲ ਸਿੰਘ ਭੁੱਲਰ, ਐਡਵੋਕੇਟ ਸ਼ਕਤੀ ਤਕਿਆਰ, ਦਿਨੇਸ਼ ਕੁਮਾਰ ਨਿੱਕੂ ਕੌਂਸਲਰ, ਰਾਕੇਸ਼ ਕਲੇਰ ਕੌਂਸਲਰ, ਨੰਦ ਕਿਸ਼ੋਰ ਸਾਬਕਾ ਕੌਂਸਲਰ, ਸੁਖਦੇਵ ਸਿੰਘ ਗਹੀਰ, ਜੰਗ ਬਹਾਦਰ ਕੋਹਲੀ ਕੌਂਸਲਰ, ਅਸ਼ੋਕ ਸੰਧੂ ਨੰਬੜਦਾਰ, ਦੇਵ ਰਾਜ ਸੁਮਨ ਸਾਬਕਾ ਕੌਂਸਲਰ, ਕਸ਼ਮੀਰੀ ਲਾਲ ਬੀ.ਐਸ.ਪੀ ਆਗੂ, ਬਲਬੀਰ ਸਿੰਘ ਚੀਮਾ, ਰਾਜ ਕੁਮਾਰ ਸਹੋਤਾ ਸਾਬਕਾ ਕੌਂਸਲਰ ਆਦਿ ਹਾਜ਼ਰ ਸਨ ।





# ਵਿਧਾਇਕਾ ਭਰਾਜ ਨੇ ਬਨਾਸਰ ਬਾਗ ਵਿਖੇ ਦਿਵਿਆਂਗ-ਅਨੁਕੂਲ ਪਾਰਕ ਦਾ ਰੱਖਿਆ ਨੀਂਹ ਪੱਥਰ

ਸੰਗਰੂਰ (ਪ੍ਰਵੀਨ ਸਿੰਘ) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ਹਿਰਾਂ ਵਿੱਚ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਤੇ ਹਰ ਵਰਗ ਲਈ ਬਿਹਤਰ ਜਨਤਕ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਵਿਕਾਸ ਕਾਰਜ ਲਗਾਤਾਰ ਜਾਰੀ ਹਨ।ਇਸੇ ਲੜੀ ਤਹਿਤ ਅੱਜ ਹਲਕਾ ਸੰਗਰੂਰ ਦੀ ਵਿਧਾਇਕ ਸ਼੍ਰੀਮਤੀ ਨਰਿੰਦਰ ਕੌਰ ਭਰਾਜ ਵੱਲੋਂ ਬਨਾਸਰ ਬਾਗ ਵਿਖੇ 138.75 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਜਾਣ ਵਾਲੇ ਦਿਵਿਆਂਗ-ਅਨੁਕੂਲ ਪਾਰਕ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ ਗਿਆ।ਇਸ ਮੌਕੇ ਨਗਰ ਕੌਂਸਲ ਸੰਗਰੂਰ ਦੇ ਪ੍ਰਧਾਨ ਸ. ਭੁਪਿੰਦਰ ਸਿੰਘ ਨਹਿਲ ਵੀ ਹਾਜ਼ਰ ਸਨ।ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੇ ਲੋਕਾਂ ਲਈ ਸਮਾਨ ਮੌਕੇ ਤੇ ਬਿਹਤਰ ਬੁਨਿਆਦੀ ਸਹੂਲਤਾਂ ਯਕੀਨੀ ਬਣਾਉਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਦਿਵਿਆਂਗਜਨਾਂ ਨੂੰ ਵੀ ਜਨਤਕ ਥਾਵਾਂ 'ਤੇ ਬਿਨਾਂ ਕਿਸੇ ਰੁਕਾਵਟ ਦੇ ਪਹੁੰਚ ਤੇ ਮਨੋਰੰਜਨ ਦੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਇਸੇ ਉਦੇਸ਼ ਨਾਲ ਸੰਗਰੂਰ ਵਿਖੇ ਇਹ ਵਿਸ਼ੇਸ਼ ਦਿਵਿਆਂਗ-ਅਨੁਕੂਲ ਪਾਰਕ ਵਿਕਸਿਤ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਪਾਰਕ ਵਿੱਚ ਵਿਸ਼ੇਸ਼ ਦਿਵਿਆਂਗਜਨਾਂ ਲਈ ਵਿਸ਼ੇਸ਼ ਰੈਂਪ, ਵ੍ਹੀਲਚੇਅਰ ਅਨੁਕੂਲ ਟ੍ਰੈਕ, ਟੈਕਟਾਈਲ ਪਾਥਵੇਅ, ਦਿਵਿਆਂਗ-ਅਨੁਕੂਲ ਝੂਲੇ ਤੇ ਹੋਰ ਲੋੜੀਂਦੀਆਂ ਸਹੂਲਤਾਂ ਉਪਲਬਧ ਕਰਵਾਈਆਂ ਜਾਣਗੀਆਂ।ਇਸ ਤੋਂ ਇਲਾਵਾ ਪਾਰਕ ਵਿੱਚ ਹਰਿਆਵਲ ਦੇ ਪ੍ਰਫੁੱਲਤਾ ਦੇਣ ਲਈ ਲੈਂਡਸਕੇਪਿੰਗ, ਸੁੰਦਰ ਲਾਨ, ਬੈਠਣ ਲਈ ਆਧੁਨਿਕ ਬੈਂਚਾਂ ਤੇ ਲੋੜੀਂਦੀ ਲਾਈਟਿੰਗ ਦਾ ਪ੍ਰਬੰਧ ਵੀ ਕੀਤਾ ਜਾਵੇਗਾ।ਵਿਧਾਇਕ ਨੇ ਕਿਹਾ ਕਿ ਇਹ ਪਾਰਕ ਦਿਵਿਆਂਗਜਨਾਂ ਦੇ ਨਾਲ-ਨਾਲ ਬਜ਼ੁਰਗਾਂ, ਬੱਚਿਆਂ ਤੇ ਹੋਰ ਸ਼ਹਿਰ ਵਾਸੀਆਂ ਲਈ ਵੀ ਸਿਹਤਮੰਦ ਤੇ ਮਨੋਰੰਜਕ ਮਾਹੌਲ ਪ੍ਰਦਾਨ ਕਰੇਗਾ।ਉਨ੍ਹਾਂ ਕਿਹਾ ਕਿ ਸੰਗਰੂਰ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਲਗਾਤਾਰ ਵਿਕਾਸ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਜਾ ਰਹੀ ਹੈ, ਜਿਨ੍ਹਾਂ ਨਾਲ ਸ਼ਹਿਰ ਦੀ ਨੁਹਾਰ ਵਿੱਚ ਵੱਡਾ ਸੁਧਾਰ ਆ ਰਿਹਾ ਹੈ।ਨਗਰ ਕੌਂਸਲ ਸੰਗਰੂਰ ਦੇ ਪ੍ਰਧਾਨ ਸ. ਭੁਪਿੰਦਰ ਸਿੰਘ ਨਹਿਲ ਨੇ ਕਿਹਾ ਕਿ ਪਾਰਕ ਦਾ ਨਿਰਮਾਣ ਉੱਚ ਗੁਣਵੱਤਾ ਦੇ ਮਾਪਦੰਡਾਂ ਅਨੁਸਾਰ ਨਿਰਧਾਰਤ ਸਮੇਂ ਅੰਦਰ ਮੁਕੰਮਲ ਕੀਤਾ ਜਾਵੇਗਾ ਤਾਂ ਜੋ ਲੋਕਾਂ ਨੂੰ ਜਲਦੀ ਤੋਂ ਜਲਦੀ ਇਸ ਦਾ ਲਾਭ ਮਿਲ ਸਕੇ।ਇਸ ਮੌਕੇ ਨਗਰ ਕੌਂਸਲ ਦੇ ਅਧਿਕਾਰੀ, ਕੌਂਸਲਰ, ਆਮ ਆਦਮੀ ਪਾਰਟੀ ਦੇ ਆਗੂ, ਵਰਕਰ ਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।



# ਡਾ. ਪਰਮਜੀਤ ਕੌਰ ਸਿੱਧੂ 'ਬੀਬੀ ਜਗੀਰ ਕੌਰ ਸੰਧੂ ਸਰਵੋਤਮ ਮਹਿਲਾ ਪੁਰਸਕਾਰ' ਨਾਲ ਸਨਮਾਨਤ



ਚੰਡੀਗੜ੍ਹ, (ਸੁਰਜੀਤ ਸੁਮਨ): ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਦੀ ਐਸੋਸੀਏਟ ਪ੍ਰੋਫੈਸਰ ਅਤੇ ਚੇਅਰਪਰਸਨ ਡਾ. ਪਰਮਜੀਤ ਕੌਰ ਸਿੱਧੂ ਨੂੰ ਹਰਿਆਣਾ ਸਾਹਿਤ ਅਤੇ ਸੰਸਕ੍ਰਿਤੀ ਅਕਾਦਮੀ ਵੱਲੋਂ ਦਿੱਤੇ ਜਾਣ ਵਾਲੇ ਵੱਕਾਰੀ ਐਵਾਰਡ 'ਬੀਬੀ ਜਗੀਰ ਕੌਰ ਸੰਧੂ ਸਰਵੋਤਮ ਮਹਿਲਾ ਪੁਰਸਕਾਰ (2021)' ਨਾਲ ਸਨਮਾਨਿਤ ਕੀਤਾ ਗਿਆ।

ਇਹ ਸਨਮਾਨ ਉਨ੍ਹਾਂ ਨੂੰ ਪੰਜਾਬੀ ਸਾਹਿਤ ਅਤੇ ਸਾਹਿਤ ਆਲੋਚਨਾ ਦੇ ਖੇਤਰ ਵਿੱਚ ਪਾਏ ਵਿਲੱਖਣ ਅਤੇ ਮਹੱਤਵਪੂਰਨ ਯੋਗਦਾਨ ਲਈ ਰੋਹਤਕ ਵਿਖੇ ਆਯੋਜਿਤ ਰਾਜ ਪੱਧਰੀ ਸਮਾਰੋਹ ਦੌਰਾਨ ਹਰਿਆਣਾ ਦੇ ਮਾਣਯੋਗ ਮੁੱਖ ਮੰਤਰੀ ਵੱਲੋਂ ਪ੍ਰਦਾਨ ਕੀਤਾ ਗਿਆ।

ਡਾ. ਸਿੱਧੂ ਨੇ ਪੰਜਾਬੀ ਸਾਹਿਤ ਆਲੋਚਨਾ ਦੇ ਖੇਤਰ ਵਿੱਚ ਆਪਣੀ ਖੋਜ ਅਤੇ ਲਿਖਤ ਰਾਹੀਂ ਵਿਸ਼ੇਸ਼ ਯੋਗਦਾਨ ਪਾਇਆ ਹੈ।ਇਸ ਤੋਂ ਪਹਿਲਾਂ ਉਨ੍ਹਾਂ ਦੀ ਨਾਵਲ ਆਲੋਚਨਾ ਸੰਬੰਧੀ ਪੁਸਤਕ 'ਪੰਜਾਬੀ ਨਾਵਲ : ਸਿਧਾਂਤ ਤੇ ਸਮੀਖਿਆ' ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਹਰਿਆਣਾ ਸਰਕਾਰ ਵੱਲੋਂ ਸਾਲ 2013 ਦੇ ਸਰਵੋਤਮ ਆਲੋਚਨਾ ਗ੍ਰੰਥ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।ਇਸ ਦੇ ਨਾਲ ਉਨ੍ਹਾਂ ਨੂੰ ਖੋਜ ਵਿੱਚ ਪਾਏ ਮਹੱਤਵਪੂਰਨ ਯੋਗਦਾਨ ਲਈ ਭਾਰਤੀ ਦਲਿਤ ਸਾਹਿਤ ਅਕਾਦਮੀ ਵੱਲੋਂ ਸਾਲ 2019 ਦਾ 'ਡਾ. ਅੰਬੇਡਕਰ ਸਾਹਿਤ ਸ੍ਰੀ ਸਨਮਾਨ' ਵੀ ਪ੍ਰਦਾਨ ਕੀਤਾ ਗਿਆ।

# ਧਾਲੀਵਾਲ ਨੇ ਨਵ-ਨਿਯੁਕਤ 19 ਆਂਗਣਵਾੜੀ ਵਰਕਰਾਂ ਨੂੰ ਨਿਯੁਕਤੀ ਪੱਤਰ ਵੰਡੇ



ਅੰਮ੍ਰਿਤਸਰ/ਅਜਨਾਲਾ (ਸੁਖਜਿੰਦਰ ਸਿੰਘ ਰਾਜੂ) ਆਮ ਆਦਮੀ ਪਾਰਟੀ ਦੇ ਸੂਬਾ ਮੁੱਖ ਬੁਲਾਰੇ, ਵਿਧਾਇਕ ਤੇ ਸਾਬਕਾ ਮੰਤਰੀ ਪੰਜਾਬ ਸ.ਕੁਲਦੀਪ ਸਿੰਘ ਧਾਲੀਵਾਲ ਨੇ ਅਜਨਾਲਾ ਵਿਖੇ ਸੰਬੰਧ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਆਂਗਣਵਾੜੀ ਸਰਵਿਸਿਜ਼ ਸਕੀਮ ਅਧੀਨ ਨਵੀਆਂ ਚੁਣੀਆਂ ਗਈਆਂ 19 ਆਂਗਣਵਾੜੀ ਵਰਕਰ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਵੰਡ ਕੇ ਸਨਮਾਨ ਦਿੱਤਾ। ਨਿਯੁਕਤੀ ਪੱਤਰ ਵੰਡਣ ਮੌਕੇ ਸ. ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਨੇ ਸੂਬੇ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਪੂਰੀ ਤਰ੍ਹਾਂ ਪਾਰਦਰਸ਼ਤਾ, ਯੋਗਤਾ ਆਧਾਰਿਤ, ਬਿਨਾਂ ਕਿਸੇ ਭਾਈ ਭਤੀਜਾਵਾਦ, ਸਿਫ਼ਾਰਸ਼ ਜਾਂ ਰਿਸ਼ਵਤਖੋਰੀ ਦੇ 69 ਹਜ਼ਾਰ ਦੇ ਕਰੀਬ ਸਰਕਾਰੀ ਨੌਕਰੀਆਂ ਦੇਣ 'ਚ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ। ਸ. ਧਾਲੀਵਾਲ ਨੇ ਕਿਹਾ ਕਿ ਮੈਂ ਆਸ ਕਰਦਾ ਹਾਂ ਕਿ ਨਵ ਨਿਯੁਕਤ ਆਂਗਣਵਾੜੀ ਵਰਕਰਾਂ ਆਪਣੀ ਡਿਊਟੀ ਪੂਰੀ ਇਮਾਨਦਾਰੀ, ਲਗਨ ਅਤੇ ਸੇਵਾ ਭਾਵਨਾ ਨਾਲ ਨਿਭਾਉਂਦਿਆਂ ਮਿਸ਼ਨ ਪੋਸ਼ਣ 2.0 ਤਹਿਤ ਬੱਚਿਆਂ, ਗਰਭਵਤੀ ਮਹਿਲਾਵਾਂ ਅਤੇ ਔਰਤਾਂ ਦੀ ਸਿਹਤ ਅਤੇ ਪੋਸ਼ਣ ਸਬੰਧੀ ਸਰਕਾਰੀ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ। ਸ. ਧਾਲੀਵਾਲ ਨੇ ਇਹ ਵੀ ਦਾਅਵਾ ਕੀਤਾ ਕਿ ਮਾਨ ਸਰਕਾਰ ਵੱਲੋਂ ਔਰਤਾਂ ਦੇ ਵਿੱਤੀ ਸਸ਼ਕਤੀਕਰਨ ਲਈ ਵੱਡੀ ਪੁਲਾਂਘ ਪੁੱਟੀ ਗਈ ਹੈ, ਸੂਬੇ ਦੀਆਂ ਔਰਤਾਂ 'ਚੋਂ ਆਮ ਸ਼੍ਰੇਣੀ ਨੂੰ 1000- 1000 ਹਜ਼ਾਰ ਰੁਪਏ ਅਤੇ ਅਨੁਸੂਚਿਤ ਜਾਤੀ ਸ਼੍ਰੇਣੀ ਨਾਲ ਸਬੰਧਤ ਔਰਤਾਂ ਨੂੰ 1500-1500 ਰੁਪਏ ਪ੍ਰਤੀ ਮਹੀਨਾ ਦੇਣ ਦੀ ਸ਼ੁਰੂਆਤ ਕੀਤੀ ਜਾ ਚੁੱਕੀ ਹੈ ਅਤੇ ਹੁਣ ਤੱਕ 70 ਲੱਖ ਤੋਂ ਵਧੇਰੇ ਔਰਤਾਂ ਵੱਲੋਂ ਇਸ ਮਹੀਨਾਵਾਰ ਵਿੱਤੀ ਸਹੂਲਤ ਦੀ ਪ੍ਰਾਪਤੀ ਲਈ ਰਜਿਸਟਰੇਸ਼ਨ ਕਰਵਾਈ ਗਈ ਹੈ। ਤਿੰਨ ਤਿੰਨ ਮਹੀਨਿਆਂ ਦੇ ਪਹਿਲੀ ਜੁਲਾਈ ਨੂੰ ਪੈਸੇ ਪਾਏ ਜਾ ਚੁੱਕੇ ਹਨ ਅਤੇ ਜੋ ਇਨ੍ਹਾਂ ਪੈਸਿਆਂ 'ਤੇ ਵਾਂਝੀਆਂ ਰਹਿ ਗਈਆਂ ਸਨ ਹੁਣ ਉਨ੍ਹਾਂ ਔਰਤਾਂ ਦੇ ਖਾਤੇ 'ਚ 1 ਅਗਸਤ ਨੂੰ ਤਿੰਨ ਤਿੰਨ ਮਹੀਨਿਆਂ ਦੇ ਪੈਸੇ ਪਾਏ ਜਾਣ ਲਈ ਸਰਕਾਰ ਨੇ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਇਸ ਮੌਕੇ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਐਡਵੋਕੇਟ ਅਮਰਦੀਪ ਕੌਰ ਧਾਲੀਵਾਲ, ਸੀਡੀਪੀਓ ਬਿਕਰਮਜੀਤ ਸਿੰਘ, ਪੀ ਏ ਮੁਖਤਾਰ ਸਿੰਘ ਬਲੜਵਾਲ, ਸ਼ਹਿਰੀ ਪ੍ਰਧਾਨ ਅਮਿਤ ਔਲ, ਨਗਰ ਪੰਚਾਇਤ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ, ਐਡਵੋਕੇਟ ਸੰਦੀਪ ਕੌਸ਼ਲ ਗਿੱਲ, ਸੁਪਰਵਾਈਜ਼ਰ ਸਰਬਜੀਤ ਕੌਰ, ਰਾਜਵੰਤ ਕੌਰ ਆਦਿ ਹਾਜ਼ਰ ਸਨ।

# ਤਿੰਨ ਦਿਨਾ ਸੀ ਬੀ ਐੱਸ ਈ ਕਲੱਸਟਰ ਗਰਲਜ਼ ਬਾਸਕਟਬਾਲ ਚੈਂਪੀਅਨਸ਼ਿਪ ਸਮਾਪਤ

## * ਅੰਡਰ-14 ਵਰਗ 'ਚ ਡੀ ਏ ਵੀ ਪਬਲਿਕ ਸਕੂਲ ਲੁਧਿਆਣਾ ਬਣਿਆ ਚੈਂਪੀਅਨ



ਪਠਾਨਕੋਟ: (ਦਵਿੰਦਰ ਸਿੰਘ)- ਮੌਂਟੇਸਰੀ ਕੈਂਬ੍ਰਿਜ ਸਕੂਲ ਪਠਾਨਕੋਟ ਵਿੱਚ ਤਿੰਨ ਦਿਨਾ ਸੀਬੀਐੱਸਈ ਕਲੱਸਟਰ ਗਰਲਜ਼ ਬਾਸਕਟਬਾਲ ਚੈਂਪੀਅਨਸ਼ਿਪ ਹੋਈ। ਪੰਜਾਬ ਅਤੇ ਜੰਮੂ-ਕਸ਼ਮੀਰ ਦੇ ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ।ਤਿੰਨ ਦਿਨਾਂ ਤੱਕ ਚਲੇ ਰੋਮਾਂਚਕ ਮੁਕਾਬਲਿਆਂ, ਸਖ਼ਤ ਮੁਕਾਬਲੇਬਾਜ਼ੀ ਅਤੇ ਸ਼ਾਨਦਾਰ ਖੇਡ ਭਾਵਨਾ ਨੇ ਪੂਰੇ ਕੈਂਪਸ ਨੂੰ ਉਤਸ਼ਾਹ, ਊਰਜਾ ਅਤੇ ਖੇਡ ਉਤਸ਼ਾਹ ਵਿੱਚ ਬਦਲ ਦਿੱਤਾ।ਸਮਾਪਤੀ ਸਮਾਰੋਹ ਵਿੱਚ ਸੀਬੀਐੱਸਈ ਆਬਜ਼ਰਵਰ ਨਿਖਿਲ ਹਾਂਸ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਜ਼ਿਲ੍ਹਾ ਖੇਡ ਕੋਆਰਡੀਨੇਟਰ ਅਰੁਣ ਕੁਮਾਰ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ।ਦੋਵੇਂ ਮਹਿਮਾਨਾਂ ਨੇ ਜੇਤੂਆਂ ਅਤੇ ਭਾਗ ਲੈਣ ਵਾਲੀਆਂ ਖਿਡਾਰਨਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ। ਉਨ੍ਹਾਂ ਮੌਂਟੇਸਰੀ ਕੈਂਬ੍ਰਿਜ ਸਕੂਲ ਵੱਲੋਂ ਕੀਤੇ ਗਏ ਸ਼ਾਨਦਾਰ ਪ੍ਰਬੰਧ ਅਤੇ ਸਫ਼ਲ ਆਯੋਜਨ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਅੰਡਰ-14 ਵਰਗ ਵਿੱਚ ਡੀਏਵੀ ਪਬਲਿਕ ਸਕੂਲ, ਲੁਧਿਆਣਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ।ਦਇਆਨੰਦ ਪਬਲਿਕ ਸਕੂਲ, ਲੁਧਿਆਣਾ ਪਹਿਲਾ ਉਪ ਜੇਤੂ ਰਿਹਾ, ਜਦਕਿ ਜੋਸ਼ੀ ਪਬਲਿਕ ਸਕੂਲ, ਫ਼ਰੀਦਕੋਟ ਅਤੇ ਪ੍ਰਤਾਪ ਵਰਲਡ ਸਕੂਲ, ਪਠਾਨਕੋਟ ਸਾਂਝੇ ਤੌਰ 'ਤੇ ਦੂਜੇ ਉਪ ਜੇਤੂ ਐਲਾਨੇ ਗਏ।ਇਸ ਤੋਂ ਇਲਾਵਾ ਮੌਂਟੇਸਰੀ ਕੈਂਬ੍ਰਿਜ ਸਕੂਲ, ਪਠਾਨਕੋਟ, ਸੇਂਟ ਜਾਰਜ ਇੰਟਰਨੈਸ਼ਨਲ ਸਕੂਲ, ਬਟਾਲਾ, ਜੀਸਸ ਸੈਕਰਡ ਸਕੂਲ, ਲੁਧਿਆਣਾ, ਕੈਂਬ੍ਰਿਜ ਇੰਟਰਨੈਸ਼ਨਲ ਸਕੂਲ, ਕਪੂਰਥਲਾ, ਦਿ ਨਾਰਵੁੱਡ ਸਕੂਲ, ਸ਼ਹੀਦ ਭਗਤ ਸਿੰਘ ਨਗਰ ਅਤੇ ਜੀਜੀਐੱਸ ਪਬਲਿਕ ਸਕੂਲ ਹੁਸ਼ਿਆਰਪੁਰ ਨੇ ਵੀ ਆਪਣੇ ਸ਼ਾਨਦਾਰ ਖੇਡ ਹੁਨਰ ਅਤੇ ਮੁਕਾਬਲੇਬਾਜ਼ੀ ਨਾਲ ਸਭ ਨੂੰ ਪ੍ਰਭਾਵਿਤ ਕੀਤਾ।ਅੰਡਰ-17 ਵਰਗ ਵਿੱਚ ਮੌਂਟੇਸਰੀ ਕੈਂਬ੍ਰਿਜ ਸਕੂਲ, ਪਠਾਨਕੋਟ, ਏਅਰ ਫੋਰਸ ਸਕੂਲ, ਜੰਮੂ, ਸਪ੍ਰਿੰਗਡੇਲ ਸੀਨੀਅਰ ਸਕੂਲ, ਅੰਮ੍ਰਿਤਸਰ, ਕੈਂਬ੍ਰਿਜ ਇੰਟਰਨੈਸ਼ਨਲ ਸਕੂਲ, ਫਗਵਾੜਾ, ਦਿ ਯੂਨੀਵਰਸ ਵਰਲਡ ਸਕੂਲ, ਲੁਧਿਆਣਾ, ਬਾਲ ਭਾਰਤੀ ਪਬਲਿਕ ਸਕੂਲ, ਲੁਧਿਆਣਾ ਅਤੇ ਐੱਸਡੀਐੱਮਐੱਸ ਸਕੂਲ, ਅੰਮ੍ਰਿਤਸਰ ਨੇ ਵੀ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਮੁਕਾਬਲੇ ਨੂੰ ਬੇਹੱਦ ਰੋਮਾਂਚਕ ਬਣਾਇਆ।ਅੰਡਰ-19 ਵਰਗ ਵਿੱਚ ਮੌਂਟੇਸਰੀ ਕੈਂਬ੍ਰਿਜ ਸਕੂਲ, ਪਠਾਨਕੋਟ, ਆਰਮੀ ਪਬਲਿਕ ਸਕੂਲ, ਜਲੰਧਰ ਕੈਂਟ, ਵੈਸਟ ਪੁਆਇੰਟ ਸਕੂਲ, ਫਰੀਦਕੋਟ, ਏਪੀਜੇ ਸਕੂਲ, ਜਲੰਧਰ, ਹੈਰੀਟੇਜ ਪਬਲਿਕ ਸਕੂਲ, ਜੰਮੂ ਅਤੇ ਵਿਦਿਆਲਿਆ ਅਕੈਡਮੀ, ਨਵਾਂਸ਼ਹਿਰ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਕੇ ਪ੍ਰਤੀਯੋਗਿਤਾ ਦੀ ਸ਼ਾਨ ਵਿੱਚ ਹੋਰ ਵਾਧਾ ਕੀਤਾ।

ਚੈਂਪੀਅਨਸ਼ਿਪ ਦਾ ਆਯੋਜਨ ਸਕੂਲ ਦੇ ਚੇਅਰਮੈਨ ਵਿਨੋਦ ਮਹਾਜਨ, ਵਾਈਸ ਚੇਅਰਮੈਨ ਅਕਾਸ਼ ਮਹਾਜਨ ਅਤੇ ਡਾਇਰੈਕਟਰ-ਪ੍ਰਿੰਸੀਪਲ ਰਸ਼ਮੀ ਅਹਲੂਵਾਲੀਆ ਦੀ ਅਗਵਾਈ ਹੇਠ ਸੰਪੰਨ ਹੋਇਆ।ਉਨ੍ਹਾਂ ਨੇ ਮੁੱਖ ਮਹਿਮਾਨਾਂ ਦਾ ਹਾਰਦਿਕ ਸਵਾਗਤ ਕਰਦਿਆਂ ਸਾਰੇ ਜੇਤੂਆਂ, ਭਾਗੀਦਾਰਾਂ, ਕੋਚਾਂ, ਰੈਫਰੀਆਂ, ਤਕਨੀਕੀ ਅਧਿਕਾਰੀਆਂ, ਸਵੈ-ਸੇਵਕਾਂ ਅਤੇ ਆਯੋਜਨ ਕਮੇਟੀ ਦੇ ਮੈਂਬਰਾਂ ਨੂੰ ਇਸ ਪ੍ਰਤੀਯੋਗਿਤਾ ਦੀ ਸ਼ਾਨਦਾਰ ਸਫਲਤਾ ਲਈ ਵਧਾਈ ਦਿੱਤੀ।ਜੇਤੂ ਟੀਮਾਂ ਨੂੰ ਟਰਾਫੀਆਂ, ਤਮਗੇ, ਪ੍ਰਮਾਣ-ਪੱਤਰ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

# ਅਕਾਲੀ ਦਲ ਦੀ ਜ਼ਿਲ੍ਹਾ ਲੀਡਰਸ਼ਿਪ ਸਮੇਤ ਅਕਾਲੀ ਵਰਕਰਾਂ ਨੇ ਘੇਰਿਆ ਥਾਣਾ ਕਾਦੀਆਂ



ਕਾਦੀਆਂ, (ਯਾਦਵਿੰਦਰ ਸਿੰਘ ਮਲੋਤਰਾ)-ਅੱਜ ਦੁਪਹਿਰ ਨੂੰ ਥਾਣਾ ਕਾਦੀਆਂ ਦੇ ਸਾਹਮਣੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਧਰਨਾ ਦਿੱਤਾ ਗਿਆ।ਇਸ ਧਰਨੇ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੀ ਸਮੁੱਚੀ ਅਕਾਲੀ ਲੀਡਰਸ਼ਿਪ, ਜ਼ਿਲ੍ਹਾ ਪ੍ਰਧਾਨ, ਸ਼ਹਿਰੀ ਜ਼ਿਲ੍ਹਾ ਪ੍ਰਧਾਨ, ਸਾਬਕਾ ਵਿਧਾਇਕ, ਸਾਬਕਾ ਮੰਤਰੀ ਅਤੇ ਵੱਖ-ਵੱਖ ਹਲਕਿਆਂ ਦੇ ਇੰਚਾਰਜ ਸ਼ਾਮਲ ਹੋਏ।ਜਥੇਦਾਰ ਸੁੱਚਾ ਸਿੰਘ ਲੰਗਾਹ ਅਤੇ ਕੰਵਲਪ੍ਰੀਤ ਸਿੰਘ ਕਾਕੀ ਨੇ ਕਿਹਾ ਕਿ ਆਪਣੇ ਸਾਥੀਆਂ ਨੂੰ ਇਨਸਾਫ਼ ਦਿਵਾਉਣ ਅਤੇ ਝੂਠੇ ਪਰਚੇ ਰੱਦ ਕਰਵਾਉਣ ਲਈ ਇਹ ਧਰਨਾ ਦਿੱਤਾ ਗਿਆ। ਇਸ ਮੌਕੇ ਮੁੱਖ ਤੌਰ 'ਤੇ ਹਾਜ਼ਰ ਆਗੂਆਂ ਵਿੱਚ ਸਾਬਕਾ ਵਿਧਾਇਕ ਗੁਰਬਚਨ ਸਿੰਘ ਬੱਬੇਹਾਲੀ, ਕਾਦੀਆਂ ਤੋਂ ਸਾਬਕਾ ਵਿਧਾਇਕ ਲਖਬੀਰ ਸਿੰਘ ਲੋਧੀਨੰਗਲ, ਪਰਮਬੀਰ ਸਿੰਘ ਲਾਡੀ, ਐੱਸਜੀਪੀਸੀ ਮੈਂਬਰ ਸੁਰਜੀਤ ਸਿੰਘ ਤੁਗਲਵਾਲ, ਐੱਸਜੀਪੀਸੀ ਮੈਂਬਰ ਗੁਰਿੰਦਰਪਾਲ ਸਿੰਘ ਗੋਰਾ, ਸੁਖਜਿੰਦਰ ਸਿੰਘ ਸੋਨੂ ਲੰਗਾਹ, ਕੰਵਲਪ੍ਰੀਤ ਸਿੰਘ ਕਾਕੀ, ਰਾਜਨਵੀਰ ਸਿੰਘ ਘੁੰਮਣ, ਐਡਵੋਕੇਟ ਅਮਰਜੀਤ ਸਿੰਘ ਸਿੰਘ ਬੱਬੇਹਾਲੀ, ਐਡਵੋਕੇਟ ਗੁਰਦੇਵ ਸਿੰਘ ਸਿੰਘ ਸਾਬਕਾ ਐੱਸਐੱਚਓ ਜਰਨੈਲ ਸਿੰਘ ਕਾਹਲੋਂ, ਮਨਜੀਤ ਸਿੰਘ ਕੰਗ, ਸਾਬਕਾ ਚੇਅਰਮੈਨ ਸੁਖਬੀਰ ਸਿੰਘ ਵਾਹਲਾ, ਸੋਨੂ ਔਲਖ, ਸਾਬਕਾ ਚੇਅਰਮੈਨ ਤਰਲੋਕ ਸਿੰਘ ਬਾਠ, ਜਥੇਦਾਰ ਨਰਿੰਦਰ ਸਿੰਘ ਬਾਠ, ਜਥੇਦਾਰ ਹਰਬੰਸ ਸਿੰਘ ਚਿੱਤਰਾਂ, ਮਨਜੀਤ ਸਿੰਘ ਕੰਗ, ਦਾਰਾ ਨਾਨੋਵਾਲ ਖੁਰਦ, ਕੁਲਬੀਰ ਸਿੰਘ ਰਿਆੜ, ਸੋਨੂ ਅਹਿਮਦਾਬਾਦ, ਮਨੋਜ ਗੁਰਤਿੰਦਰਪਾਲ ਸਿੰਘ ਮਾਂਟੂ, ਗੁਰਨਾਮ ਸਿੰਘ ਖ਼ੁਸ਼ਾ ਸਮੇਤ ਵੱਡੀ ਗਿਣਤੀ ਵਿੱਚ ਅਕਾਲੀ ਆਗੂ ਅਤੇ ਵਰਕਰ ਸ਼ਾਮਲ ਹੋਏ।

# ਮੀਰੀ-ਪੀਰੀ ਖਾਲਸਾ ਮਾਰਚ ਦਾ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਨਿੱਘਾ ਸਵਾਗਤ



ਝਬਾਲ (ਹਰਜਿੰਦਰ ਸਿੰਘ ਸੋਨੀ)- ਮੀਰੀ-ਪੀਰੀ ਖਾਲਸਾ ਮਾਰਚ ਦਾ ਇਤਿਹਾਸਕ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਪਹੁੰਚਣ 'ਤੇ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਵੱਲੋਂ ਭਰੇ ਹੀ ਸ਼ਰਧਾ, ਸਤਿਕਾਰ ਅਤੇ ਉਤਸ਼ਾਹ ਨਾਲ ਨਿੱਘਾ ਸਵਾਗਤ ਕੀਤਾ ਗਿਆ।ਪ੍ਰਿੰਸੀਪਲ ਮੈਡਮ ਸਰਬਜੀਤ ਕੌਰ ਜਫਰਵਾਲ ਦੀ ਅਗਵਾਈ ਹੇਠ ਸਮੂਹ ਸਟਾਫ, ਵਿਦਿਆਰਥੀਆਂ, ਸਕੂਲ ਦੀ ਬੈਂਡ ਟੀਮ ਅਤੇ ਗਤਕਾ ਟੀਮ ਨੇ ਖਾਲਸਾ ਮਾਰਚ ਦਾ ਫੁੱਲਾਂ ਦੀ ਵਰਖਾ ਕਰਕੇ ਸਨਮਾਨ ਕੀਤਾ।ਮੀਰੀ-ਪੀਰੀ ਖਾਲਸਾ ਮਾਰਚ ਦੇ ਪਹਿਲੇ ਦਿਨ ਦਾ ਵਿਸ਼ਰਾਮ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਹੋਇਆ। ਇਸ ਪਵਿੱਤਰ ਮੌਕੇ ਪ੍ਰਿੰਸੀਪਲ ਸਰਬਜੀਤ ਕੌਰ ਜਫਰਵਾਲ, ਸਕੂਲ ਦੇ ਸਮੂਹ ਅਧਿਆਪਕ, ਕਰਮਚਾਰੀ ਅਤੇ ਵਿਦਿਆਰਥੀਆਂ ਨੇ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਚਰਨਾਂ ਵਿੱਚ ਮੱਥਾ ਟੇਕ ਕੇ ਸਕੂਲ, ਵਿਦਿਆਰਥੀਆਂ ਅਤੇ ਸਮੂਹ ਮਨੁੱਖਤਾ ਦੀ ਚੜ੍ਹਦੀ ਕਲਾ, ਸੁੱਖ-ਸ਼ਾਂਤੀ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ।ਇਸ ਦੌਰਾਨ ਪ੍ਰਿੰਸੀਪਲ ਮੈਡਮ, ਰਣਜੀਤ ਸਿੰਘ ਵੱਲੋਂ ਜਥੇਦਾਰ ਸਿੰਘ ਸਾਹਿਬ ਭਾਈ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਪ੍ਰਿੰਸੀਪਲ ਮੈਡਮ ਸਰਬਜੀਤ ਕੌਰ ਜਫਰਵਾਲ ਨੇ ਕਿਹਾ ਮੀਰੀ ਪੀਰੀ ਖਾਲਸਾ ਮਾਰਚ ਸਮੂਹ ਸੰਗਤਾਂ ਨੂੰ ਸਿੱਖ ਇਤਿਹਾਸ, ਮੀਰੀ-ਪੀਰੀ ਦੇ ਸਿਧਾਂਤ ਅਤੇ ਗੁਰੂ ਸਾਹਿਬਾਨ ਵੱਲੋਂ ਦਰਸਾਏ ਧਾਰਮਿਕ ਅਤੇ ਸਮਾਜਿਕ ਫ਼ਰਜ਼ਾਂ ਬਾਰੇ ਪ੍ਰੇਰਣਾਦਾਇਕ ਜਾਣਕਾਰੀ ਦੇਣ ਦੇ ਨਾਲ ਸਿੱਖ ਪੰਥ ਦੀ ਚੜ੍ਹਦੀ ਕਲਾ, ਏਕਤਾ, ਗੁਰਮਤਿ ਜੀਵਨ ਅਤੇ ਨੌਜਵਾਨ ਪੀੜ੍ਹੀ ਨੂੰ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ ਤੇ ਚੱਲਣ ਦਾ ਸੰਦੇਸ਼ ਵੀ ਦਿੰਦਾ ਹੈ।

ਇਸ ਮੌਕੇ ਹਲਕਾ ਇੰਚਾਰਜ ਮੈਡਮ ਕੰਚਨਪ੍ਰੀਤ ਕੌਰ, ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ, ਮੈਨੇਜਰ ਧਰਮਿੰਦਰ ਸਿੰਘ, ਮੈਡਮ ਦਵਿੰਦਰਪਾਲ ਕੌਰ, ਡੀਪੀਈ ਗੁਰਮੀਤ ਸਿੰਘ, ਮਨਿੰਦਰ ਸਿੰਘ, ਜਸਬੀਰ ਸਿੰਘ, ਤਰਸੇਮ ਸਿੰਘ, ਜਗਮੀਤ ਸਿੰਘ, ਭੁਪਿੰਦਰ ਸਿੰਘ, ਮੈਡਮ ਅਕਵਿੰਦਰ ਕੌਰ, ਡੀਪੀਈ ਮੈਡਮ ਅਮਨਪ੍ਰੀਤ ਕੌਰ ਆਦਿ ਹਾਜ਼ਰ ਸਨ।

# ਸਰਕਾਰ ਬਿਜਲੀ ਕਾਮਿਆਂ ਦੇ ਦਰਪੇਸ਼ ਮਸਲੇ ਹੱਲ ਕਰੇ: ਕਿਸਾਨ ਆਗੂ



ਵਲੋਟਹਾ (ਰਣਜੀਤ ਸਿੰਘ)- ਤਰਨਤਾਰਨ ਜ਼ਿਲੇ ਦੇ ਕਈ ਇਲਾਕਿਆਂ ਵਿੱਚ ਟਰਾਂਸਫਾਰਮਰ ਸੜਨ ਤੇ ਹੋਰ ਬਿਜਲੀ ਫਾਲਟ ਪੈਣ ਕਾਰਨ ਕਿਸਾਨਾਂ ਦੀ ਝੋਨੇ ਦੀ ਫ਼ਸਲ ਦਾ ਵੱਡਾ ਨੁਕਸਾਨ ਹੋ ਰਿਹਾ ਹੈ, ਘਰਾਂ ਦੀ ਜ਼ਿੰਦਗੀ ਅਸਤ ਵਿਅਸਤ ਹੋ ਰਹੀ ਹੈ। ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਬਿਜਲੀ ਕਾਮਿਆਂ ਦੀ ਹੜਤਾਲ ਖਤਮ ਕਰਾਉਣ ਲਈ ਉਨ੍ਹਾਂ ਦੇ ਮਸਲੇ ਤੁਰੰਤ ਹੱਲ ਕਰੇ।ਸੇਰੋਂ ਖੰਡ ਮਿੱਲ ਮੋਰਚੇ ਤੇ ਇਕੱਤਰ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਵੱਲੋਂ ਇਹ ਬਿਆਨ ਜਾਰੀ ਕਰਦਿਆਂ ਕਿਸਾਨ ਆਗੂ ਤਰਸੇਮ ਸਿੰਘ ਲੁਹਾਰ, ਹਰਜਿੰਦਰ ਸਿੰਘ ਟਾਂਡਾ, ਦਲਜੀਤ ਸਿੰਘ ਦਿਆਲਪੁਰਾ, ਨਛੱਤਰ ਸਿੰਘ ਪੰਨੂ, ਗੁਰਪ੍ਰੀਤ ਸਿੰਘ ਗੰਡੀਵਿੰਡ, ਇੰਦਰਜੀਤ ਸਿੰਘ ਮਰਹਾਨਾ ਨੇ ਕਿਹਾ ਕਿ ਸਰਕਾਰ ਕੁੰਭਕਰਨ ਦੀ ਨੀਂਦ ਨਾ ਸੌਂਵੇ।ਸਰਕਾਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਬਿਜਲੀ ਦੀ ਸਪਲਾਈ ਬੰਦ ਹੋਣ ਨਾਲ ਅੱਜ ਦੇ ਜ਼ਮਾਨੇ ਵਿੱਚ ਸਾਰੀ ਜ਼ਿੰਦਗੀ ਖਲੋ ਜਾਂਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਏਨੀ ਢੀਠ ਹੋ ਗਈ ਹੈ ਕਿ ਅਹਿਮ ਲੋਕ ਮਸਲਿਆਂ ਵੱਲ ਧਿਆਨ ਹੀ ਨਹੀਂ ਦਿੰਦੀ।ਸੇਰੋਂ ਖੰਡ ਮਿੱਲ ਸਥਾਨਕ ਲੋਕਾਂ ਦੀ ਮਲਕੀਅਤ ਹੈ।ਇਸਦੇ ਚਾਲੂ ਹੋਣ ਨਾਲ ਹਜ਼ਾਰਾਂ ਕਿਸਾਨਾਂ ਮਜ਼ਦੂਰਾਂ ਨੂੰ ਰੁਜ਼ਗਾਰ ਮਿਲਦਾ ਹੈ ਪਰ ਸਰਕਾਰ ਮਿੱਲ ਚਲਾਉਣ ਦਾ ਵਾਅਦਾ ਕਰਕੇ ਹੁਣ ਮਿੱਲ ਦੀ ਅਠਾਨਵੇਂ ਕਿੱਲੇ ਜ਼ਮੀਨ ਐਧਰ ਓਧਰ ਖਿਲਾਰ ਰਹੀ ਹੈ ਜੋ ਕਿ ਲੋਕਾਂ ਨਾਲ ਸ਼ਰੇਆਮ ਧੋਖਾ ਹੈ।

ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮੇਜ ਸਿੰਘ ਗੋਰਖਾ, ਮਹਿੰਦਰ ਸਿੰਘ ਵੇਈਂਪੂਈਂ, ਮਨਜੀਤ ਸਿੰਘ ਬੱਗੂ, ਹਰਭਜਨ ਸਿੰਘ, ਬਲਕਾਰ ਸਿੰਘ ਵਲਟੋਹਾ, ਹਰਦੀਪ ਸਿੰਘ ਰਸੂਲਪੁਰ, ਸੁਖਬਾਜ ਸਿੰਘ ਸਿੱਧੂ, ਜਸਬੀਰ ਸਿੰਘ ਨਿੱਜਰਪੁਰਾ, ਵਰਿਆਮ ਸਿੰਘ ਸਖੀਰਾ, ਮੇਹਰ ਸਿੰਘ ਸਖੀਰਾ, ਜਸਬੀਰ ਸਿੰਘ ਪੰਨੂ, ਜਸਪਾਲ ਸਿੰਘ ਪੰਨੂ ਸਮੇਤ ਕਈ ਆਗੂ ਹਾਜ਼ਰ ਸਨ।

## ਸੈਣੀ ਫਗਵਾੜਾ 'ਚ ਅੱਜ ਕਰਨਗੇ ਵੈਂਟੀਲੇਟਰ ਐਂਬੂਲੈਂਸ ਦਾ ਲੋਕ ਅਰਪਣ : ਆਸ਼ੂ ਸਾਂਪਲਾ

ਫਗਵਾੜਾ (ਡਾ. ਰਮਨ)-ਸਮਾਜ ਸੇਵਾ ਦੇ ਖੇਤਰ ਵਿੱਚ ਸਰਗਰਮ ਨਵਿਆ ਹੈਲਪਿੰਗ ਹੈਂਡਜ਼ (ਸਾਂਪਲਾ ਫਾਊਂਡੇਸ਼ਨ) ਵੱਲੋਂ ਚੇਅਰਮੈਨ ਵਿਜੇ ਸਾਂਪਲਾ (ਸਾਬਕਾ ਕੇਂਦਰੀ ਮੰਤਰੀ ਤੇ ਸਾਬਕਾ ਚੇਅਰਮੈਨ ਐੱਸ.ਸੀ. ਕਮਿਸ਼ਨ) ਦੇ ਉਪਰਾਲੇ ਸਦਕਾ 26 ਜੁਲਾਈ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਵੈਂਟੀਲੇਟਰ ਐਂਬੂਲੈਂਸ ਲੋਕਾਂ ਨੂੰ ਸਮਰਪਤ ਕਰਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਹ ਜਾਣਕਾਰੀ ਦਿੰਦਿਆਂ ਨਵਿਆ ਹੈਲਪਿੰਗ ਹੈਂਡਜ਼ ਦੇ ਪ੍ਰਧਾਨ ਆਸ਼ੂ ਸਾਂਪਲਾ ਨੇ ਦੱਸਿਆ ਕਿ ਲੋਕ ਅਰਪਣ ਦੀ ਰਸਮ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵਲੋਂ ਨਿਭਾਈ ਜਾਵੇਗੀ। ਉਪਰੰਤ ਸੀ.ਐਮ. ਸੈਣੀ ਅਤੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਵਲੋਂ ਮੈਗਾ ਖੂਨਦਾਨ ਕੈਂਪ ਦਾ ਸਾਂਝੇ ਤੌਰ 'ਤੇ ਉਦਘਾਟਨ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਇਹ ਮੈਗਾ ਕੈਂਪ ਮਹਾਰਾਜਾ ਪੈਲੇਸ, ਬੰਗਾ ਰੋਡ ਫਗਵਾੜਾ ਵਿਖੇ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਜਾਰੀ ਰਹੇਗਾ। ਉਹਨਾਂ ਦੱਸਿਆ ਕਿ ਫਗਵਾੜਾ ਦੇ ਵਸਨੀਕਾਂ ਨੂੰ ਐਮਰਜੈਂਸੀ ਮੈਡੀਕਲ ਸੇਵਾਵਾਂ ਮੁਹੱਈਆ ਕਰਵਾਉਣ ਦੇ ਵਿੱਚ ਜਿੱਥੇ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਵੈਂਟੀਲੇਟਰ ਐਂਬੂਲੈਂਸ ਲਾਹੇਵੰਦ ਬਣੇਗੀ, ਉੱਥੇ ਹੀ ਮੈਗਾ ਖੂਨਦਾਨ ਕੈਂਪ ਦੌਰਾਨ ਇਕੱਤਰ ਹੋਣ ਵਾਲਾ ਖੂਨ ਗੰਭੀਰ ਰੋਗਾਂ ਨਾਲ ਪੀੜਤ ਮਰੀਜ਼ਾਂ ਨੂੰ ਨਵੀਂ ਜ਼ਿੰਦਗੀ ਪ੍ਰਦਾਨ ਕਰਨ ਵਿੱਚ ਸਹਾਈ ਹੋਵੇਗਾ। ਆਸ਼ੂ ਸਾਂਪਲਾ ਨੇ ਇਲਾਕੇ ਭਰ ਦੇ ਸਮਾਜ ਸੇਵੀਆਂ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਸਮੇਤ ਨੌਜਵਾਨਾਂ ਨੂੰ ਵੱਡੀ ਗਿਣਤੀ ਵਿੱਚ ਸਮਾਗਮ ਵਿੱਚ ਸ਼ਾਮਲ ਹੋਣ ਅਤੇ ਖੂਨਦਾਨ ਕਰਕੇ ਮਨੁੱਖਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਉਣ ਦੀ ਪੁਰਜ਼ੋਰ ਅਪੀਲ ਵੀ ਕੀਤੀ ਹੈ।

# ਦੋ ਪਿੰਡਾਂ 'ਚੋਂ ਇੱਕੋ ਰਾਤ ਚਾਰ ਮੱਝਾਂ ਚੋਰੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) : ਇੱਕੋ ਰਾਤ ਵਿੱਚ ਦੋ ਪਿੰਡਾਂ 'ਚੋਂ ਪਸ਼ੂ ਪਾਲਕਾਂ ਦੀਆਂ ਚਾਰ ਮੱਝਾਂ ਚੋਰੀ ਹੋ ਜਾਣ ਦਾ ਸਮਾਚਾਰ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਪਰਮਿੰਦਰ ਸਿੰਘ ਵਾਸੀ ਪਿੰਡ ਰਾਈਏਵਾਲ ਨੇ ਦੱਸਿਆ ਕਿ 22 ਜੂਨ ਨੂੰ ਰਾਤ ਕਰੀਬ 9 ਵਜੇ ਉਹ ਪਸ਼ੂਆਂ ਨੂੰ ਪੱਠੇ ਆਦਿ ਪਾਉਣ ਉਪਰੰਤ ਆਪਣੇ ਪਸ਼ੂਆਂ ਵਾਲੇ ਵਰਾਂਡੇ ਦੇ ਗੇਟ ਨੂੰ ਤਾਲਾ ਲਗਾ ਕੇ ਆਪਣੇ ਰਿਹਾਇਸ਼ੀ ਮਕਾਨ ਵਿੱਚ ਸੌਣ ਲਈ ਚਲਾ ਗਿਆ ਤੇ ਅਗਲੀ ਸਵੇਰ ਕਰੀਬ 4 ਵਜੇ ਜਦੋਂ ਉਹ ਪਸ਼ੂਆਂ ਨੂੰ ਪੱਠੇ ਆਦਿ ਪਾਉਣ ਲਈ ਵਰਾਂਡੇ 'ਚ ਪੁੱਜਾ ਤਾਂ ਵਰਾਂਡੇ ਦਾ ਗੇਟ ਖੁੱਲ੍ਹਾ ਪਿਆ ਸੀ ਤੇ ਖੁਰਲੀ 'ਤੇ ਬੰਨ੍ਹੀਆਂ ਦੋ ਸੱਜਰ ਸੂਈਆਂ ਮੱਝਾਂ ਚੋਰੀ ਹੋ ਚੁੱਕੀਆਂ ਸਨ।ਜਦੋਂ ਉਸ ਨੇ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੇਖੀ ਤਾਂ ਤਿੰਨ/ਚਾਰ ਵਿਅਕਤੀ ਚਿੱਟੇ ਰੰਗ ਦੀ ਬੋਲੈਰੋ ਪਿਕਅਪ ਗੱਡੀ, ਜਿਸ ਉਤੇ ਤਿਰਪਾਲ ਪਾਈ ਸੀ, 'ਚੋਂ ਉਤਰਦੇ ਦਿਖਾਈ ਦਿੱਤੇ, ਜਿਨ੍ਹਾਂ ਵੱਲੋਂ ਇਸ ਚੋਰੀ ਦੀ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੋ ਸਕਦਾ ਹੈ।

ਇੱਕ ਵੱਖਰੇ ਮਾਮਲੇ ਵਿੱਚ ਕ੍ਰਿਸ਼ਨ ਸਿੰਘ ਵਾਸੀ ਪਿੰਡ ਅਲੀਪੁਰ ਸੰਦਲ ਨੇ ਪੁਲਸ ਨੂੰ ਦੱਸਿਆ ਕਿ 22/23 ਜੁਲਾਈ ਦੀ ਹੀ ਦਰਮਿਆਨੀ ਰਾਤ ਨੂੰ ਉਸ ਦੇ ਘਰ ਦੇ ਪਸ਼ੂਆਂ ਵਾਲੇ ਵਰਾਂਡੇ ਵਿੱਚ ਬੰਨ੍ਹੀਆਂ ਦੋ ਸੂਣ ਵਾਲੀਆਂ ਮੱਝਾਂ ਨੂੰ ਕੋਈ ਚੋਰੀ ਕਰਕੇ ਲੈ ਗਿਆ।ਉਪਰੋਕਤ ਦੋਵੇਂ ਸ਼ਿਕਾਇਤਾਂ ਦੇ ਸਬੰਧ ਵਿੱਚ ਨਾਮਾਲੂਮ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਅਮਲੋਹ ਦੀ ਪੁਲਸ ਵੱਲੋਂ ਤਫ਼ਤੀਸ਼ ਕੀਤੀ ਜਾ ਰਹੀ ਹੈ।



ਝਬਾਲ- ਸ੍ਰੀ ਅਕਾਲ ਤਖਤ ਸਾਹਿਬ ਤੋਂ ਆਰੰਭ ਹੋਏ ਖਾਲਸਾ ਮਾਰਚ ਦਾ ਅੱਡਾ ਝਬਾਲ ਪਹੁੰਚਣ 'ਤੇ ਭਰਵਾਂ ਸੁਆਗਤ ਕੀਤਾ ਗਿਆ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਵਿਕਰਮ ਸਿੰਘ ਢਿੱਲੋਂ ਝਬਾਲ, ਜਥੇਦਾਰ ਨਿਸ਼ਾਨ ਸਿੰਘ ਦੋਦੇ, ਲਾਲੀ ਪਲਾਈਵੁਡ ਵਾਲੇ, ਸਿਮਰਨ ਸਿੰਘ ਧੁੰਨਾ, ਕੈਪਟਨ ਸਿੰਘ ਧੁੰਨਾ, ਸੁਰਜੀਤ ਸਿੰਘ ਸੋਹਲ, ਬਲਜਿੰਦਰ ਸਿੰਘ ਸੋਨੂੰ ਝਬਾਲ, ਕਾਮਰੇਡ ਦਵਿੰਦਰ ਕੁਮਾਰ ਸੋਹਲ, ਸਾਬਕਾ ਸਰਪੰਚ ਇੰਦਰਪਾਲ ਸਿੰਘ, ਬਾਬਾ ਲੰਗਾਹ ਝਬਾਲ ਆਦਿ ਤੇ ਹੋਰ ਹਾਜ਼ਰ ਸਨ।(ਫੋਟੋ ਤੇ ਵੇਰਵਾ: ਹਰਜਿੰਦਰ ਸਿੰਘ ਸੋਨੀ)

# ਮੀਰੀ-ਪੀਰੀ ਖਾਲਸਾ ਮਾਰਚ ਅਗਲੇ ਪੜਾਅ ਲਈ ਰਵਾਨਾ



ਝਬਾਲ, (ਹਰਜਿੰਦਰ ਸਿੰਘ ਸੋਨੀ)-ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੀਰੀ ਪੀਰੀ ਦਿਹਾੜੇ ਨੂੰ ਸਮਰਪਿਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਇਆ ਮੀਰੀ ਪੀਰੀ ਖ਼ਾਲਸਾਈ ਮਾਰਚ ਮਾਝੇ ਦੇ ਪ੍ਰਸਿਧ ਇਤਿਹਾਸਕ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਰਾਤਰੀ ਪੜਾਅ ਤੋਂ ਬਾਅਦ ਖ਼ਾਲਸਾਈ ਜੈਕਾਰਿਆਂ ਨਾਲ ਅਗਲੇ ਪੜਾਅ ਲਈ ਰਵਾਨਾ ਹੋਇਆ।ਮਾਰਚ ਆਰੰਭ ਹੋਣ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਨੇ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਕਥਾ ਵੀਚਾਰਾਂ ਕੀਤੀਆਂ ਅਤੇ ਸੰਗਤਾਂ ਨੂੰ ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ ਤੇ ਚੱਲਣ ਲਈ ਪ੍ਰੇਰਿਤ ਕੀਤਾ।ਸ੍ਰੀ ਆਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿੱਖਾਂ ਨੂੰ ਇਸ ਵੇਲੇ ਹੋ ਰਹੇ ਬਾਹਰੀ ਤੇ ਅੰਦਰੂਨੀ ਹਮਲਿਆਂ ਤੋਂ ਸੁਚੇਤ ਹੋਣ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਅਰੰਭ ਹੋਏ ਮੀਰੀ ਪੀਰੀ ਖਾਲਸਾ ਮਾਰਚ ਵਿੱਚ ਨਿਹੰਗ ਜਥੇਬੰਦੀਆਂ ਨੇ ਗੱਤਕੇ ਦੇ ਜੌਹਰ ਦਿਖਾਏ।ਖਾਲਸਾ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਅਤੇ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਦੇ ਬੱਚਿਆਂ ਨੇ ਸ਼ਬਦ ਦੀਆਂ ਧੁਨਾਂ ਦਾ ਗਾਇਨ ਕੀਤਾ ।ਮੀਰੀ ਪੀਰੀ ਦੀਆਂ ਕਿਰਪਾਨਾਂ ਤੇ ਹੋਰ ਸ਼ਸਤਰਾਂ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ ਗਏ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੀ ਹਲਕਾ ਇੰਚਾਰਜ ਕੰਚਨ ਪ੍ਰੀਤ ਕੌਰ, ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਅਭਿਆਸੀ ਸਿੰਘ, ਓ ਐੱਸ ਡੀ ਸਤਬੀਰ ਸਿੰਘ, ਮੀਤ ਸਕੱਤਰ ਗੁਰਨਾਮ ਸਿੰਘ ਕੋਟ, ਸਾਬਕਾ ਸਕੱਤਰ ਪਰਮਜੀਤ ਸਿੰਘ ਮੁੰਡਾਪਿੰਡ, ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ, ਸਾਬਕਾ ਮੈਂਬਰ ਕਸ਼ਮੀਰ ਸਿੰਘ ਗੰਡੀਵਿੰਡ, ਮੈਨੇਜਰ ਧਰਵਿੰਦਰ ਸਿੰਘ, ਮੈਨੇਜਰ ਸਰਬਦਿਆਲ ਸਿੰਘ, ਮੀਤ ਮੈਨੇਜਰ ਗੁਰਜੀਤ ਸਿੰਘ ਠੱਠਾ, ਦਿਲਬਾਗ ਸਿੰਘ, ਪ੍ਰਿੰ. ਜਗਰੂਪ ਕੌਰ, ਪ੍ਰਿੰ. ਸਰਬਜੀਤ ਕੌਰ ਜਫਰਵਾਲ, ਚੇਅਰਮੈਨ ਹਰਵੰਤ ਸਿੰਘ, ਸਤਨਾਮ ਸਿੰਘ ਬਾਠ, ਬੀਬੀ ਮਨਜੀਤ ਕੌਰ ਬਾਠ, ਦਲਜੀਤ ਸਿੰਘ ਐਮਾ, ਜਥੇਦਾਰ ਨਿਸ਼ਾਨ ਸਿੰਘ ਦੋਦੇ, ਜਗਦੀਸ਼ ਸਿੰਘ ਬੁੱਟਰ, ਬਲਦੇਵ ਸਿੰਘ ਮੀਆਂਪੁਰ, ਸਰਪੰਚ ਸੋਨੂੰ ਬਰਾੜ ਦੋਦੇ, ਚੇਅਰਮੈਨ ਗੁਰਬੀਰ ਸਿੰਘ, ਜਥੇਦਾਰ ਸੁਖਰਾਜ ਸਿੰਘ ਕਾਲਾ ਗੰਡੀਵਿੰਡ, ਮਨਜਿੰਦਰ ਸਿੰਘ ਐਮਾ, ਜਗਤਾਰ ਸਿੰਘ ਜੱਗਾ, ਰਾਮ ਸਿੰਘ ਨਾਮਧਾਰੀ, ਬੱਬੂ ਪਲਾਸੌਰ, ਗੁਰਸੇਵਕ ਸਿੰਘ ਸੇਖ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਵੀ ਹਾਜ਼ਰ ਸਨ।


## ਆਮ ਸੂਚਨਾ

ਮੈਂ ਸ੍ਰੀ ਓਮ ਪੁੱਤਰ ਅਰੁਣ ਕੁਮਾਰ, ਰਿਹਾਇਸ਼ੀ ਖੇਤਰ ਨੰਬਰ 83, ਭਾਰਤ ਨਗਰ, ਪਿੰਡ ਚੋਗਿਟੀ, ਜਲੰਧਰ ਸ਼ਹਿਰ-144008, ਮੇਰਾ ਅਸਲ ਵਿਕਰੀ ਡੀਡ ਨੰਬਰ 3340 ਮਿਤੀ 14-07-2004 ਸ਼ਾਮ ਬਿਹਾਰੀ ਪੁੱਤਰ ਬ੍ਰਿਜ ਪਾਲ ਜਾਇਦਾਦ ਦੇ ਹੱਕ ਵਿੱਚ ਗੁਆਚ ਗਿਆ ਹੈ ਜੋ ਕਿ ਚੋਗਿਟੀ ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ 4 ਮਰਲੇ 192 ਵਰਗ ਫੁੱਟ ਹੈ। ਮੈਂ ਸ਼ਿਕਾਇਤ LIR ਨੰਬਰ LAR-2026-JALC-756790 ਮਿਤੀ 23/07/2026 PS ਰਾਮਾ ਮੰਡੀ ਦਰਜ ਕਰਵਾਈ ਹੈ। ਜੇਕਰ ਕਿਸੇ ਵਿਅਕਤੀ ਨੂੰ ਇਹ ਗੁੰਮ ਹੋਈ ਵਿਕਰੀ ਡੀਡ ਮਿਲਦੀ ਹੈ ਜਾਂ ਇਸ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ ਇਸ਼ਤਿਹਾਰ ਦੀ ਮਿਤੀ ਤੋਂ 7 ਦਿਨਾਂ ਦੇ ਅੰਦਰ ਐਡਵੋਕੇਟ ਅਖਿਲ ਚੋਪੜਾ 9463958158 'ਤੇ ਸੰਪਰਕ ਕਰ ਸਕਦਾ ਹੈ।

## PUBLIC NOTICE

Mohit S/o Raman Kumar, Sapna D/o Des Raj, Danish S/o Raman Kumar, all R/o #H.No 371, Backside, Mata Chintpurni Mandir, Adarsh Nagar, Amritsar, Punjab,143401 want to avail a Home Loan from Hinduja Housing Finance Ltd, having its branch at SCO No. 28, 4th Floor, Ranjit Avenue, B-Block, Amritsar. The owner of the property below is Smt. Shivani W/o Ashwani Kumar vide Sale deed dated 12-10-2020, doc no. 2020-21/93/1/5297. Owner of Property one house pvt no.270, total measuring an area 97.22 sqyds, Khasra 461(0-2), 76//2(2-0), 93//16/1(1-13), 16/3(6-7)22(8-0), 23(8-0), 94//23/2(6-18), 100//2(6-16), 77//5/1(7-11), 33(3-15), 99//18/8(1-5), 76//1/3(3-4) and Khasra no. 94//21(8-0), 22(8-0), 93//25(8-0), 6/2(2-8), 13(8-0), 14(7-8), 15(8-0), 18/2 (2-15),18/1(5-5), 17(7-8) as per sale deed and Khasra no. 461(0-2), 76//2(2-0), 93//16/1(1-13), 16/3(6-7), 22(8-0), 23(8-0), 94//23/2(6-18), 100//296-16), 77//5/1(7-11), 33(3-15), 99//18/8(1-5), 76//1/3(3-4) and Khasra no.94//21(8-0), 22(8-0), 93//25(8-0),16/2(2-8), 13(8-0), 14(7-8), 15(8-0), 18/2(2-15), 18/1(5-5), 17(7-8) as per Jamabandi having its measurement Length 35ft-width 25,Which is Bounded as per sale deed East plot no. 271, West plot no. 269, North plot no. 286, South Gali 22½ wide, situated at Kala Ghanupur sub-urban Abadi Navi Abadi Jhandpeer Colony Tehsil & distt Amritsar.

That original sale deed dated 26.11.2013, doc no. 10359 executed by Amrik Kaur w/o Hazara Singh IN FAVOUR OF Manjit Kaur & Amarjit Kaur is lost/missing. If any person/Entity/DSA/Financial Institution/ Bank/Govt. The department may have obtained or have issued any loan/Stay Order/Court Case against the said Sale deed or have any objection of any kind with regard to said Sale deed. He/she can file an objection regarding the use of above said documents as well as property within 10 days from the date of the present Publication to below mentioned person on the address or contact numbers given and after 7 days no claim shall be admitted and it would be assumed that the property is free from encumbrances/Litigation as far as the above documents are concerned.

Truly Yours
MR ASSOCIATES (Advocates)
M. : 8054660650

## ਜਨਤਕ ਨੋਟਿਸ

IDFC FIRST BANK LTD ਦੇ ਨਿਰਦੇਸ਼ਾਂ ਅਧੀਨ, ਮੈਂ ਆਮ ਜਨਤਾ ਨੂੰ ਸੂਚਿਤ ਕਰਦਾ ਹਾਂ ਕਿ ਬੇਵੀ ਪਤਨੀ ਦੀਪਕ ਕੁਮਾਰ ਪ੍ਰਾਪਰਟੀ ਪਲਾਟ ਪ੍ਰਾਈਵੇਟ ਨੰਬਰ 24-25 ਮਿਨ, ਪੂਰਬ ਵੱਲ 17.4 ਫੁੱਟ ਪੱਛਮ 10.6 ਫੁੱਟ, ਉੱਤਰ 44.3 ਫੁੱਟ, ਦੱਖਣ 19.6 ਫੁੱਟ ਅੰਦਰ 4.4 ਫੁੱਟ ਅਤੇ ਅੰਦਰ 8.2 ਫੁੱਟ ਦੀ ਮਾਲਕ ਹੈ। ਕੁੱਲ 65 ਵਰਗ ਗਜ਼ ਖਸਰਾ ਨੰਬਰ 2563-2543 ਮਿਨ ਅਤੇ ਜਮ੍ਹਾਂਬੰਦੀ ਖਸਰਾ ਨੰਬਰ 6734/2563 ਅਤੇ 6728/2563 ਮਿਨ ਦੇ ਅਨੁਸਾਰ, ਪੂਰਬ ਵੱਲ ਸੀਮਾਵਾਂ: ਹਰਜਿੰਦਰ ਸਿੰਘ ਪੁੱਤਰ ਹਰਜੀਤ ਸਿੰਘ, ਪੱਛਮ: ਰਸਤਾ 30 ਫੁੱਟ ਚੌੜਾ, ਉੱਤਰ: ਗਲੀ 15 ਫੁੱਟ ਚੌੜਾ, ਦੱਖਣ: ਆਟਾ ਚੱਕੀ ਅਤੇ ਖੰਡ ਭੁਵਨ ਵੱਲੀ ਦੀ ਦੁਕਾਨ, ਸੁਲਤਾਨਵਿੰਡ ਸਬ ਅਰਬਨ ਤਰਫ਼ ਬਹਿਲਵਾਨ ਆਬਾਦੀ ਤਾਰਾ ਸਿੰਘ ਕਾਲੋਨੀ ਤਰਨਤਾਰਨ ਰੋਡ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਹੈ। ਦਸਤਾਵੇਜ਼ਾਂ ਅਨੁਸਾਰ ਸੁਭਾਸ਼ ਚੰਦਰ, ਹਰਿੰਦਰ ਪਾਲ, ਗੁਰਚਰਨ ਦਾਸ ਦੇ ਪੁੱਤਰ ਰਾਜਪਾਲ, ਊਸ਼ਾ ਰਾਣੀ, ਅਮਿਤਾ ਕੁਮਾਰੀ, ਵਰਸ਼ਾ ਰਾਣੀ ਨੇ ਜੀਪੀਏ ਗੁਰਚਰਨ ਦਾਸ ਪੁੱਤਰ ਰਾਮ ਚੰਦ ਰਾਹੀਂ ਗੁਰਚਰਨ ਦਾਸ ਦੀਆਂ ਧੀਆਂ ਦੀਪਕ ਕੁਮਾਰ ਪੁੱਤਰ ਗੁਰਚਰਨ ਦਾਸ ਨੂੰ 19.09.1995 ਨੂੰ ਦਸਤਾਵੇਜ਼ ਨੰਬਰ 9911 ਦੇ ਤੌਰ 'ਤੇ 65 ਵਰਗ ਗਜ਼ ਜਾਇਦਾਦ ਵੇਚ ਦਿੱਤੀ। ਫਿਰ ਦੀਪਕ ਕੁਮਾਰ ਪੁੱਤਰ ਗੁਰਚਰਨ ਦਾਸ ਦੀ ਮੌਤ ਤੋਂ ਬਾਅਦ ਉਸਦੀ 65 ਵਰਗ ਗਜ਼ ਜਾਇਦਾਦ ਸਾਹਿਲ, ਮਨੀਸ਼ ਪੁੱਤਰ ਦੀਪਕ ਕੁਮਾਰ, ਪਲਕ, ਨੇਹਾ ਪੁੱਤਰੀਆਂ ਦੀਪਕ ਕੁਮਾਰ ਅਤੇ ਬੇਵੀ ਪਤਨੀ ਦੀਪਕ ਕੁਮਾਰ ਨੂੰ ਵਿਰਾਸਤ ਵਿੱਚ ਮਿਲੀ ਅਤੇ ਸਾਲ 2010-11, 2015-16, 2020-21 ਲਈ ਜਮ੍ਹਾਂਬੰਦੀ ਵਿੱਚ 3 ਮਰਲੇ ਦੇ ਮਾਲਕ ਦਿਖਾਇਆ ਗਿਆ ਹੈ। ਫਿਰ ਦੀਪਕ ਕੁਮਾਰ ਦੇ ਪੁੱਤਰਾਂ ਸਾਹਿਲ, ਮਨੀਸ਼, ਪਲਕ, ਨੇਹਾ ਪੁੱਤਰੀਆਂ ਦੀਪਕ ਕੁਮਾਰ ਦੀਆਂ ਧੀਆਂ ਨੇ ਆਪਣਾ 4/5 ਹਿੱਸਾ ਭਾਵ 52 ਵਰਗ ਗਜ਼ ਬੇਵੀ ਪਤਨੀ ਦੀਪਕ ਕੁਮਾਰ ਨੂੰ 25.06.2026 ਨੂੰ ਦਸਤਾਵੇਜ਼ ਨੰਬਰ 2026-27/89/1/4692 ਦੇ ਰੂਪ ਵਿੱਚ ਤਬਦੀਲ ਕਰ ਦਿੱਤਾ, ਜਿਸ ਦਾ ਇੰਤਕਾਲ ਨੰਬਰ 61631 ਮਾਲ ਰਿਕਾਰਡ ਵਿੱਚ ਦਰਜ ਕੀਤਾ ਗਿਆ ਹੈ। ਹੁਣ ਬੇਵੀ ਪਤਨੀ ਦੀਪਕ ਕੁਮਾਰ ਉਪਰੋਕਤ ਜਾਇਦਾਦ ਦੀ ਮਾਲਕ ਹੈ ਯਾਨੀ ਕਿ 4/5 ਹਿੱਸਾ ਟ੍ਰਾਂਸਫਰ ਡੀਡ ਦੁਆਰਾ ਅਤੇ 1/5 ਹਿੱਸਾ ਵਿਰਾਸਤ ਦੁਆਰਾ। ਇਹ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਦੀਪਕ ਕੁਮਾਰ ਪੁੱਤਰ ਗੁਰਚਰਨ ਦਾਸ ਦੀ ਮੌਤ ਤੋਂ ਬਾਅਦ ਉਸਦੀ 65 ਵਰਗ ਗਜ਼ ਜਾਇਦਾਦ ਸਾਹਿਲ, ਮਨੀਸ਼ ਪੁੱਤਰਾਂ ਦੀਪਕ ਕੁਮਾਰ, ਪਲਕ, ਨੇਹਾ ਧੀਆਂ ਦੀਪਕ ਕੁਮਾਰ ਅਤੇ ਬੇਵੀ ਪਤਨੀ ਦੀਪਕ ਕੁਮਾਰ ਨੂੰ ਵਿਰਾਸਤ ਵਿੱਚ ਮਿਲੀ ਸੀ ਅਤੇ ਸਾਹਿਲ, ਮਨੀਸ਼ ਪੁੱਤਰਾਂ ਦੀਪਕ ਕੁਮਾਰ, ਪਲਕ, ਨੇਹਾ ਧੀਆਂ ਦੀਪਕ ਕੁਮਾਰ ਅਤੇ ਬੇਵੀ ਪਤਨੀ ਦੀਪਕ ਕੁਮਾਰ ਤੋਂ ਇਲਾਵਾ ਕੋਈ ਹੋਰ ਕਾਨੂੰਨੀ ਵਾਰਸ ਨਹੀਂ ਹੈ.. ਕੋਈ ਵੀ ਵਿਅਕਤੀ ਜਿਸ ਕੋਲ ਇਸ ਜਾਇਦਾਦ 'ਤੇ ਕਿਸੇ ਵੀ ਤਰੀਕੇ ਨਾਲ ਪਹਿਲਾਂ ਤੋਂ ਕੋਈ ਹੱਕ ਜਾਂ ਹਿੱਤ ਹੈ ਜਾਂ ਦਾਅਵਾ ਕਰ ਰਿਹਾ ਹੈ ਜਾਂ ਉਪਰੋਕਤ ਵਿਕਰੀ ਡੀਡ ਕਿਸੇ ਵੀ ਵਿਅਕਤੀ/ਬੈਂਕ/ਕਾਰਪੋਰੇਸ਼ਨ/ਵਿੱਤੀ ਸੰਸਥਾ ਨੂੰ ਜਮ੍ਹਾਂ ਕਰਵਾ ਕੇ ਕਰਜ਼ਾ ਲਿਆ ਹੈ, ਉਹ ਹੇਠ ਹਸਤਾਖਰ ਕਰਨ ਵਾਲੇ ਕੋਲ ਜਾ ਸਕਦਾ ਹੈ ਅਤੇ ਇਸ ਜਨਤਕ ਨੋਟਿਸ ਦੀ ਮਿਤੀ ਤੋਂ 7 ਦਿਨਾਂ ਦੇ ਅੰਦਰ ਲਿਖਤੀ ਰੂਪ ਵਿੱਚ ਇਤਰਾਜ਼ ਦਰਜ ਕਰ ਸਕਦਾ ਹੈ। ਇਸ ਨੋਟਿਸ ਦੀ ਮਿਆਦ ਖਤਮ ਹੋਣ ਤੋਂ ਬਾਅਦ, ਕੋਈ ਵੀ ਦਾਅਵਾ ਵਿਚਾਰਿਆ ਨਹੀਂ ਜਾਵੇਗਾ ਅਤੇ ਅਜਿਹੇ ਦਾਅਵੇ ਨੂੰ ਝੂਠਾ, ਜਾਅਲੀ, ਬੇਤੁਕਾ, ਧੋਖਾਧੜੀ ਅਤੇ ਬੇਬੁਨਿਆਦ ਦਾਅਵਾ ਮੰਨਿਆ ਜਾਵੇਗਾ ਅਤੇ ਕਾਨੂੰਨ ਦੀ ਨਜ਼ਰ ਵਿੱਚ ਇਸਦਾ ਕੋਈ ਮੁੱਲ ਨਹੀਂ ਹੋਵੇਗਾ। ਇਹ ਵੀ ਮੰਨਿਆ ਜਾਵੇਗਾ ਕਿ ਕਿਸੇ ਨੂੰ ਵੀ ਉਪਰੋਕਤ ਜਾਇਦਾਦ ਨੂੰ IDFC FIRST BANK LTD ਕੋਲ ਗਿਰਵੀ ਰੱਖਣ 'ਤੇ ਕੋਈ ਇਤਰਾਜ਼ ਨਹੀਂ ਹੈ।

ਐਡਵੋਕੇਟ ਵਿਕਾਸ ਵਰਮਾ,
ਮੋਬਾਈਲ 9815156302

## Midland Microfin Limited

CIN: U65921PB1988PLC008430

Registered Office: 1, The Axis, R.B. Badri Dass Colony,Civil Lines, Jalandhar, Punjab-144001

ਵਿਸ਼ਾ : ਕੰਪਨੀ ਦੇ ਦਾਅਵਾ ਨਾ ਕੀਤੇ ਲਾਭਅੰਸ਼ ਅਤੇ ਇਕੁਇਟੀ ਸ਼ੇਅਰਾਂ ਦਾ ਨਿਵੇਸ਼ਕ ਸਿੱਖਿਆ ਅਤੇ ਸੁਰੱਖਿਆ ਫੰਡ (ਆਈ ਈ ਪੀ ਐੱਫ) ਖਾਤੇ ਵਿੱਚ ਤਬਾਦਲਾ

ਕੰਪਨੀਜ਼ ਐਕਟ, 2013 ("ਐਕਟ") ਦੀ ਧਾਰਾ 124 (6) ਦੀਆਂ ਵਿਵਸਥਾਵਾਂ ਅਨੁਸਾਰ ਨਿਵੇਸ਼ਕ ਸਿੱਖਿਆ ਅਤੇ ਸੁਰੱਖਿਆ ਫੰਡ ਅਥਾਰਟੀ (ਲੇਖਾ, ਆਡਿਟ, ਟਰਾਂਸਫਰ ਅਤੇ ਰਿਫੰਡ) ਨਿਯਮ 2016 ("ਨਿਯਮ") ਨਾਲ ਪੜ੍ਹੇ ਜਾਂਦੇ ਉਨ੍ਹਾਂ ਸ਼ੇਅਰਾਂ ਅਨੁਸਾਰ, ਜਿਨ੍ਹਾਂ ਦੇ ਲਾਭਅੰਸ਼ ਲਗਾਤਾਰ ਸੱਤ ਸਾਲਾਂ ਜਾਂ ਇਸ ਤੋਂ ਵੱਧ ਸਮੇਂ ਲਈ ਦਾਅਵਾ ਨਹੀਂ ਕੀਤੇ ਗਏ ਹਨ, ਉਨ੍ਹਾਂ ਨੂੰ ਨਿਵੇਸ਼ਕ ਸਿੱਖਿਆ ਅਤੇ ਸੁਰੱਖਿਆ ਫੰਡ (ਆਈ ਈ ਪੀ ਐੱਫ) ਅਥਾਰਟੀ ਨੂੰ ਟਰਾਂਸਫਰ ਕਰਨ ਦੀ ਲੋੜ ਹੈ।

ਉਕਤ ਵਿਵਸਥਾਵਾਂ ਅਨੁਸਾਰ, ਉਨ੍ਹਾਂ ਸ਼ੇਅਰ ਧਾਰਕਾਂ ਦੇ ਰਜਿਸਟਰਡ ਪਤੇ 'ਤੇ ਵਿਅਕਤੀਗਤ ਸੰਚਾਰ ਭੇਜਿਆ ਗਿਆ, ਜਿਨ੍ਹਾਂ ਦੇ ਲਾਭਅੰਸ਼ ਲਗਾਤਾਰ ਸੱਤ ਸਾਲਾਂ ਤੋਂ ਦਾਅਵਾ ਨਹੀਂ ਕੀਤੇ ਗਏ ਹਨ ਅਤੇ ਜਿਨ੍ਹਾਂ ਦੇ ਸ਼ੇਅਰ ਆਈ ਈ ਪੀ ਐੱਫ ਅਥਾਰਟੀ ਨੂੰ ਟਰਾਂਸਫਰ ਕੀਤੇ ਜਾਣ ਦੇ ਯੋਗ ਹਨ, ਟਰਾਂਸਫਰ ਦੀ ਨਿਰਧਾਰਤ ਮਿਤੀ ਤੋਂ ਪਹਿਲਾਂ ਇਕ ਪੂਰਵ ਸੂਚਨਾ ਇਹ ਨੋਟਿਸ ਐਕਟ ਅਤੇ ਨਿਯਮਾਂ ਤਹਿਤ ਲੋੜ ਅਨੁਸਾਰ ਅਖਬਾਰਾਂ ਵਿੱਚ ਇੱਕ ਸਮੇਂ ਪ੍ਰਕਾਸ਼ਤ ਕੀਤਾ ਗਿਆ ਹੈ। ਇਨ੍ਹਾਂ ਸ਼ੇਅਰ ਧਾਰਕਾਂ ਦੇ ਪੂਰੇ ਵੇਰਵੇ ਕੰਪਨੀ ਦੀ ਵੈੱਬਸਾਈਟ https://midlandmicrofin.com/wp-content/ uploads/ 2026/07/ Details-of-Unpaid Unclaimed-Dividend.pdf 'ਤੇ ਅਪਲੋਡ ਕੀਤੇ ਜਾ ਰਹੇ ਹਨ।

ਜੇਕਰ ਸੰਬੰਧਤ ਸ਼ੇਅਰਧਾਰਕ (ਸ਼ੇਅਰਧਾਰਕਾਂ) ਦੁਆਰਾ 18 ਅਕਤੂਬਰ 2026 ਤੱਕ ਸਾਲਾਨਾ ਲਾਭਅੰਸ਼ 2019-20 ਲਈ ਲਾਭਅੰਸ਼ ਦਾ ਦਾਅਵਾ ਨਹੀਂ ਕੀਤਾ ਜਾਂਦਾ, ਤਾਂ ਕੰਪਨੀ ਦੁਆਰਾ ਸੰਬੰਧਤ ਸ਼ੇਅਰਧਾਰਕ (ਸ਼ੇਅਰਧਾਰਕਾਂ) ਦੁਆਰਾ ਰੱਖੇ ਗਏ ਸ਼ੇਅਰਾਂ ਨੂੰ ਆਈ ਈ ਪੀ ਐੱਫ ਨੂੰ ਬਿਨਾਂ ਕਿਸੇ ਹੋਰ ਸੂਚਨਾ ਦੇ ਹੇਠਾਂ ਲਿਖੇ ਤਰੀਕੇ ਨਾਲ ਤਬਦੀਲ ਕਰਨ ਲਈ ਜ਼ਰੂਰੀ ਕਦਮ ਚੁੱਕੇ ਜਾਣਗੇ :

ਜੇਕਰ ਸ਼ੇਅਰ ਰੱਖੇ ਹੋਏ ਹਨ : 1 ਭੌਤਿਕ ਰੂਪ 'ਚ ਨਵਾਂ ਸ਼ੇਅਰ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ ਅਤੇ ਜ਼ਰੂਰੀ ਰਸਮਾਂ ਪੂਰੀਆਂ ਕਰਨ 'ਤੇ ਆਈ ਈ ਪੀ ਐੱਫ ਦੇ ਹੱਕ 'ਚ ਟਰਾਂਸਫਰ ਕੀਤਾ ਜਾਂਦਾ ਹੈ। ਅਸਲ ਸ਼ੇਅਰ ਸਰਟੀਫਿਕੇਟ, ਜੋ ਸ਼ੇਅਰਧਾਰਕ ਦੇ ਨਾਂਅ 'ਤੇ ਰਜਿਸਟਰਡ ਹਨ, ਨੂੰ ਰੱਦ ਮੰਨਿਆ ਜਾਵੇਗਾ ਅਤੇ ਰੱਦ ਕਰਨ 'ਤੇ ਕੋਈ ਸਮਝੌਤਾ ਨਹੀਂ ਹੋਵੇਗਾ।

2. ਡੀਮੈਟ ਰੂਪ 'ਚ : ਕੰਪਨੀ ਡਿਪਾਜ਼ਟਰੀ ਨੂੰ ਕਾਰਪੋਰੇਟ ਕਾਰਵਾਈ ਰਾਹੀਂ ਸ਼ੇਅਰਧਾਰਕ ਦੇ ਡੀਮੈਟ ਖਾਤੇ ਵਿੱਚ ਪਏ ਸ਼ੇਅਰਾਂ ਨੂੰ ਆਈ ਈ ਪੀ ਐੱਫ ਦੇ ਹੱਕ 'ਚ ਟਰਾਂਸਫਰ ਕਰਨ ਲਈ ਸੂਚਿਤ ਕਰੇਗੀ।

ਜੇਕਰ ਸ਼ੇਅਰ ਅਤੇ ਦਾਅਵਾ ਨਾ ਕੀਤੇ ਗਏ ਲਾਭਅੰਸ਼ ਨੂੰ ਆਈ ਈ ਪੀ ਐੱਫ ਵਿੱਚ ਤਬਦੀਲ ਕੀਤਾ ਜਾਂਦਾ ਹੈ, ਤਾਂ ਇਸ ਦਾ ਦਾਅਵਾ ਕਰਨ ਦੀ ਪ੍ਰਕਿਰਿਆ https://midlandmicrofin.com/investors-information/ 'ਤੇ ਉਪਲੱਬਧ ਹੈ।

ਸ਼ੇਅਰਧਾਰਕ ਇਹ ਵੀ ਧਿਆਨ ਦੇਣ ਕਿ ਕੰਪਨੀ ਦੁਆਰਾ ਆਪਣੀ ਵੈੱਬਸਾਈਟ 'ਤੇ ਅਪਲੋਡ ਕੀਤੇ ਗਏ ਸੰਬੰਧਤ ਸ਼ੇਅਰਧਾਰਕ ਦੇ ਦਾਅਵਾ ਨਾ ਕੀਤੇ ਲਾਭਅੰਸ਼ਾਂ ਅਤੇ ਸ਼ੇਅਰਾਂ ਦੇ ਵੇਰਵਿਆਂ ਨੂੰ ਨਿਯਮਾਂ ਅਨੁਸਾਰ ਆਈ ਈ ਪੀ ਐੱਫ ਨੂੰ ਸ਼ੇਅਰਾਂ ਦੇ ਟਰਾਂਸਫਰ ਕਰਨ ਦੇ ਉਦੇਸ਼ ਲਈ ਕੰਪਨੀ ਦੁਆਰਾ ਨਵੇਂ ਸ਼ੇਅਰ ਸਰਟੀਫਿਕੇਟ (ਸਰਟੀਫਿਕੇਟਾਂ) ਨੂੰ ਜਾਰੀ ਕਰਨ ਦੇ ਸੰਬੰਧ ਵਿੱਚ ਢੁਕਵਾਂ ਨੋਟਿਸ ਮੰਨਿਆ ਜਾਵੇਗਾ। ਕਿਰਪਾ ਕਰਕੇ ਨੋਟ ਕੀਤਾ ਜਾਵੇ ਕਿ ਆਈ ਈ ਪੀ ਐੱਫ ਨੂੰ ਟਰਾਂਸਫਰ ਕੀਤੇ ਗਏ ਦਾਅਵਾ ਨਾ ਕੀਤੇ ਲਾਭਅੰਸ਼ ਅਤੇ ਇਕੁਇਟੀ ਸ਼ੇਅਰਾਂ ਦੇ ਸੰਬੰਧ 'ਚ ਕੰਪਨੀ ਵਿਰੁੱਧ ਕੋਈ ਦਾਅਵਾ ਨਹੀਂ ਕੀਤਾ ਜਾਵੇਗਾ।

ਜੇਕਰ ਸ਼ੇਅਰਧਾਰਕਾਂ ਨੂੰ ਵਿਸ਼ੇਵਾਰ ਕੋਈ ਸੁਆਲ ਹਨ ਤਾਂ ਉਹ cs@midlandmicrofin.com. 'ਤੇ ਸੰਪਰਕ ਕਰ ਸਕਦੇ ਹਨ।

ਵਾਸਤੇ ਮਿਡਲੈਂਡ ਮਾਈਕਰੋਫਿਨ ਲਿਮਟਿਡ
ਸਹੀ/-
ਸ੍ਰੀ ਕਪਿਲ ਕੁਮਾਰ ਰੁਹੇਲਾ
ਕੰਪਨੀ ਸਕੱਤਰ ਅਤੇ ਮੁੱਖ ਪਾਲਣਾ ਅਧਿਕਾਰੀ
ਮੈਂਬਰਸ਼ਿਪ ਨੰ. - ਏ63313

ਸਥਾਨ : ਜਲੰਧਰ
ਮਿਤੀ : 25 ਜੁਲਾਈ 2026

## ਰੇਲਯਾਤਰੀ ਕਿਰਪਾ ਧਿਆਨ ਦੇਣ!

### ਮਹੱਤਵਪੂਰਨ ਜਾਣਕਾਰੀ

### ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ- ਨਵੀਂ ਦਿੱਲੀ-ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਦੇ ਵਿਚਕਾਰ ਵਿਸ਼ੇਸ਼ ਰੇਲਗੱਡੀ ਦਾ ਸੰਚਾਲਨ

ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਦੇ ਲਈ ਰੇਲਵੇ ਦੁਆਰਾ ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਨਵੀਂ ਦਿੱਲੀ-ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਦੇ ਵਿਚਕਾਰ ਇਕ ਵਿਸ਼ੇਸ਼ ਰੇਲਗੱਡੀ ਸੰਚਾਲਿਤ ਕਰਨ ਦਾ ਫੈਸਲਾ ਲਿਆ ਗਿਆ ਹੈ, ਜਿਸ ਦਾ ਵਿਸਤ੍ਰਿਤ ਵੇਰਵਾ ਹੇਠਾਂ ਅਨੁਸਾਰ ਹੈ।

04678/04677 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਨਵੀਂ ਦਿੱਲੀ- ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਵਿਸ਼ੇਸ਼

| ਰੇਲਗੱਡੀ ਨੰ. 04678 | | ↓ ਸਟੇਸ਼ਨ ↑ | ਰੇਲਗੱਡੀ ਨੰ.04677 | |
|---|---|---|---|---|
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| ---- | 09:40 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 12:00 | --- |
| 10:05 | 10:07 | ਸ਼ਹੀਦ ਕਪਤਾਨ ਤੁਸ਼ਾਰ ਮਹਾਜਨ | 11:10 | 11:12 |
| 11:25 | 11:27 | ਜੰਮੂ ਤਵੀ | 09:15 | 09:25 |
| 12:40 | 12:42 | ਸ਼ਹੀਦ ਕੈਪਟਨ ਸੁਨੀਲ ਕੁਮਾਰ ਚੌਧਰੀ ਕਠੂਆ | 07:48 | 07:50 |
| 13:20 | 13:25 | ਪਠਾਨਕੋਟ ਛਾਉਣੀ | 07:15 | 07:20 |
| 15:25 | 15:30 | ਜਲੰਧਰ ਛਾਉਣੀ | 05:22 | 05:27 |
| 16:20 | 16:30 | ਲੁਧਿਆਣਾ ਜੰ. | 04:15 | 04:20 |
| 18:25 | 18:35 | ਅੰਬਾਲਾ ਛਾਉਣੀ | 02:30 | 02:40 |
| 19:40 | 19:42 | ਪਾਨੀਪਤ ਜੰ. | 00:58 | 01:00 |
| 21:40 | ---- | ਨਵੀਂ ਦਿੱਲੀ | --- | 23:45 |

ਚਲਣ ਦੇ ਦਿਨ : 04678 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਤੋਂ ਅਤੇ 04677 ਨਵੀਂ ਦਿੱਲੀ ਤੋਂ ਮਿਤੀ 25.07.2026 ਨੂੰ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ.,

ਉਪਰੋਕਤ ਰੇਲਗੱਡੀਆਂ ਦੇ ਰਸਤੇ ਵਿਚ ਆਉਣ ਵਾਲੇ ਠਹਿਰਾਵਾਂ ਅਤੇ ਟਾਈਮ-ਟੇਬਲ ਦੇ ਲਈ ਕਿਰਪਾ ਰੇਲਮਦਦ ਹੈਲਪਲਾਈਨ ਨੰ.139 ਡਾਇਲ ਕਰੋ ਜਾਂ ਰੇਲਗੱਡੀ ਪੁਛਗਿਛ ਵੈਬਸਾਈਟ www.enqury.indianrail.gov.in ਵੇਖੋ।

ਰੇਲਮਦਦ ਹੈਲਪਲਾਈਨ ਨੰ. 139
ਰੇਲਮਦਦ ਵੈਬਸਾਈਟ ਵੇਖੋ:- www.railmadad.indianrailways.gov.in
ਰੇਲਮਦਦ ਐਪ ਡਾਊਨਲੋਡ ਕਰੋ
'ਤੇ ਸਾਨੂੰ ਫਾਲੋ ਕਰੋ
ਉੱਤਰ ਰੇਲਵੇ
ਸਦਾ ਤੁਹਾਡੀ ਸੇਵਾ ਵਿਚ
ਸਾਨੂੰ www.nr.indianrailways.gov.in 'ਤੇ ਮਿਲੋ
2571/2026
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ





## ਆਮ ਸੂਚਨਾ

ਮੈਂ, ਅਜੀਤ ਸਿੰਘ ਪੁੱਤਰ ਕੇਸਰ ਸਿੰਘ ਵਾਸੀ ਪਿੰਡ ਕਾਹਨਾ, ਡਾਕਖਾਨਾ ਨਸੀਰਪੁਰ, ਤਹਿਸੀਲ ਤੇ ਜ਼ਿਲ੍ਹਾ ਕਪੂਰਥਲਾ ਦਾ ਰਹਿਣ ਵਾਲਾ ਹਾਂ। ਮੈਨੂੰ ਦੋ ਨਾਵਾਂ ਅਜੀਤ ਸਿੰਘ ਅਤੇ ਜੀਤ ਸਿੰਘ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਮੇਰੇ ਅਧਾਰ ਕਾਰਡ ਉਪਰ ਮੇਰਾ ਨਾਂਅ ਅਜੀਤ ਸਿੰਘ ਤੇ ਫਰਦ ਵਿੱਚ ਜੀਤ ਸਿੰਘ ਚਲਦਾ ਹੈ। ਅਜੀਤ ਸਿੰਘ ਅਤੇ ਜੀਤ ਸਿੰਘ ਦੋਵੇਂ ਇੱਕ ਹੀ ਵਿਅਕਤੀ ਦੇ ਨਾਂਅ ਹਨ। ਇਹ ਬਿਲਕੁੱਲ ਸਹੀ ਤੇ ਦਰੁਸਤ ਹਨ। ਸੰਬੰਧਤ ਨੋਟ ਕਰਨ।

ਮੈਂ ਸੁਖਵਿੰਦਰ ਕੌਰ ਪਤਨੀ ਗੁਰਚਰਨ ਸਿੰਘ ਵਾਸੀ ਪਿੰਡ ਭਿਖੀਵਿੰਡ ਤਹਿਸੀਲ ਭਿਖੀਵਿੰਡ ਜਿਲ੍ਹਾ ਤਰਨ ਤਾਰਨ ਦੀ ਰਹਿਣ ਵਾਲੀ ਹਾਂ। ਬਿਆਨ ਕਰਦੀ ਹਾਂ ਕਿ ਮੇਰੇ ਪੇਕੇ ਪਿੰਡ ਧਨੋਏ ਕਲਾਂ, ਸਬ ਤਹਿਸੀਲ ਅਟਾਰੀ ਜਿਲ੍ਹਾ ਅੰਮ੍ਰਿਤਸਰ ਵਿਖੇ ਮੇਰਾ ਨਾਮ ਜਗੀਰ ਕੌਰ ਚਲਦਾ ਸੀ ਪਰ ਮੇਰੇ ਸਹੁਰੇ ਪਰਿਵਾਰ ਵੱਲੋਂ ਨਾਮ ਦੀ ਬਦਲੀ ਕਰਕੇ ਸੁਖਵਿੰਦਰ ਕੌਰ ਰੱਖ ਦਿੱਤਾ ਗਿਆ ਸੀ।

## ਬੇਦਖਲੀ ਨੋਟਿਸ

ਮੈਂ, ਬਲਦੇਵ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਮਸੀਤਾਂ ਰੋਡ, ਕੋਟ ਈਸੇ ਖਾਂ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਬਿੰਦਰ ਸਿੰਘ ਪੁਵਾਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਦਰਸ਼ਨ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਹਾਊਸ ਨੰ. 806, ਵਾਰਡ ਨੰ. 34, ਬਚੋਨਾ ਚੌਕ, ਮੋਗਾ, ਜ਼ਿਲ੍ਹਾ ਮੋਗਾ, ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਸੇਵਕ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਨਰੰਜਨ ਸਿੰਘ ਪੁੱਤਰ ਭਗਵਾਨ ਸਿੰਘ ਵਾਸੀ ਬਾਜਵਾ ਕਲਾਂ, ਤਹਿਸੀਲ ਸ਼ਾਹਕੋਟ ਜ਼ਿਲ੍ਹਾ ਜਲੰਧਰ ਘੋਸ਼ਣਾ ਕਰਦਾ ਹਾਂ ਕਿ ਮੇਰਾ ਲੜਕਾ ਪਰਮਜੀਤ ਸਿੰਘ ਆਪਣੀ ਮਨ-ਮਰਜ਼ੀ ਕਰਦਾ ਹੈ ਅਤੇ ਮੇਰੇ ਕਹਿਣ ਤੋਂ ਬਾਹਰ ਹੈ। ਮੈ ਇਸਨੂੰ ਆਪਣੀ ਅਚੱਲ-ਚੱਲ ਜਾਇਦਾਦ ਵਿੱਚੋਂ ਬੇ-ਦਖ਼ਲ ਕਰਦਾ ਹਾਂ। ਇਸ ਨਾਲ ਕਿਸੇ ਤਰ੍ਹਾਂ ਦਾ ਕੋਈ ਲੈਣ ਦੇਣ ਕਰੇਗਾ, ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ, ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਉਮ ਪ੍ਰਕਾਸ਼ ਪੁੱਤਰ ਘਨਸ਼ਾਮ ਸੀ ਮਕਾਨ ਨੰ. 393, ਪੀਰ ਬਾਬਾ ਮੱਠ ਸ਼ਾਹ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਅਰਜੁਨ ਤੇ ਉਸ ਦੀ ਪਤਨੀ ਨੇਹਾ ਰੇਕਵਾਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੀ ਕੋਈ ਵੀ ਗੱਲ ਨਹੀਂ ਮੰਨਦੇ ਅਤੇ ਮਨਮਰਜ਼ੀ ਕਰਦੇ ਹਨ। ਇਸ ਲਈ ਮੈਂ ਆਪਣੇ ਉਕਤ ਪੁੱਤਰ ਅਰਜੁਨ ਤੇ ਉਸਦੀ ਪਤਨੀ ਨੇਹਾ ਰੇਕਵਾਰ ਨੂੰ ਆਪਣੀ ਸਾਰੀ ਚੱਲ ਤੇ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਮੇਰਾ ਤੇ ਮੇਰੇ ਪਰਿਵਾਰ ਦੇ ਕਿਸੇ ਮੈਂਬਰ ਨਾਲ ਕੋਈ ਵੀ ਲੈਣਾ ਦੇਣਾ ਨਹੀਂ ਹੈ, ਜੋ ਵੀ ਇਨ੍ਹਾਂ ਨਾਲ ਲੈਣ ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ।

ਅਸੀ ਛੁੰਮਨ ਸਿੰਘ ਅਤੇ ਗੁਰਜੀਤ ਕੌਰ ਵਾਸੀਆਨ ਪਿੰਡ ਬਾਸਰਕੇ ਭੈਣੀ, ਅੰਮ੍ਰਿਤਸਰ ਹਾਲ ਵਾਸੀ ਸੰਨ ਸਾਹਿਬ ਰੋਡ, ਬਗੀਚੀ ਭੱਠਾ ਆਪਣੇ ਲੜਕੇ ਰੋਸ਼ਨਬੀਰ ਸਿੰਘ, ਸ਼ਾਦੀ ਸ਼ੁਦਾ ਜੋ ਸਾਡੇ ਕਹਿਣੇ ਵਿੱਚ ਨਹੀ ਹੈ, ਸਾਡੀ ਕੋਈ ਗੱਲ ਨਹੀਂ ਮੰਨਦਾ, ਆਪਣੀ ਮਰਜੀ ਕਰਦਾ ਹੈ, ਨੂੰ ਆਪਣੀ ਚੱਲ-ਅਚੱਲ, ਝੁਕਵੀ-ਅਣਝੁਕਵੀ ਜਾਇਦਾਦ ਤੋਂ ਪਰਿਵਾਰ ਸਮੇਤ ਬੇਦਖਲ ਕਰਦੇ ਹਾਂ। ਉਸ ਦੇ ਕਿਸੇ ਵੀ ਮਾੜੇ ਚੰਗੇ ਕੰਮ, ਨਫ਼ੇ ਨੁਕਸਾਨ, ਲੈਣ ਦੇਣ, ਲੜਾਈ-ਝਗੜੇ ਦੇ ਲਈ ਅਸੀਂ ਅਤੇ ਸਾਡਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵੇਗਾ। ਸਾਡਾ ਰੋਸ਼ਨਬੀਰ ਸਿੰਘ ਦੇ ਨਾਲ ਕੋਈ ਸੰਬੰਧ ਨਹੀ ਹੈ।

ਅਸੀਂ, ਪੱਪੂ ਪੁੱਤਰ ਬਨਤੂ ਅਤੇ ਆਸ਼ਾ ਰਾਣੀ ਪਤਨੀ ਪੱਪੂ ਵਾਸੀ 4451/20, ਉੱਤਮ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਲਖਵਿੰਦਰ ਕੁਮਾਰ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਮੰਗਲ ਸਿੰਘ ਪੁੱਤਰ ਸ੍ਰੀ ਬੰਦਾ ਸਿੰਘ ਸਿੰਘ ਵਾਸੀ ਪਿੰਡ ਖੈਰਾਬਾਦ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਵਿਕਰਮ ਸਿੰਘ ਉਰਫ ਵਿੱਕੀ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। ਸੰਬੰਧਤ ਨੋਟ ਕਰਨ।

## ਆਖਰੀ ਨੋਟਿਸ

ਹਾਈਟੈਕ ਐਜੂਕੇਸ਼ਨ ਐਂਡ ਚੈਰੀਟੇਬਲ ਸੋਸਾਇਟੀ (ਰਜਿ.) ਜੈ ਸਿੰਘ ਵਾਲਾ ਬਠਿੰਡਾ ਦੀ ਅਤੀ ਜ਼ਰੂਰੀ ਤੀਸਰੀ ਮੀਟਿੰਗ ਮਿਤੀ: 29-08-2026, ਸਥਾਨ: ਕਾਲਜ ਕੈਂਪਸ * ਏਜੰਡਾ (ੳ) ਸੁਖਮੰਦਰ ਸਿੰਘ ਮੈਬਰ ਦੀ ਗੈਰਹਾਜ਼ਰ ਬਾਰੇ (ਅ) ਕਾਲਜ ਨੂੰ ਕਾਰਜਸ਼ੀਲ ਕਰਨ ਬਾਰੇ ਸਾਰੇ ਮੈਂਬਰਾਂ ਦੀ ਹਾਜ਼ਰੀ ਲਾਜ਼ਮੀ।

ਪ੍ਰਧਾਨ ਸਕੱਤਰ

## ਆਮ ਸੂਚਨਾ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਸਲ ਵਿਕਰੀ ਰਜਿਸਟਰੀ ਨੰਬਰ 4047 ਮਿਤੀ 22.12.1994, 1707 ਮਿਤੀ 20.06.1994, 2586 ਮਿਤੀ 14.10.2004, 2697 ਮਿਤੀ 02.03.2015 ਅਤੇ 647 ਮਿਤੀ 08.05.1989, ਜੋ ਕਿ ਸਬ ਰਜਿਸਟਰਾਰ, ਧੂਰੀ ਦੇ ਦਫ਼ਤਰ ਵਿੱਚ ਰਜਿਸਟਰ ਹੈ, ਮਿਤੀ 27.04.2026 ਨੂੰ ਗੁੰਮ ਹੋ ਗਈ ਹੈ। ਸ੍ਰੀ ਜਰਨੈਲ ਸਿੰਘ ਪੁੱਤਰ ਗੁਰਬਖ਼ਸ਼ ਸਿੰਘ ਵਾਸੀ ਮਾਧੋਪੁਰੀ, ਧੂਰੀ (ਸੰਗਰੂਰ) ਉਕਤ ਜਾਇਦਾਦ, ਜੋ ਕਿ ਧੂਰੀ, ਸੰਗਰੂਰ, ਪੰਜਾਬ ਵਿਖੇ ਸਥਿਤ ਹੈ, ਦੇ ਮੌਜੂਦਾ ਮਾਲਕ ਹਨ। ਇਸ ਸੰਬੰਧ ਵਿੱਚ ਕਮਿਊਨਿਟੀ ਪੁਲਿਸਿੰਗ ਵਿੰਗ, ਪੰਜਾਬ ਕੋਲ ਗੁੰਮਸ਼ੁਦਗੀ ਸੂਚਨਾ ਰਿਪੋਰਟ ਨੰਬਰ 715151/2026 ਮਿਤੀ 05.05.2026 ਦਰਜ ਕਰਵਾਈ ਜਾ ਚੁੱਕੀ ਹੈ। ਸ੍ਰੀ ਜਰਨੈਲ ਸਿੰਘ, ਉਕਤ ਜਾਇਦਾਦ ਦੇ ਮਾਲਕ ਹੋਣ ਦੇ ਨਾਤੇ, ਕਰਜ਼ਾ ਕੇਸ ਵਿੱਚ ਪੰਜਾਬ ਗ੍ਰਾਮੀਣ ਬੈਂਕ, ਧੂਰੀ (ਸੰਗਰੂਰ) ਦੇ ਹੱਕ ਵਿੱਚ ਉਕਤ ਜਾਇਦਾਦ 'ਤੇ ਇਕੁਇਟੇਬਲ ਮੋਰਟਗੇਜ ਕਰ ਰਹੇ ਹਨ। ਇਸ ਲਈ ਜੇਕਰ ਕਿਸੇ ਵੀ ਵਿਅਕਤੀ ਨੂੰ ਉਕਤ ਜਾਇਦਾਦ ਸੰਬੰਧੀ ਕੋਈ ਇਤਰਾਜ਼, ਦਾਅਵਾ ਜਾਂ ਹਿੱਤ ਹੋਵੇ ਤਾਂ ਉਹ ਇਸ ਇਸ਼ਤਿਹਾਰ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਆਪਣੇ ਸਹਾਇਕ ਦਸਤਾਵੇਜ਼ਾਂ ਸਮੇਤ ਲਿਖਤੀ ਰੂਪ ਵਿੱਚ ਹੇਠ ਨਿਮਨ ਹਸਤਾਖਰ ਕਰਤਾ ਨਾਲ ਸੰਪਰਕ ਕਰੇ। ਨਿਰਧਾਰਿਤ ਸਮੇਂ ਅੰਦਰ ਕੋਈ ਦਾਅਵਾ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਇਹ ਮੰਨਿਆ ਜਾਵੇਗਾ ਕਿ ਉਕਤ ਜਾਇਦਾਦ ਸੰਬੰਧੀ ਕਿਸੇ ਵੀ ਵਿਅਕਤੀ ਦਾ ਕਿਸੇ ਵੀ ਕਿਸਮ ਦਾ ਕੋਈ ਦਾਅਵਾ ਨਹੀਂ ਹੈ ਅਤੇ ਬਾਅਦ ਵਿੱਚ ਕੀਤਾ ਗਿਆ ਕੋਈ ਵੀ ਦਾਅਵਾ ਸਾਡੇ ਮੁਅੱਕਲ 'ਤੇ ਮੰਨਣਯੋਗ ਨਹੀਂ ਹੋਵੇਗਾ। ਨੀਰਜ ਕਾਲੜਾ, ਐਡਵੋਕੇਟ ਚੈਂਬਰ ਨੰਬਰ 345, ਦੂਜੀ ਮੰਜ਼ਿਲ, ਜ਼ਿਲ੍ਹਾ ਅਦਾਲਤਾਂ, ਸੰਗਰੂਰ ਮੋਬਾਈਲ: 98557-30834

## ਬੇਦਖਲੀ ਨੋਟਿਸ

ਮੈਂ, ਹਰਜੀਤ ਸਿੰਘ ਪੁੱਤਰ ਚੈਂਚਲ ਸਿੰਘ ਵਾਸੀ ਮਕਾਨ ਨੰ. 128, ਨਿਊ ਪਾਲ ਐਵੇਨਿਊ, ਰਾਮ ਤੀਰਥ ਰੋਡ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਸਰਬਜੀਤ ਕੌਰ, ਮੇਰਾ ਲੜਕੇ ਗੁਰਪ੍ਰੀਤ ਸਿੰਘ, ਨਿਸ਼ਾਨ ਸਿੰਘ, ਮੇਰੀ ਪੁੱਤਰੀ ਜਸਪ੍ਰੀਤ ਕੌਰ, ਮੇਰੀ ਨੂੰਹ ਜਸਮੀਨ ਕੌਰ ਪਤਨੀ ਗੁਰਪ੍ਰੀਤ ਸਿੰਘ, ਮੇਰੀ ਨੂੰਹ ਸਨੇਹਾ ਪਤਨੀ ਨਿਸ਼ਾਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਜਗੀਰ ਸਿੰਘ ਪੁੱਤਰ ਪੂਰਨ ਸਿੰਘ ਅਤੇ ਜਗੀਰ ਕੌਰ ਪਤਨੀ ਜਗੀਰ ਸਿੰਘ ਵਾਸੀਆਨ ਪਿੰਡ ਢਾਲਾ ਸਰਾਏ ਅਮਾਨਤ ਖਾਂ, ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦੇ ਹਾਂ ਕਿ ਸਾਡੇ ਲੜਕੇ ਬਲਵੰਤ ਸਿੰਘ ਅਤੇ ਕੁਲਵੰਤ ਸਿੰਘ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੰਤੋਸ਼ ਸੈਣੀ ਪਤਨੀ ਲੇਟ ਧਰਮਵੀਰ ਸੈਣੀ ਵਾਸੀ ਮੁਹੱਲਾ ਗੋਪਾਲ ਨਗਰ, ਗੁਰਦਾਸਪੁਰ। ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰੀਆਂ ਤਿੰਨ ਪੁੱਤਰੀਆਂ ਸੀਮਾ ਸੈਣੀ, ਰਜੀਆ ਸੈਣੀ ਅਤੇ ਪ੍ਰੀਤੀ ਸੈਣੀ ਇਹ ਤਿੰਨੋਂ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## Change of Name

I, Ashok Kumar Arora s/o Jagdish Kumar r/o N.F.162,Modian Mohalla, Jalandhar declare that I have two my names Ashok Kumar Arora and Ashok Arora note Ashok Kumar Arora and Ashok Arora is the one and same person please note all concerned

I, Neha Preet Kaur W/O Vikramjit Singh R/O 215,Patti Jaildaran Di,Verka,Amritsar,Punjab have changed my name from Neha Preet Kaur to Neha Preet as my Given name and Kaur as my Surname. Concerned note.

I, Varun Puri S/o Manoj Kumar R/o House No.75, Near Lal Mandir, Kali Sadak, New Anandpuri Colony, Ludhiana-141008, Punjab declare that in some document my name running as Varun Puri and some documents my name running as Varun. Both the names are of one and the same person. All concerned please note.

I, Roshan Lal S/o Harbans Singh R/o H.No.D-5/2540, Main Road, Guru Nanank Pura, Amritsar have declare that Roshan is my Given name and Lal is my Surname

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।



ਪੰਜ ਯਾਰ ਲੇਹ ਪਾਰ
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਰਿਸ਼ਤੇ ਜਿੱਤਣ ਖਾਤਰ ਹਰਨੀ ਪੈਣੀ ਸੀ,
ਜੰਗ ਅਸਾਨੂੰ ਏਦਾਂ ਲੜਨੀ ਪੈਣੀ ਸੀ।
ਚੁੱਪ-ਚੁਪੀਤੇ ਹੌਕਾ ਭਰਨਾ ਪੈਣਾ ਸੀ,
ਇੱਕ ਮੁਸੀਬਤ ਏਦਾਂ ਜਰਨੀ ਪੈਣੀ ਸੀ।

- ਸਿਮਰ ਕੌਰ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 26 ਜੁਲਾਈ 2026 www.nawanzamana.in ਕੀਮਤ 5.00 ਰੁਪਏ


## ਹਕੂਮਤੀ ਯੁੱਧ; ਨਾਗਰਿਕਤਾ ਵਿਰੁੱਧ

ਵਿਦੇਸ਼ ਮੰਤਰਾਲੇ ਵੱਲੋਂ ਦਿੱਤੇ ਗਏ ਸਪੱਸ਼ਟੀਕਰਨ ਕਿ ਪਾਸਪੋਰਟ ਦਾ ਹੋਣਾ ਕਿਸੇ ਭਾਰਤੀ ਦੀ ਨਾਗਰਿਕਤਾ ਦਾ ਸਬੂਤ ਨਹੀਂ, ਯਾਤਰਾ ਦਸਤਾਵੇਜ਼ ਹੈ, ਨੇ ਨਾਗਰਿਕਤਾ ਬਾਰੇ ਬਹਿਸ ਨੂੰ ਜਨਮ ਦਿੱਤਾ ਹੈ। ਮੰਨਿਆ ਜਾਂਦਾ ਸੀ ਕਿ ਡੂੰਘੀ ਜਾਂਚ ਪ੍ਰਕਿਰਿਆ ਬਾਅਦ ਹਾਸਲ ਹੋਇਆ ਪਾਸਪੋਰਟ ਭਾਰਤੀ ਨਾਗਰਿਕ ਹੋਣ ਦਾ ਸਭ ਤੋਂ ਵੱਡਾ ਸਬੂਤ ਹੈ। ਪਾਸਪੋਰਟ ਐਕਟ 1967 ਦੇ ਆਰੰਭਕ ਸ਼ਬਦ ਹਨ, 'ਇੱਕ ਕਾਨੂੰਨ ਜੋ ਭਾਰਤੀ ਨਾਗਰਿਕਾਂ ਅਤੇ ਦੂਸਰੇ ਲੋਕਾਂ ਨੂੰ ਭਾਰਤ ਤੋਂ ਬਾਹਰ ਜਾਣ ਲਈ ਪਾਸਪੋਰਟ ਅਤੇ ਹੋਰ ਦਸਤਾਵੇਜ਼ ਮੁਹੱਈਆ ਕਰਵਾਉਣ ਲਈ ਹੈ।' ਮਤਲਬ ਪਾਸਪੋਰਟ ਅਤੇ ਦਸਤਾਵੇਜ਼ ਦੋ ਅਲੱਗ-ਅਲੱਗ ਚੀਜ਼ਾਂ ਹਨ। ਪਾਸਪੋਰਟ ਐਕਟ ਦੀ ਧਾਰਾ 6 (2) (a) ਅਨੁਸਾਰ ਭਾਰਤ ਸਰਕਾਰ ਪਾਸਪੋਰਟ ਲਈ ਆਈ ਕਿਸੇ ਅਰਜ਼ੀ ਨੂੰ ਇਸ ਆਧਾਰ 'ਤੇ ਰੱਦ ਕਰ ਸਕਦੀ ਹੈ ਕਿ ਅਰਜ਼ੀਕਾਰ ਭਾਰਤ ਦਾ ਨਾਗਰਿਕ ਨਹੀਂ ਹੈ। ਧਾਰਾ 12(1)1 ਨਾਗਰਿਕਤਾ ਛੁਪਾ ਕੇ ਹਾਸਲ ਕੀਤੇ ਪਾਸਪੋਰਟ ਦੇ ਜੁਰਮ ਨਾਲ ਸੰਬੰਧਤ ਹੈ। ਧਾਰਾ 20 ਗੈਰ-ਭਾਰਤੀਆਂ ਨੂੰ ਪਾਸਪੋਰਟ ਜਾਂ ਯਾਤਰਾ ਦਸਤਾਵੇਜ਼ ਜਾਰੀ ਕਰਨ ਸੰਬੰਧੀ ਹੈ। ਗੈਰ-ਭਾਰਤੀ ਨਾਗਰਿਕਾਂ ਨੂੰ ਧਾਰਾ ਵੀਹ ਅਨੁਸਾਰ ਆਪਣੀ ਨਾਗਰਿਕਤਾ ਦਾ ਵੇਰਵਾ ਦੇਣਾ ਪੈਣਾ ਹੈ। ਵਿਦੇਸ਼ ਵਿਭਾਗ ਭਾਰਤੀ ਨਾਗਰਿਕਾਂ ਅਤੇ ਗੈਰ-ਭਾਰਤੀ ਨਾਗਰਿਕਾਂ ਦਾ ਮਾਮਲਾ ਰਲਗੱਡ ਕਰ ਰਿਹਾ ਹੈ। ਗੈਰ-ਭਾਰਤੀਆਂ ਨੂੰ ਪਾਸਪੋਰਟ ਸਿਰਫ਼ ਬਤੌਰ ਪਹਿਚਾਣ ਪੱਤਰ, ਹੰਗਾਮੀ ਸਰਟੀਫਿਕੇਟ, ਸਰਕਾਰ ਦੀਆਂ ਕੌਮਾਂਤਰੀ ਜ਼ਿੰਮੇਵਾਰੀਆਂ (International Obligations) ਪੂਰੀਆਂ ਕਰਨ ਲਈ ਜਾਰੀ

### ਡਾ. ਜਸਬੀਰ ਸਿੰਘ ਔਲਖ

ਕੀਤਾ ਜਾਂਦਾ ਹੈ। ਭਾਰਤ ਦੂਹਰੀ ਨਾਗਰਿਕਤਾ ਨੂੰ ਪ੍ਰਵਾਨਗੀ ਨਹੀਂ ਦਿੰਦਾ। ਜੇਕਰ ਕਿਸੇ ਵੀ ਦੂਸਰੇ ਦੇਸ਼ ਦੇ ਨਾਗਰਿਕ ਨੇ ਭਾਰਤੀ ਨਾਗਰਿਕਤਾ ਜਾਂ ਪਾਸਪੋਰਟ ਹਾਸਲ ਕਰਨਾ ਹੈ ਤਾਂ ਉਸ ਨੂੰ ਪਹਿਲੇ ਦੇਸ਼ ਦੀ ਨਾਗਰਿਕਤਾ ਅਤੇ ਪਾਸਪੋਰਟ ਛੱਡਣਾ ਪਵੇਗਾ, ਉਸ ਤੋਂ ਬਾਅਦ ਹੀ ਉਸ ਨੂੰ ਭਾਰਤੀ ਨਾਗਰਿਕਤਾ ਅਤੇ ਪਾਸਪੋਰਟ ਹਾਸਲ ਹੋ ਸਕਦਾ ਹੈ। ਜੇਕਰ ਕਿਸੇ ਭਾਰਤੀ ਨੇ ਦੂਸਰੇ ਦੇਸ਼ ਦੀ ਨਾਗਰਿਕਤਾ ਹਾਸਲ ਕਰ ਲਈ ਹੋਵੇ, ਉਹ ਭਾਰਤੀ ਪਾਸਪੋਰਟ ਦਾ ਹੱਕਦਾਰ ਵੀ ਨਹੀਂ ਰਹਿੰਦਾ।

ਵਿਦੇਸ਼ ਵਿਭਾਗ ਨੇ ਆਪਣੀ ਗੱਲ ਨੂੰ ਸਾਬਤ ਕਰਨ ਲਈ ਮੁੰਬਈ ਹਾਈਕੋਰਟ ਦੇ ਜੁਲਾਈ 2013 ਦੇ ਅਨਵਰ ਸ਼ੇਖ ਬਨਾਮ ਮਹਾਂਰਾਸ਼ਟਰ ਸਰਕਾਰ ਫੈਸਲੇ ਦਾ ਜ਼ਿਕਰ ਕੀਤਾ ਹੈ। ਵਿਦੇਸ਼ ਵਿਭਾਗ ਅਨੁਸਾਰ ਅਦਾਲਤੀ ਫੈਸਲਾ ਸੀ ਕਿ ਪਾਸਪੋਰਟ ਨਾਗਰਿਕਤਾ ਦਾ ਸਬੂਤ ਨਹੀਂ। ਇਸ ਫੈਸਲੇ ਸੰਬੰਧੀ ਵੀ ਸਰਕਾਰੀ ਪੱਖ ਮਹਾਂਭਾਰਤ ਵਿੱਚ ਯੁਧਿਸ਼ਟਰ ਵੱਲੋਂ ਬੋਲੇ ਗਏ ਅੱਧੇ ਝੂਠ ਅਤੇ ਅੱਧੇ ਸੱਚ ਦੀ ਤਰ੍ਹਾਂ ਹੀ ਹੈ, ਜਦੋਂ ਉਸ ਨੇ ਅਸ਼ਵਥਾਮਾ ਨਾਂਅ ਦੇ ਹਾਥੀ ਨੂੰ ਭੀਮ ਵੱਲੋਂ ਮਾਰੇ ਜਾਣ 'ਤੇ ਦਰੋਣਾਚਾਰੀਆ ਦੇ ਅਸ਼ਵਥਾਮਾ ਪੁੱਤਰ ਦੀ ਕਥਿਤ ਮੌਤ ਨਾਲ ਜੋੜ ਦਿੱਤਾ ਸੀ। ਹਾਈਕੋਰਟ ਨੇ ਕਿਹਾ ਸੀ ਕਿ ਉਸ ਕੇਸ ਵਿੱਚ ਪੇਸ਼ ਕੀਤੇ ਪਾਸਪੋਰਟ ਨਾਲ ਦੋਸ਼ੀਆਂ ਦੀ ਨਾਗਰਿਕਤਾ ਸਾਬਤ ਨਹੀਂ ਹੁੰਦੀ, ਪਰ ਉਹ ਪਾਸਪੋਰਟ ਭਾਰਤ ਸਰਕਾਰ ਵੱਲੋਂ ਪਹਿਲਾਂ ਹੀ ਰੱਦ ਕਰ ਦਿੱਤਾ ਗਿਆ ਸੀ ਕਿਉਂਕਿ ਉਸ ਪਾਸਪੋਰਟ ਨੂੰ ਧੋਖੇ ਨਾਲ ਹਾਸਲ ਕੀਤਾ ਗਿਆ ਸੀ! ਅਦਾਲਤ ਦਾ ਫੈਸਲਾ ਰੱਦ ਹੋ ਚੁੱਕੇ ਪਾਸਪੋਰਟ 'ਤੇ ਆਧਾਰਤ ਸੀ, ਨਾ ਕਿ ਹਰ ਭਾਰਤੀ ਪਾਸਪੋਰਟ ਬਨਾਮ ਨਾਗਰਿਕਤਾ ਦੇ ਸਵਾਲ 'ਤੇ।

ਸੂਚਨਾ ਅਧਿਕਾਰ ਕਾਨੂੰਨ ਦੀ ਧਾਰਾ 3 ਮੁਤਾਬਿਕ ਸਿਰਫ਼ ਭਾਰਤੀ ਨਾਗਰਿਕ ਹੀ ਸੂਚਨਾ ਹਾਸਲ ਕਰਨ ਦੇ ਹੱਕਦਾਰ ਹਨ। ਸਾਲ 2010 ਵਿੱਚ ਵਿਦੇਸ਼, ਗ੍ਰਹਿ, ਪਰਸੋਨਲ ਅਤੇ ਓਵਰਸੀਜ਼ ਇੰਡੀਅਨ ਅਫੇਰਜ਼ ਵਿਭਾਗਾਂ ਦਾ ਇਸ ਸੰਬੰਧੀ ਵਿਸਥਾਰ ਵਿੱਚ ਆਪਸੀ ਪੱਤਰ ਵਿਹਾਰ ਹੋਇਆ ਸੀ ਕਿ ਵਿਦੇਸ਼ਾਂ ਵਿੱਚ ਵੱਸਦੇ ਭਾਰਤੀਆਂ ਨੂੰ ਕੀ ਸੂਚਨਾ ਅਧਿਕਾਰ ਕਾਨੂੰਨ ਤਹਿਤ ਸੂਚਨਾ ਹਾਸਲ ਕਰਨ ਦਾ ਅਧਿਕਾਰ ਹੈ? ਕਿਉਂਕਿ ਵਿਦੇਸ਼ ਵਿੱਚ ਰਹਿ ਰਹੇ ਕੁੱਝ ਆਰ ਟੀ ਆਈ ਕਾਰਕੁਨਾਂ ਨੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਇਸ ਸੰਬੰਧੀ ਪੱਤਰ ਲਿਖੇ ਸਨ। ਕੇਂਦਰੀ ਸੂਚਨਾ ਕਮਿਸ਼ਨ ਕੋਲ ਵੀ ਇਹ ਮਾਮਲਾ ਗਿਆ ਸੀ। ਸਾਰੇ ਵਿਭਾਗਾਂ ਦੀ ਇਹ ਰਾਇ ਸੀ ਕਿ ਉਹ ਐੱਨ ਆਰ ਆਈ ਵਿਅਕਤੀ ਸੂਚਨਾ ਅਧਿਕਾਰ ਕਾਨੂੰਨ ਤਹਿਤ ਸੂਚਨਾ ਹਾਸਲ ਕਰਨ ਦੇ ਹੱਕਦਾਰ ਹਨ, ਜਿਹਨਾਂ ਕੋਲ ਭਾਰਤੀ ਪਾਸਪੋਰਟ ਹੈ। ਇਸ ਤਰ੍ਹਾਂ ਭਾਰਤੀ ਪਾਸਪੋਰਟ ਨਾਲ ਨਾਗਰਿਕਤਾ ਦਾ ਸੰਬੰਧ ਸਰਕਾਰੀ ਰਿਕਾਰਡ ਵਿੱਚ ਪਹਿਲਾਂ ਹੀ ਮੌਜੂਦ ਹੈ।

ਵਿਦੇਸ਼ ਵਿਭਾਗ ਦੇ ਐਲਾਨ ਨੇ ਇੱਕ ਵਾਰ ਨੋਟਬੰਦੀ ਦਾ ਵਕਤ ਯਾਦ ਕਰਵਾ ਦਿੱਤਾ ਹੈ ਜਦੋਂ ਰਾਤੋ-ਰਾਤ ਹਿੰਦੁਸਤਾਨੀਆਂ ਦੇ ਘਰਾਂ ਵਿੱਚ ਪਈ ਭਾਰਤੀ ਕਰੰਸੀ ਬੇਕਾਰ ਹੋ ਗਈ ਸੀ। ਭਾਰਤੀ ਪਾਸਪੋਰਟ ਜਿਹੜਾ ਕੁੱਲ ਆਲਮ ਵਿੱਚ ਭਾਰਤੀ ਨਾਗਰਿਕਾਂ ਦੀ ਪਹਿਚਾਣ ਦਾ ਪ੍ਰਤੀਕ ਸੀ, ਇੱਕਦਮ ਹੀ ਹਵਾਈ ਜਾਂ ਰੇਲ ਟਿਕਟ ਦੀ ਤਰ੍ਹਾਂ ਕਾਗਜ਼ ਦਾ ਇੱਕ ਟੁਕੜਾ ਬਣਾ ਦਿੱਤਾ ਗਿਆ ਹੈ।

ਪਾਸਪੋਰਟ ਨੂੰ ਨਾਗਰਿਕਤਾ ਤੋਂ ਅਲਹਿਦਾ ਕਰਨ ਦਾ




ਸਪੱਸ਼ਟੀਕਰਨ ਉਸ ਵੇਲੇ ਆਇਆ ਹੈ, ਜਦੋਂ ਪੰਜਾਬ ਸਮੇਤ ਅਨੇਕਾਂ ਰਾਜਾਂ ਵਿੱਚ ਐੱਸ ਆਈ ਆਰ ਦੀ ਪ੍ਰਕਿਰਿਆ ਚੱਲ ਰਹੀ ਹੈ। ਪਾਸਪੋਰਟ ਹਾਸਲ ਕਰਨ ਦੇ ਮਾਮਲੇ ਵਿੱਚ ਪੰਜਾਬੀਆਂ ਦੀ ਸਾਰੇ ਮੁਲਕ ਵਿੱਚ ਝੰਡੀ ਹੈ, ਜਿੱਥੇ ਹਰ ਤੀਜੇ ਪੰਜਾਬੀ ਕੋਲ ਪਾਸਪੋਰਟ ਹੈ। ਕੀ ਪਾਸਪੋਰਟ ਬਾਰੇ ਇਹ ਸਪੱਸ਼ਟੀਕਰਨ ਪੰਜਾਬੀਆਂ ਦੇ ਇੱਕ ਵੱਡੇ ਹਿੱਸੇ ਨੂੰ ਵੋਟ ਸੂਚੀ ਵਿੱਚੋਂ ਬਾਹਰ ਕਰਨ ਦੀ ਕਵਾਇਦ ਤਾਂ ਨਹੀਂ? ਇੱਕ ਸਾਲ ਪਹਿਲਾਂ ਬਿਹਾਰ ਵਿੱਚ ਹੋਈ ਐੱਸ ਆਈ ਆਰ ਪ੍ਰਕਿਰਿਆ ਵਿੱਚ ਪਾਸਪੋਰਟ ਨੂੰ ਇੱਕ ਜ਼ਰੂਰੀ ਅਤੇ ਪੱਕੇ (Conclusive) ਦਸਤਾਵੇਜ਼ ਦੇ ਤੌਰ 'ਤੇ ਚੋਣ ਕਮਿਸ਼ਨ ਨੇ ਸ਼ਾਮਲ ਕੀਤਾ ਸੀ। ਬਿਹਾਰ ਵਿੱਚ ਤਿੰਨ ਫੀਸਦੀ ਤੋਂ ਵੀ ਘੱਟ ਜਨਤਾ ਕੋਲ ਪਾਸਪੋਰਟ ਸੀ।

**ਐੱਸ ਆਈ ਆਰ ਦੀ ਦਹਿਸ਼ਤ :**

ਐੱਸ ਆਈ ਆਰ ਦੇ ਵਰਤਾਰੇ ਨੇ ਨਾਗਰਿਕਤਾ ਬਾਰੇ ਸੰਸੇ ਬਹੁਤ ਗੰਭੀਰ ਕਰ ਦਿੱਤੇ ਹਨ। ਚੋਣ ਕਮਿਸ਼ਨ ਕਹਿ ਰਿਹਾ ਹੈ ਕਿ ਐੱਸ ਆਈ ਆਰ ਦਾ ਨਾਗਰਿਕਤਾ ਨਾਲ ਕੋਈ ਸੰਬੰਧ ਨਹੀਂ, ਵੋਟ-ਸੂਚੀ ਦੀ ਸੁਧਾਈ ਹੈ। ਬੰਗਾਲ ਵਿੱਚ ਜਿਹਨਾਂ ਲੋਕਾਂ ਦੇ ਨਾਂਅ ਵੋਟਰ ਸੂਚੀਆਂ ਵਿੱਚੋਂ ਕੱਟੇ ਗਏ, ਸਾਰੀਆਂ ਸਰਕਾਰੀ ਸਕੀਮਾਂ ਦੇ ਲਾਭਾਂ ਵਿੱਚੋਂ ਸਰਕਾਰ ਨੇ ਉਹਨਾਂ ਨੂੰ ਬਾਹਰ ਕਰ ਦਿੱਤਾ ਹੈ। ਪੱਛਮੀ ਬੰਗਾਲ ਦੇ ਹਰ ਜ਼ਿਲ੍ਹੇ ਵਿੱਚ ਹਿਰਾਸਤੀ ਕੇਂਦਰ ਸਥਾਪਤ ਕਰ ਦਿੱਤੇ ਗਏ ਹਨ, ਜਿਹਨਾਂ ਵਿੱਚ 'ਘੁਸਪੈਠੀਏ' ਰੱਖੇ ਜਾਣਗੇ। ਵੋਟਰ ਸੂਚੀ ਵਿੱਚੋਂ ਬਾਹਰ ਕੀਤੇ ਗਏ ਵਿਅਕਤੀਆਂ ਵਿੱਚ 'ਟੈਲੀਗ੍ਰਾਫ' ਅਖ਼ਬਾਰ ਦੇ ਸਾਬਕਾ ਸੰਪਾਦਕ ਰਾਜਾ ਗੋਪਾਲ ਰਾਮਦਾਸ ਦਾ ਵੀ ਹੈ। ਉਹਨਾਂ ਵੱਲੋਂ ਜਦੋਂ ਆਪਣੇ ਪਾਸਪੋਰਟ ਨੂੰ ਰੀਨਿਊ ਕਰਵਾਉਣ ਲਈ ਅਪਲਾਈ ਕੀਤਾ ਗਿਆ ਤਾਂ ਪੁਲਸ ਨੇ ਵੋਟਰ ਸੂਚੀ ਵਿੱਚ ਉਹਨਾਂ ਦਾ ਨਾਂਅ ਨਾ ਹੋਣ ਕਰਕੇ ਰਿਪੋਰਟ ਉਹਨਾਂ ਦੇ ਖਿਲਾਫ਼ ਭੇਜ ਦਿੱਤੀ। ਕੇਰਲਾ ਦੇ ਪਿਛੋਕੜ ਵਾਲੇ ਰਾਜ ਗੋਪਾਲ ਪਿਛਲੇ ਤੀਹ ਸਾਲ ਤੋਂ ਕਲਕੱਤੇ ਵਿੱਚ ਹੀ ਆਪਣੇ ਵੋਟ ਦੇ ਅਧਿਕਾਰ ਦਾ ਵੀ ਇਸਤੇਮਾਲ ਕਰ ਰਹੇ ਸਨ। ਪਾਸਪੋਰਟ ਨਾ ਰੀਨਿਊ ਹੋਣ ਕਰਕੇ ਉਹ ਆਪਣੀ ਧੀ ਦੀ ਸ਼ਾਦੀ ਵਿੱਚ ਸ਼ਾਮਲ ਹੋਣ ਲਈ ਅਮਰੀਕਾ ਨਹੀਂ ਜਾ ਸਕੇ। ਬਾਅਦ ਵਿੱਚ ਪੱਤਰਕਾਰ ਜਥੇਬੰਦੀਆਂ, ਕੇਰਲਾ ਦੇ ਮੁੱਖ ਮੰਤਰੀ ਅਤੇ ਹੋਰ ਜਮਹੂਰੀ ਹਲਕਿਆਂ ਵੱਲੋਂ ਮੁੱਦਾ ਉਠਾਉਣ ਕਾਰਨ ਉਹਨਾਂ ਨੂੰ ਪਾਸਪੋਰਟ ਜਾਰੀ ਕਰ ਦਿੱਤਾ ਗਿਆ।

ਬਿਹਾਰ ਦੇ ਮੁੱਖ ਮੰਤਰੀ ਸਮਰਾਟ ਚੌਧਰੀ ਨੇ ਵੀ ਬਿਆਨ ਦਿੱਤਾ ਕਿ ਵੋਟ ਸੂਚੀ ਵਿੱਚੋਂ ਬਾਹਰ ਕੀਤੇ ਕਿਸੇ ਵਿਅਕਤੀ ਨੂੰ ਕਿਸੇ ਸਰਕਾਰੀ ਸਕੀਮ ਦਾ ਲਾਭ ਨਹੀਂ ਮਿਲੇਗਾ ਅਤੇ ਉਹਨਾਂ ਦੇ ਬੈਂਕ ਖਾਤੇ ਵੀ ਸੀਲ ਕਰ ਦਿੱਤੇ ਜਾਣਗੇ। ਇਸ ਤਰ੍ਹਾਂ ਕਰਕੇ ਭਾਜਪਾ ਸਰਕਾਰਾਂ ਵੱਲੋਂ ਭਲਾਈ ਸਕੀਮਾਂ ਦੇ ਦਾਇਰੇ ਵਿੱਚੋਂ ਵੱਡੀ ਪੱਧਰ ਤੇ ਨਾਗਰਿਕਾਂ ਨੂੰ ਬਾਹਰ ਕੀਤਾ ਜਾਵੇਗਾ ਅਤੇ ਇਹ ਮਾੜੇ-ਮੋਟੇ ਲੋਕ ਭਲਾਈ ਰਾਜ (Welfare State) ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਵੀ ਹੋ ਸਕਦੀ ਹੈ।

ਕੀ ਇਹ ਕੰਧ 'ਤੇ ਲਿਖਿਆ ਸਪੱਸ਼ਟ ਸੁਨੇਹਾ ਨਹੀਂ ਕਿ ਐੱਸ ਆਈ ਆਈ ਸਿਰਫ਼ ਵੋਟ ਦਾ ਹੱਕ ਗੁਆਉਣ ਦਾ ਮਸਲਾ ਹੀ ਹੈ ਜਾਂ ਫਿਰ ਨਾਗਰਿਕ ਹੋਣ ਦਾ ਹੱਕ ਗੁਆਉਣ ਦੀ ਵੀ ਹੈ? ਵੋਟ-ਸੂਚੀ ਤੁਹਾਡੇ ਵੋਟ ਪਾਉਣ ਦੇ ਹੱਕ ਨੂੰ ਤਸਲੀਮ ਕਰਦੀ ਹੈ। ਭਲਾਈ ਸਕੀਮਾਂ ਲਈ ਯੋਗਤਾ ਵੱਖਰੇ ਮਾਪਦੰਡਾਂ ਰਾਹੀਂ ਤਹਿ ਹੁੰਦੀ ਹੈ। ਬੈਂਕ ਖਾਤੇ ਖੁਲ੍ਹਵਾਉਣ ਅਤੇ ਜਾਰੀ ਰੱਖਣ ਦੇ ਵੱਖਰੇ ਕਾਇਦੇ ਹਨ। ਪਾਸਪੋਰਟ ਨੂੰ ਪਾਸਪੋਰਟ ਐਕਟ ਰਾਹੀਂ ਜਾਰੀ ਕੀਤਾ ਜਾਂਦਾ ਹੈ। ਨਾਗਰਿਕਤਾ ਕਾਨੂੰਨ ਵੱਖਰਾ ਹੈ। ਇਹ ਵੱਖਰੇ-ਵੱਖਰੇ ਪ੍ਰਬੰਧ ਇਸ ਗੱਲ ਨੂੰ ਪ੍ਰਭਾਸ਼ਿਤ ਕਰਦੇ ਹਨ ਕਿ ਇੱਕ ਦਸਤਾਵੇਜ਼ ਵਿੱਚੋਂ ਖਾਰਜ ਹੋਣ ਦਾ ਮਤਲਬ ਦੂਸਰੇ ਦਸਤਾਵੇਜ਼ ਜਾਂ ਸੰਵਿਧਾਨਕ ਹੱਕ ਦਾ ਖਤਮ ਹੋਣਾ ਨਹੀਂ, ਪਰ ਜਦੋਂ ਸੱਤਾ ਵੱਲੋਂ ਹਰ ਪਾਪੜ ਵੇਲ ਕੇ ਇਹਨਾਂ ਮਾਨਤਾਵਾਂ ਨੂੰ ਨੇਸਤੋਨਾਬੂਦ ਕਰਨ ਦੀ ਠਾਣ ਲਈ ਹੋਵੇ ਤਾਂ ਮਸਲੇ ਦੀ ਗੰਭੀਰਤਾ ਨੂੰ ਸਮਝ ਲੈਣਾ ਚਾਹੀਦਾ ਹੈ। ਰਾਜ ਗੋਪਾਲ ਦੀ ਮਿਸਾਲ ਸਾਡੇ ਹਿੰਦੁਸਤਾਨੀ ਨਾਗਰਿਕ ਹੋਣ ਦੇ ਹੱਕ ਨੂੰ ਇੱਕ ਗੰਭੀਰ ਚਿਤਾਵਨੀ ਹੈ।

**ਘੁਸਪੈਠੀਏ ਬਿਰਤਾਂਤ :**

ਬੰਗਾਲੀ ਬੋਲਣ ਵਾਲੇ ਅਨੇਕਾਂ ਮੁਸਲਿਮ ਵਿਅਕਤੀਆਂ ਨੂੰ ਭਾਜਪਾ ਸ਼ਾਸਿਤ ਸੂਬਿਆਂ ਵਿੱਚੋਂ ਬੰਗਲਾਦੇਸ਼ੀ ਘੁਸਪੈਠੀਏ ਗਰਦਾਨ ਕੇ ਪਿਛਲੇ ਸਾਲ ਬੰਗਲਾਦੇਸ਼ ਦੀ ਹੱਦ ਉੱਪਰ ਨੋ-ਮੈਨ ਖੇਤਰ ਵਿੱਚ ਛੱਡ ਦਿੱਤਾ ਗਿਆ ਸੀ। ਮਹਾਂਰਾਸ਼ਟਰ ਅਤੇ ਗੁਜਰਾਤ ਵਿੱਚੋਂ ਬੰਗਾਲੀ ਲੋਕ ਤ੍ਰਿਪੁਰਾ ਸਰਹੱਦ ਰਾਹੀਂ ਰਾਤ ਦੇ ਹਨੇਰੇ ਵਿੱਚ ਬੰਗਲਾਦੇਸ਼ ਦੀ ਹੱਦ ਵਿੱਚ ਧੱਕੇ ਗਏ। ਦਿੱਲੀ ਦੀ ਇੱਕ ਗਰਭਵਤੀ ਬੰਗਾਲੀ ਔਰਤ ਸੁਨਾਲੀ ਖਾਤੂਮ ਨੂੰ ਉਸ ਦੇ ਦੋ ਬੱਚਿਆਂ ਅਤੇ ਪਤੀ ਸਮੇਤ ਦਿੱਲੀ ਪੁਲਸ ਨੇ ਬੰਗਲਾਦੇਸ਼ ਭੇਜਣ ਲਈ ਬੀ ਐੱਸ ਐੱਫ ਦੇ ਹਵਾਲੇ ਕਰ ਦਿੱਤਾ। ਕੋਲਕਾਤਾ ਹਾਈਕੋਰਟ ਤੋਂ ਫਿਟਕਾਰ ਤੋਂ ਬਾਅਦ ਗੈਰ-ਕਾਨੂੰਨੀ ਤੌਰ 'ਤੇ ਬੰਗਲਾਦੇਸ਼ ਭੇਜੇ ਉਹਨਾਂ ਹਿੰਦੁਸਤਾਨੀ ਨਾਗਰਿਕਾਂ ਨੂੰ ਵਾਪਸ ਲਿਆਂਦਾ ਗਿਆ।

ਭਾਰਤੀ ਨਾਗਰਿਕਤਾ ਨੂੰ ਨਾਗਰਿਕਤਾ ਐਕਟ 1955 ਅਤੇ ਬਾਅਦ ਵਿੱਚ ਹੋਈਆਂ ਸੋਧਾਂ ਰਾਹੀਂ ਪ੍ਰਭਾਸ਼ਿਤ ਕੀਤਾ ਗਿਆ ਹੈ। ਇਸ ਅਨੁਸਾਰ 1950 1987 ਦਰਮਿਆਨ ਭਾਰਤ ਵਿੱਚ ਜਨਮਿਆ ਹਰ ਵਿਅਕਤੀ ਭਾਰਤੀ ਨਾਗਰਿਕ ਹੈ। ਨਾਗਰਿਕਤਾ ਨੂੰ ਸੁੰਗੇੜਨ ਦਾ ਕੰਮ 1987 ਦੀ ਸੋਧ ਨੇ ਕੀਤਾ ਜਦੋਂ ਭਾਰਤ ਵਿੱਚ ਜੰਮਣ ਵਾਲੇ ਕਿਸੇ ਵੀ ਬੱਚੇ ਦੀ ਨਾਗਰਿਕਤਾ ਨਾਲ ਮਾਪਿਆਂ ਦੀ ਨਾਗਰਿਕਤਾ ਜੋੜ ਦਿੱਤੀ ਗਈ। ਵਾਜਪਾਈ ਸਰਕਾਰ ਨੇ ਨਾਗਰਿਕਤਾ ਸੋਧ ਕਰਕੇ ਸਾਲ 2003 ਤੋਂ ਬਾਅਦ ਸ਼ਰਤ ਜੋੜ ਦਿੱਤੀ ਕਿ ਮਾਪਿਆਂ ਵਿੱਚੋਂ ਕੋਈ ਗੈਰ-ਕਾਨੂੰਨੀ ਤੌਰ 'ਤੇ ਭਾਰਤ ਵਿੱਚ ਨਾ ਰਹਿ ਰਿਹਾ ਹੋਵੇ। ਨਾਗਰਿਕਤਾ ਕਾਨੂੰਨ 2003 ਵਿੱਚ ਕੀਤੀ ਸੋਧ ਭਾਜਪਾ ਦੇ ਘੁਸਪੈਠੀਏ ਬਿਰਤਾਂਤ ਦੀ ਪ੍ਰਤੀਨਿਧਤਾ ਕਰਦੀ ਹੈ, ਜਿਸ ਨੇ ਆਪਣੀ ਸਿਆਸਤ ਬੰਗਲਾਦੇਸ਼ੀ ਘੁਸਪੈਠੀਏ ਬਿਰਤਾਂਤ 'ਤੇ ਅੱਜ ਤੱਕ ਟਿਕਾਈ ਹੋਈ ਹੈ। ਅਸਾਮ ਵਿੱਚ ਵੱਡੇ ਪੱਧਰ 'ਤੇ ਬੰਗਾਲੀ ਨਾਗਰਿਕਾਂ ਦੀ ਮੌਜੂਦਗੀ ਸੰਬੰਧੀ ਐੱਨ ਆਰ ਸੀ ਪ੍ਰਕਿਰਿਆ ਅਮਲ ਵਿੱਚ ਲਿਆਂਦੀ ਗਈ, ਇਸ ਰਾਹੀਂ ਕੋਈ 19 ਲੱਖ ਵਿਅਕਤੀ ਆਪਣੀ ਨਾਗਰਿਕਤਾ ਸਾਬਤ ਨਹੀਂ ਕਰ ਸਕੇ, ਇਸ ਵਿੱਚ ਚੌਦਾਂ ਲੱਖ ਹਿੰਦੂ ਅਤੇ ਸਿਰਫ਼ ਪੰਜ ਲੱਖ ਮੁਸਲਿਮ ਭਾਈਚਾਰਿਆਂ ਵਿੱਚੋਂ ਸਨ। ਇਸ ਐੱਨ ਆਰ ਸੀ ਪ੍ਰਕਿਰਿਆ ਦੇ ਨਿਯਮਾਂ ਅਨੁਸਾਰ ਵਿਦੇਸ਼ੀ ਐਲਾਨੇ ਗਏ ਵਿਅਕਤੀ ਪਹਿਲਾਂ ਵਿਦੇਸ਼ੀ ਟ੍ਰਿਬਿਊਨਲ ਕੋਲ ਅਪੀਲ ਪਾਉਣਗੇ ਅਤੇ ਉਸ ਤੋਂ ਬਾਅਦ ਉਹ ਹਾਈਕੋਰਟ ਅਤੇ ਸੁਪਰੀਮ ਕੋਰਟ ਵਿੱਚ ਵੀ ਗੁਹਾਰ ਲਗਾ ਸਕਦੇ ਸਨ। ਤੇਰਾਂ ਜੁਲਾਈ ਨੂੰ ਸੁਪਰੀਮ ਕੋਰਟ ਨੇ ਵਿਦੇਸ਼ੀ ਟ੍ਰਿਬਿਊਨਲਾਂ ਵੱਲੋਂ ਗੈਰ-ਹਾਜ਼ਰੀ (Ex-party) ਵਿੱਚ ਸੁਣਾਏ ਸਤਾਈ ਫੈਸਲਿਆਂ ਨੂੰ ਮੁੜ ਸੁਣਵਾਈ ਲਈ ਟ੍ਰਿਬਿਊਨਲਾਂ ਕੋਲ ਭੇਜ ਦਿੱਤਾ ਹੈ। ਸੁਪਰੀਮ ਕੋਰਟ ਨੇ ਸਖ਼ਤ ਟਿੱਪਣੀ ਕਰਦਿਆਂ ਲਿਖਿਆ ਹੈ, 'ਰਾਜ ਵੱਲੋਂ ਮਨਮਾਨੇ ਢੰਗ ਨਾਲ ਕੀਤੇ ਅਤੇ ਕਾਨੂੰਨੀ ਸ਼ਬਦਜਾਲ ਵਿੱਚ ਬੁਣੇ ਕਿਸੇ ਵੀ ਅਜਿਹੇ ਫੈਸਲੇ ਦੀ ਸੰਵਿਧਾਨਕ ਅਦਾਲਤਾਂ ਰਾਖੀ ਨਹੀਂ ਕਰ ਸਕਦੀਆਂ, ਜਿਹੜਾ ਫੈਸਲਾ ਚਾਲੂ ਕਿਸਮ ਦਾ (Mechanical), ਇੱਕ-ਤਰਫਾ (One Sided) ਅਤੇ ਬਿਨਾਂ ਦਿਮਾਗ ਵਰਤਿਆਂ (Non-application of mind) ਰਾਹੀਂ ਕੀਤਾ ਗਿਆ ਹੋਵੇ।' ਨਾਗਰਿਕਤਾ ਨਾਲ ਜੁੜੇ ਇਸ ਕੇਸ ਦਾ ਦੁੱਖਦਾਈ ਪਹਿਲੂ ਇਹ ਵੀ ਸੀ ਕਿ ਗੁਹਾਟੀ ਹਾਈ ਕੋਰਟ ਨੇ ਵਿਦੇਸ਼ੀ ਟ੍ਰਿਬਿਊਨਲਾਂ ਵੱਲੋਂ ਕੀਤੇ ਫੈਸਲੇ 'ਤੇ ਇਹ ਕਹਿੰਦਿਆਂ ਮੋਹਰ ਲਗਾ ਦਿੱਤੀ ਸੀ ਕਿ ਇਸ ਫੈਸਲੇ ਦੇ ਖਿਲਾਫ ਅਪੀਲ ਕਈ ਸਾਲਾਂ ਦੀ ਦੇਰੀ ਤੋਂ ਬਾਅਦ ਕੀਤੀ ਗਈ ਸੀ, ਪਰ ਸੱਚ ਇਹ ਸੀ ਕਿ ਜਿਹਨਾਂ ਭਾਰਤੀ ਨਾਗਰਿਕਾਂ ਨੂੰ ਟ੍ਰਿਬਿਊਨਲਾਂ ਨੇ ਵਿਦੇਸ਼ੀ ਐਲਾਨ ਦਿੱਤਾ ਸੀ, ਉਹਨਾਂ ਨੂੰ ਖੁਦ ਫੈਸਲੇ ਦੀ ਜਾਣਕਾਰੀ ਸਾਲਾਂ ਬਾਅਦ ਮਿਲੀ ਸੀ। ਅਸਾਮ ਦਾ ਮੁੱਖ ਮੰਤਰੀ ਹੇਮੰਤ ਵਿਸਵਾ ਸਰਮਾ ਕਹਿ ਰਿਹਾ ਹੈ ਕਿ ਉਸ ਦੀ ਸਰਕਾਰ ਨੇ ਜੋ ਹਿਰਾਸਤੀ ਕੇਂਦਰ ਬਣਾਏ ਸੀ, ਉਹਨਾਂ ਦੀ ਲੋੜ ਨਹੀਂ ਸੀ, ਕਿਉਂਕਿ 'ਦ ਇਮੀਗ੍ਰੈਂਟ (ਅਕਸਪਲਸਨ ਫਰੌਮ ਅਸਾਮ) ਐਕਟ 1950 ਮੁਤਾਬਿਕ ਤਾਂ ਜ਼ਿਲ੍ਹਾ ਮੈਜਿਸਟਰੇਟ ਨੂੰ ਜੇਕਰ ਮੁੱਢਲੇ ਤੌਰ 'ਤੇ ਲੱਗੇ (Prima facie) ਕਿ ਵਿਅਕਤੀ ਵਿਦੇਸ਼ੀ ਹੈ ਤਾਂ ਉਹ ਹੀ ਉਸ ਨੂੰ ਅਸਾਮ ਵਿੱਚੋਂ ਬਾਹਰ ਕਰਨ ਦਾ ਹੁਕਮ ਦੇ ਸਕਦਾ ਹੈ, ਮਤਲਬ ਹੁਣ ਅਸਾਮ ਵਿੱਚੋਂ ਮੁਸਲਿਮ ਨਾਗਰਿਕਾਂ ਨੂੰ ਸਿਰਫ਼ ਜ਼ਿਲ੍ਹਾ ਮੈਜਿਸਟਰੇਟ ਦੇ ਪ੍ਰਬੰਧਕੀ ਹੁਕਮਾਂ (Administrative Orders) ਨਾਲ ਹੀ ਬੰਗਲਾਦੇਸ਼ ਦੀ ਸਰਹੱਦ ਨਾਲ ਲੱਗਦੇ ਨੋ-ਮੈਨ ਜ਼ੋਨ ਵਿੱਚ ਭਾਰਤੀ ਅਤੇ ਕੌਮਾਂਤਰੀ ਕਾਨੂੰਨਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਛੱਡ ਦਿੱਤਾ ਜਾਇਆ ਕਰੇਗਾ। ਕੌਮਾਂਤਰੀ ਕਾਨੂੰਨ ਅਨੁਸਾਰ ਜੇਕਰ ਕਿਸੇ ਦੇਸ਼ ਦਾ ਨਾਗਰਿਕ ਦੂਸਰੇ ਦੇਸ਼ ਵਿੱਚੋਂ ਬਾਹਰ ਕੱਢਣਾ ਹੋਵੇ ਤਾਂ ਪੂਰੀਆਂ ਕਾਨੂੰਨੀ ਕਾਰਵਾਈਆਂ ਕਰਨ ਤੋਂ ਬਾਅਦ ਹੀ ਸੰਬੰਧਤ ਦੇਸ਼ ਨੂੰ ਸਪੁਰਦ ਕਰਨਾ ਹੁੰਦਾ ਹੈ।

**ਨਾਗਰਿਕਤਾ ਦਾ ਫਿਰਕੂ ਟੀਰ :**

ਸੰਵਿਧਾਨ ਸਭਾ ਵਿੱਚ ਬਹਿਸ ਦੌਰਾਨ ਪੀ ਐੱਸ ਦੇਸ਼ਮੁਖ ਨੇ ਇੱਕ ਨੁਕਤਾ ਰੱਖਿਆ ਸੀ ਕਿ ਹਿੰਦੂ ਜਾਂ ਸਿੱਖ ਦੁਨੀਆ ਵਿੱਚ ਕਿਤੇ ਵੀ ਵੱਸਦੇ ਹੋਣ, ਉਹਨਾਂ ਨੂੰ ਉਹਨਾਂ ਦੇ ਧਰਮ ਦੇ ਆਧਾਰ 'ਤੇ ਭਾਰਤੀ ਨਾਗਰਿਕਤਾ ਮਿਲਣੀ ਚਾਹੀਦੀ ਹੈ, ਕਿਉਂਕਿ ਭਾਰਤ ਉਹਨਾਂ ਦਾ ਕੁਦਰਤੀ ਘਰ ਹੈ। ਪਰ ਅਲਾਦੀ ਕ੍ਰਿਸ਼ਨਾਸਵਾਮੀ, ਜਵਾਹਰ ਲਾਲ ਨਹਿਰੂ ਅਤੇ ਬੀ ਆਰ ਅੰਬੇਡਕਰ ਵੱਲੋਂ ਸਖ਼ਤ ਵਿਰੋਧ ਕਾਰਨ ਇਹ ਸੋਧ ਸੰਵਿਧਾਨ ਵਿੱਚ ਸ਼ਾਮਲ ਨਹੀਂ ਹੋ ਸਕੀ ਅਤੇ ਧਰਮ-ਨਿਰਪੱਖ, ਬਰਾਬਰੀ ਅਤੇ ਗੈਰ-ਵਿਤਕਰੇਪੂਰਨ ਨਾਗਰਿਕਤਾ ਦਾ ਮੁੱਢ ਬੱਝਿਆ। ਪਾਰਲੀਮੈਂਟ ਨਾਗਰਿਕਤਾ ਮੁਹੱਈਆ ਕਰਵਾਉਣ ਲਈ ਸਾਧਨ ਤਾਂ ਖੋਜ ਸਕਦੀ ਹੈ, ਲੇਕਿਨ ਮਜ਼ਹਬ ਦੇ ਆਧਾਰ 'ਤੇ ਨਾਗਰਿਕਤਾ ਨਿਰਧਾਰਤ ਨਹੀਂ ਕਰ ਸਕਦੀ, ਪਰ ਜਦੋਂ ਭਾਜਪਾ ਦੀ ਬੰਗਲਾਦੇਸ਼ੀ ਘੁਸਪੈਠੀਏ ਭਜਾਓ ਮੁਹਿੰਮ ਆਸਾਮ ਵਿੱਚ ਪੁੱਠੀ ਪੈਂਦੀ ਨਜ਼ਰ ਆਈ ਤਾਂ ਸਾਲ 2019 ਵਿੱਚ ਧਾਰਮਿਕ ਪੱਖਪਾਤ ਦੇ ਟੀਰ ਵਾਲਾ ਨਾਗਰਿਕਤਾ ਸੋਧ ਬਿੱਲ ਲਿਆਂਦਾ ਗਿਆ। ਕਿਹਾ ਗਿਆ ਕਿ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਬੰਗਲਾਦੇਸ਼ ਵਿੱਚ ਗੈਰ-ਮੁਸਲਿਮ ਘੱਟ ਗਿਣਤੀਆਂ ਜਿਵੇਂ ਹਿੰਦੂ, ਸਿੱਖ, ਬੋਧੀ, ਜੈਨੀ ਆਦਿ ਸਰਕਾਰੀ ਸਰਪ੍ਰਸਤੀ ਹੇਠ ਪਲ ਰਹੇ ਇਸਲਾਮਿਕ ਕੱਟੜਵਾਦ ਤੋਂ ਪੀੜਤ ਹਨ। ਇਹ ਤੱਥ ਭੁਲਾ ਦਿੱਤਾ ਗਿਆ ਕਿ ਪਾਕਿਸਤਾਨ ਵਿੱਚ ਤਾਂ ਅਹਿਮਦੀਆ ਭਾਈਚਾਰਾ ਵੀ ਕੱਟੜਵਾਦੀ ਵਰਤਾਰੇ ਤੋਂ ਪੀੜਤ ਹੈ। ਪੀਟਰ ਲਹਰ ਦੀ ਕਿਤਾਬ 'ਮਿਲੀਟੈਂਟ ਬੁੱਧਇਜ਼ਮ: ਦ ਰਾਈਜ਼ ਆਫ਼ ਰੀਲੀਜੀਅਸ ਵਾਇਲੈਂਸ ਇਨ ਸ੍ਰੀ ਲੰਕਾ, ਮਿਆਂਮਾਰ ਐਂਡ ਥਾਈਲੈਂਡ' ਚਾਨਣਾ ਪਾਉਂਦੀ ਹੈ ਕਿ ਸਰਕਾਰੀ ਸਰਪ੍ਰਸਤੀ ਪ੍ਰਾਪਤ ਬੋਧੀ ਕੱਟੜਵਾਦ ਦਾ ਸ਼ਿਕਾਰ ਮਿਆਂਮਾਰ ਵਿੱਚ ਰੋਹਿੰਗੀਆ ਮੁਸਲਮਾਨ ਹਨ ਅਤੇ ਸ੍ਰੀਲੰਕਾ ਵਿੱਚ ਤਾਮਿਲ ਹਿੰਦੂ। ਭਾਜਪਾ ਅਸਾਮ ਦੇ ਬੰਗਾਲੀ ਹਿੰਦੂਆਂ ਨੂੰ ਫਿਰਕੂ ਨਾਗਰਿਕਤਾ ਸੋਧ ਕਾਨੂੰਨ ਰਾਹੀਂ ਨਾਗਰਿਕਤਾ ਮੁਹੱਈਆ ਕਰਵਾ ਕੇ ਬੰਗਾਲੀ ਮੁਸਲਮਾਨਾਂ ਨੂੰ ਬਾਹਰ ਕੱਢਣਾ ਚਾਹੁੰਦੀ ਹੈ। ਨਾਗਰਿਕਤਾ ਸੋਧ ਕਾਨੂੰਨ ਦਾ ਤਿੱਖਾ

**ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ**

---

### ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫੀ ਨਹੀਂ

## ਪਦਾਰਥਵਾਦੀ ਫ਼ਲਸਫੇ ਦੀ ਲੋੜ

**ਕਿਸ਼ਤ-8**

**ਜਗਰੂਪ**

ਅਮਲ ਦੇ ਰਾਹ ਪੈਣ ਤੋਂ ਪਹਿਲਾਂ, ਵਿਗਾੜ ਦੇ ਇਕ ਹੋਰ ਪਹਿਲੂ ਉਪਰ ਨਜ਼ਰ ਜਾਣੀ ਜ਼ਰੂਰੀ ਹੈ।

ਮਾਰਕਸ ਦਾ ਦਰਸ਼ਨ ਪਦਾਰਥਵਾਦ ਹੈ, ਪਰ ਪੁਰਾਣਾ ਪਦਾਰਥਵਾਦ ਨਹੀਂ, ਉਸ ਦਾ ਪਦਾਰਥਵਾਦ ਵਿਰੋਧਵਿਕਾਸਵਾਦੀ ਹੈ। ਉਸ ਨੇ ਹੀਗਲ ਦੇ ਵਿਚਾਰਵਾਦੀ-ਵਿਰੋਧਵਿਕਾਸ ਨੂੰ ਵਿਚਾਰਵਾਦ ਨਾਲੋਂ ਵੱਖਰਿਆ ਕਰਕੇ, ਪਦਾਰਥਵਾਦ ਦੇ ਨੁਕਤਾ ਨਜ਼ਰ (standpoint)

ਤੋਂ ਅਮਲ ਵਿਚ ਲਿਆਂਦਾ ਸੀ। ਜਿਸ ਨੂੰ 'ਦਾਸ ਕੈਪੀਟਲ' 'ਤੇ ਲਾਗੂ ਕੀਤਾ ਹੋਇਆ ਹੈ।

ਮਾਰਕਸ ਅਤੇ ਏਂਗਲਜ਼ ਤੋਂ ਪਿੱਛੋਂ ਲੈਨਿਨ ਨੇ
ਆਪਣੀ ਅਤਿ ਮਹੱਤਵਪੂਰਨ ਕਿਤਾਬ:
'ਪਦਾਰਥਵਾਦ ਅਤੇ ਅਨੁਭਵਵਾਦੀ ਅਲੋਚਨਾ'

ਵਿਚ ਪਦਾਰਥਵਾਦੀ ਦਰਸ਼ਨ ਨੂੰ ਨਿਤਾਰਿਆ, ਨਿਖਾਰਿਆ ਅਤੇ ਪ੍ਰਭਾਸ਼ਤ ਕੀਤਾ ਹੈ।ਫਲਸਫਾ ਵੀ ਵਿਕਾਸ ਕਰਦਾ ਹੈ। ਮਾਰਕਸ ਦਾ ਕਥਨ :

'ਫਲਸਫਾ ਪ੍ਰੋਲਤਾਰੀਆ ਨੂੰ ਮੁਕਤੀ ਦੇ ਰੂਹਾਨੀ ਹਥਿਆਰ ਮੁਹੱਈਆ ਕਰਦਾ ਹੈ ਅਤੇ ਪ੍ਰੋਲਤਾਰੀਆ ਫਲਸਫੇ ਨੂੰ ਪਦਾਰਥਕ ਹਾਲਾਤ 'ਚ

(ਹਥਿਆਰ) ਮੁਹੱਈਆ ਕਰਦਾ ਹੈ।'

ਫਲਸਫੇ 'ਤੇ ਅਡੋਲਤਾ ਲਾਜ਼ਮੀ ਹੈ।ਇਸ ਲਈ ਪੱਕੀ ਤਰ੍ਹਾਂ ਸੋਚੇ ਸਮਝੇ ਅਤੇ ਗ੍ਰਹਿਣ ਕੀਤੇ ਪਦਾਰਥਵਾਦੀ ਫਲਸਫੇ ਦੀ ਲੋੜ ਹੈ। ਬੁਰਜੂਆਜੀ ਪਦਾਰਥਵਾਦ 'ਤੇ ਹਮਲੇ ਦਾ ਕੋਈ ਮੌਕਾ ਨਹੀਂ ਗਵਾਉਂਦੀ। ਉਹ ਕੁਦਰਤੀ ਵਿਗਿਆਨ ਦੀਆਂ ਲੱਭਤਾਂ ਨੂੰ ਤੋੜ-ਮਰੋੜ ਕੇ ਪਦਾਰਥਵਾਦ 'ਤੇ ਹਮਲੇ ਲਈ ਵਰਤਦੀ ਹੈ। ਲੈਨਿਨ ਨੇ ਫਲਸਫੇ ਬਾਰੇ ਆਪਣੀ ਆਖਰੀ ਲਿਖਤ-1922 : (ਜਿਸ ਨੂੰ ਦਾਰਸ਼ਨਿਕ ਵਸੀਅਤ ਵੀ ਕਿਹਾ ਜਾਂਦਾ ਹੈ)

'ਜੁਝਾਰ ਪਦਾਰਥਵਾਦ ਦੇ ਮਹੱਤਵ ਬਾਰੇ' ਵਿਚ
ਪਦਾਰਥਵਾਦੀਆਂ ਨੂੰ ਸੁਚੇਤ ਕੀਤਾ ਸੀ :

* '... ਇਹ ਚੇਤੇ ਰੱਖਿਆ ਜਾਣਾ ਚਾਹੀਦਾ ਹੈ ਕਿ ਜਿਸ ਤਿੱਖੀ ਉਥਲ-ਪੁਥਲ ਵਿੱਚੋਂ ਆਧੁਨਿਕ ਪ੍ਰਕਿਰਤੀ ਵਿਗਿਆਨ ਲੰਘ ਰਿਹਾ ਹੈ, ਉਹ ਜ਼ਿਆਦਾਤਰ ਪਿੱਛੇ-ਖਿੱਚੂ ਦਾਰਸ਼ਨਿਕ ਪੰਥਾਂ ਅਤੇ ਛੋਟੇ ਪੰਥਾਂ, ਰੁਝਾਨਾਂ ਅਤੇ ਛੋਟੇ ਰੁਝਾਨਾਂ ਨੂੰ ਪੈਦਾ ਕਰਦਾ ਹੈ।ਇਸ ਲਈ ਜਿੰਨਾ ਚਿਰ ਪ੍ਰਕਿਰਤੀ ਵਿਗਿਆਨ ਵਿੱਚ ਹੋਏ ਇਨਕਲਾਬ ਵੱਲੋਂ ਪੈਦਾ ਕੀਤੀਆਂ ਸਮੱਸਿਆਵਾਂ ਨੂੰ ਸਮਝਿਆ ਨਹੀਂ ਜਾਂਦਾ ਅਤੇ ਜਿੰਨਾ ਚਿਰ ਪ੍ਰਕਿਰਤੀ ਵਿਗਿਆਨੀਆਂ ਨੂੰ ਕਿਸੇ ਦਾਰਸ਼ਨਿਕ ਪੱਤਰਕਾ ਦੇ ਕੰਮ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ, ਓਨਾ ਚਿਰ ਜੁਝਾਰ ਪਦਾਰਥਵਾਦ ਨਾ ਤਾਂ ਜੁਝਾਰ ਹੀ ਹੋ ਸਕਦਾ ਅਤੇ ਨਾ ਹੀ ਪਦਾਰਥਵਾਦ।'

1915 ਵਿਚ ਜਦੋਂ ਆਈਨਸਟੀਨ ਦੀ 'ਜਨਰਲ ਥਿਉਰੀ ਆਫ ਰੈਲੇਟੀਵਿਟੀ' ਪਬਲਿਸ਼ ਹੋਈ ਤਾਂ ਬੁਰਜੂਆ ਬੁਧੀਜੀਵੀਆਂ ਨੇ ਉਸ ਨੂੰ ਪਦਾਰਥਵਾਦ ਵਿਰੁੱਧ ਵਰਤਣ ਲਈ ਝੱਪਟ ਲਿਆ ਸੀ।

'ਮਾਰਕਸਵਾਦ ਦੇ ਝੰਡੇ ਹੇਠ' ਪੱਤਰਕਾ ਦੇ ਸੰਪਾਦਕ ; ਏ. ਤਿਮਿਰਿਆਜੇਵ ਨੇ ਅੰਕ 1-2 ਵਿਚ ਇਸ ਬਾਰੇ ਲਿਖਿਆ, ਜਿਸ ਦਾ ਜ਼ਿਕਰ ਲੈਨਿਨ ਇੰਝ ਕਰਦੇ ਹਨ:

* 'ਏ. ਤਿਮਿਰਿਆਜੇਵ ਦੇ ਛਪੇ ਲੇਖ ਤੋਂ ਸਾਨੂੰ ਆਸ ਬੱਝਦੀ ਹੈ ਕਿ ਇਹ ਪੱਤਰਕਾ ਦੂਜੀ ਸਾਂਝ ਬਣਾਉਣ ਵਿਚ ਵੀ ਕਾਮਯਾਬ ਹੋ ਜਾਵੇਗੀ.....

ਪਹਿਲੇ ਅੰਕ ਵਿਚ ਇਹ ਟਿੱਪਣੀ ਕਰਨੀ ਪਈ ਕਿ ਆਈਨਸਟੀਨ, ਜੋ ਕਿ ਤਿਮਿਰਿਆਜੇਵ ਅਨੁਸਾਰ, ਖੁਦ ਪਦਾਰਥਵਾਦ ਦੀਆਂ ਬੁਨਿਆਦਾਂ ਉੱਤੇ ਸਰਗਰਮ ਹਮਲਾ ਨਹੀਂ ਕਰ ਰਹੇ, ਦੇ ਸਿਧਾਂਤ ਨੂੰ ਸਾਰੇ ਦੇਸ਼ਾਂ ਦੇ ਪੂੰਜੀਵਾਦੀ ਬੁੱਧੀਜੀਵੀਆਂ ਨੇ ਝਪਟ ਲਿਆ ਹੈ ; ਇਸ ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਕਿ ਇਹ ਸਿਰਫ ਆਈਨਸਟੀਨ ਉੱਤੇ ਹੀ ਲਾਗੂ ਨਹੀਂ ਹੁੰਦਾ, ਸਗੋਂ 19ਵੀਂ ਸਦੀ ਦੇ ਅੰਤ ਤੋਂ ਲੈ ਕੇ ਪ੍ਰਕਿਰਤੀ ਵਿਗਿਆਨ ਦੇ ਮਹਾਨ ਸੁਧਾਰਕਾਂ ਦੀ ਜੇ ਬਹੁਗਿਣਤੀ ਉੱਤੇ ਨਹੀਂ ਤਾਂ ਕਈਆਂ ਉੱਤੇ ਤਾਂ ਲਾਗੂ ਹੁੰਦਾ ਹੀ ਹੈ।'

ਲੈਨਿਨ ਨੇ ਅੱਗੋਂ ਸੁਚੇਤ ਰਹਿਣ ਲਈ ਹਦਾਇਤ (ਵਸੀਅਤ) ਵਿਚ ਲਿਖਿਆ :

* 'ਇਸ ਵਰਤਾਰੇ ਵੱਲ ਸਾਡਾ ਰਵੱਈਆ ਰਾਜਨੀਤਿਕ ਤੌਰ 'ਤੇ ਇੱਕ ਚੇਤਨ ਰਵੱਈਆ ਹੋਣ ਕਰਕੇ ਇਹ ਲਾਜ਼ਮੀ ਤੌਰ 'ਤੇ ਸਮਝ ਲੈਣਾ ਚਾਹੀਦਾ ਹੈ ਕਿ ਜਿੰਨਾ ਚਿਰ ਠੋਸ ਰਾਜਨੀਤਿਕ ਜ਼ਮੀਨ ਉੱਤੇ ਖੜੇ ਨਹੀਂ ਹੁੰਦਾ, ਓਨਾ ਚਿਰ ਕੋਈ ਵੀ ਪ੍ਰਕਿਰਤੀ ਵਿਗਿਆਨ ਅਤੇ ਕੋਈ ਵੀ ਪਦਾਰਥਵਾਦ ਪੂੰਜੀਵਾਦੀ ਵਿਚਾਰਾਂ ਦੇ ਹਮਲੇ ਅਤੇ ਪੂੰਜੀਵਾਦੀ ਵਿਸ਼ਵ ਦ੍ਰਿਸ਼ਟੀਕੋਣ ਦੀ ਬਹਾਲੀ ਦੇ ਖਿਲਾਫ ਸੰਘਰਸ਼ ਵਿੱਚ ਆਪਣੇ ਤੌਰ 'ਤੇ ਡਟਿਆ ਨਹੀਂ ਰਹਿ ਸਕਦਾ। ਇਹ ਸੰਘਰਸ਼ ਵਿੱਚ ਖੁਦ ਡਟਿਆ ਰਹਿਣ ਵਾਸਤੇ ਇਸ ਨੂੰ ਇੱਕ ਜੇਤੂ ਅੰਤ ਤੱਕ ਲੈ ਜਾਣ ਲਈ ਪ੍ਰਕਿਰਤੀ ਵਿਗਿਆਨੀ ਲਈ ਲਾਜ਼ਮੀ ਹੈ ਕਿ ਉਹ ਇੱਕ ਆਧੁਨਿਕ ਪਦਾਰਥਵਾਦੀ ਹੋਵੇ, ਮਾਰਕਸ ਵੱਲੋਂ ਪੇਸ਼ ਕੀਤੇ ਪਦਾਰਥਵਾਦ ਦਾ ਸੁਚੇਤ ਪੈਰੋਕਾਰ ਹੋਵੇ, ਅਰਥਾਤ ਉਹ ਲਾਜ਼ਮੀ ਤੌਰ 'ਤੇ ਇੱਕ ਵਿਰੋਧਵਿਕਾਸੀ ਪਦਾਰਥਵਾਦੀ ਹੋਵੇ।'

ਆਓ ਪਦਾਰਥਵਾਦੀ-ਦਾਰਸ਼ਨਿਕ-ਸ਼ੀਸ਼ੇ ਵਿੱਚ ਆਪਣਾ ਅਕਸ ਵੇਖੀਏ !

ਫਲਸਫੇ ਦੀ ਟੱਕਰ ਵਿਚ ਵਿਚਾਰਵਾਦ; 'ਮੁਕੰਮਲ ਵਿਚਾਰ' (Idealism) ਨੂੰ ਕਰਤਾ, ਕਰਤਾਰ ਤੱਕ ਭਾਵ 'ਰੱਬ' ਦੀ ਧਾਰਨਾ ਤੱਕ ਉਚਿਆਉਂਦਾ ਹੈ; ਪਦਾਰਥ, ਪੁਲਾੜ, ਸਮਾਂ ਸਭ ਉਸ ਦੀ ਰਚਨਾ (ਉਪਜ) ਦਰਸਾਉਂਦਾ ਹੈ।

ਜਿਸ ਦੇ ਉਲਟ ਪਦਾਰਥਵਾਦ; ਪਦਾਰਥ ਦੀ ਸਦੀਵਤਾ (Eternity) ਸਮੇਂ ਵਿਚ ਅਤੇ ਪੁਲਾੜ ਵਿਚ ਅਮੁਕਤਾ (infinity) ਦਾ ਧਾਰਨੀ ਹੈ। ਪਦਾਰਥ ਦੀ ਹੋਂਦ ਦੇ ਸਬੂਤ ਪੁਲਾੜ ਤੇ ਸਮਾਂ ਹੈ, ਜੋ ਅਨਿੱਖੜ ਹਨ।

ਮਨੁੱਖੀ ਮਨ ਉਤੇ ਬਾਹਰੀ ਸੰਸਾਰ ਦਾ ਪ੍ਰਤੀਬਿੰਬ ਹੈ ਜੋ ਵਿਚਾਰਾਂ ਵਿਚ ਬਦਲ ਜਾਂਦਾ ਹੈ।ਵਿਚਾਰ ਪਦਾਰਥਕ ਹਾਲਾਤ ਦੀ ਪੈਦਾਵਾਰ ਹਨ।

ਮਾਰਕਸਵਾਦ ਦੀ ਥਾਂ 'ਨਵ-ਮਾਰਕਸਵਾਦ' ਦੇ ਪ੍ਰਭਾਵ ਹੇਠ, ਵਿਗਿਆਨ ਦੀ ਬੁਰਜੂਆ ਪੱਖ ਵਿਚ ਤੋੜ-ਮਰੋੜ ਦੇ ਪ੍ਰਚਾਰ ਹੇਠ, ਭੌਤਿਕ-ਵਿਗਿਆਨ ਨੂੰ ਫਲਸਫੇ ਤੋਂ ਉਪਰ ਦਰਸਾਉਣ ਦੇ ਝੂਠੇ ਪ੍ਰਚਾਰ ਹੇਠ; ਪਦਾਰਥਵਾਦੀ, ਆਧੁਨਿਕ ਪਦਾਰਥਵਾਦੀ ਬਣਨ ਦੀ ਥਾਂਵੇਂ, ਉਸ ਅੱਗੇ ਸਿੱਥਲ ਪੈ ਗਏ।

ਪਦਾਰਥਵਾਦ ਉਤੇ ਡਟਣ ਦੀ ਹਦਾਇਤ ਭੁੱਲ ਗਏ। ਉਹ ਝੂਠੇ ਮੱਤ Big Bang ਦੇ ਪ੍ਰਚਾਰਕ ਬਣ ਗਏ। ਮੱਤ ਦੀ ਪੁੱਛਟੀ ਹੋਣ ਉਪਰੰਤ, ਮੱਤ ਸਿਧਾਂਤ ਬਣਦਾ ਹੈ। ਉਹ ਮੱਤ ਦੀ ਪੁਸ਼ਟੀ ਹੋਏ ਬਗੈਰ ਹੀ 'ਸਿਧਾਂਤ' ਪ੍ਰਵਾਨ ਕਰ ਬੈਠੇ ਨੇ।

ਉਹ, ਬੁਰਜੂਆ ਵਿਗਿਆਨੀ 'ਸਟੀਫਨ ਹਾਕਿੰਗ' ਨੂੰ, ਜਿਸ ਨੇ ਪਦਾਰਥਵਾਦ 'ਤੇ ਹਮਲਾ ਕੀਤਾ, ਜਿਸ ਦਾ ਮੱਤ ਹੈ ਕਿ 'ਇਕ ਸਮਾਂ ਸੀ ਜਦੋਂ ਸਮਾਂ ਨਹੀਂ ਸੀ'। ਪਦਾਰਥ, ਪੁਲਾੜ, ਸਮਾਂ big bang ਨਾਲ ਅਰੰਭ ਹੋਇਆ ਹੈ, ਆਦਿ-ਆਦਿ।

ਉਹ, big bang ਨੂੰ ਸ੍ਰਿਸ਼ਟੀ (ਬ੍ਰਹਿਮੰਡ) ਦੀ ਉਤਪਤੀ ਦਾ (ਪਹਿਲੇ 'ਅਦਰਸ਼ਵਾਦ' ਸੀ, ਦੀ ਥਾਂ) ਨਵਾਂ, ਆਧੁਨਿਕ ਵਿਗਿਆਨਕ ਸਰੋਤ ਬਣਾ ਦਰਸਾਅ ਰਹੇ ਹਨ।

ਇੰਝ ਉਹ singularity ਦੇ ਸਿਧਾਂਤਕ ਰਾਹ ਉੱਤੇ ਹਨ। ਉਹ ਏਨਾ ਅੱਗੇ ਵਧ ਕੇ ਹਮਲਾ ਕਰ ਰਹੇ ਹਨ ਕਿ ਸਿੰਗੂਲਰਟੀ ਦੇ ਸਿਧਾਂਤ ਦੀ ਕਿਤਾਬ Sapiens"(A brief history of humankind) ਨੂੰ, ਮਾਰਕਸ ਦੀ ਮਹਾਨ ਲੱਭਤ ਇਤਿਹਾਸਕ ਪਦਾਰਥਵਾਦ (ਇਤਿਹਾਸ ਦਾ ਪਦਾਰਥਵਾਦੀ ਵਿਖਿਆਣ) ਦਾ ਬਦਲ ਬਣਾ ਕੇ, ਪ੍ਰਚਾਰ ਅਤੇ ਵਡਿਆ ਰਹੇ ਹਨ।

ਘਚੋਲੇ ਭਰੇ ਦੌਰ ਵਿਚ ਪਦਾਰਥਵਾਦ ਬਾਰੇ ਸਿਧਾਂਤ ਹੀਣਤਾ ਦਾ ਹਾਲ ਇਹ ਹੋ ਗਿਆ ਹੈ ਕਿ ਮਾਰਕਸਵਾਦ ਦੇ 'ਅਗਿਆਨੀ'- ਅਧਿਆਪਕ, ਸਮੇਤ ਆਗੂ ਵੀ, ਇਸ (ਆਧੁਨਿਕ ਵਿਚਾਰਵਾਦ) ਦੇ ਪ੍ਰਚਾਰਕ ਬਣੇ ਮਿਲਦੇ ਹਨ, ਜਦੋਂ ਕਿ ਇਸ ਕਿਤਾਬ ਦਾ ਲੇਖਕ ਵਾਈ.ਐਨ. ਹਰਾਰੀ ਖੁਦ ਇਸ (sapiens) ਨੂੰ ਅਤੇ big bang ਨੂੰ, 'ਸਿੰਗੂਲਰਟੀ' ਦੇ ਸਿਧਾਂਤ ਦਾ ਵਿਖਿਆਨ ਐਲਾਨ ਕਰਦਾ ਹੈ।

physicist define the big bang as a singularity. It is a point at which all the known laws of nature did not exist. Time too did not exist.It is thus meaningless to say that anything existed "before" the big bang. We may be fast approaching a new singularity, when all the concepts that give meaning to our world— me, you, men, women, love and hate— will become irrelevant. Anything happening beyoud that point is meaningless to us."

ਯਾਦ ਰਹੇ : singularity ਦਾਰਸ਼ਨਿਕ ਵਿਚਾਰਵਾਦ ਦਾ ਮਾਰਗ ਹੈ ਅਤੇ ਪਦਾਰਥਵਾਦ ਦਾ ਮਾਰਗ ਵਿਰੋਧਵਿਕਾਸਵਾਦ (dialectics) ਹੈ। ਇਹੀ ਦਾਰਸ਼ਨਿਕ ਭਿੰਨਤਾ ਅਤੇ ਭੇੜ ਹੈ। ਅਸੀਂ ਆਪਣੀ ਪੁਜ਼ੀਸ਼ਨ ਆਪ ਪੜਤਾਲ ਕਰਨੀ ਹੈ, ਅਸੀਂ ਕਿਸ ਪਾਸੇ ਹਾਂ ?

ਸਟੀਫਨ ਹਾਕਿੰਗ ਦੇ 'ਬਦਨਾਮ ਅਫਸਟੀਨ ਫਾਈਲਾਂ' ਵਿਚਲੇ ਸੰਬੰਧ-ਜ਼ਿਕਰ ਨੇ, ਮਾਰਕਸਵਾਦੀਆਂ ਦੇ ਸੋਚਣ ਲਈ ਆਪਣਾ ਰੀਵਿਊ ਕਰਨ ਲਈ, ਨਵੇਂ ਹਾਲਾਤ ਬਣਾ ਦਿੱਤੇ ਹਨ। ਸੋਚੋ! ਬੁਰਜੂਆਜੀ, ਪਦਾਰਥਵਾਦ 'ਤੇ ਹਮਲੇ ਲਈ ਕਿੱਥੋਂ ਤੱਕ ਜਾ ਸਕਦੀ ਹੈ?

ਨਾਲ ਇਹ ਵੀ ਸੋਚਣ ਦਾ ਵਿਸ਼ਾ ਹੈ ਕਿ 'ਨੌਮ ਚੌਮਸਕੀ', monthly review ਪਰਚੇ ਰਾਹੀਂ ਕੀ ਸੇਧ ਦਿੰਦਾ ਰਿਹਾ ? ਜਿਸ ਨੇ ਖੱਬੇ ( Left) ਸ਼ਬਦ ਦਾ ਪ੍ਰਯੋਗ ਕਿਸ ਕਦਰ ਪ੍ਰਚਾਰ ਦਿੱਤਾ ਕਿ ਉਹ ਸਾਂਝੀਵਾਲ (communist) ਸ਼ਬਦ ਦਾ ਬਦਲ ਬਣਾ ਧਰਿਆ। ਉਸ ਨੂੰ ਜੈਫਰੀ ਅਫਸਟੀਨ ਕੇਂਦਰ ਲੱਖਾਂ (2.70) ਡਾਲਰ ਕਿਸ ਕਾਰਜ ਲਈ ਦਿੰਦਾ ਰਿਹਾ ?

ਨਵੇਂ ਤੇ ਸੁਹਿਰਦ ਲੋਕ ਜੋ ਮਾਰਕਸਵਾਦ ਵਿਚ ਅੱਜ ਵੀ ਯਕੀਨ ਕਰਦੇ ਹਨ ; ਉਹਨਾਂ ਲਈ ਵਿਗਾੜਾਂ ਬਾਰੇ ਚੇਤਨ ਹੋਣ ਅਤੇ ਮਾਰਕਸਵਾਦ ਦੇ ਮੂਲ ਸਿਧਾਂਤ ਵੱਲ ਪਰਤਣ ਦਾ ਅਧਿਐਨ ਕਰਨ, ਸਿੱਖਣ ਅਤੇ ਅਮਲੀ ਸਰਗਰਮੀ ਦਾ ਮੌਕਾ ਹੈ। ਉਹ ਪੜ੍ਹਨ ਅਤੇ ਸਿੱਖਣ; 'ਮਾਰਕਸਵਾਦ ਸਰਬ ਸ਼ਕਤੀਮਾਨ ਹੈ ਕਿਉਂਕਿ ਇਹ ਸੱਚ ਹੈ।'

ਲੈਨਿਨ ਦੀ ਕਿਤਾਬ 'ਪਦਾਰਥਵਾਦ ਅਤੇ ਅਨੁਭਵਵਾਦੀ ਅਲੋਚਨਾ' ਤੋਂ ਪਿੱਛੋਂ ਜੋ ਪਦਾਰਥਵਾਦ ਵਿਚ ਨਵੇਂ ਨਿਤਾਰ ਤੇ ਨਿਖਾਰ ਆਏ ਹਨ ਜਾਂ ਭੌਤਿਕ ਵਿਗਿਆਨ ਨੇ ਜੋ ਨਵਾਂ ਦਿੱਤਾ ਹੈ। ਸਮੇਤ 'ਕੁਆਂਟਮ ਸਿਧਾਂਤ' ਅਤੇ 'ਘਾੜਤ-ਬੁੱਧੀ' (19), ਸਭ ਪਦਾਰਥਵਾਦ ਦੀ ਪੁਸ਼ਟੀ ਕਰਦੇ ਹਨ।

ਮਾਰਕਸਵਾਦੀ ਸਿੱਖਿਆ ਦੇ ਤਿੰਨ ਅੰਗ-ਭਾਗ ਹਨ, ਜੋ ਅੰਤਰ-ਸੰਬੰਧਤ (inter-connected) ਹਨ।

ਲੈਨਿਨ ਨੇ ਇਸ ਬਾਰੇ ਬਿਆਨ ਕੀਤਾ ਹੈ:

'ਇੱਕੋ-ਇਕ ਮਾਰਕਸ ਦਾ ਦਾਰਸ਼ਨਿਕ-ਪਦਾਰਥਵਾਦ ਪਰੋਲੇਤਾਰੀ ਨੂੰ ਰੂਹਾਨੀ ਗੁਲਾਮੀ ਤੋਂ ਛੁਟਕਾਰੇ ਦਾ ਰਾਹ ਦਿੰਦਾ, ਜਿਸ ਵਿਚ ਪੀੜਤ ਜਮਾਤਾਂ ਹੁਣ ਤੱਕ ਨਪੀੜੀਆਂ ਹਨ।'

'ਮਾਰਕਸ ਦਾ ਆਰਥਿਕ ਸਿਧਾਂਤ ਇੱਕੋ-ਇਕ ਹੈ, ਜੋ ਸਰਮਾਏਦਾਰੀ ਪ੍ਰਬੰਧ ਵਿਚ ਪ੍ਰੋਲਤਾਰੀਏ ਦੀ ਸਹੀ ਹਾਲਤ ਦਾ ਵਿਖਿਆਨ ਕਰਦਾ ਹੈ।....

ਅਤੇ ਵਿਗਿਆਨਕ ਸਾਂਝੀਵਾਲਤਾ ਬਗੈਰ ਪਦਾਰਥਵਾਦ ਅਧੂਰਾ, ਇਕ ਪਾਸੜ ਅਤੇ ਬੇਜਾਨ ਹੈ।'

Marx's philosophical materialism alone has shown the prolaterariat the way out of the spiritual slavery in which all oppressed classes have hitherto languished.

* "Marx's economic theory alone has explained the true position of the proletariat in the general system of capitalism. "

Marxist-Leninist teachings would have been incomplete without scintific communism.

*"without this aspect materialism is incomplete one sided and lifeless."

ਇਹ ਵਿਗਿਆਨਕ ਸਾਂਝੀਵਾਲਤਾ ਕੀ ਹੈ ?

ਜਿਸ ਬਗੈਰ ਪਦਾਰਥਵਾਦ ਵੀ ਅਧੂਰਾ ਤੇ ਬੇਜਾਨ ਹੋ ਜਾਂਦਾ ਹੈ! ਅਤੇ ਰਾਹ ਦਰਸਾਊ ਨਹੀਂ ਰਹਿੰਦਾ!

ਇਸ ਦੇ ਅਮਲ ਦਾ, ਘੋਲ ਦਾ ਕੀ ਰੂਪ ਹੈ ?

(ਚਲਦਾ)

# 'ਕੁਫ਼ਰ ਟੂਟਾ ਖੁਦਾ-ਖੁਦਾ ਕਰ ਕੇ', ਧਰਮਿੰਦਰ ਪ੍ਰਧਾਨ ਨੂੰ ਅਸਤੀਫਾ ਦੇਣਾ ਪੈ ਗਿਆ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਇਹ ਲਿਖਤ ਲਿਖਣ ਵੇਲੇ ਭਾਰਤ ਇੱਕ ਡੂੰਘੇਰੀ ਘੁੰਮਣਘੇਰੀ ਵਿੱਚ ਫਸਿਆ ਨਜ਼ਰ ਪੈਂਦਾ ਹੈ। ਕੇਂਦਰ ਸਰਕਾਰ ਦੇ ਪੱਖ ਦਾ ਮੀਡੀਆ, ਅਖਬਾਰਾਂ ਅਤੇ ਟੀ ਵੀ ਚੈਨਲ ਇਹ ਪ੍ਰਚਾਰ ਕਰਦੇ ਹਨ ਕਿ 'ਕਾਕਰੋਚਾਂ ਦੀ ਭੀੜ ਵਿੱਚ' ਬਹੁਤ ਸਾਰੇ ਦੰਗਾ-ਫਸਾਦ ਕਰਨ ਵਾਲੇ ਤੇ ਆਦੀ ਮੁਜਰਮ ਸ਼ਾਮਲ ਹੋ ਗਏ ਹਨ। 'ਕਾਕਰੋਚ' ਸ਼ਬਦ ਦੀ ਕਾਢ ਸ਼ਰਾਰਤਾਂ ਕਰਨ ਵਾਲੇ ਕਿਸੇ ਆਦਮੀ ਨੇ ਨਹੀਂ ਕੱਢੀ, ਇਸ ਦੇਸ਼ ਦੀ ਸੁਪਰੀਮ ਕੋਰਟ ਦੇ ਮੁਖੀ ਜੱਜ ਨੇ ਇਹ ਸ਼ਬਦ ਬਿਨਾਂ ਕਾਰਨ ਵਰਤਿਆ ਸੀ। ਉਨ੍ਹਾ ਅੱਗੇ ਕੇਸ ਕੋਈ ਹੋਰ ਪਿਆ ਸੀ, ਵਿਚਾਲਿਉਂ ਕਹਿਣ ਲੱਗ ਪਏ ਕਿ ਅੱਜਕੱਲ੍ਹ ਬੇਰੁਜ਼ਗਾਰ ਨੌਜਵਾਨ ਕਾਕਰੋਚਾਂ ਵਾਂਗ ਵਿਹਾਰ ਕਰਦੇ ਹਨ। ਉਨ੍ਹਾਂ ਦੇ ਸਾਰੇ ਸ਼ਬਦ ਇਸ ਵਕਤ ਯਾਦ ਨਹੀਂ, ਪਰ ਏਨੀ ਗੱਲ ਯਾਦ ਹੈ ਕਿ ਮੁਖੀ ਜੱਜ ਨੇ ਜੋ ਕੁਝ ਕਿਹਾ ਸੀ, ਉਹ ਫਿਰ ਦੇਸ਼ ਵਿੱਚ ਪੁਆੜੇ ਦੀ ਇਹੋ ਜਿਹੀ ਜੜ੍ਹ ਬਣ ਗਿਆ ਕਿ ਨਰਿੰਦਰ ਮੋਦੀ ਸਰਕਾਰ ਵੀ ਫਸੀ ਪਈ ਹੈ ਤੇ ਖੁਦ ਮੁਖੀ ਜੱਜ ਇਸ ਸ਼ਬਦ ਬਾਰੇ ਨਿੱਤ ਦਿਨ ਕਿਸੇ ਨਾ ਕਿਸੇ ਬਹਾਨੇ ਸਫਾਈਆਂ ਦਿੰਦਾ ਤੇ ਹੋਰ-ਹੋਰ ਉਲਝਦਾ ਜਾਂਦਾ ਹੈ। ਪਹਿਲਾਂ ਨੌਜਵਾਨਾਂ ਨੂੰ ਕਾਕਰੋਚ ਕਹਿ ਦਿੱਤਾ, ਫਿਰ ਇਹ ਆਖਿਆ ਕਿ ਕਹਿਣ ਦਾ ਇਹ ਅਰਥ ਨਹੀਂ ਸੀ, ਪਰ ਅਰਥ ਕੀ ਸੀ, ਇਹ ਕਦੇ ਸਪੱਸ਼ਟ ਨਹੀਂ ਕੀਤਾ। ਫਿਰ ਇਸ ਸ਼ਬਦ ਦੇ ਨਾਲ ਜੋੜ ਕੇ ਇੱਕ ਪਾਰਟੀ ਬਣ ਗਈ ਅਤੇ ਉਹ ਪਾਰਟੀ ਨੌਜਵਾਨਾਂ ਨਾਲ ਹੁੰਦੀਆਂ ਬੇਇਨਸਾਫੀਆਂ ਦੂਰ ਕਰਾਉਣ ਲਈ ਦਿੱਲੀ ਦੇ ਜੰਤਰ-ਮੰਤਰ ਵਿੱਚ ਮੋਰਚਾ ਲਾ ਬੈਠੀ। ਸਰਕਾਰ ਵੀ ਇਸ ਨਾਲ ਬਹੁਤੀ ਫਸ ਗਈ ਤੇ ਨਿਆਂ ਪਾਲਿਕਾ ਵੀ ਸੰਕਟ ਤੋਂ ਬਚੀ ਨਹੀਂ ਰਹਿ ਸਕੀ।

ਇੱਕ ਦਿਨ ਕਾਕਰੋਚ ਜਨਤਾ ਪਾਰਟੀ ਵਾਲੇ ਪਾਰਲੀਮੈਂਟ ਵੱਲ ਕੂਚ ਕਰਨ ਲੱਗੇ, ਪੁਲਸ ਨੇ ਜਿਹੜਾ ਵਿਹਾਰ ਕੀਤਾ, ਦੁਨੀਆ ਭਰ ਵਿੱਚ ਚਰਚਾ ਦਾ ਮੁੱਦਾ ਬਣਿਆ, ਖਾਸ ਕਰ ਕੇ ਲੜਕੀਆਂ ਨਾਲ ਬਦਤਮੀਜ਼ੀ ਦੀ ਹਰ ਪਾਸੇ ਨਿਖੇਧੀ ਹੋਣ ਦੀ ਲੰਮੀ ਲੜੀ ਬੱਝ ਗਈ। ਦਬਾਅ ਹੇਠ ਆਈ ਸਰਕਾਰ ਦੇ ਮੰਤਰੀ ਅੱਧੀ ਰਾਤ ਵੇਲੇ ਭੁੱਖ ਹੜਤਾਲ ਕਰੀ ਬੈਠੇ ਨੇਤਾ ਸੋਨਮ ਵਾਂਗਚੁਕ ਕੋਲ ਗਏ ਤੇ ਉਸ ਨੂੰ ਵਰਤ ਤੋੜਨ ਲਈ ਰਾਜ਼ੀ ਕਰ ਲਿਆ। ਸਵੇਰ ਨੂੰ ਸਮਝੌਤਾ ਹੋਣ ਦੀਆਂ ਖਬਰਾਂ ਫੈਲਾਉਣ ਦਾ ਚੱਕਰ ਚਲਾ ਲਿਆ। ਸੋਨਮ ਵਾਂਗਚੁਕ ਨੇ ਕਿਹਾ ਕਿ ਉਸ ਨੇ ਵਰਤ ਇਸ ਲਈ ਛੱਡਿਆ ਹੈ ਕਿ ਨੌਜਵਾਨ ਕਿਧਰੇ ਹਿੰਸਾ ਦੇ ਰਾਹ ਨਾ ਪੈ ਜਾਣ, ਸਮਝੌਤਾ ਨਹੀਂ ਹੋਇਆ। ਅੱਧੀ ਰਾਤ ਨੂੰ ਪ੍ਰਧਾਨ ਮੰਤਰੀ ਨੇ ਇੱਕ ਵੀਡੀਉ ਜਾਰੀ ਕਰ ਕੇ ਮਸਲੇ ਦੇ ਹੱਲ ਦਾ ਐਲਾਨ ਕੀਤਾ, ਉਸ ਦੇ ਪ੍ਰਭਾਵ ਹੇਠ ਅਗਲੇ ਦਿਨ ਮੰਤਰੀ ਮੰਡਲ ਦੀ ਮੀਟਿੰਗ ਲਾਈ ਤੇ ਨੌਜਵਾਨਾਂ ਵਾਸਤੇ ਵੱਡਾ ਮੁੱਦਾ ਬਣੇ 'ਨੀਟ' (ਨੈਸ਼ਨਲ ਇਲੀਜੀਬਿਲਟੀ-ਕਮ-ਐਂਟਰੈਂਸ ਟੈੱਸਟ) ਦੀ ਪੇਪਰ ਲੀਕੇਜ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦਾ ਐਲਾਨ ਕਰ ਦਿੱਤਾ। ਨਾਲ ਇਹ ਇਮਤਿਹਾਨ ਲੈਣ ਵਾਲੀ ਨੈਸ਼ਨਲ ਟੈੱਸਟਿੰਗ ਏਜੰਸੀ (ਐੱਨ ਟੀ ਏ) ਵਾਲੇ ਕਈ ਅਫਸਰ ਨੌਕਰੀਆਂ ਤੋਂ ਕੱਢ ਦਿੱਤੇ, ਪਰ ਮੁੱਦੇ ਦੀ ਜੜ੍ਹ ਨਹੀਂ ਫੜੀ ਗਈ, ਪਾਸਾ ਵੱਟ ਕੇ ਲੰਘਣ ਦਾ ਯਤਨ ਕੀਤਾ ਗਿਆ, ਜਿਸ ਨਾਲ ਕੰਮ ਨਹੀਂ ਸੀ ਸਰ ਸਕਦਾ। ਜੇ ਉਸ ਜੜ੍ਹ ਨੂੰ ਫੜਿਆ ਜਾਂਦਾ ਤਾਂ ਗੱਲ ਕੇਂਦਰੀ ਮੰਤਰੀ ਤੱਕ ਪਹੁੰਚਣ ਦਾ ਡਰ ਲੱਗਦਾ ਸੀ, ਭਾਰਤ ਦਾ ਪ੍ਰਧਾਨ ਮੰਤਰੀ ਆਪਣੇ ਮੰਤਰੀ ਦੀ ਬਲੀ ਦੇਣ ਵਾਸਤੇ ਤਿਆਰ ਨਹੀਂ ਸੀ ਹੋ ਰਿਹਾ।

ਕਾਕਰੋਚ ਪਾਰਟੀ ਦੇ ਜਨਮ ਦੀ ਜੜ੍ਹ ਬਣਿਆ ਮੁੱਦਾ 'ਨੀਟ' ਦਾ ਟੈੱਸਟ ਕਈ ਬੱਚਿਆਂ ਵੱਲੋਂ ਖੁਦਕੁਸ਼ੀਆਂ ਹੋਣ ਦਾ ਕਾਰਨ ਬਣਿਆ ਸੀ। ਜਦੋਂ ਇਸ ਦੇ ਪੇਪਰ ਲੀਕੇਜ ਦੀ ਗੱਲ ਸਾਹਮਣੇ ਆਈ ਤਾਂ ਟੈੱਸਟਿੰਗ ਏਜੰਸੀ ਤੇ ਸਰਕਾਰ ਨੇ ਕਿਹਾ ਸੀ ਕਿ ਜਿਨ੍ਹਾਂ ਬੱਚਿਆਂ ਟੈੱਸਟ ਦਿੱਤੇ, ਪਰ ਉਹ ਇਹ ਸੋਚ ਰਹੇ ਹਨ ਕਿ ਸ਼ਾਇਦ ਉਨ੍ਹਾਂ ਦੇ ਸਹੀ ਨੰਬਰ ਨਹੀਂ ਲੱਗੇ, ਉਹ ਆਪੋ-ਆਪਣੇ ਪੇਪਰ ਆਨਲਾਈਨ ਡਾਊਨਲੋਡ ਕਰ ਕੇ ਚੈੱਕ ਕਰ ਸਕਦੇ ਹਨ। ਜਿਨ੍ਹਾਂ ਬੱਚਿਆਂ ਨੇ ਏਹੋ ਜਿਹੀ ਕੋਸ਼ਿਸ਼ ਕੀਤੀ, ਉਨ੍ਹਾਂ ਦਾ ਰੰਗ ਓਦੋਂ ਉੱਡ ਗਿਆ, ਜਦੋਂ ਬਹੁਤਿਆਂ ਦੇ ਪੇਪਰ ਵਾਲਾ ਪਹਿਲਾ ਵਰਕਾ ਉਨ੍ਹਾਂ ਦਾ ਸੀ, ਅੰਦਰਲੇ ਸਫੇ ਕਿਸੇ ਨਾਲਾਇਕ ਦੇ ਉਸ ਪੇਪਰ ਨਾਲ ਟੰਗੇ ਹੋਏ ਸਨ। ਫਿਰ ਉਨ੍ਹਾਂ ਦੇ ਪੇਪਰ ਦੇ ਅੰਦਰਲੇ ਵਰਕੇ ਪੈਸੇ ਖਰਚ ਕਰਨ ਵਾਲੇ ਬੱਚਿਆਂ ਨੂੰ ਪਾਸ ਕਰਨ ਲਈ ਉਨ੍ਹਾਂ ਦੇ ਪੇਪਰਾਂ ਨਾਲ ਜੋੜੇ ਗਏ ਹੋਣਗੇ। ਇਸ ਨਾਲ ਦੁਹਾਈ ਏਦਾਂ ਦੀ ਮਚੀ ਕਿ ਅੱਗੜ-ਪਿੱਛੜ ਖੁਦਕੁਸ਼ੀਆਂ ਕਰਨ ਦੀਆਂ ਖਬਰਾਂ ਆਉਣ ਲੱਗ ਪਈਆਂ। ਨੌਜਵਾਨ ਰੋਹ ਵਿੱਚ ਆ ਗਏ। ਇਸ ਦੇ ਬਾਅਦ ਮਸਲਾ ਸੁਪਰੀਮ ਕੋਰਟ ਗਿਆ ਤਾਂ ਕਿਸੇ ਕੇਸ ਦੀ ਸੁਣਵਾਈ ਕਰ ਰਹੇ ਸੁਪਰੀਮ ਕੋਰਟ ਦੇ ਮੁਖੀ ਜੱਜ ਨੇ ਨੌਜਵਾਨਾਂ ਬਾਰੇ 'ਕਾਕਰੋਚ' ਵਾਲੀ ਗੱਲ ਕਹਿ ਦਿੱਤੀ। ਅਜੇ ਇਸ ਦਾ ਗੁੱਸਾ ਸ਼ਾਂਤ ਹੋਣ ਵਿੱਚ ਨਹੀਂ ਸੀ ਆ ਰਿਹਾ ਕਿ ਰੋਸ ਪ੍ਰਗਟਾਵਾ ਕਰਦੇ ਨੌਜਵਾਨਾਂ ਉੱਤੇ ਦਿੱਲੀ ਪੁਲਸ ਵੱਲੋਂ ਕੀਤੇ ਜਬਰ ਦਾ ਮੁੱਦਾ ਸੁਪਰੀਮ ਕੋਰਟ ਜਾ ਪੁੱਜਾ ਤੇ ਓਥੇ ਬੈਠੇ ਛੁੱਟੀਆਂ ਵਾਲੇ ਜੱਜ ਨੇ ਸੁਣਵਾਈ ਕਰਨ ਦੀ ਥਾਂ ਛੁੱਟੀਆਂ ਮੁੱਕਣ ਤੱਕ ਲਈ ਟਾਲ ਦਿੱਤਾ। ਜਦੋਂ ਛੁੱਟੀਆਂ ਮੁੱਕਣ ਪਿੱਛੋਂ ਮੁੱਦਾ ਮੁਖੀ ਜੱਜ ਅੱਗੇ ਰੱਖਿਆ ਤਾਂ ਉਸ ਨੇ ਕਹਿ ਦਿੱਤਾ, 'ਤੁਸੀਂ ਮੇਰਾ ਵਕਤ ਬਰਬਾਦ ਨਾ ਕਰੋ, ਮੈਂ ਕੋਈ ਵੀਡੀਉ ਵੀ ਨਹੀਂ ਵੇਖਣੀ।' ਪਹਿਲਾਂ ਤੋਂ ਰੋਹ ਵਿੱਚ ਭਰੇ ਹੋਏ ਨੌਜਵਾਨ ਇਸ ਟਿਪਣੀ ਨਾਲ ਹੋਰ ਵੀ ਭੜਕ ਪਏ ਤੇ ਗੱਲ ਹੋਰ ਵਧ ਗਈ।

ਏਨਾ ਕੁਝ ਹੋਣ ਪਿੱਛੋਂ ਵੀ ਮੁੱਦੇ ਦੀ ਅਸਲ ਜੜ੍ਹ ਨਹੀਂ ਫੜੀ ਗਈ। ਅਸਲੀ ਜੜ੍ਹ ਉਸ ਦਿਨ ਲੋਕਾਂ ਸਾਹਮਣੇ ਆਈ ਸੀ, ਜਦੋਂ ਪਾਰਲੀਮੈਂਟ ਦੀ ਇੱਕ ਕਮੇਟੀ ਸਾਹਮਣੇ ਇੱਕ ਚੜ੍ਹਦੀ ਉਮਰ ਦਾ ਬੱਚਾ, ਜਿਹੜਾ ਹਾਲੇ ਸ਼ਾਇਦ ਅਠਾਰਾਂ ਸਾਲਾਂ ਦਾ ਨਹੀਂ ਹੋਇਆ, ਪੇਸ਼ ਹੋਇਆ ਤੇ ਉਸ ਨੇ ਦੱਸਿਆ ਕਿ ਪੇਪਰ ਲੀਕੇਜ ਇੱਕ ਬਾਕਾਇਦਾ ਸਾਜ਼ਿਸ਼ ਅਧੀਨ ਕੀਤੀ ਗਈ ਹੈ। ਉਸ ਨੇ ਦੱਸਿਆ ਕਿ ਟੈੱਸਟਿੰਗ ਏਜੰਸੀ ਦੇ ਨਿਯਮਾਂ ਵਿੱਚ ਸ਼ਾਮਲ ਸੀ ਕਿ ਕਿਸੇ ਵੀ ਸਮੇਂ ਕਿਸੇ ਇਮਤਿਹਾਨ ਦੇ ਕੰਮ ਵਿੱਚ ਹੇਰਾਫੇਰੀ ਕਰਨ ਦੀ ਦੋਸ਼ੀ ਕਿਸੇ ਕੰਪਨੀ ਨੂੰ ਇਮਤਿਹਾਨਾਂ ਦੇ ਕੰਮਾਂ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਦਾ, ਇਸ ਦੇ ਬਾਵਜੂਦ ਨੌਂ ਸਾਲ ਪਹਿਲਾਂ ਲੀਕੇਜ ਕਰਨ ਵਾਸਤੇ ਦੋਸ਼ੀ ਮੰਨੀ ਜਾ ਚੁੱਕੀ ਇੱਕ ਕੰਪਨੀ ਨੂੰ ਇਹ ਕੰਮ ਦਿੱਤਾ ਗਿਆ ਤੇ ਕੰਮ ਦੇਣ ਵਾਸਤੇ ਨਿਯਮਾਂ ਦੀ ਉਹ ਮੱਦ ਹਟਾ ਦਿੱਤੀ ਗਈ, ਜਿਹੜੀ ਏਦਾਂ ਕਰਨ ਤੋਂ ਮਨ੍ਹਾਂ ਕਰਦੀ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਸਾਰਾ ਕੁਝ ਇੱਕ ਸਾਜ਼ਿਸ਼ ਦੇ ਅਧੀਨ ਨਿਯਮਾਂ ਵਿੱਚ ਕੱਟ-ਵੱਢ ਕਰ ਕੇ ਸ਼ੁਰੂ ਕੀਤਾ ਗਿਆ ਅਤੇ ਬਾਅਦ ਵਿੱਚ ਜਿਹੜਾ ਕੁਝ ਹੋਇਆ, ਉਸ ਸਾਰੇ ਦੀ ਜੜ੍ਹ ਨਿਯਮ ਬਦਲਣ ਵਰਗੇ ਇਸ ਫੈਸਲੇ ਵਿੱਚ ਸੀ, ਇਸ ਲਈ ਪਹਿਲੀ ਲੋੜ ਉਸ ਵਿਅਕਤੀ ਨੂੰ ਫੜਨ ਦੀ ਹੈ, ਜਿਸ ਨੇ ਉਹ ਨਿਯਮ ਚੁੱਪ-ਚੁਪੀਤੇ ਬਦਲਿਆ ਤੇ ਚੋਰੀ ਦਾ ਰਾਹ ਖੋਲ੍ਹਿਆ ਸੀ।

ਉਸ ਬੱਚੇ ਦੀ ਕਹੀ ਇਹ ਇੱਕੋ ਗੱਲ ਹੇਠਲੇ ਅਮਲੇ-ਫੈਲੇ ਨੂੰ ਪਾਸੇ ਧੱਕ ਕੇ ਸਾਰੀ ਜ਼ਿੰਮੇਵਾਰੀ ਕੇਂਦਰੀ ਮੰਤਰੀ ਦੇ ਸਿਰ ਸੁਟਦੀ ਅਤੇ ਉਸ ਦੀ ਛੁੱਟੀ ਤੋਂ ਅੱਗੇ ਉਸ ਦੀ ਗ੍ਰਿਫਤਾਰੀ ਤੱਕ ਲਿਜਾਣ ਵਾਲੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਆਪਣੇ ਪਿਆਦਿਆਂ ਵਿੱਚੋਂ ਕਿਸੇ ਨੂੰ ਇਹੋ ਜਿਹੇ ਮੌਕੇ ਬਲੀ ਦਾ ਬੱਕਰਾ ਬਣਨ ਲਈ ਖੁੱਲ੍ਹਾ ਛੱਡ ਦੇਣ, ਏਦਾਂ ਕਰਦੇ ਤਾਂ ਹੋਰਨਾਂ ਉੱਤੇ ਵੀ ਇਹ ਅਸਰ ਜਾਂਦਾ ਕਿ ਔਖੀ ਘੜੀ ਪ੍ਰਧਾਨ ਮੰਤਰੀ ਨੇ ਕਿਸੇ ਦੀ ਬਾਂਹ ਨਹੀਂ ਫੜਨੀ, ਇਸ ਲਈ ਫਿਰ ਉਹ ਕਿਹਾ ਨਹੀਂ ਮੰਨਿਆ ਕਰਨਗੇ। ਡਾਕਟਰ ਮਨਮੋਹਨ ਸਿੰਘ ਵੇਲੇ ਵਿਦੇਸ਼ ਮੰਤਰੀ ਨਟਵਰ ਸਿੰਘ ਤੇ ਉਸ ਦੇ ਪੁੱਤਰ ਵੱਲੋਂ ਇਰਾਕ ਨਾਲ ਤੇਲ ਬਦਲੇ ਖੁਰਾਕ ਦੇ ਲੈਣ-ਦੇਣ ਵਿੱਚ ਹੱਥ ਰੰਗਣ ਦੀ ਖੇਡ ਨੰਗੀ ਹੋਣ ਪਿੱਛੋਂ ਭਾਰਤੀ ਜਨਤਾ ਪਾਰਟੀ ਨੇ ਨਟਵਰ ਸਿੰਘ ਦੇ ਅਸਤੀਫਾ ਦੇਣ ਤੱਕ ਪਾਰਲੀਮੈਂਟ ਨਹੀਂ ਸੀ ਚੱਲਣ ਦਿੱਤੀ, ਪਰ ਮਸਾਂ ਅੱਧਾ ਸਾਲ ਲੰਘ ਸਕਿਆ, ਉਹੀ ਨਟਵਰ ਸਿੰਘ ਭਾਜਪਾ ਦਾ ਚਹੇਤਾ ਬਣ ਗਿਆ ਸੀ। ਉਸ ਦੇ ਪੁੱਤਰ ਨੂੰ ਰਾਜਸਥਾਨ ਵਿੱਚ ਭਾਜਪਾ ਨੇ ਵਿਧਾਨ ਸਭਾ ਲਈ ਟਿਕਟ ਦਿੱਤੀ ਅਤੇ ਸਾਰਾ ਜ਼ੋਰ ਲਾ ਕੇ ਜਿਤਾਇਆ ਸੀ, ਜਿਸ ਨਾਲ ਸਾਰੇ ਦੇਸ਼ ਵਿੱਚ ਧਾਂਕ ਜੰਮ ਗਈ ਕਿ ਇਹ ਪਾਰਟੀ ਜਿਸ ਦੀ ਬਾਂਹ ਇੱਕ ਵਾਰ ਫੜ ਲਵੇ, ਫਿਰ ਜਿੰਨਾ ਚਾਹੇ ਰੌਲਾ ਪੈਂਦਾ ਫਿਰੇ, ਇਹ ਉਸ ਲਈ ਢਾਲ ਬਣੀ ਖੜ੍ਹੋਤੀ ਰਹਿੰਦੀ ਹੈ, ਉਸ ਦਾ ਵਾਲ ਵਿੰਗਾ ਨਹੀਂ ਹੋਣ ਦੇਂਦੀ। ਜਿਸ ਪਾਰਟੀ ਦਾ ਇਹ ਇਮੇਜ ਬਣ ਚੁੱਕਾ ਅਤੇ ਕਈ ਵਾਰ ਫਿਰ ਸਾਬਤ ਹੋ ਚੁੱਕਾ ਹੋਵੇ, ਉਹ ਅੱਜ ਪੈਂਤੜੇ ਤੋਂ ਨਹੀਂ ਸੀ ਥਿੜਕ ਸਕਦੀ। ਇੱਕ ਮੰਤਰੀ ਦੇ ਅਸਤੀਫੇ ਦੀ ਗੱਲ ਨਹੀਂ, ਪਾਰਟੀ ਅੰਦਰਲੇ ਉਸ ਵਰਗੇ ਬਹੁਤ ਸਾਰੇ ਹੋਰਨਾਂ ਦਾ ਵੀ ਸਵਾਲ ਸੀ, ਜਿਹੜੇ ਇੱਕ-ਦੂਜੇ ਤੋਂ ਵੱਧ ਪੁੱਠੇ ਕੰਮਾਂ ਵਿੱਚ ਸ਼ਾਮਲ ਸਮਝੇ ਜਾਂਦੇ ਹਨ, ਇਸ ਇੱਕ ਲੀਡਰ ਨੂੰ ਛੱਡਿਆ ਜਾਂਦਾ ਤਾਂ ਬਾਕੀਆਂ ਦਾ ਕੀ ਕਰਦੇ!

ਉਰਦੂ ਦਾ ਇੱਕ ਸ਼ੇਅਰ ਹੈ: 'ਕੁਫ਼ਰ ਟੂਟਾ ਖੁਦਾ-ਖੁਦਾ ਕਰ ਕੇ।' ਆਖਰ ਨਰਿੰਦਰ ਮੋਦੀ ਨੂੰ ਧਰਮਿੰਦਰ ਪ੍ਰਧਾਨ ਦਾ ਮੰਤਰੀ ਅਹੁਦੇ ਤੋਂ ਅਸਤੀਫਾ ਲੈਣਾ ਅਤੇ ਸਵੀਕਾਰ ਕਰਨਾ ਪਿਆ। ਧਰਮਿੰਦਰ ਪ੍ਰਧਾਨ ਕਹਿੰਦਾ ਹੈ ਕਿ ਦੇਸ਼ ਦੇ ਨੌਜਵਾਨਾਂ ਨੂੰ ਕਿਸੇ ਕੁਚੱਕਰ ਵਿੱਚ ਨਹੀਂ ਫਸਣ ਦੇਣਾ ਚਾਹੁੰਦਾ, ਇਸ ਗੱਲ ਨੂੰ ਮੁੱਖ ਰੱਖ ਕੇ ਉਸ ਨੇ ਅਸਤੀਫਾ ਦੇਣ ਲਈ ਖੁਦ ਮਨ ਬਣਾਇਆ ਹੈ। ਹੋਰ ਕੋਈ ਬਹਾਨਾ ਵੀ ਨਹੀਂ ਸੀ ਰਹਿ ਗਿਆ ਕਹਿਣ ਲਈ। ਸਾਰੇ ਦੇਸ਼ ਵਿੱਚ ਗਲੀ-ਗਲੀ ਦੇ ਅੰਦਰ ਜਦੋਂ ਉਸ ਦੇ ਅਸਤੀਫੇ ਦੀ ਮੰਗ ਲਈ ਆਵਾਜ਼ ਉਠਾਈ ਜਾ ਰਹੀ ਸੀ, ਉਹ ਨਰਿੰਦਰ ਮੋਦੀ ਦੀ ਬੇੜੀ ਵਾਸਤੇ ਪੱਥਰ ਬਣ ਚੁੱਕਾ ਸੀ, ਇਸ ਲਈ ਅਸਤੀਫਾ ਉਸ ਨੇ ਦਿੱਤਾ ਨਹੀਂ, ਉਸ ਕੋਲੋਂ ਲਿਖਵਾ ਲਿਆ ਗਿਆ ਹੈ।

ਫਿਰ ਚਰਚਾ ਲਈ ਬਚਦੀ ਹੈ ਇੱਕੋ ਗੱਲ ਕਿ ਸਰਕਾਰ ਨੇ ਜਦੋਂ ਇਹ ਫੈਸਲਾ ਕਰ ਲਿਆ ਹੈ ਕਿ ਅੱਗੇ ਤੋਂ ਲੀਕੇਜ ਦੇ ਦੋਸ਼ੀਆਂ ਨੂੰ ਸਖਤ ਸਜ਼ਾ ਦਿੱਤੀ ਜਾਇਆ ਕਰੇਗੀ ਤਾਂ ਇਸ ਦਾ ਭਰੋਸਾ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਤਜਰਬੇ ਨੇ ਇਹ ਗੱਲ ਦੇਸ਼ ਵਿੱਚ ਕਿਸੇ ਨੂੰ ਮੰਨਣ ਨਹੀਂ ਦੇਣੀ, ਕਿਉਂਕਿ ਕਿਸਾਨਾਂ ਨਾਲ ਵਾਅਦਾ ਕਰ ਕੇ ਪਾਰਲੀਮੈਂਟ ਤੋਂ ਬਿੱਲ ਪਾਸ ਕਰਾਉਣ ਅਤੇ ਰਾਸ਼ਟਰਪਤੀ ਦੇ ਦਸਤਖਤ ਹੋ ਚੁੱਕਣ ਦੇ ਬਾਵਜੂਦ ਅੱਜ ਤੱਕ ਅਮਲ ਵਿੱਚ ਲਾਗੂ ਨਹੀਂ ਕੀਤਾ ਗਿਆ। ਲਾਗੂ ਕਰਨ ਲਈ ਜਿਹੜਾ ਨੋਟੀਫਿਕੇਸ਼ਨ ਜਾਰੀ ਕਰਨਾ ਸੀ, ਉਹ ਅੱਜ ਤੱਕ ਜਾਰੀ ਨਹੀਂ ਹੋਇਆ। ਜਿਸ ਫੈਸਲੇ ਦੀ ਗੱਲ ਉਹ ਕਾਕਰੋਚ ਜਨਤਾ ਪਾਰਟੀ ਦੇ ਆਗੂਆਂ ਨੂੰ ਅੱਜਕੱਲ੍ਹ ਕਹਿੰਦੇ ਹਨ, ਉਸ ਦੇ ਲਾਗੂ ਹੋਣ ਦੀ ਗਾਰੰਟੀ ਭਲਾ ਕਿਹੜੇ ਲੋਕ ਮੰਨ ਸਕਦੇ ਹਨ? ਸਰਕਾਰਾਂ ਆਪਣੀ ਭਰੋਸੇਯੋਗਤਾ ਨਾਲ ਚੱਲਿਆ ਕਰਦੀਆਂ ਹਨ, ਭਰੋਸੇ ਤੋੜਨ ਦੇ ਰਿਕਾਰਡ ਨਾਲ ਡੰਗ ਕਦੇ ਨਹੀਂ ਸਾਰਿਆ ਜਾ ਸਕਦਾ। ਇਸ ਲਈ ਨਰਿੰਦਰ ਮੋਦੀ ਸਰਕਾਰ ਨੂੰ ਭਰੋਸੇਯੋਗਤਾ ਸਾਬਤ ਕਰਨ ਦੀ ਲੋੜ ਹੈ। ਪੰਜਾਬ ਤੇ ਚਾਰ ਹੋਰ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਸਿਰ ਉੱਤੇ ਹਨ, ਜੇ ਲੋਕਾਂ ਵਿੱਚ ਨਾਰਾਜ਼ਗੀ ਦਾ ਪੱਧਰ ਇਹੋ ਬਣਿਆ ਰਹੇਗਾ ਤਾਂ ਜਿਹੜੀ ਗੱਲ ਭਾਜਪਾ ਲੀਡਰਸ਼ਿਪ ਅੱਜ ਨਹੀਂ ਸਮਝ ਰਹੀ, ਉਹ ਉਨ੍ਹਾਂ ਚੋਣਾਂ ਵਿੱਚ ਲੋਕ ਸਮਝਾ ਦੇਣਗੇ।

# ਪਾੜ੍ਹਿਆਂ ਦਾ ਜੰਤਰ-ਮੰਤਰ

ਮੂੰਹ ਆਈ ਬਾਤ-1

ਭਗਵੰਤ ਰਸੂਲਪੁਰੀ

ਕਈ ਦਿਨ੍ਹਾਂ ਦੇ ਹੁਸੜ ਤੋਂ ਬਾਅਦ ਰਾਤ ਦੀ ਕਿਣ-ਮਿਣ ਹੋਈ ਜਾ ਰਹੀ ਸੀ। ਫੌਜੀ ਗੁਰਦੇਵ ਸਿੰਘ ਨੇ ਆਪਣੇ ਸੀਮਿੰਟ ਸਟੋਰ ਦਾ ਸ਼ਟਰ ਖੋਲ੍ਹਿਆ ਤਾਂ ਉਹਨੂੰ ਦਾਨੀ ਪੈਂਚਰਾ ਵਾਲਾ ਆਪਣੇ ਖੋਖੇ ਦੇ ਮੋਹਰੇ ਝਾੜੂ ਲਾਉਂਦਾ ਦਿਸਿਆ। ਸੀਮਿੰਟ ਸਟੋਰ ਖੋਲ੍ਹ ਕੇ ਜਦੋਂ ਉਹ ਦਾਨੀ ਪੈਂਚਰਾ ਵਾਲੇ ਕੋਲ ਆਇਆ ਤਾਂ ਖੋਖੇ ਅੱਗੇ ਇਕ ਡਲਿਵਰੀ ਮੈਨ ਆਪਣਾ ਮੋਟਰ ਸਾਇਕਲ ਰੋੜਦਾ ਆ ਖੜ੍ਹਿਆ, "ਚਾਚਾ ਦਬਾ ਸੱਟ ਪੈਂਚਰ ਲਾ ਦੇ...।"

"ਕਿਉਂ... ਤੂੰ ਜੰਤਰ ਮੰਤਰ ਜਾਣੈ...?" ਦਾਨੀ ਟੈਰ ਨੂੰ ਵੇਖਦਾ ਬੋਲਿਆ।

"ਕਿਉਂ... ਚਲੇ ਜਾਵਾਗੇ...ਸਾਡੇ ਭੈਣ ਭਰਾ ਗਏ ਹੋਏ ਆ।" ਡਲਿਵਰੀ ਮੈਨ ਪਸੀਨਾ ਪੂੰਝਦਾ ਬੋਲਿਆ।

ਫੌਜੀ ਗੁਰਦੇਵ ਉਨ੍ਹਾਂ ਦੇ ਨੇੜੇ ਆ ਖੜ੍ਹਿਆ। ਉਹਦੇ ਹੱਥ ਵਿੱਚ ਅਖ਼ਬਾਰ ਸੀ। ਉਹ ਡਲਿਵਰੀ ਮੈਨ ਦੇ ਮੋਢੇ 'ਤੇ ਹੱਥ ਰੱਖਦਾ ਬੋਲਿਆ, "ਦਾਨੀ ਸਾਬ੍ਹ! ਦੇਸ਼ ਹੁਣ ਇਨ੍ਹਾਂ ਨੌਜਵਾਨਾਂ ਦੇ ਹੱਥ 'ਚ ਆ। ਇਨ੍ਹਾਂ ਨੇ ਦੇਸ਼ ਦਾ ਤਖ਼ਤਾ ਪਲਟਣਾ... ਸਾਡੇ ਤਾਂ ਹੁਣ ਗੋਡੇ ਜੁਵਾਬ ਦੇਈ ਜਾਂਦੇ ਆ...ਵੇਖ ਲੈ ਜੰਤਰ ਮੰਤਰ ਤੇ 'ਕੱਠੇ ਹੋ ਕੇ ਪਾੜ੍ਹਿਆਂ ਨੇ ਦਿੱਲੀ ਦਾ ਤਖ਼ਤ ਹਿਲਾ ਦਿੱਤਾ। ਵੇਖ ਲੈ ਭੋਰਾ ਪਰਵਾਹ ਨ੍ਹੀਂ ਕਰਦੇ... ਮਰਨ ਤੋਂ ...ਸੈਂਟਰ ਦੀ ਸਰਕਾਰ ਨੇ ਅੱਤ ਵੀ ਬਾਹਲੀ ਚੁੱਕੀ ਹੋਈ ਆ, ਵੇਖ ਲਓ ਸੰਸਦ 'ਚ ਵਿਰੋਧੀ ਧਿਰ ਸੱਤਾ ਅੱਗੇ ਹਿੱਕ ਤਾਣ ਕੇ ਖੜ ਗਈ ਨਾ...ਪਰ ਸੱਤਾ ਐਨੀ ਢੀਠ ਆ ਕਿ ਤਾਨਾਸ਼ਾਹ ਬਣ ਗਈ ਆ...ਏਥੇ ਤਾਂ ਵੱਡੇ ਵੱਡੇ ਤਾਨਾਸ਼ਾਹ ਤੁਰ ਗਏ।"

ਡਲਿਵਰੀ ਮੈਨ ਮੋਟਰ ਸਾਇਕਲ ਨੂੰ ਸਟੈਂਡ ਲਾਉਂਦਾ ਬੋਲਿਆ, "ਹਜੇ ਏਹਦਾ ਸਟੈਂਡ ਹੈਗਾ... ਪਰ ਸਾਡੀ ਸੈਂਟਰ ਸਰਕਾਰ ਦਾ ਤਾਂ ਕੋਈ ਸਟੈਂਡ ਈ ਨ੍ਹੀਂ... ਮਾਂਈਂ ਜਾ ਝੂਠ ਈ ਬੋਲੀ ਜਾਂਦੇ ਆ... ਸ਼ਰੇਆਮ ਠੱਗੀ ਮਾਰਦੇ ਆ... ਇਕ ਥਾਂ ਨ੍ਹੀਂ ਹਰ ਥਾਂ... ਝੂਠ ਨੂੰ ਸੱਚ ਬਣਾ ਕੇ ਵੰਡੀ ਜਾ ਰਹੇ ਆ... ਹੁਣ ਨੀਟ ਪੇਪਰ ਲੀਕ ਹੋ ਗਿਆ... ਨੁਕਸਾਨ ਕੇਹਦਾ ਹੋਇਆ ...ਪਾੜ੍ਹਿਆ ਦਾ... ਬਈ ਤੁਸੀਂ ਤੁਰੰਤ ਲੀਕ ਕਰਨ ਵਾਲੇ ਬੰਦਿਆਂ 'ਤੇ ਐਨ. ਐਸ. ਏ. ਲਾ ਕੇ ਜੇਲ੍ਹਾਂ 'ਚ ਸੁੱਟ ਦਿਓ... ਮੰਤਰੀ ਨੂੰ ਕੁਰਸੀ ਤੋਂ ਲਾਹ ਕੇ ਭੁੰਜੇ ਬਿਠਾ ਦਿਓ... ਗੱਲ ਤਾਂ ਐਨੀ ਆ, ਪਰ ਸਾਡੇ ਦੇਸ਼ ਦਾ 'ਬੁੜ੍ਹਾ' ਐਨਾ ਢੀਠ ਆ ਕਿ ਡਿਕਟੇਟਰ ਬਣਿਆ ਬੈਠਾ... ਕੰਨ ਤੇ ਜੂੰਅ ਨ੍ਹੀਂ ਸਰਕਦੀ। ਕਹੀ ਜਾਂਦੈ... ਹਮ ਦੋਸ਼ੀਓ ਕੋ ਸਜ਼ਾ ਦੇਏਂਗੇ.... ਖੇਹ ਤੇ ਸੁਆਹ ਸਜ਼ਾ ਦੇਏਂਗੇ।"

ਦਾਨੀ ਪੈਂਚਰਾ ਵਾਲੇ ਟਾਇਰ 'ਚ ਹਵਾ ਭਰ ਕੇ ਪੈਂਚਰ ਦੇਖਦਾ ਬੋਲਿਆ, "ਭਲਾ ਫੌਜੀਆਂ ਏਹ ਜੰਤਰ ਮੰਤਰ ਕੋਈ ਰਾਜੇ ਦਾ ਤਖ਼ਤ ਆ.. ਜਿੱਥੇ ਬੈਠ ਕੇ ਰਾਜਾ ਜਨਤਾ ਨੂੰ ਹੁਕਮ ਦਿੰਦਾ...ਤੇ ਉੱਥੇ ਫ਼ਰਿਆਦੀ ਆਉਂਦੇ ਆ..ਮਾਲਕੋ ਸਾਨੂੰ ਇਨਸਾਫ਼ ਦਿਓ?"

"ਹਾਹੋ ਦਾਨੀ! ਇਹ ਉਨ੍ਹਾਂ ਲੋਕਾਂ ਦਾ ਤਖਤ ਆ, ਜਿੰਨ੍ਹਾਂ ਉੱਤੇ ਜ਼ੁਲਮ ਹੁੰਦਾ...ਜੋ ਆਪਣਾ ਹੱਕ ਮੰਗਣ, ਫ਼ਰਿਆਦ ਕਰਨ ਉੱਥੇ ਜਾਂਦੇ ਆ, ਜਿੱਥੇ ਸੱਤਾਂ ਖ਼ਿਲਾਫ਼ ਨਾਅਰੇ ਲੱਗਦੇ ਆ, ਜਿੱਥੇ ਨੀਰੋ ਦੀ ਬੰਸਰੀ ਖੋਹਣ ਲਈ ਸੈਕੜੇ ਹੱਥ ਉੱਪਰ ਨੂੰ ਉੱਠਦੇ ਨੇ, ਜਿੱਥੇ ਸੱਤਾ ਦੇ ਖ਼ਿਲਾਫ਼ ਪਰਚਮ ਉੱਠਦੇ ਨੇ ਤੇ ਜਿੱਥੇ ਜ਼ੁਲਮ ਦੇ ਖ਼ਿਲਾਫ਼ ਉੱਠੀਆਂ ਆਵਾਜ਼ਾਂ ਨੂੰ ਦਬਾਉਣ ਲਈ ਵਰਦੀਧਾਰੀਆਂ ਦੀਆਂ ਲਾਠੀਆਂ ਵਰਸਦੀਆਂ ਨੇ... ਅੱਥਰੂ ਗੈਸ ਦੇ ਗੋਲੇ ਸੁੱਟੇ ਜਾਂਦੇ ਨੇ... ਜਿੱਥੇ ਆਪਣੇ ਹੱਕ ਲੈਣ ਵਾਲੀਆਂ ਕਈ ਆਵਾਜ਼ਾਂ ਸਦਾ ਲਈ ਖ਼ਾਮੋਸ਼ ਹੋ ਜਾਂਦੀਆਂ। ਪਰ ਸੱਤਾ ਦੇ ਸਿਰ 'ਚ ਜੂੰ ਨਹੀਂ ਸਰਕਦੀ। ਹੁਣ ਵੀ ਇਹੀ ਹੋ ਰਿਹਾ... ਪਰ ਕਦੇ ਇਹ ਜੰਤਰ ਮੰਤਰ ਜੈ ਪੁਰ ਦੇ ਮਹਾਰਾਜਾ ਜੈ ਸਿੰਘ ਨੇ ਤਿਆਰ ਕੀਤਾ ਸੀ। ਉਹ ਪੜ੍ਹਿਆ ਲਿਖਿਆ ਗਿਆਨੀ ਧਿਆਨੀ ਸੀ, ਅੱਜ ਸੈਕੜੇ ਪਾੜ੍ਹੇ ਜੰਤਰ ਮੰਤਰ ਤੇ ਆਪਣੇ ਹੱਕ ਮੰਗਣ 'ਕੱਠੇ ਹੋ ਰਹੇ ਨੇ...ਹਜੇ ਤਾਂ ਉਨ੍ਹਾਂ ਨੇ ਨੌਕਰੀ ਦੇ ਸ਼ਿਖ਼ਰ ਵਾਲੇ ਡੰਡੇ 'ਤੇ ਪੁੱਜਣਾ...ਏਥੇ ਤਾਂ ਪਹਿਲੇ ਨੀਟ ਵਾਲੇ ਡੰਡੇ ਤੇ ਸੱਤਾ ਨੇ ਗਿਰਝਾਂ ਬਿਠਾ ਦਿੱਤੀਆਂ।" ਗੁਰਦੇਵ ਬੋਲਦਾ ਹੈ।

"ਵੇਖੋਂ ਨਾ ਲੋਕ ਦੁੱਖੀ ਵੀ ਬਹੁਤ ਨੇ। ਪਾੜ੍ਹੇ ਡਿੱਗਰੀਆਂ ਜੇਬਾਂ 'ਚ ਪਾਈ ਘੁੰਮਦੇ ਨੇ... ਤੁਸੀਂ ਮੈਨੂੰ ਹੀ ਦੇਖ ਲਓ... ਮੈਂ ਬੀ ਟੈੱਕ ਹਾਂ... ਤੇ ਥਾਂ ਥਾਂ ਲੋਕਾਂ ਦੀਆਂ ਡਲਿਵਰੀਆਂ ਦਿੰਦਾ ਸ਼ਾਮ ਤੱਕ ਥੱਕ ਜਾਂਦਾ। ਨੌਕਰੀ ਕਿੱਥੇ ਆ? ਇਹ ਲੋਕ ਪੂਰਾ ਦੇਸ਼ ਅਡਾਨੀ-ਅੰਬਾਨੀ ਨੂੰ ਵੇਚੀ ਜਾ ਰਹੇ ਨੇ...ਲੁੱਟਣ ਦੀ ਇਕ ਮਜਬੂਤ ਚੈਨ ਬਣ ਗਈ ਏ।" ਡਲਿਵਰੀ ਮੈਨ ਬੋਲਦਾ ਹੈ।

"ਹੁਣ ਗੁਰਦੇਵ ਵੀ ਅਡਾਨੀ ਦਾ ਸੀਮਿੰਟ ਵੇਚਦਾ ਪਿਆ... ਏਹਦੇ ਹੱਥ 'ਚ ਜੋ ਮੁਬਾਇਲ 'ਚ ਜੰਤਰ ਪਾਇਆ ਉਹ ਵੀ ਉਨ੍ਹਾਂ ਦੇ ਕਿਸੇ ਭੈਣ-ਭਾਈ ਦਾ... ਤੇਲ ਕੀ.... ਆਟਾ ਕੀ... ਦਾਲਾ ਕੀ... ਹਰ ਚੀਜ਼ ਤੇ ਗਿਰਝਾ ਬਣ ਕੇ ਆ ਬੈਠੇ ਨੇ।" ਦਾਨੀ ਟੈਰ 'ਚ ਸੂੰਬਾ ਖੋਭਦਾ ਬੋਲਦਾ ਹੈ।

"ਆਹ ਮੁਬਾਇਲ ਜੰਤਰ ਮੰਤਰ ਦੀਆਂ ਖ਼ਬਰਾਂ ਨਾਲ ਭਰਿਆ ਪਿਆ। ਐਨੇ ਲੋਕੀ ਚਲੇ ਗਏ ਜੰਤਰ ਮੰਤਰ... ਇਹ ਜਵਾਨ ਮੁੰਡੇ ਕੁੜੀਆਂ ਮਰਨ ਤੋਂ ਨ੍ਹੀਂ ਡਰਦੇ... ਕਹਿੰਦੇ ਅਸੀਂ ਮਰੇ ਤਾਂ ਹਾਂ ਈ... ਇਕ ਵਾਰ ਹਿੰਡ ਪੁਗਾ ਕੇ ਹੱਟਣਾ।"

"ਅੱਜ ਮੇਰੇ ਛੇਵੀਂ 'ਚ ਪੜ੍ਹਦਾ ਪੋਤਾ ਕਹਿੰਦਾ ਆਹ ਦੇਖ ਬਾਬਾ ਮੈਂ ਚਿੱਤਰ ਬਣਾਇਆ... ਕਮਲ ਦੇ ਫੁੱਲ ਨੂੰ ਕਾਕਰੋਚ ਖਾ ਰਿਹਾ ਮੈਂ ਹੱਸ ਵੀ ਪਿਆ ਤੇ ਡਰ ਵੀ ਗਿਆ ਫਿਰ ਕਹਿੰਦਾ... ਬਾਬਾ! ਮੈਂ ਵੀ ਜੰਤਰ ਮੰਤਰ ਜਾਣਾ...।" ਦਾਨੀ ਬੋਲਿਆ।

"ਜੇ ਸੈਂਟਰ ਐਂਦਾ ਈ ਲੋਕਾਂ ਨੂੰ ਨਪੀੜਦਾ ਰਿਹਾ ਤਾਂ ਪੂਰੇ ਮੁਲਖ਼ ਨੇ ਉੱਠ ਪੈਣਾ... ਤੁਸੀਂ ਇਤਿਹਾਸ ਪੜ੍ਹਿਆ ਹੋਇਆ... ਤਖ਼ਤ ਐਦਾ ਈ ਪਲਟੇ ਜਾਂਦੇ ਆ... ਆਪਣੇ ਗੁਵਾਂਢ ਦੇ ਮੁਲਖ ਏਦਾਂ ਈ ਹੋਇਆ... ਉਥੋਂ ਦੀ ਰਾਣੀ ਕਿਵੇਂ ਭੱਜੀ ਮੁਲਖ ਛੱਡ ਕੇ... ਭਾਈ ਤੁਸੀਂ ਕਿੰਨੇ ਕੇ ਲੋਕ ਮਾਰ ਲਉਗੇ।" ਡਲਿਵਰੀ ਮੈਨ ਤੁਰਨ ਲੱਗਾ ਬੋਲਦਾ ਹੈ।

"ਪਰ ਗੁਰਦੇਵ ਸਿਆਂ... ਐਤਕੀ ਜੰਤਰ ਮੰਤਰ 'ਤੇ ਹਰੀਆਂ ਪੱਗਾਂ ਵਾਲੇ ਨ੍ਹੀਂ ਦੀਹਦੇ।"

"ਬਜ਼ੁਰਗੋ ਹੁਣ ਹਰੀਆਂ ਪੱਗਾਂ ਵਾਲੇ ਵੀ ਆਪਣੀ ਆਪਣੀ ਹੱਟੀ ਤੇ ਬੈਠ ਕੇ ਹੱਟੀ ਚਲਾਉਣ ਲੱਗੇ ਹੋਏ ਆ।" ਡਲਿਵਰੀ ਮੈਨ ਕਹਿੰਦਾ ਹੈ। ਉਦੋਂ ਹੀ ਉਨ੍ਹਾਂ ਸਾਹਮਣੇ ਹਰਾ ਝੰਡਾ ਕਾਰ ਤੇ ਲਗਾਈ ਪਾਖਰ ਦਾ ਮੁੰਡਾ ਲੰਘਦਾ ਹੈ। ਦਾਨੀ ਉਸ ਕਾਰ ਵੱਲ ਦੇਖਦਾ ਬੋਲਦਾ ਹੈ, "ਆਪਣੇ ਪਾਖਰ ਦੇ ਮੁੰਡੇ ਨੇ ਵੀ ਕਾਰ 'ਤੇ ਡਾਂਗ ਨਾਲ ਹਰਾ ਝੰਡਾ ਲਾਇਆ ਹੋਇਆ ਤੇ ਉਹਦੇ ਕੋਲ ਇਕ ਕਾਰਡ ਵੀ ਆ, ਕਹਿੰਦਾ ਹੁੰਦਾ ਇਹਦੇ ਨਾਲ ਟੋਲ ਨ੍ਹੀਂ ਦੇਣਾ ਪੈਂਦਾ। ਸਭ ਨਿੱਕੇ ਨਿੱਕੇ ਠੁੰਮਣੇ ਦੇ ਆਸਰੇ ਆਪਣੀ ਆਪਣੀ ਜਥੇਬੰਦੀ ਨੂੰ ਖੜੀਸੀ ਜਾ ਰਹੇ ਆ... ਹੁਣ ਜਾਣ ਤਾਂ ਜੰਤਰ ਮੰਤਰ, ਪਾੜ੍ਹਿਆ ਦੇ ਨਾਲ ਜਾ ਕੇ ਖੜਨ...।" ਦਾਨੀ ਹਿਰਖ ਨਾਲ ਬੋਲਦਾ ਹੈ।

"ਬਜ਼ੁਰਗੋ ਕੱਲ੍ਹ ਨੂੰ ਮੈਂ ਵੀ ਮੁੰਡਿਆ ਦੇ ਨਾਲ ਜੰਤਰ ਮੰਤਰ ਜਾ ਰਿਹਾ...ਪਾੜ੍ਹੇ ਦੇਸ਼ ਦੀ ਰੀੜ ਦੀ ਹੱਡੀ ਹੁੰਦੇ ਨੇ, ਸੈਂਟਰ ਜੇ ਰੀੜ ਦੀ ਹੱਡੀ ਤੋੜ ਦੇਵੇਗੀ ਤਾਂ ਉੱਠਿਆ ਉਹਦੇ ਕੋਲੋਂ ਵੀ ਨ੍ਹੀਂ ਜਾਣਾ।" ਮੋਟਰ ਸਾਇਕਲ ਨੂੰ ਕਿੱਕ ਮਾਰਦਾ ਡਲਿਵਰੀ ਮੈਨ ਧੂੜ ਉਡਾਉਂਦਾ ਸ਼ਹਿਰ ਵੱਲ ਤੁਰ ਪੈਂਦਾ ਹੈ। ਗੁਰਦੇਵ ਦੇ ਸੀਮਿੰਟ ਸਟੋਰ ਦੇ ਕੋਈ ਗਾਹਕ 'ਅਡਾਨੀ ਦਾ ਸੀਮਿੰਟ' ਲੈਣ ਆ ਜਾਂਦਾ ਏ। ਦਾਨੀ ਗਹਿਰੇ ਹੋ ਰਹੇ ਬੱਦਲਾਂ ਵੱਲ ਦੇਖਣ ਲੱਗ ਪੈਂਦਾ ਹੈ। ਉਹਦੇ ਸਿਰ 'ਚ ਜੰਤਰ-ਮੰਤਰ ਖੌਰੂ ਪਾਉਣ ਲੱਗ ਪੈਂਦਾ ਹੈ।

# ਆਲ੍ਹਣੇ ਨੂੰ ਇੰਝ ਨਾ ਤੀਲ੍ਹਾ-ਤੀਲ੍ਹਾ ਕਰੋ

ਸ਼ੀਸ਼ੇ ਦੇਂ ਵੱਲ ਦੇਖ ਨਾ ਹੋਵੇ-76

ਸੁਰਜੀਤ ਸੁਮਨ

ਗੱਡੀ ਵਿੱਚ ਬਹਿੰਦਿਆਂ ਸਭ ਤੋਂ ਪਹਿਲਾਂ ਜਸਪਾਲ ਦੇਸੂਵੀ ਨੇ ਮੈਨੂੰ ਸਦਾ ਲਈ ਵਿਛੜ ਗਏ ਸੁਰਜੀਤ ਸਿੰਘ ਜੀਤ ਦੀ ਛਾਪੀ ਨਵੀਂ ਪੁਸਤਕ ਕਾਵਿਕ ਛੱਲਾਂ ਫੜਾਈ। ਮੈਂ ਉਸ ਨੂੰ ਗਹੁ ਨਾਲ਼ ਦੇਖਦਿਆਂ ਦੋਹਾਂ ਹੱਥਾਂ ਵਿੱਚ ਘੁੱਟ ਲਿਆ। ਇੰਝ ਮਹਿਸੂਸ ਹੋਇਆ ਜਿਵੇਂ ਜੀਤ ਜੀ ਦਾ ਹੱਥ ਘੁੱਟ ਰਿਹਾ ਹੋਵਾਂ। ਭਾਰੀ ਸਰੀਰ, ਮਧਰਾ ਕੱਦ, ਲੰਮੀ ਕਰੜ-ਬਰੜੀ ਦਾੜ੍ਹੀ, ਉਹ ਮੁੱਛਾਂ ਵਿੱਚ ਮੁਸਕਰਾਉਂਦਾ ਹੋਇਆ ਪੋਲੇ ਪੋਲ਼ੇ ਕਦਮੀਂਕਿਸੇ ਵੀ ਹੋ ਰਹੇ ਸਮਾਗਮ ਵਿੱਚ ਆ ਬਹਿੰਦਾ। ਉਸਨੂੰ ਕੋਈ ਕਾਹਲ਼ ਨਾ ਹੁੰਦੀ। ਬਾਹਰੋਂ ਚੁੱਪ-ਚਾਪ ਜਿਹੇ ਦਿਸਣ ਵਾਲ਼ੇ ਜੀਤ ਦੇ ਅੰਦਰ ਕਿਧਰੇ ਸ਼ਾਇਰੀ ਸੁਰਜੀਤ ਹੋ ਰਹੀ ਹੁੰਦੀ। ਮਸਤ ਚਾਲੇ ਤੁਰਦਾ ਉਹ ਮਾਈਕ 'ਤੇ ਆਉਂਦਾ। ਦੇਸੂਵੀ ਜੀਨੇ ਕਾਵਿਕ ਛੱਲਾਂ ਵਿੱਚੋਂ ਇੱਕ ਗ਼ਜ਼ਲ ਕਹਿਣੀ ਸ਼ੁਰੂ ਕੀਤੀ, 'ਜਦੋਂ ਉਹ ਸ਼ਾਮ ਆਏਗੀ ਉਦੋਂ ਉਹ ਸ਼ਾਮ ਦੇਖਾਂਗੇ/ ਅਜੇ ਤਾਂ ਆਪਣੇ ਹਿੱਸੇ ਦਾ ਅਸੀਂ ਸੰਗਰਾਮ ਦੇਖਾਂਗੇ।' ਜੀਤ ਜੀ ਦਾ ਇਹ ਸ਼ੇਅਰ ਅੱਖ ਦੇ ਫੋਰ ਵਿੱਚ ਹੀ ਜੰਤਰ ਮੰਤਰ ਤੱਕ ਫੈਲ ਗਿਆ। ਪਲਾਂ ਵਿੱਚ ਮੇਰੀ ਸੁਤਾਅ ਉੱਥੇ ਜਾ ਪੁੱਜੀ, ਜਿੱਥੇ ਜ਼ੈਂਨਜੀਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ। ਹਕੂਮਤ ਖਿਲਾਫ ਇਨ੍ਹਾਂ ਦੇ ਸਬਰ ਦਾ ਕੜ ਪਾਟ ਗਿਆ ਹੈ ਸ਼ਾਇਦ। ਯਾਰ ! ਪੜ੍ਹਾਈਆਂ 'ਤੇ ਲੱਖਾਂ ਰੁਪੱਈਆ ਖਰਚ, ਪ੍ਰੀਖਿਆ ਦੇਣ ਵਾਲ਼ੇ ਇਹ ਅਣਭੋਲ਼ ਬੱਚੇ ਜਦੋਂ ਇਹ ਸੁਣਨ ਕਿ ਪੇਪਰ ਹੀ ਲੀਕ ਹੋ ਗਿਆ ਹੈ ਜਾਂ ਇਹ ਦੇਖਣ ਕਿ ਸੱਤਾ ਦੇ ਗਲਿਆਰਿਆਂ ਵਿੱਚ ਮਟਕਦੇ ਧਾੜਵੀਆਂ ਨੇ ਉਨ੍ਹਾਂ ਦੇ ਹਿੱਸੇ ਦੀ ਸੀਟ ਹੜੱਪ ਲਈ ਹੈ, ਤਾਂ ਉਨ੍ਹਾਂ ਦੀਆਂ ਅੱਖਾਂ ਅੱਗੇ ਭੱਬੂ ਤਾਰੇ ਤਾਂ ਨੱਚਣਗੇ ਹੀ ਨਾ। ਜੰਤਰ-ਮੰਤਰ ਛਾਉਣੀ ਵਿੱਚ ਬਦਲਿਆ ਹੋਇਆ ਹੈ। ਅੱਜ ਉਹ ਵੀ ਆਪਣੇ ਹਿੱਸੇ ਦੀ ਲੜਾਈ ਲੜਨ ਲਈ ਤਿਆਰ-ਬਰ-ਤਿਆਰ ਹਨ। ਉਨ੍ਹਾਂ, ਅੱਖਾਂ ਦੀਆਂ ਪੁਤਲੀਆਂ ਵਿੱਚ ਸ਼ਹਾਦਤ ਦੇ ਗਏ ਸਾਥੀਆਂ ਦੀਆਂ ਤਸਵੀਰਾਂ ਸੰਜੋਈਆਂ ਹੋਈਆਂ ਹਨ। ਇਹੀ ਉਨ੍ਹਾਂ ਦੀ ਤਾਕਤ ਬਣ ਰਹੇ ਹਨ। ਨਾਅਰੇ ਲਾ ਰਹੇਮੁੰਡੇ-ਕੁੜੀਆਂ ਮੌਤ ਨੂੰ ਮਖੌਲਾਂ ਕਰ ਰਹੇ ਹਨ।

ਸਾਡੇ ਮਹਾਂਪੁਰਸ਼ਾਂ ਨੇ ਮੌਤ ਬਾਰੇ ਬਹੁਤ ਗਹਿਰੀਆਂ ਗੱਲਾਂ ਕੀਤੀਆਂ ਹਨ। ਮੌਤ ਇੱਕ ਰਹੱਸ ਹੈ, ਜਿਸ ਦੀ ਗੁੱਥੀ ਨੂੰ ਸੁਲਝਾਉਣਾ ਹਾਰੀ-ਸਾਰੀ ਦੇ ਵਸ ਦੀ ਗੱਲ ਨਹੀਂ। ਜਨਮ ਬਾਅਦ ਮੌਤ ਨਿਸ਼ਚਿਤ ਹੈ ਪਰ ਮੌਤ ਆਈ ਕਿਵੇਂ, ਇਹ ਜ਼ਿਆਦਾ ਮਹੱਤਵਪੂਰਨ ਹੈ। ਸ਼ਾਇਰ ਦੋਸਤ ਜਗਦੀਪ ਸਿੱਧੂ ਦੀ ਕਵਿਤਾ ਦਾ ਇੱਕ ਪਾਤਰ ਕੁਝ ਖਾ ਕੇ ਮਰਨ ਬਾਰੇ ਸੋਚਦੈ। ਫਿਰ ਓਹਦੀ ਸੋਚ ਦਾ ਘੋੜਾ ਸਰਪੱਟ ਦੌੜਨ ਲਗਦੈ। ਅਗਲੀਆਂ ਸਤਰਾਂ ਵਿੱਚ ਉਸਨੂੰ ਖਿਆਲ ਆਉਂਦੈ 'ਬਈ ਖਾ ਕੇ ਤਾਂ ਜਿਊਣਾ ਹੁੰਦੈ?' ਇਸ ਤਰ੍ਹਾਂ ਉਹਦਾ ਕਵੀ ਮਨ ਕਿੰਨੇ ਈ ਸਵਾਲ ਖੜ੍ਹਾ ਕਰ ਜਾਂਦਾ ਹੈ। ਮਨ ਵਿੱਚ ਉਪਜੇ ਅਜਿਹੇ ਖਿਆਲ ਹੀ ਹਨ ਜੋ ਸਾਨੂੰ ਜਿਊਣਾ ਸਿਖਾਉਂਦੇ ਹਨ ਤੇ ਮਰਨਾ ਵੀ। ਸ਼ਾਇਦਇਸੇ ਲਈ ਸਾਡੇ ਜ਼ਿੰਦਾਦਿਲ ਸ਼ਹੀਦਾਂ-ਮੁਰੀਦਾਂ ਨੇ ਲਾੜੀ ਮੌਤ ਨੂੰ ਵਿਆਹੁਣ ਤੱਕ ਦੀਆਂ ਗੱਲਾਂ ਕੀਤੀਆਂ ਹਨ। ਕਿਸੇ ਪਰਉਪਕਾਰ ਲਈ, ਕਿਸੇ ਉੱਤਮ ਕਾਰਜ ਲਈ, ਉਨ੍ਹਾਂ ਆਪਣੇ ਆਪ ਨੂੰ ਨਿਛਾਵਰ ਕਰ ਦਿੱਤਾ ਹੈ। 'ਮਰੋ ਰੇ ਜੋਗੀ ਮਰੋ ਮਰਨ ਹੈ ਲਾਗੇ ਮੀਠਾ' ਕਹਿਣ ਵਾਲ਼ੇ ਗੋਰਖ ਨਾਥ, 'ਪੁਰਜਾ ਪੁਰਜਾਕਟਿ ਮਰੈ ਕਬਹੂੰ ਨਾ ਛਾਡੈ ਖੇਤ'ਕਹਿਣ ਵਾਲ਼ੇ ਕਬੀਰ ਸਾਹਿਬ। ਜਾਬਰ ਹਕੂਮਤਾਂ ਅੱਗੇ ਹਿੱਕ ਤਾਣ ਕੇ ਖੜ੍ਹ ਜਾਣ ਵਾਲ਼ੇ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੀ ਪੀੜ੍ਹੀ ਦੀਆਂ ਅਨੇਕ ਜਿੰਦਾਂ। ਮਨੁੱਖਤਾ ਦੀ ਸੇਵਾ ਲਈ ਤੱਤੀ ਤਵੀ 'ਤੇ ਬਹਿ ਜਾਣ ਵਾਲ਼ੇ ਪੰਜਵੇਂ ਪਾਤਸ਼ਾਹ,ਦਿੱਲੀ ਦਰਬਾਰ ਅੱਗੇ ਅੜ੍ਹ ਜਾਣ ਵਾਲ਼ੇ ਨੌਵੇਂ ਪਾਤਸ਼ਾਹ। ਭਾਈ ਮਤੀ ਦਾਸ, ਸਤੀ ਦਾਸ ਤੇ ਭਾਈ ਦਿਆਲਾ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਤੇ ਉਨ੍ਹਾਂ ਦੇ ਮਰਜੀਵੜੇ ਸਿੱਖ। ਜਾਨ ਤਲ਼ੀ 'ਤੇ ਧਰਨ ਵਾਲ਼ੇ ਸਿੰਘਾਂ, ਸ਼ਹੀਦਾਂ, ਮੁਰੀਦਾਂ ਤੇ ਸਾਡੇ ਗਦਰੀ ਬਾਬਿਆਂ ਦੀ ਫਹਿਰਿਸ਼ਤ ਬੜੀ ਲੰਮੀ ਹੈ। ਏਡੀ ਕੁ ਲੰਮੀ ਕਿ ਜ਼ਾਲਮ ਹੁਕਮਰਾਨ ਕਈ ਵਾਰ ਜੰਮ ਕੇ ਵੀ ਇਹਦੇ ਪਾਸਕੂ ਨਹੀਂ ਹੋ ਸਕਦੇ। ਇਸ ਲਈ ਜੰਤਰ-ਮੰਤਰ ਦੇ ਇਕੱਠ ਪਿੱਛੇ ਇਨ੍ਹਾਂ ਸਾਰਿਆਂ ਦਾ ਹੱਥ ਵਿਦਮਾਨ ਹੈ, ਜਿਨ੍ਹਾਂ ਤੋਂ ਇਨ੍ਹਾਂ ਨੂੰ ਅਥਾਹ ਤਾਕਤ ਮਿਲ਼ਦੀ ਹੈ। ਆਪਣੇ ਹੱਕਾਂ ਲਈ ਲੜ-ਮਰਨ ਦੀ। 'ਹੱਕ ਜਿਨ੍ਹਾਂ ਦੇ ਆਪਣੇ ਆਪ ਲੈਣਗੇ ਖੋਹ' ਐਵੇਂ ਤਾਂ ਨਈਂ ਸੀ ਕਿਹਾ ਅੰਮ੍ਰਿਤਾ ਪ੍ਰੀਤਮ ਨੇ?

ਵਿੱਦਿਆ ਨੂੰ ਵਪਾਰ ਵਿੱਚ ਤਬਦੀਲ ਕਰ ਦੇਣ ਵਾਲ਼ੇ ਸਾਡੇ ਹੁਕਮਰਾਨ, ਸਿਆਸਤ ਨੂੰ ਧੰਦਾ ਤੇ ਧੰਦੇ ਨੂੰ ਸਿਆਸਤ ਨਾਲ਼ ਜ਼ਰਬਾਂ ਦੇਣ ਵਾਲ਼ੇ ਸਾਡੇ ਸਿਆਸਤਦਾਨ, ਜਦੋਂ ਮੌਤ ਦੇ ਆਗੋਸ਼ ਵਿੱਚ ਚਲੇ ਜਾਣਗੇ, ਪਿੱਛੇ ਕਿਹੋ ਜਿਹਾ ਇਤਿਹਾਸ ਸਿਰਜ ਛੱਡ ਜਾਣਗੇ? ਲੋਕ ਇਹ ਸਭ ਕੁਝ ਭਲੀ-ਭਾਂਤੀ ਜਾਣਦੇ ਹਨ। ਸੋਚਦਿਆਂ ਯੂਟਿਊਬ ਫਰੋਲਣ ਲਗਦਾ ਹਾਂ। ਇਨ੍ਹੀਂ-ਦਿਨੀਂ ਜੰਤਰ-ਮੰਤਰ ਤੋਂਦਿਲ-ਕੰਬਾਊ ਤੇ ਬੜੇ ਭਿਆਨਕ ਦ੍ਰਿਸ਼ਦੇਖਣ ਨੂੰ ਮਿਲ਼ ਰਹੇ ਹਨ। ਸਾਡੀ ਜਿਸ ਨੌਜਵਾਨ ਪੀੜ੍ਹੀ ਨੂੰ ਅੱਜ ਇਹ ਦਿਨ ਦੇਖਣੇ ਪਏ ਹਨ, ਉਨ੍ਹਾਂ ਦਾ ਭਵਿੱਖ ਕਿਹੋ ਜਿਹਾ ਹੋਵੇਗਾ? ਉਨ੍ਹਾਂ ਦੇ ਮਨਾਂ ਵਿੱਚ ਦੇਸ਼ ਦੇ ਹੁਕਮਰਾਨਾਂ ਪ੍ਰਤੀ ਕਿਹੋ ਜਿਹੇ ਵਿਚਾਰ ਉਤਪੰਨ ਹੋਏ ਹੋਣਗੇ? ਉਹ ਕਿਹੜੇ ਕਾਰਨ ਹਨ, ਜੋਸਾਡੇ ਦੇਸ਼ ਦੀ ਯੁਵਾ ਪੀੜ੍ਹੀ ਆਪ-ਮੁਹਾਰੇ ਦਿੱਲੀ ਦੀਆਂ ਸੜਕਾਂ ਗਾਹੁਣ ਲਈ ਮਜਬੂਰ ਹੋ ਗਈ ਹੈ? ਕਾਰਨ ਲੱਭਣ ਦੀ ਬਜਾਏ ਸਾਡੇ ਹੁਕਮਰਾਨ ਉਨ੍ਹਾਂ ਨੂੰ ਕੰਟਰੋਲ ਕਰਨ ਲਈ ਡੰਡੇ ਦੀ ਵਰਤੋਂ ਕਰਨ ਲਈ ਬਜ਼ਿੱਦ ਹੈ। ਭਵਿੱਖੀ ਚਿੰਤਾ ਵਿੱਚ ਡੁੱਬੀ ਇਹ ਨੌਜਵਾਨ ਪੀੜ੍ਹੀ ਦੇ ਮਨਾਂ ਉੱਤੇ ਅੱਥਰੂ ਗੋਲ਼ੇ, ਡਾਂਗਾਂ ਤੇ ਖਿੱਚ-ਧੂਅ ਦੀਆਂ ਬੌਛਾੜਾਂ ਪੈ ਰਹੀਆਂ ਹਨ। ਉਨ੍ਹਾਂ ਦੇ ਮਨਾਂ ਵਿੱਚ ਬੀਜੇ ਗਏ ਇਹ ਕੰਡੇ ਤਾਉਮਰ ਗਹਿਰੇ ਜ਼ਖ਼ਮ ਦੇ ਜਾਣਗੇ। ਫਿਰ ਇਨ੍ਹਾਂ ਕੰਡਿਆਲ਼ੇ ਥੋਹਰਾਂ ਦੀ ਚਸਕ ਸਾਰੀ ਜ਼ਿੰਦਗੀ ਉਨ੍ਹਾਂ ਦੇ ਅਹਿਮ ਪਲਾਂ ਨੂੰ ਝਰੀਟੀ ਤੁਰੀ ਜਾਵੇਗੀ। ਲਹੂ-ਲੁਹਾਣ ਹੋਏ ਉਨ੍ਹਾਂ ਦੇ ਸੁਫਨੇ ਫਿਰ ਕਿੰਝ ਅੰਗੜਾਈ ਭਰਨਗੇ? ਇਹੋ ਸੋਚਣ ਦਾ ਵੇਲ਼ਾ ਹੈ। ਇਹ ਸਾਡੇ ਸਿਆਸੀ ਹੁਕਮਰਾਨਾਂ, ਨੌਕਰਸ਼ਾਹਾਂ ਦੇ ਵੀ ਸੋਚਣ ਦਾ ਵੇਲ਼ਾ ਹੈ। ਇਸ ਸਭ ਦਾ ਸੇਕ ਇੱਕ ਨਾ ਇੱਕ ਦਿਨ ਉਨ੍ਹਾਂ ਦੀਆਂ ਔਲਾਦਾਂ ਤੱਕ ਵੀ ਪਹੁੰਚੇਗਾ। ਕਿਤੇ ਇਹ ਨਾ ਹੋਵੇ ਕਿ ਆਉਣ ਵਾਲ਼ੇ ਸਮੇਂ ਵਿੱਚ ਉਨ੍ਹਾਂ ਦੇ ਪਾਸੇ ਵੀ ਸੇਕੇ ਜਾਣ। ਮੇਰੇ ਕੰਨਾਂ ਵਿੱਚ ਤਾਇਆ ਆਤਮਾ ਸਿੰਘ ਦੇ ਬੋਲ ਗੂੰਜੇ ਹਨ, 'ਭਤੀਜ ਜ਼ਿੰਦਗੀ ਬਿਲਾਸ ਵਿੱਚਸਾਧੂ ਦਇਆ ਸਿੰਘ ਆਰਿਫ ਨੇ ਐਵੇਂ ਤਾਂ ਨਈਂ ਸੀ ਲਿਖਿਆ, 'ਇੱਕ ਦਿਨ ਸਾਹਾਂ ਦੀ ਡੋਰ ਨੇ ਟੁੱਟ ਜਾਣਾ/ ਗੁੱਡੀ ਸਦਾ ਨਈਂ ਜੱਗ ਤੇ ਚੜ੍ਹੀ ਰਹਿਣੀ।'

ਹੋਰ ਵੀਡੀਓ ਦੇਖ ਰਿਹਾ ਹਾਂ। ਜੰਤਰ-ਮੰਤਰ ਦੇ ਠਾਠਾਂ ਮਾਰਦੇ ਇਕੱਠ ਨੂੰ ਤਿਤਰ-ਬਿਤਰ ਕਰਨ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ। ਹਰ ਕਹਿਰ ਢਾਇਆ ਜਾ ਰਿਹੈ। ਸੋਚਦਾ ਹਾਂ, ਪੈਲੇਟ ਗੰਨ ਦੇ ਛਰੇ ਜਿਸ ਪ੍ਰਦਰਸ਼ਨਕਾਰੀ ਨੌਜਵਾਨ ਸਾਹਿਲ ਲੋਚਬ ਦੀਆਂ ਨਜ਼ਰਾਂ ਨੂੰ ਬੇਨੂਰ ਕਰਨ ਤੱਕ ਚਲੇ ਗਏ ਹਨ, ਉਸ ਦੇ ਮਾਪਿਆਂ ਉੱਤੇ ਕੀ ਬੀਤ ਰਹੀ ਹੋਵੇਗੀ? ਗੁੱਸੇ ਵਿੱਚ ਆਈ ਇੱਕ ਲੜਕੀ ਦਹਾੜ ਰਹੀ ਹੈ, 'ਸਰਕਾਰ ਨੂੰ ਜਵਾਬਦੇਹ ਹੋਣਾ ਪਵੇਗਾ, ਸਾਡੇ ਪੇਰੈਂਟਸ ਦੀ ਜਨਰੇਸ਼ਨ ਸ਼ਾਇਦ ਸਵਾਲ ਕਰਨਾ ਭੁੱਲ ਗਈ ਸੀ? ਅਸੀਂ ਸਵਾਲ ਵੀ ਕਰਾਂਗੇ ਤੇ ਜਵਾਬ ਵੀ ਲਵਾਂਗੇ। ਇਹ ਲੋਕਤੰਤਰ ਦਾ ਸੈਲੀਵਰੇਸਨ ਹੈ। ਇਹ ਸਾਡੀ ਮੌਰਲ ਡਿਊਟੀ ਹੈ। ਪੇਪਰ ਲੀਕ ਹੋ ਰਹੇ ਹਨ। ਵਿਦਿਆ ਦਾ ਘਾਣ ਹੋ ਰਿਹਾ ਹੈ। ਸਾਡੇ ਦੇਸ਼ ਦੇ ਸਿਸਟਮ ਨੂੰ ਘੁਣ ਨੇ ਖਾ ਲਿਆ ਹੈ।' ਇੱਕ ਹੋਰ ਵੀਡੀਓ ਚੱਲ ਰਹੀ ਹੈ। ਅੰਦੋਲਨ ਸਮਰਥਕ ਮੁੰਬਈ ਦੀ ਮਾਡਲ ਰੀਆ ਅਹੀਰ ਪੁਲਸ ਵੈਨ ਨੂੰ ਰੋਕ ਰਹੀ ਹੈ। ਅੰਦੋਲਨਕਾਰੀਆਂ ਨੂੰ ਗਲਤ ਢੰਗ ਨਾਲ਼ ਹਿਰਾਸਤ ਵਿੱਚ ਲਿਆ ਜਾ ਰਿਹਾ ਹੈ। ਮੈਨੂੰ ਇਨ੍ਹਾਂ ਦੇ ਨਾਅਰਿਆਂ ਨੇ ਆਪਣੇ ਵੱਲ ਖਿੱਚਿਆ ਹੈ। ਉਹ ਉਦੋਂ ਤੱਕ ਡਟੀ ਰਹੀ ਜਦੋਂ ਤੱਕ ਪ੍ਰਦਰਸ਼ਨਕਾਰੀਆਂ ਨੂੰ ਰਿਹਾਅ ਨਹੀਂ ਕਰ ਦਿੱਤਾ ਗਿਆ। ਇਹ ਦ੍ਰਿਸ਼ ਅੰਦੋਲਨਕਾਰੀਆਂ ਨੂੰ ਹੋਰ ਵੀਜ਼ਿਆਦਾ ਉਤਸ਼ਾਹਿਤ ਕਰਨ ਵਾਲ਼ਾ ਸੀ। ਮਾਸਟਰ ਪਿਆਰਾ ਸਿੰਘ ਇੱਕ ਕਹਾਣੀ ਸੁਣਾਉਣ ਲਗਦੇ ਹਨ,'ਇੱਕ ਵਾਰ ਲਾਲ ਕਿਲ੍ਹੇ ਵਿਖੇ ਹੋ ਰਹੇ ਕਵੀ ਸੰਮੇਲਨ ਵਿੱਚ ਪੰਡਤ ਜਵਾਹਰ ਲਾਲ ਨਹਿਰੂ ਮੁੱਖ ਮਹਿਮਾਨ ਸਨ ਤੇ ਦਿਨਕਰ ਜੀ ਪ੍ਰਧਾਨਗੀ ਕਰ ਰਹੇ ਸਨ। ਮੰਚ 'ਤੇ ਆਉਣ ਲਈ ਪੌੜੀਆਂ ਚੜ੍ਹਨ ਵੇਲ਼ੇ ਨਹਿਰੂ ਜੀ ਦੇ ਪੈਰ ਲੜਖੜਾ ਗਏ। ਉਨ੍ਹਾਂ ਨੂੰ ਤੁਰੰਤ ਦਿਨਕਰ ਜੀ ਨੇ ਸੰਭਾਲ ਲਿਆ। ਪੰਡਿਤ ਜੀ ਨੇ ਉਨ੍ਹਾਂ ਦਾ ਧੰਨਵਾਦ ਕੀਤਾ। ਦਿਨਕਰ ਜੀ ਬੋਲੇ, ਨਹਿਰੂ ਜੀ ਜਦੋਂ ਜਦੋਂ ਵੀ ਇਸ ਦੇਸ਼ ਦੀ ਰਾਜਨੀਤੀ ਲੜਖੜਾਵੇਗੀ, ਸਾਹਿਤ ਉਸਨੂੰ ਸੰਭਾਲ਼ਦਾ ਰਹੇਗਾ।'ਮੇਰੇ ਕੰਨਾਂ ਵਿੱਚ ਸੁਰਜੀਤ ਸਿੰਘ ਜੀਤ ਦੇ ਕੁੰਭੇ ਬੱਧਾ ਜਲ ਰਹੇ ਵਿੱਚਲੀ ਇੱਕ ਗ਼ਜ਼ਲ ਦੇ ਸ਼ੇਅਰ ਗੂੰਜਣ ਲਗਦੇ ਹਨ, 'ਆਪਣੇ ਅੰਦਰ ਰਾਮ ਨੂੰ ਲੱਭੋ ਜ਼ਰਾ/ ਰਾਮ ਦੀ ਝੂਠੀ ਨਾ ਇਉਂ ਲੀਲ੍ਹਾ ਕਰੋ/ ਰੰਗ ਲਓ ਖ਼ੁਦ ਨੂੰ ਅਦੁੱਤੀ ਰੰਗ ਵਿੱਚ/ ਨਾ ਲਹੂ ਚਿੱਟਾ ਤੇ ਨਾ ਨੀਲਾ ਕਰੋ/ ਇਉਂ ਸਿਆਸੀ ਖੇਡ ਨੂੰ ਜਿੱਤਣ ਲਈ/ ਕਤਲ ਕੋਈ ਹੋਰ ਨਾ ਫੀਲ੍ਹਾ ਕਰੋ/ ਹੋਰ ਨਾ ਮੌਸਮ ਨੂੰ ਬਰਫੀਲਾ ਕਰੋ/ ਆਲ੍ਹਣੇ ਨੂੰ ਇੰਝ ਨਾ ਤੀਲ੍ਹਾ ਤੀਲ੍ਹਾ ਕਰੋ।'

**ਸੰਪਰਕ : 98144-30874**

# ਉੱਚਾ ਬੁਰਜ ਲਾਹੌਰ ਦਾ, ਵੇ ਮੈਂ ਖੜੀ ਸੁਕਾਵਾਂ ਕੇਸ

ਖਿੰਡ ਫਸਿਆ-86

ਵਿਜੇ ਬੰਬੇਲੀ

ਇਸ ਕਾਲਮ ਵਿੱਚ ਅੱਜ ਜਿਸ ਬੁਰਜ ਦੀ ਬਾਤ ਪਾਉਣੀ ਹੈ, ਉਹ ਲਾਹੌਰ ਦਾ ਬੁਰਜ ਨਹੀਂ, ਲੁਧਿਆਣੇ ਜ਼ਿਲ੍ਹੇ ਦੀ ਤਹਿਸੀਲ ਰਾਏਕੋਟ ਦਾ ਪਿੰਡ "ਬੁਰਜ ਲਿੱਟਾਂ" ਹੈ। "ਬੁਰਜ" ਦਾ ਬਹੁ-ਅਰਥ ਹੈ: ਉੱਚੀ ਥਾਂ, ਉੱਚੀ ਇਮਾਰਤ, ਚਾਰ ਜਾਂ ਬਹੁਕੋਨੀ ਗੁੰਬਦਨੁਮਾ ਗੜ੍ਹੀ ਜਾਂ ਹਵੇਲੀ, ਧਾੜਵੀਆਂ ਉੱਤੇ ਬਾਜ਼ ਅੱਖ ਰੱਖਣ ਲਈ ਕਿਸੇ ਕਿਲ੍ਹੇ 'ਚ ਉਸਾਰਿਆ ਚੋਰ-ਮੋਰੀਆਂ ਵਾਲਾ ਗੁੰਮਟ, ਕਿਸੇ ਜਲ-ਵਹਿਣ ਦੁਆਰਾ ਸਿਰਜ ਦਿੱਤੇ ਗਏ ਢੇਰ ਉੱਤੇ ਉੱਸਰੀ ਵਸੋਂ ਜਾਂ ਕਿਸੇ ਖਾਸ ਦੁਆਰਾ ਕਰਵਾਈ ਤਾਮੀਰ ਆਦਿ। ਇਸੇ ਤਰ੍ਹਾਂ ਕਿਸੇ ਉਚੇਰੀ ਜਗਾਹ ਜਾਂ ਕਿਸੀ ਪੁਰਾਣੀ ਵਸੇਬ ਦੇ, ਕਿਸੇ ਵਜਾਹ, ਢਹਿ-ਢੇਰੀ ਹੋਏ ਢੇਰ (ਥੇਹ) ਉੱਤੇ ਵਸੇ ਪਿੰਡ ਜਾਂ ਉਸਾਰੀ ਨੂੰ ਵੀ "ਬੁਰਜ" ਦਾ ਖਿਤਾਬ ਜਾਂ ਅੱਲ ਮਿਲ ਜਾਂਦੀ ਹੈ। ਹੁਣ ਵਾਲੇ ਪੰਜਾਬ ਵਿੱਚ ਅਗੇਤਰ ਬੁਰਜ ਵਾਲੇ ਕਰੀਬ ਇੱਕ ਘੱਟ ਸੱਠ ਪਿੰਡ ਹਨ, 'ਕੱਲੇ ਲੁਧਿਆਣਾ ਜ਼ਿਲ੍ਹੇ ਵਿੱਚ 12 : ਬੁਰਜ ਮੱਤੇਵਾੜਾ, ਬੁਰਜ ਸ਼ੇਰਪੁਰ, ਬੁਰਜ ਪਵਾਤ, ਬੁਰਜ ਲਾਂਬੜਾ, ਬੁਰਜ ਪੱਕਾ, ਬੁਰਜ ਕੱਚਾ, ਬੁਰਜ ਨਕਲੀਆਂ, ਬੁਰਜ ਹਕੀਮਾਂ, ਬੁਰਜ ਕਲਾਲਾ, ਬੁਰਜ ਮਾਨ ਕੌਰ, ਬੁਰਜ ਹਰੀ ਸਿੰਘ ਅਤੇ ਬੁਰਜ ਲਿੱਟਾਂ। ਅਸੀਂ ਬੁਰਜ ਲਿੱਟਾਂ ਦੀ ਕਥਾ ਸੁਣਾਵਾਂਗੇ।

ਬੁਰਜ ਲਿੱਟਾਂ ਦੀ ਦਾਨਿਸ਼ਵਰ ਤੇ ਜਗਿਆਸੂ ਹਸਤੀ ਮਾਸਟਰ ਅਵਤਾਰ ਸਿੰਘ ਧਾਲੀਵਾਲ ਅਨੁਸਾਰ ਇਹ "ਲਿੱਟ" ਗੋਤਰੀ ਜੱਟਾਂ ਦਾ ਬੰਨ੍ਹਿਆਂ ਪਿੰਡ ਹੈ। ਬੁਰਜ ਲਿੱਟਾਂ ਮੁੱਲਾਂਪੁਰ ਲਾਗਲੇ, ਗ਼ਦਰ ਅਤੇ ਰਾਜਪੂਤ ਤੇ ਦਾਨਿਸ਼ਵਰ ਮੁਸਲਿਮਾਂ ਦੀ ਤਵਾਰੀਖ 'ਚ ਪ੍ਰਸਿੱਧ ਨਗਰ "ਹਲਵਾਰਾ" ਨਾਲ ਖਹਿਵਾਂ ਪਿੰਡ ਹੈ। ਮਾਸਟਰ ਜੀ ਵੱਲੋਂ ਦਹਾਕਿਆਂਬੱਧੀ ਪਿੰਡ ਦੀਆਂ ਸੱਥਾਂ 'ਚ ਹੁੰਦੀ ਜਾਂ ਕੀਤੀ ਚੁੰਝ-ਚਰਚਾ, ਦਾਨੇ ਬਜ਼ੁਰਗਵਾਰਾਂ ਦੀ ਸੀਨ-ਬ-ਸੀਨਾ, ਮੌਖਿਕ ਕਨਸੋਆਂ, ਘੋਖੇ-ਪੜਤਾਲੇ ਦਸਤਾਵੇਜ਼ਾਂ, ਹਰਿਦੁਆਰ ਤੋਂ ਪ੍ਰਾਪਤ ਬੰਸਾਂਵਲੀਆਂ ਅਤੇ ਮਾਲ ਵਿਭਾਗ ਦੇ ਪੜਤਾਲੇ ਕਾਗਤਾਂ ਤੇ ਤਵਾਰੀਖਾਂ ਦੀ ਪੜਤ ਮਗਰੋਂ ਇੱਕ ਵੱਡ-ਅਕਾਰੀ ਕਿਤਾਬ ਲਿਖੀ ਗਈ ਸੀ, "ਸਾਡਾ ਪਿੰਡ ਬੁਰਜ ਲਿੱਟਾਂ"। ਇਹ ਲੇਖ ਬਹੁਤਾ ਕਰਕੇ ਉਸ ਪੁਸਤਕ ਅਤੇ ਸਮੇਂ-ਸਮੇਂ ਉਹਨਾਂ ਨਾਲ ਹੋਈ ਗੱਲਬਾਤ 'ਤੇ ਆਧਾਰਤ ਹੈ।

"ਮੌਜੂਦਾ ਵਸੇਬ ਤੋਂ ਪਹਿਲਾਂ ਕਰੀਬ 6 ਕੁ ਮੀਲ ਦੇ ਫਾਸਲੇ 'ਤੇ, ਉੱਤਰ-ਪੱਛਮੀ ਗੁੱਠ ਕੰਨੀ, ਸਥਿਤ ਪਿੰਡ ਕੁਲਾਰ (ਸੁਧਾਰ) ਦੀ ਦੱਖਣੀ-ਪੱਛਮੀ ਜੂਹ 'ਚ "ਮੋਗਲੇ" ਦਾ ਥੇਹ ਹੈ। ਕਦੇ "ਮੋਗਲਾ ਪਿੰਡ, ਹੁਣ ਥੇਹ, ਬੁਰਜ ਲਿੱਟਾਂ ਦਾ, ਪੂਰਵਲਾ, ਪਿੰਡ ਹੁੰਦਾ ਸੀ। ਇਸ ਥੇਹ ਦੇ ਦੱਖਣ ਵੱਲ ਕਿਸੇ-ਕਿਸੇ ਮੁਸਲਮਾਨ ਫਕੀਰ ਦੀ ਕਬਰ ਅਤੇ ਉੱਤਰ ਵੱਲ ਕਿਸੇ ਸਿੱਖ ਸ਼ਹੀਦ ਦਾ ਲਘੂ-ਗੁਰਦਵਾਰਾ ਹੈ।" ਦੱਸਿਆ ਗਿਆ ਕਿ ਇਹ ਸਿੱਖ ਕੁਲਾਰ ਅਤੇ ਕੋਠੇ ਹੰਸਾਂ ਦੀ ਆਪਸੀ ਲੜਾਈ ਦੌਰਾਨ 'ਸ਼ਹੀਦ' ਹੋ ਗਿਆ ਸੀ।

ਮੌਖਿਕ ਕਨਸੋਆਂ ਮੁਤਾਬਿਕ, "ਇਸ ਥੇਹ ਵਾਲੀ ਜਗਾਹ, 17ਵੀਂ ਸਦੀ ਦੇ ਕਰੀਬ ਆਖਰੀ ਵੀਹਵੇਂ, ਪਿੰਡ "ਮੋਗਲਾ" ਵੱਸਦਾ ਸੀ। ਇੱਥੋਂ ਦੀ ਇੱਕ ਖੂਬਸੂਰਤ ਅਤੇ ਸੁੱਘੜ-ਸਿਆਣੀ ਮੁਟਿਆਰ ਨੂੰ ਖਿੱਤੇ ਦਾ ਇੱਕ ਬੁੱਢੜਾ ਧੜਵੈਲ ਚੌਧਰੀ ਜ਼ੋਰੀਂ-ਜਬਰੀ, ਆਪਣੇ ਹਰਮੀ ਪਾਉਣਾ ਚਾਹੁੰਦਾ ਸੀ। ਲਾਚਾਰ ਪਿੰਡ ਵਾਸੀ ਅਤੇ ਮਾਪੇ ਡਰ-ਕੰਬ ਗਏ। ਸਥਿਤੀਆਂ-ਪ੍ਰਸਥਿਤੀਆਂ ਵੱਸ ਉਹ ਜੋਬਨਵੰਤੀ, ਗਰਾਂ ਦੀ ਇੱਜ਼ਤ-ਆਬਰੂ ਖਾਤਰ, ਜੁਗਤੀ ਢੰਗ ਨਾਲ, ਖੁਦ-ਸਿਰਜੀ ਚਿਖਾ ਵਿੱਚ ਸੜ-ਮਰੀ। ਚੌਧਰੀ ਸੋਚਿਆ, 'ਇਹ ਕਾਰਾ ਮਾਪਿਆਂ ਅਤੇ ਪਿੰਡ ਵਾਸੀਆਂ ਦਾ ਹੈ।' ਹਰਖੇ ਚੌਧਰੀ ਨੇ ਪਿੰਡ ਢਹਿ-ਢੇਰੀ ਕਰ ਦਿੱਤਾ। ਬਹੁਤੇ, ਅਨਿਆਈ ਮਾਰੇ ਗਏ ਤੇ ਰਹਿੰਦੇ, ਦਰ-ਬਦਰ ਹੋ ਗਏ। ਸਬੱਬੀਂ ਇਸ ਵਸੋਂ ਦੇ ਕੁੱਝ ਬੰਦੇ ਪਸ਼ੂ-ਵਪਾਰ ਜਾਂ ਹੋਰ ਕੰਮ-ਧੰਦੀਂ ਲਾਂਭੇ ਗਏ ਹੋਏ ਸਨ। ਉਹ ਹਾਲਾਤ ਬੁੱਝ ਹੋਰਨੀਂ ਪਿੰਡੀਂ ਰੁਕ-ਵੱਸ ਗਏ। ਇਹਨਾਂ ਵਿੱਚੋਂ ਇੱਕ ਸ਼ੇਰ ਜੰਗ, ਜਿਹੜਾ ਜਾਤ ਵਜੋਂ ਜੱਟ ਅਤੇ ਗੋਤ ਵਜੋਂ ਲਿੱਟ ਸੀ, ਆਪਣੇ ਮੁਹੱਬਤੀਆਂ ਦੇ ਕਹੇ ਹਲਵਾਰੇ ਟਿਕ-ਵੱਸ ਗਿਆ। ਮਗਰੋਂ, ਵਿਆਹੇ-ਵਰ੍ਹੇ ਉਸ ਸ਼ਖ਼ਸ ਨੂੰ ਵੱਡੀ ਭੌਇੰ ਵਾਲੇ ਹਲਵਾਰੇ ਦੇ ਮਾਲਕ ਮੰਝ/ਨਾਰੂ ਰਾਜਪੂਤ ਮੁਸਲਮਾਨਾਂ, ਜਿਹੜੇ ਕਦੇ ਹਿੰਦੂ ਸਨ, ਨੇ ਗੁਜ਼ਰ-ਵਸੇਬ ਲਈ ਜ਼ਮੀਨ ਦਾ ਇੱਕ ਵੱਡ ਟੁਕੜਾ ਦੇ ਦਿੱਤਾ। ਸ਼ੇਰ ਜੰਗ ਦਾ ਆਰ-ਪਰਵਾਰ ਬਹੁਤ ਵਧਿਆ-ਫੁੱਲਿਆ। ਕਿਹਾ ਜਾਂਦਾ ਹੈ ਕਿ ਹਲਵਾਰੇ, ਹੁਣ ਬੁਰਜ ਲਿੱਟਾਂ ਦੇ ਸਾਰੇ ਲਿੱਟ ਜੱਟ ਉਸ ਦੀਆਂ ਹੀ ਅਗਲੀਆਂ-ਅਗਲੇਰੀਆਂ ਪੀੜ੍ਹੀਆਂ ਹਨ।

"ਸ਼ੇਰ ਜੰਗ ਦੇ ਦੋ ਫਰਜ਼ੰਦ ਸਨ। ਨਿੱਕੜਾ ਨਾਂਅ ਸੀ: ਗੋਲੂ ਅਤੇ ਮੋਲੂ। ਮੋਲੂ ਦੇ ਵੀ ਦੋ ਬੇਟੇ ਸਨ: ਤਖਤ ਮੱਲ ਅਤੇ ਬੱਖਤ ਮੱਲ, ਜਿਹੜੇ ਅੰਮ੍ਰਿਤ ਛਕਣ ਉਪਰੰਤ ਤਖਤ ਸਿੰਘ ਅਤੇ ਬਖਤ ਸਿੰਘ ਹੋਏ। ਇਸ ਤਖਤ ਸਿੰਘ ਦੇ ਅੱਗੋਂ ਚਾਰ ਪੁੱਤਰ ਸਨ: ਸ. ਟੇਕ ਸਿੰਘ, ਕੇਸਰ ਸਿੰਘ, ਦੀਵਾਨ ਸਿੰਘ ਅਤੇ ਦੇਸਾ ਸਿੰਘ। ਸ. ਦੀਵਾਨ ਸਿੰਘ ਜਗਿਆਸੂ, ਤਲੀਮ-ਯਾਫਤਾ, ਗੱਲ ਕਰ ਅਤੇ ਆਗੂ ਬਿਰਤੀ ਵਾਲਾ ਸੀ, ਜਿਹੜਾ ਹਲਵਾਰੇ ਦੇ ਮੋਹਤਬਰਾਨਾਂ, ਜਗੀਰਦਾਰਾਂ ਵਾਂਗ ਇਲਾਕੇ ਵਿੱਚ ਜਾਣਿਆ-ਪਹਿਚਾਣਿਆ ਜਾਣ ਲੱਗਾ। ਉਹ ਹਲਵਾਰੇ ਦੇ ਅਹਿਲਕਾਰਾਂ ਦੀ ਵੀ ਨਜ਼ਰੇ-ਇਨਾਇਤ ਬਣ ਗਿਆ। ਮਗਰੋਂ: ਸਮੇਂ ਮੁਜ਼ਬ ਜਾਂ ਲਿੱਟਾਂ ਵੱਲੋਂ ਅਰਜ਼ ਕਰਨ ਉਪਰੰਤ ਇਸੇ ਦੀਵਾਨ ਸਿੰਘ ਨੂੰ ਹਲਵਾਰੇ ਦਾ ਇੱਕ ਨੰਬਰਦਾਰ ਵੀ ਨਾਮਜ਼ਦ ਕੀਤਾ ਗਿਆ।" ਹਾਂ; ਗੋਲੂ ਲਾ-ਬਾਲਦ ਮਰ ਗਿਆ। ਹੋ ਸਕਦਾ ਰਿਵਾਜ-ਮੁਜ਼ਬ ਉਹ ਛੜਾ-ਛਰਾਂਟ ਜਾਂ 'ਚੌਧਰੀ' ਰੱਖ ਲਿਆ ਹੋਵੇ।

"ਕੁਦਰਤ ਦਾ ਗੇੜ ਵੇਖੋ, ਲਿੱਟਾਂ ਨੂੰ ਹਲਵਾਰਾ ਛੱਡਣਾ ਪਿਆ ਜਾਂ ਖਾਸ ਕਾਰਨੀ ਉਹਨੀਂ ਆਪ ਛੱਡ ਦਿੱਤਾ ਅਤੇ ਇਹੀ ਨੰਬਰਦਾਰ, ਦੀਵਾਨ ਸਿੰਘ, ਪਿੰਡ ਲਿੱਟਾਂ ਦਾ ਮੋਹੜੀ ਗੱਡ ਹੋ ਨਿਬੜਿਆ। ਹੋਇਆ ਇਉਂ, 'ਉਹਨੀਂ ਵਕਤੀਂ ਨੰਬਰਦਾਰ ਦੀ ਬੜੀ ਵੁੱਕਤ ਅਤੇ ਮਾਣ-ਸਤਿਕਾਰ ਸੀ। ਉਹਨੀਂ ਦਿਨੀਂ ਜਦ ਕਿਸੇ ਅਹਿਲਕਾਰ ਜਾਂ ਅਫਸਰਾਨ ਨੇ ਆਉਣਾ ਹੋਵੇ ਜਾਂ ਪਿੰਡ ਦਾ ਕੋਈ ਖਾਸਮ-ਖਾਸ ਕਾਰਜ ਹੋਣਾ ਤਾਂ ਪਿੰਡ ਦੇ ਮੁੱਖ ਚੌਧਰੀ ਲਈ ਵੱਡਾ ਪਲੰਘ ਡਾਹਿਆ ਜਾਂਦਾ ਅਤੇ ਨੰਬਰਦਾਰਾਂ ਲਈ ਮੰਜੇ ਜਾਂ ਨਵਾਰੀ ਮੰਜੀਆਂ। ਉਹ ਮੁੱਖ ਅਹਿਲਕਾਰ ਅਤੇ ਚੌਧਰੀ ਦੇ ਲਾਗੇ-ਬੰਨੇ ਹਾਜ਼ਰੀਨਾਂ ਜਾਂ ਸਮਾਰੋਹ ਵੱਲ ਮੂੰਹ ਕਰਕੇ ਬੈਠਦੇ। ਆਮ ਲੋਕੀਂ ਦਰੀਆਂ-ਤੱਪੜਾਂ ਉੱਤੇ ਅਤੇ ਮਾਧੜ ਲੋਕ ਭੁੰਜੇ ਬੈਠਦੇ। ਦੀਵਾਨ ਸਿੰਘ ਨੰਬਰਦਾਰ ਟੇਕਿਆ ਜਾ ਚੁੱਕਾ ਸੀ, ਨਾਂਅ ਤੋਂ ਪਹਿਲਾਂ ਸਰਦਾਰ ਅਲੰਕਾਰ ਵੀ ਬੋਲਿਆ ਜਾਣ ਲੱਗ ਪਿਆ ਸੀ। ਸਬੱਬੀਂ ਇੱਕ ਖਾਸ ਮੌਕਾ ਆ ਗਿਆ। ਲਿੱਟ ਨੰਬਰਦਾਰ ਲਈ ਵੀ ਰੁਤਬੇ ਵਜੋਂ ਮੰਜਾ, ਜੋ ਡਾਹਿਆ ਨਹੀਂ ਸੀ ਗਿਆ, ਲਿਆਉਣ ਦੀ ਮੰਗ ਰੱਖੀ ਗਈ।" ਜਿਹੜੀ ਰਿਵਾਜ ਅਤੇ ਰੁਤਬੇ ਮੁਜ਼ਬ ਰੱਖਣੀ ਵੀ ਬਣਦੀ ਸੀ।

ਚੌਧਰੀ ਬੋਲੇ, "ਨੰਬਰਦਾਰੀ, ਜਿਹੜੀ ਸਾਡੀ ਫਿਰਾਖਦਿਲੀ ਤਹਿਤ ਦਿੱਤੀ ਗਈ ਹੈ, ਆਪਣੀ ਥਾਂ ਪਰ ਤੁਸੀਂ ਸਾਡੇ ਬਰਾਬਰ ਨਹੀਂ ਬੈਠ ਸਕਦੇ।" ਫਿਰ ਜੋ ਹੋਣਾ ਸੀ, ਉਹੀ ਹੋਇਆ। ਲਿੱਟਾਂ ਹੇਠੀ ਮੰਨੀ। ਸਿੱਟੇ ਵਜੋਂ, ਲਿੱਟ ਅਤੇ ਕੁੱਝ ਹੋਰ ਸਾਂਝੀਵਾਲੀਏ ਉੱਠ ਕੇ ਆ ਗਏ। ਦੀਵਾਨ ਸਿੰਘ ਨੇ ਤਾਂ ਆਉਣਾ ਹੀ ਸੀ। ਲਿੱਟ ਰੁੱਸ-ਤਪ ਗਏ।

ਮੈਨੂੰ ਲੱਗਦਾ, "ਜ਼ਰੂਰ ਹੋਰਾਂ ਕਿਰਤੀਆਂ-ਸ਼ਿਲਪੀਆਂ ਅਤੇ 'ਮਾੜੇ-ਧੀੜਿਆਂ ਤੇ ਅਖੌਤੀ ਮੰਗ-ਖਾਣੀਆਂ ਜਾਤਾਂ ਨੇ ਵੀ ਲੁਕਵਾਂ, ਹਾਂਅ ਦਾ ਨਾਰ੍ਹਾ ਮਾਰਿਆ ਹੋਵੇਗਾ। ਤੱਤੇ ਲਿੱਟ ਨਾਬਰ ਰੌਂਅ ਵਿਖਾਉਣਾ ਚਾਹੁੰਦੇ ਹੋਣਗੇ, ਪਰ ਦੀਵਾਨ ਸਿੰਘ ਤਾਂ ਸਹਿਜ-ਸਿਆਣਾ ਸੀ। ਸਮਾਂ ਬੀਤਦਿਆਂ, ਢੁਕਵੇਂ ਮੌਕੇ ਸ. ਦੀਵਾਨ ਸਿੰਘ ਨੇ ਚੌਧਰੀਆਂ ਅਤੇ ਮੁਸਲਿਮ ਦਾਨਿਆਂ ਨਾਲ ਗੱਲ ਤੋਰੀ ਹੋਵੇਗੀ। ਕਿਹਾ ਹੋਵੇਗਾ, "ਲੱਖ ਯਤਨ ਕਰੀਏ, ਹੁਣ ਸਾਡਾ-ਤੁਹਾਡਾ ਕਰੂਲਾ ਨਹੀਂ ਰਲਣਾ। ਫੈਸਲਾ ਕਰ ਲਈਏ। ਬਣਦਾ ਹੱਕ ਦਿਓ, ਤਾਂ ਜੋ ਅੱਡ ਪਿੜ ਬੰਨ੍ਹ ਸਕੀਏ।" ਸਿਆਣੇ ਅਤੇ ਉਮਰਾਂ ਹੰਢਾਅ ਚੁੱਕੇ ਤਜਰਬੇਕਾਰ ਮੁਸਲਿਮ ਵੀ ਬੁਝਿਆ ਹੋਵੇਗਾ, "ਹੁਣ ਸੁਰ ਨਹੀਂ ਰਲਣੀ। ਜ਼ਰੂਰ ਉਹਨਾਂ ਅਹਿਲਕਾਰ ਟੱਬਰਾਂ ਨੂੰ ਮਸ਼ਵਰਾ ਦਿੱਤਾ ਹੋਵੇਗਾ ਕਿ ਪਾਸੇ ਜ਼ਮੀਂ ਦਾ ਬਣਦਾ-ਸਰਦਾ ਟੁਕੜਾ ਦੇ ਕੇ ਲਿੱਟਾਂ ਦੇ ਨਿਰੋਲ-ਆਪਣੇ ਖੂੰਢਾਂ 'ਤੇ ਸੁਖੀ ਵਸਣ ਦਾ ਦਾਈਆ ਬੰਨ੍ਹ ਦੇਣਾ ਹੀ ਦਾਨਿਸ਼ਵਰਤਾ ਹੈ।"

ਮੁੱਕਦੀ ਗੱਲ; "ਹਲਵਾਰੇ ਦੇ ਮੁੱਖ ਚੌਧਰੀਆਂ ਦੂਰ-ਅੰਦੇਸ਼ੀ ਵਿਖਾਈ। ਲਿੱਟਾਂ ਦੀ ਪ੍ਰਤੀ ਬੇਨਤੀ ਮੰਨ ਲਈ। ਉਹਨਾਂ ਹਲਵਾਰੇ ਤੋਂ ਕਰੀਬ ਮੀਲ ਭਰ ਦੂਰ ਦੋ-ਢਾਈ ਹਜ਼ਾਰ ਏਕੜ ਦਾ ਯਕਮੁਸ਼ਤ ਟੱਕ ਲਿੱਟਾਂ ਅਤੇ ਉਹਨਾਂ ਦੇ ਹਮ-ਜੋਲੀ ਕਿਰਤੀਆਂ-ਸ਼ਿਲਪੀਆਂ ਨੂੰ ਨਵਾਂ ਪਿੰਡ ਬੰਨ੍ਹਣ ਅਤੇ ਰੰਗੀ ਵਸਣ ਨੂੰ ਦੇ ਦਿੱਤਾ। ਉਸ ਖਿੱਤੇ ਵਿੱਚ ਕੁਦਰਤੀ ਇੱਕ ਉੱਚੀ ਥਾਂ (ਥੇਹ) ਸੀ, ਜਿੱਥੇ ਪਿੰਡ ਦੀ ਮੋੜ੍ਹੀ ਗੱਡੀ ਗਈ।" ਇਸ ਸਾਰੇ ਕਰਮ ਅਤੇ ਅਮਲ ਵਿੱਚ ਨੰਬਰਦਾਰ ਦੀਵਾਨ ਸਿੰਘ ਦਾ ਦਾਈਆਂ ਵੱਧਵਾਂ ਸੀ। ਸੋ, ਕੁਦਰਤੀ ਸੀ ਕਿ ਨਵੀਂ ਵਸੇਬ ਦੀ ਮੋੜ੍ਹੀ ਵੀ ਉਹੀ ਗੱਡਦਾ। ਨਵਾਂ ਪਿੜ ਬੰਨ੍ਹਣਾ, ਉਸੇ ਦਾਨੇ ਬੰਦੇ ਦੇ ਹਿੱਸੇ ਆਇਆ, ਪ੍ਰੰਤੂ ਨਿਮਰਤਾ ਵੇਖੋ, ਪਿੰਡ ਦਾ ਨਾਂਅ ਕੁੱਝ ਹੋਰ ਬੁਰਜ ਲਕਬੀ ਪਿੰਡਾਂ ਵਾਂਗ ਵਿਅਕਤੀਗਤ, ਭਾਵ 'ਬੁਰਜ ਦੀਵਾਨ ਸਿੰਘ' ਰੱਖਣ ਦੀ ਬਜਾਏ ਤਜਵੀਜ਼ਤ ਕੀਤਾ ਗਿਆ, ਪਿੰਡ "ਬੁਰਜ ਲਿੱਟਾਂ"। "ਬੁਰਜ ਲਿੱਟਾਂ", ਜਿਸ ਦੀ ਤੂਤੀ ਇਸ ਦੇ ਜੰਮੇ-ਜਾਇਆਂ ਸਦਕਾ, ਲਾਹੌਰ ਦੇ ਉੱਚੇ ਬੁਰਜ ਵਾਂਗ, ਚੁਫੇਰੇ ਬੋਲਦੀ ਹੈ।

**ਸੰਪਰਕ : 94634-39075**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸ਼ਬਦ ਅਤੇ ਸੁਰ ਦਾ ਸੰਗਮ

ਫੋਕਸ

ਚਰਚਾ ਇਕ ਪੁਸਤਕ ਦੀ

ਡਾ. ਗਗਨਦੀਪ ਸਿੰਘ






## ਮੁਰਕੀਆਂ

(ਕਾਵਿ ਸੰਗ੍ਰਹਿ)
**ਵਨੀਤਾ**
**ਸਫੇ-117, ਮੁੱਲ-200 ਰੁਪਏ**
**ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ**

ਪੰਜਾਬੀ ਕਵਿਤਾ ਨੇ ਆਪਣੇ ਸੌ ਸਾਲਾਂ ਵਿਚ ਕਈ ਰੂਪ ਬਦਲੇ ਹਨ। ਗ਼ਜ਼ਲ ਤੋਂ ਨਜ਼ਮ ਤੱਕ, ਛੰਦ ਤੋਂ ਛੰਦ-ਮੁਕਤ ਤੱਕ ਪਰ ਵਨੀਤਾ ਦਾ ਨਵਾਂ ਕਾਵਿ-ਸੰਗ੍ਰਹਿ 'ਮੁਰਕੀਆਂ' ਇਸ ਸਫ਼ਰ ਵਿਚ ਇਕ ਨਵਾਂ ਮੋੜ ਲੈ ਕੇ ਆਇਆ ਹੈ। ਇਹ ਸਿਰਫ਼ ਕਵਿਤਾਵਾਂ ਦਾ ਸੰਗ੍ਰਹਿ ਨਹੀਂ, ਸਗੋਂ ਸ਼ਬਦ ਤੇ ਸੁਰ ਦੇ ਰਿਸ਼ਤੇ ਦੀ ਨਵੀਂ ਵਿਆਖਿਆ ਹੈ। ਕਈ ਵਾਰ ਸ਼ਬਦਾਂ ਦੇ ਅਰਥ ਮਹਿਜ਼ ਕੋਸ਼ਾਂ ਤੱਕ ਹੀ ਸੀਮਤ ਨਹੀਂ ਹੁੰਦੇ ਬਲਕਿ ਉਹ ਸਾਡੇ ਸੱਭਿਆਚਾਰ ਅਤੇ ਕਾਰ-ਵਿਹਾਰ ਰਾਹੀਂ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਧੜਕਣ ਬਣ ਕੇ ਧੜਕਦੇ ਹਨ। ਮੁਰਕੀ ਅਜਿਹਾ ਹੀ ਇੱਕ ਸ਼ਬਦ ਹੈ। ਇੱਕ ਪਾਸੇ ਇਹ ਕੰਨ ਦੀ ਲੌਲ 'ਚ ਟਿਮਕਦਾ ਸੋਨੇ ਦਾ ਉਹ ਗਹਿਣਾ ਹੈ ਜੋ ਪਹਿਲਵਾਨਾਂ ਦੇ ਅਖਾੜੇ ਤੋਂ ਲੈ ਕੇ ਗਿੱਧੇ ਅਤੇ ਭੰਗੜੇ ਦੇ ਪਿੜ ਤੱਕ ਸ਼ਾਨ ਬਣਿਆ। ਧੀਆਂ ਨੂੰ ਸ਼ਗਨਾਂ 'ਚ ਦਿੱਤੀ ਜਾਣ ਵਾਲੀ ਮੁਰਕੀ ਸਿਰਫ਼ ਧਾਤ ਨਹੀਂ ਸੀ, ਮਾਂ ਦੀ ਅਸੀਸ ਤੇ ਲੋਕ-ਗੀਤਾਂ ਦੀ ਬੋਲੀ ਸੀ, ਕੰਨੀਂ ਮੁਰਕੀ ਪਾ ਦੇ ਵੇ ਮਾਹੀਆ। ਦੂਜੇ ਪਾਸੇ, ਮੁਰਕੀ ਰਾਗ ਦੀ ਉਹ ਚੁਲਬੁਲੀ ਸਜਾਵਟ ਹੈ, ਜੋ ਪਲਾਂ ਵਿੱਚ ਕਈ ਸੁਰਾਂ ਨੂੰ ਪਰੋ ਕੇ ਸਿੱਧਾ ਰੂਹ ਨੂੰ ਛੂਹ ਜਾਂਦੀ ਹੈ। ਵਨੀਤਾ ਦਾ ਨਵਾਂ ਕਾਵਿ ਸੰਗ੍ਰਹਿ ਇਨ੍ਹਾਂ ਦੋਵੇਂ ਮੁਰਕੀਆਂ ਦਾ ਸੰਗਮ ਹੈ।

ਇਹਨਾਂ ਮੁਰਕੀਆਂ ਨੂੰ ਪੂਰੇ ਕ੍ਰਮ ਅਨੁਸਾਰ ਨਿਭਾਇਆ ਗਿਆ ਹੈ। ਕਾਵਿ-ਸੰਗ੍ਰਹਿ ਵਿੱਚ ਪਹਿਲੀ ਮੁਰਕੀ 'ਸਾ' ਸੁਰ ਦੀ ਹੈ ਅਤੇ ਅੱਗੇ ਤਿੰਨ ਮੁਰਕੀਆਂ 'ਰੇ' ਸੁਰ ਦੀਆਂ ਹਨ। ਜਿੱਥੇ ਪਹਿਲਾ 'ਸਾ' ਠਹਿਰਾਅ ਹੈ ਤੇ ਅੱਗੇ 'ਰੇ' ਹਰਕਤ ਹੈ।

'ਗਾ' ਦੀਆਂ ਰੋਹੀ ਤਹਿਤ ਸੱਤ ਮੁਰਕੀਆਂ ਦਰਜ ਹਨ। 'ਗਾ' ਗੰਧਾਰ ਸ਼ਿੰਗਾਰ ਦਾ ਸੁਰ ਹੈ। ਜਿੱਥੇ ਠਹਿਰਾਅ ਹੈ, 'ਰੇ' ਚੜ੍ਹਾਈ-ਉਤਰਾਈ ਤੇ 'ਗਾ' ਹੁਣ ਲੋਚਾ ਹੈ, ਖਿੱਚ ਹੈ, ਰੀਝ ਹੈ:-

ਬਿੰਬਾਂ ਦੇ ਸਰਵਰ
ਕੋਈ ਭਰੇ ਚੁਲੀ
ਕੋਈ ਕਰੇ ਕੁਰਲੀ

'ਗਾ' ਕੋਮਲ ਵੀ ਹੈ, ਤੀਬਰ ਵੀ। ਇਹ ਦਿਲ ਨੂੰ ਖਿੱਚਦਾ ਹੈ। ਸ਼ਿੰਗਾਰ, ਪਿਆਰ, ਬਿਰਹੋ। ਇੱਥੇ ਗੱਲ ਰੋਹੀ-ਅਵਰੋਹੀ ਦੇ ਨਾਲ-ਨਾਲ ਭਾਵ ਵੱਲ ਵੀ ਮੁੜਦੀ ਹੈ। 'ਸਾ' ਵਾਲੀ ਅੱਖ ਵਿਚਲੀ ਅੱਖ ਇਥੇ ਬਿੰਬਾਂ ਦਾ ਸਰਵਰ ਬਣ ਜਾਂਦੀ ਹੈ। ਕੋਈ ਭਰੇ ਚੂਲੀ ਰੋਹੀ ਹੈ ਤੇ ਕੋਈ ਕਰੇ ਕੁਰਲੀ ਅਵਰੋਹੀ। ਇਕੋ ਸਰਵਰ, ਇਕੋ 'ਗਾ' ਸੁਰ ਪਰ ਇਕ ਲਈ ਅੰਮ੍ਰਿਤ, ਦੂਜੇ ਲਈ ਹੰਝੂ। ਇਹੀ ਗੰਧਾਰ ਦਾ ਦੋਹਰਾ ਸੁਭਾਅ ਹੈ। ਮਿਲਣ ਦੀ ਖੁਸ਼ੀ ਵੀ ਹੈ ਤੇ ਵਿਛੜਨ ਦਾ ਦਰਦ ਵੀ।

'ਮਾ' ਰੋਹੀ ਤਹਿਤ 15 ਮੁਰਕੀਆਂ ਦਰਜ ਹਨ। 'ਮਾ' ਮੱਧਮ ਸੁਰ ਦਾ ਸੁਭਾਅ ਮੰਥਨ ਹੈ। ਸੰਗੀਤ ਵਿੱਚ 'ਮਾ' ਤੀਬਰ ਹੋਵੇ ਤਾਂ ਸਵਾਲ ਉਪਜਾਉਂਦਾ ਹੈ ਤੇ ਕੋਮਲ ਹੋਵੇ ਤਾਂ ਜਵਾਬ ਲੱਭਦਾ ਹੈ। ਇਹ ਸੁਰ ਸ਼ਾਂਤ ਨਹੀਂ ਰਹਿਣ ਦਿੰਦਾ। 'ਰੇ' ਵਿੱਚ 'ਬੂੰਦ' ਸਾਗਰ ਬਣਦੀ ਹੈ ਪਰ ਮੱਧਮ ਤਹਿਤ 'ਕਣ' ਹੀ ਸਮੁੱਚੀ ਹਿਲਜੁਲ ਦਾ ਲਖਾਇਕ ਬਣਦਾ ਹੈ:-

ਜਦੋਂ ਕੋਈ ਕਣ
ਆ ਵੜਦਾ ਅਚਾਨਕ
ਅੱਖ ਤੇ ਝਿੰਮਣੀ ਵਿਚਾਲੇ
ਰੜਕ ਦਾ ਸਫਰ ਸ਼ੁਰੂ ਹੋ ਜਾਵੇ

ਇੱਥੇ ਇਹ ਸਫ਼ਰ ਮਹਿਜ਼ ਵੱਡੇ ਤੋਂ ਛੋਟੇ ਵੱਲ ਦਾ ਨਹੀਂ, ਬਲਕਿ ਛੋਟੇ ਦੀ ਤਾਕਤ ਦਾ ਸਫ਼ਰ ਹੈ। ਇਉਂ ਇਹ ਰੋਹੀ ਦਾ ਚੜ੍ਹਾਅ ਹੈ। ਅੱਖ (ਗਾ) ਦੇਖਦੀ ਹੈ ਅਤੇ ਝਿੰਮਣੀ (ਪਾ) ਰੱਖਿਆ ਕਰਦਾ ਹੈ। ਦੋਹਾਂ ਵਿਚਕਾਰ ਫਸਿਆ 'ਕਣ' ਨਾ ਦਿਖਦਾ, ਨਾ ਦੇਖਣ ਦਿੰਦਿਆਂ ਰੜਕ ਦਾ ਲਖਾਇਕ ਬਣਦਾ ਹੈ।

'ਪਾ' ਤਹਿਤ ਛੇ ਮੁਰਕੀਆਂ ਦਰਜ ਹਨ। 'ਪਾ' ਪੰਚਮ, ਬਲਵਾਨ ਅਤੇ ਪੱਕਾ, ਸੰਕਲਪ ਅਤੇ ਦ੍ਰਿੜ੍ਹਤਾ ਦਾ ਸੁਰ ਹੈ। 'ਮਾ' ਦੀ ਰੜਕ ਦਾ ਹੱਲ 'ਪਾ' ਭਾਵ ਪੰਚਮ ਕਰਦਾ ਹੈ। ਸੰਗੀਤ ਤਹਿਤ ਪੰਚਮ ਅਚੱਲ ਹੈ, ਸਦਾ ਅਟੱਲ। 'ਸਾ' ਜਨਮ ਹੈ ਤਾਂ 'ਪਾ' ਜੀਵਨ ਸਾਰ ਹੈ:

'ਸਾ' ਵਾਲੀ ਅੱਖ ਵਿਚਲੀ ਅੱਖ ਬਾਹਰੋਂ, ਅੰਦਰ ਦਾ ਸਫ਼ਰ ਹੈ ਤੇ 'ਪਾ' ਉਸ ਅੰਦਰਲੀ ਅੱਖ ਨੂੰ ਹੀ ਮਸ਼ਾਲ ਬਣਾ ਦਿੰਦਾ ਹੈ। 'ਮਾ' ਵਿਚਲਾ ਅਚਾਨਕ ਵੜਿਆ ਕਣ ਰੜਕ ਉਪਜਾਉਂਦਾ ਹੈ ਪਰ 'ਪਾ' ਵਿਚ ਉਹੀ ਰੜਕ ਮਸ਼ਾਲ ਰੂਪ ਧਾਰਦੀ ਹੈ। ਪੀੜ ਤੋਂ ਪ੍ਰਕਾਸ਼ ਤੱਕ ਦਾ ਸਾਰਾ ਜੀਵਨ ਸਫ਼ਰ ਇਕ ਮਸ਼ਾਲ ਦੀ ਲਾਟ ਵਿੱਚ ਬੰਨ੍ਹਿਆ ਗਿਆ ਹੈ। 'ਸਾ' ਦਰਸਨ, 'ਰੇ' ਸੰਸਾਰ, 'ਗਾ' ਰਿਸ਼ਤਾ, 'ਮਾ' ਤਕਲੀਫ ਤੇ 'ਪਾ' ਹੱਲ ਹੈ, ਸੰਕਲਪ ਹੈ।

'ਧਾ' ਧੈਵਤ ਰੋਹੀ ਤਹਿਤ ਨੌਂ ਮੁਰਕੀਆਂ ਦਰਜ ਹਨ। 'ਧਾ' ਧੈਵਤ ਦਰਦ, ਪੁਕਾਰ, ਕਰੁਣਾਮਈ ਸੁਰ ਤਾਰ ਸਪਤਕ ਵੱਲ ਦੀ ਆਖਰੀ ਛਲਾਂਗ ਤੋਂ ਪਹਿਲਾਂ ਦੀ ਚੀਸ ਹੈ। 'ਪਾ' ਤਹਿਤ ਜੋ ਲਾਟ ਬਲਦੀ ਹੈ 'ਧਾ' ਆ ਕੇ ਉਸੇ ਲਾਟ ਵਿੱਚ ਦਰਦ ਪਰੋ ਦਿੰਦਾ ਹੈ। ਕੋਮਲਤਾ ਵੈਰਾਗ ਹੈ, ਵਿਛੋੜਾ ਹੈ, ਤੀਬਰਤਾ ਹਾਹਾਕਾਰ ਹੈ। ਦੋਹਾਂ ਵਿਚਕਾਰ ਇੱਕ ਸਾਂਝ ਹੈ: ਅਤਿ।

'ਗਾ' ਤਹਿਤ ਬਿੰਬਾਂ ਦੇ ਸਾਗਰ ਹਨ। ਇੱਥੇ ਬਿੰਬ ਅੱਖ ਵਿੱਚ ਠਹਿਰਿਆ ਨਹੀਂ, ਬਲਕਿ ਤੈਰਦਾ ਹੈ। ਨਾ ਡੁੱਬਦਾ, ਨਾ ਪਾਰ ਜਾਂਦਾ। ਇਹ 'ਧਾ' ਦੀ ਕੋਮਲ ਅਵਸਥਾ ਹੈ। ਤੀਬਰਤਾ, ਚੀਸ ਹੈ। ਕੋਮਲਤਾ, ਸਿਸਕੀ ਹੈ। ਦਰਦ ਸ਼ਬਦਾਂ ਦੀ ਗ੍ਰਿਫ਼ਤ 'ਚ ਨਾ ਆਉਣਾ; ਬਿਆਨੋਂ ਬਾਹਰਾ ਅਸਲ ਬਿਰਹਾਂ ਹੈ।ਇੱਥੇ ਸ਼ਾਇਰਾ 'ਧਾ' ਦੀਆਂ ਕੋਮਲ ਤੇ ਤੀਬਰ ਦੋਵੇਂ ਅਵਸਥਾਵਾਂ ਨੂੰ ਪ੍ਰਗਟਾਉਂਦੀ ਹੈ।

'ਨੀ' ਰੋਹੀ ਤਹਿਤ ਅੱਠ ਮੁਰਕੀਆਂ ਦਰਜ ਹਨ। 'ਨੀ' ਨਿਸ਼ਾਦ ਤਾਰ ਸਪਤਕ ਦੀ ਦਹਿਲੀਜ਼ ਹੈ। 'ਸਾ' ਦਾ ਸਫ਼ਰ ਇੱਥੇ ਖਤਮ ਹੋ ਸਕਦਾ ਹੈ ਜਾਂ ਖਤਮ ਕੀਤਾ ਜਾ ਸਕਦਾ ਸੀ, ਕਿਉਂਕਿ 'ਨੀ' ਰੋਹੀ ਅੰਤ ਵੀ ਹੈ ਤੇ ਸ਼ੁਰੂਆਤ ਵੀ। ਕੋਮਲ 'ਨੀ' ਵੈਰਾਗ, ਸੰਸਾਰ ਤੋਂ ਉੱਪਰ ਉੱਠਣ ਦੀ ਅਵਸਥਾ ਹੈ ਤੇ ਤੀਬਰ 'ਨੀ' ਤੜਫ ਹੈ। 'ਸਾ' ਨੂੰ ਛੂੰਹਣ ਦੀ ਬੇਚੈਨੀ ਹੈ, ਕਾਮਨਾ ਹੈ। ਸ਼ਾਇਰਾ ਰੋਹੀ ਦੀ ਬੇਚੈਨੀ ਤੇ ਕਾਮਨਾ ਉੱਪਰ ਸਵਾਲੀਆ ਚਿੰਨ੍ਹ ਲਾ ਅਵਰੋਹੀ ਵੱਲ ਲੈ ਜਾਂਦੀ ਹੈ:-

'ਸਾ', ਅਵਰੋਹੀ ਤੋਂ ਪਹਿਲਾਂ ਸੁਰਾਂ ਦਾ ਸਫ਼ਰ 'ਨੀ' ਤੱਕ ਆ ਮੁਕੰਮਲ ਹੁੰਦਾ ਹੈ ਪਰ ਸ਼ਾਇਰਾ ਤਾਰ ਸਪਤਕ ਦੇ 'ਸਾਂ' ਨੂੰ ਅਵਰੋਹੀ ਸਿਰਲੇਖ ਦਿੰਦੇ ਹਨ। ਇਹ ਸ਼ਾਇਰਾ ਦਾ ਅਜਿਹਾ ਮੱਧਅੰਤਰ ਹੈ ਜਿਸ 'ਤੇ ਆ ਇਹਨਾਂ ਮੁਰਕੀਆਂ ਨੂੰ ਪੜ੍ਹਨ ਦੀ ਇੱਛਾ ਹੋਰ ਵੀ ਤੀਬਰ ਹੋ ਜਾਂਦੀ ਹੈ। ਪਾਠਕ ਇਹਨਾਂ ਮੁਰਕੀਆਂ ਦੇ ਸੁਰਮਈ ਵਹਿਣਾਂ ਵਿੱਚ ਵਹਿ ਤੁਰਦਾ ਹੈ। 'ਸਾਂ' ਦਾ ਸੁਭਾਅ ਸਿਖ਼ਰ ਹੈ। ਅੱਖ ਵਿਚਲੀ ਅੱਖ ਦਾ ਸਫ਼ਰ ਛੱਤ ਨੂੰ ਚਿੰਬੜੀ ਕਿਰਲੀ ਬਣ ਗਿਆ ਹੈ, ਜੋ ਅਵਰੋਹੀ ਬਣ ਉਪਰੋਂ ਨੀਚੇ ਵੱਲ ਚੱਲਦਾ ਹੈ। 'ਨੀ' ਵਿਚਲੇ ਸਵਾਲ ਧੁੰਦਲੇ ਖਿਆਲਾਂ ਦਾ ਕੀ ਕਰੋਗੇ? ਦਾ ਜਵਾਬ ਹੈ 'ਸਾਂ' ਨੀਂਦ ਦੇ ਖਿਆਲ ਸ਼ਾਂਤਚਿੱਤ ਆ ਕਿਰਲੀ ਦਾ ਪਰਛਾਵਾਂ ਬਣ ਸਾਡੇ ਚਮਚਮਾਉਂਦੇ ਘਰ ਵਿੱਚ ਤੁਰਦੇ ਰਹਿੰਦੇ ਹਨ। ਇਹਨਾਂ ਤੁਰਦੇ-ਫਿਰਦੇ ਖਿਆਲਾਂ ਦੇ ਚੜ੍ਹਾਅ ਦਾ ਉਤਰਾਅ ਹੈ 'ਸਾਂ'।

ਸ਼ਾਇਰਾ ਨੇ ਸੱਤ ਸੁਰਾਂ ਉਪਰੰਤ 'ਸਾਂ' ਦੇ ਕੇ ਰੋਹੀ ਦੇ ਚੜ੍ਹਾਅ ਨੂੰ ਅਵਰੋਹੀ ਦੇ ਉਤਰਾਅ ਵਿੱਚ ਤਬਦੀਲ ਕਰ ਦਿੱਤਾ ਹੈ। ਅਵਰੋਹੀ ਸਿਰਲੇਖ ਨਾਲ ਦਰਸਾਇਆ ਗਿਆ ਹੈ ਕਿ ਜੀਵਨ ਮਹਿਜ਼ ਚੜ੍ਹਾਅ ਹੀ ਨਹੀਂ, ਬਲਕਿ ਸਿਖਰ 'ਤੇ ਪਹੁੰਚਣ ਉਪਰੰਤ ਦਾ ਡਰ, ਖਾਲੀਪਨ, ਕਚਲਾਣ ਹੀ ਅਸਲ ਸੱਚ ਹੈ।

'ਨੀ' ਅਵਰੋਹੀ ਤਹਿਤ ਅੱਠ ਮੁਰਕੀਆਂ ਦਰਜ ਹਨ। ਇਹਨਾਂ ਮੁਰਕੀਆਂ ਦਾ ਅੰਤ 'ਨੀ' ਤੇ ਨਹੀਂ ਹੁੰਦਾ, ਬਲਕਿ 'ਸਾਂ' ਦੀ ਅਵਰੋਹੀ ਨਾਲ ਇਹ ਮੁਰਕੀਆਂ ਮੁੜ 'ਨੀ' ਦੇ ਉਤਰਾਅ ਨਾਲ ਛੋਟੇ ਅੰਤਰਾਲ ਉਪਰੰਤ ਸ਼ੁਰੂ ਹੁੰਦੀਆਂ ਹਨ। ਰੋਹੀ ਤੋਂ ਅਵਰੋਹੀ ਦਾ ਸਫ਼ਰ ਆਰੰਭ ਹੁੰਦਾ ਹੈ। 'ਸਾਂ' ਦੀ ਅਵਰੋਹੀ ਉਪਰੰਤ 'ਨੀ' ਹੈ। ਭਾਵ ਚੱਕਰ ਖਤਮ ਨਹੀਂ ਹੋਇਆ, ਬਲਕਿ ਦੁਬਾਰਾ ਸ਼ੁਰੂ ਹੋ ਗਿਆ ਹੈ। ਇੱਥੇ ਨਿਸ਼ਾਦ ਪਹਿਲਾਂ ਵਾਲਾ ਨਹੀਂ, ਬਲਕਿ ਰੋਹੀ ਦਾ ਨਿਸ਼ਾਦ ਸਵਾਲ ਸੀ, ਧੁੰਦਲੇ ਖਿਆਲਾਂ ਦਾ ਕੀ ਕਰੋਗੇ? ਅਧਰੋਹੀ ਦਾ ਨਿਸ਼ਾਦ ਜਵਾਬ ਜਾਂ ਜਵਾਬ ਦੀ ਚੇਸ਼ਟਾ ਹੈ। ਰੋਹੀ ਦੇ ਧੁੰਦਲੇ ਖਿਆਲਾਂ ਦਾ ਸਵਾਲ ਅਵਰੋਹੀ ਤਹਿਤ ਉਹ ਬਣ ਕੋਲ ਸੁੱਤਾ ਪਿਆ ਹੈ। ਜਿਸ ਦਾ ਡਰ ਸੀ, ਉਹ ਨੇੜੇ ਹੈ, ਪਰ ਵਿਡੰਬਨਾ ਇਹ ਹੈ ਕਿ ਨੇੜਤਾ ਵੀ ਸਕੂਨ ਨਹੀਂ ਲਿਆਈ। ਸਾ, ਰੇ, ਗਾ, ਮਾ, ਪਾ, ਨੀ, ਸਾਂ, ਤੇ ਫਿਰ ਨੀ, ਸਾਂ ਤੋਂ ਉਤਰਾਅ ਦੇ ਨੀ ਵੱਲ ਪਰਤਦੇ ਹਾਂ ਤੇ ਫਿਰ ਉਸੇ ਨਿਸ਼ਾਦ ਤੋਂ ਅਵਰੋਹੀ ਸ਼ੁਰੂ ਹੁੰਦੀ ਹੈ। 'ਸਾਂ' ਵਾਲੀ ਅਵਰੋਹੀ ਡਰ ਹੈ ਤੇ 'ਨੀ' ਵਾਲੀ ਡਰ ਉਪਰੰਤ ਦੀ ਥਕਾਵਟ! ਇਸੇ ਥਕਾਵਟ ਰਾਹੀਂ ਸ਼ਾਇਰਾ ਦੱਸਦੀ ਹੈ ਕਿ ਜਦੋਂ ਲੜਨ ਦੀ ਤਾਕਤ ਨਾ ਰਹੇ ਤਾਂ ਦਰਦ ਨੂੰ ਹੀ ਲੋਰੀ ਦੇਣੀ ਪੈਂਦੀ ਹੈ

'ਧਾ' ਅਵਰੋਹੀ ਤਹਿਤ ਨੌਂ ਮੁਰਕੀਆਂ ਦਰਜ ਹਨ। 'ਸਾਂ' ਤੋਂ ਨਿਸ਼ਾਦ, ਨਿਸ਼ਾਦ ਤੋਂ ਧੈਵਤ ਅਵਰੋਹੀ ਵਿਸਥਾਰ ਹੈ। ਰੋਹੀ ਵਾਲਾ ਧੈਵਤ ਚੀਸ ਹੈ, ਕਰੁਣਾਮਈ ਪੁਕਾਰ ਹੈ। ਅੱਖਾਂ ਵਿੱਚ ਤੈਰਦਾ ਬਿੰਬ ਧੈਵਤ ਦਾ ਕੋਮਲ ਵੈਰਾਗ ਹੈ। ਅਵਰੋਹੀ ਦਾ ਧੈਵਤ 'ਸਾਂ' ਤੇ 'ਨੀ' ਉਤਰਾਅ ਦੀ ਮਹਿਜ਼ ਚੀਸ ਨਹੀਂ, ਬਲਕਿ ਸੰਨਾਟਾ ਹੈ

'ਮਾ' ਅਵਰੋਹੀ ਤਹਿਤ 15 ਮੁਰਕੀਆਂ ਦਰਜ ਹਨ। 'ਮਾ' ਮੱਧਮ ਵੀ ਪਹਿਲੇ ਕ੍ਰਮ ਭਾਵ ਰੋਹੀ ਅਵਰੋਹੀ ਅਨੁਸਾਰ ਹੀ ਹੈ। ਰੋਹੀ ਦਾ ਮੱਧਮ ਤਕਲੀਫ, ਚੋਭ, ਵਿਰੋਧ, ਦਰਦ ਸੀ ਜੋ ਅੱਖ ਵਿੱਚ ਰੜਕ ਰਿਹਾ ਸੀ। ਅਵਰੋਹੀ ਦਾ 'ਮਾ', ਪੰਚਮ 'ਤੇ ਸਮ ਤਾ ਆਇਆ ਨਹੀਂ। ਇਹ ਖਾਲੀ ਤੇ ਰੁਕ ਗਈ ਚਾਲ ਸੀ। ਅਵਰੋਹੀ ਤਹਿਤ ਚਾਲ ਰੁਕਣ ਤੋਂ ਬਾਅਦ ਦੀ ਅਵਸਥਾ ਹੈ 'ਮਾ'। ਮੱਧਮ ਸੁਰ ਦੋ ਕਿਨਾਰਿਆਂ ਦਾ ਪੁਲ ਹੈ। 'ਪਾ' ਵਾਦੀ ਹੈ 'ਰੇ' ਸੰਵਾਦੀ ਹੈ। ਰੋਹੀ ਮੱਧਮ ਤਹਿਤ 'ਕਣ' ਅਤੇ 'ਅੱਖ' ਦਾ ਵਿਰੋਧ ਹੈ ਅਤੇ ਰੋਹੀ ਮੱਧਮ ਤਹਿਤ 'ਕੈਂਚੀ' ਅਤੇ 'ਸੂਈ ਧਾਗੇ' ਦਾ ਸੰਵਾਦ ਹੈ। ਟੁੱਟਣਾ ਅਤੇ ਸਿਉਣਾ ਵੱਡੀ ਅਵਰੋਹੀ ਹੈ। ਅਵਰੋਹੀ ਪੰਚਮ 'ਤੇ ਸਮ ਨਹੀਂ ਆਇਆ। ਇੱਥੇ ਮੱਧਮ ਤੇ ਸਮ ਦੀ ਲੋੜ ਹੀ ਖਤਮ ਹੋ ਜਾਂਦੀ ਹੈ। ਜਦੋਂ ਕੱਟਣ ਤੇ ਸਿਉਣ ਵਾਲਾ ਆਹਮਣੇ-ਸਾਹਮਣੇ ਹੋਣ ਤਾਂ 'ਪਾ' ਵਾਦੀ ਅਤੇ 'ਰੇ' ਸੰਵਾਦੀ ਵਿਚਕਾਰ 'ਮਾ' ਦੀ ਤਾਲ ਪੂਰੀ ਹੋ ਜਾਂਦੀ ਹੈ। ਸ਼ਾਇਰਾ ਭਾਵ ਬੋਧ ਵਿੱਚ ਅਵਰੋਹੀ ਨੂੰ ਉਲਟਾਉਂਦੀ ਹੈ। ਆਮ ਤੌਰ 'ਤੇ ਅਵਰੋਹੀ ਉਦਾਸੀ ਹੈ, ਹਾਰ ਹੈ। ਸ਼ਾਇਰਾ ਦੇ ਭਾਵ ਬੋਧ ਵਿੱਚ ਅਵਰੋਹੀ ਸਮਝ ਹੈ, 'ਸਾਂ' ਦਾ ਡਰ ਹੈ, 'ਪਾ' ਦਾ ਖਾਲੀਪਨ। ਇਹ ਸਭ 'ਮਾ' 'ਤੇ ਆ ਸੂਈ-ਧਾਗਾ ਬਣ ਜਾਂਦੇ ਹਨ। ਸੂਈ ਅਤੇ ਧਾਗਾ ਸ਼ਬਦ ਇੱਕ ਪੱਧਰ ਉੱਪਰ ਸਮਾਸ ਹੈ। ਅੰਤ ਸਮਝ ਵਿੱਚ ਤਬਦੀਲ ਹੋ ਸ਼ਾਇਰਾ ਦੇ ਭਾਵ ਬੋਧ ਰਾਹੀਂ ਤਬਦੀਲ ਰੂਪ ਵਿੱਚ ਪੇਸ਼ ਹੁੰਦੇ ਹਨ।

'ਗਾ' ਅਵਰੋਹੀ ਤਹਿਤ ਸੱਤ ਮੁਰਕੀਆਂ ਦਰਜ ਹਨ। 'ਗਾ' ਰੋਹੀ ਤੀਬਰ ਵੀ ਹੈ ਤੇ ਕੋਮਲ ਵੀ। ਬੇਸ਼ੱਕ 'ਗਾ' ਪ੍ਰੇਮ ਸੁਰ ਰਸ ਦਾ ਸੁਰ ਹੈ ਪਰ ਇੱਥੇ ਤਪਦੀ ਪਿਆਸ ਦੇ ਭਾਵ ਰੂਪ ਵਿੱਚ 'ਗਾ' ਕੋਮਲ ਨਹੀਂ ਤੀਬਰ ਸਵਰ ਹੈ। ਅਵਰੋਹੀ ਦਾ ਉਤਰਾਅ ਭਾਵ ਡਰ ਵਿਕਰਾਲ ਹੈ। ਜਿੱਥੇ 'ਸਾ' ਡਰ ਹੈ, ਨਿਸ਼ਾਦ ਥਕੇਵਾਂ, ਧੈਵਤ ਚੁੱਪ, ਪੰਚਮ ਖਾਲੀਪਨ ਤੇ ਮੱਧਮ ਹੌਸਲਾ ਹੈ ਪਰ ਗੰਧਾਰ 'ਤੇ ਆ ਪਤਾ ਚੱਲਦਾ ਹੈ ਕਿ ਸੀਣ ਲਈ ਕੁਝ ਨਹੀਂ ਬਚਿਆ।

'ਰੇ' ਅਵਰੋਹੀ ਤਹਿਤ ਤਿੰਨ ਮੁਰਕੀਆਂ ਦਰਜ ਹਨ। ਰੋਹੀ ਦੇ 'ਰੇ' ਦੀ ਛਲਾਂਗ ਉਤਰਾਅ ਅਤੇ ਚੜ੍ਹਾਅ ਦੋਹਾਂ ਰੂਪਾਂ ਵਿੱਚ ਹੈ। ਭਾਵ ਇਹ ਛਲਾਂਗ ਉੱਪਰ ਵੀ ਜਾਂਦੀ ਹੈ ਅਤੇ ਨੀਚੇ ਵੱਲ ਵੀ। ਜੋ ਬੂੰਦ ਅਤੇ ਸਾਗਰ ਦੇ ਤਸੱਵਰਾਂ ਵਿੱਚ ਘੁਲੀ ਹੈ। ਦੂਸਰਾ 'ਰੇ' ਅਵਰੋਹੀ ਦਾ ਹੈ। ਜਿੱਥੇ ਅਵਰੋਹੀ ਦਾ 'ਗਾ' ਅਰਥ; ਰੇਤ ਦੀ ਤਪਦੀ ਪਿਆਸ ਸਮੁੰਦਰ ਨੂੰ ਸੋਖ ਲੈਂਦੀ ਹੈ, ਉੱਥੇ ਹੀ ਇਹ 'ਰੇ' ਉਸੇ ਨਿਰਮਤ ਰੇਗਿਸਤਾਨ ਦਾ 'ਰੇ' ਹੈ। ਰੋਹੀ 'ਰੇ' ਤਹਿਤ ਬੂੰਦ ਅਤੇ ਸਾਗਰ ਦਾ ਸੰਵਾਦ ਹੈ। ਅਵਰੋਹੀ 'ਰੇ' ਦਾ ਸੰਵਾਦ ਅਤੀਤ ਨਾਲ ਹੈ। ਭਾਵ ਰੋਹੀ 'ਰੇ' ਨਾਲ ਹੀ ਸੰਵਾਦ ਹੈ। ਇੱਥੇ ਨੌਸਟੈਲਜੀਆ ਹੈ, ਪਰ ਨੌਸਟੈਲਜੀਆ ਦਾ ਰੂਪ ਪਛਤਾਵੇ ਵਾਲਾ ਨਹੀਂ ਬਲਕਿ ਸਿਸਕੀ ਰੂਪ ਵਿੱਚ ਹੈ। ਅਵਰੋਹੀ 'ਸਾ' ਦੇ ਚੜ੍ਹਾਅ ਦੇ ਸਿਖਰਾਂ ਤੋਂ ਉਤਰਾਅ ਦੀ ਸਿਸਕੀ ਤੱਕ ਜਾਂਦੀ ਹੈ। ਇੱਥੇ 'ਰੇ' ਪੂਰਵ ਜਨਮ ਜਾਂ ਹੋਂਦ ਦਾ ਐਲਾਨ ਹੈ। ਇਹ 'ਰੇ' ਸਿਸਕੀ ਹੈ: ਕਾਸ਼ ਮਲੰਗੀ ਹੀ ਰਹਿੰਦੀ।

ਰੋਹੀ 'ਸਾ' ਅਤੇ ਅਵਰੋਹੀ ਸਾਹ ਦੋਵੇਂ ਆਪਸ ਵਿੱਚ ਮੁਕੰਮਲ ਰੂਪ ਵਿੱਚ ਜੁੜੇ ਹੋਏ ਹਨ। ਜਿਵੇਂ ਰੋਹੀ 'ਸਾ' ਤਹਿਤ ਵੀ ਇੱਕ ਹੀ ਮੁਰਕੀ ਦਿੱਤੀ ਗਈ ਹੈ, ਉੱਥੇ ਅਵਰੋਹੀ 'ਸਾ' ਤਹਿਤ ਵੀ ਇੱਕ ਹੀ ਅਤੇ ਇੱਕ ਹੀ ਸਤਰ ਦੀ ਮੁਰਕੀ ਦਰਜ ਹੈ:-

ਅਲੂਣੀ ਸਿੱਲ ਚੱਟਣ ਮੱਛੀਆਂ

ਅੰਤ 'ਸਾ' 'ਤੇ ਅਵਰੋਹੀ ਮੁਕੰਮਲ ਹੁੰਦੀ ਹੈ। ਜਿੱਥੇ ਰੋਹੀ 'ਸਾ' ਤਹਿਤ ਅੱਖ ਦੇਖ ਰਹੀ ਅੱਖ ਵਿਚਲੀ ਅੱਖ ਨੂੰ ਉਹ ਚੇਤਨਾ ਹੈ, ਜੋ ਬਾਹਰ ਨੂੰ ਅਨੁਭਵ ਕਰ ਅੰਦਰ ਪਰਤਦੀ ਹੈ, ਅਵਰੋਹੀ 'ਸਾ' ਰੋਹੀ 'ਸਾ' ਦਾ ਬਦਲਿਆ ਰੂਪ ਹੈ, ਜਿੱਥੇ ਹੋਸ਼ ਪਰਤ ਆਉਂਦੀ ਹੈ ਤੇ ਸਵਾਦ ਖਤਮ ਹੋ ਜਾਂਦੇ ਹਨ। ਪਹਿਲਾ 'ਸਾ' ਅੱਖ ਹੈ, ਜੋ ਸਾਂਭਦੀ ਹੈ ਅਵਰੋਹੀ/ਦੂਜਾ 'ਸਾ' ਸਿੱਲ ਦਾ ਹੈ, ਜੋ ਚੱਟੀ ਜਾ ਰਹੀ ਹੈ। ਪਹਿਲਾ 'ਸਾ' ਕਰਤਾ ਹੈ ਤੇ ਦੂਜਾ 'ਸਾ' ਕਰਮ ਹੈ। ਸੁਰ ਅਤੇ ਸੰਗਮ ਦਾ ਇਹ ਸਫ਼ਰ ਕਰਤਾ ਅਤੇ ਕਰਮ ਵਿਚਕਾਰ ਦਾ ਹੀ ਸਫ਼ਰ ਹੈ। ਇਹੋ ਡਾ. ਵਨੀਤਾ ਦੀਆਂ ਮੁਰਕੀਆਂ ਨੇ, ਜੋ ਸੁਰਾਂ ਦੀਆਂ ਵੀ ਨੇ ਤੇ ਸ਼ਬਦਾਂ/ਜੀਵਨ ਦੀਆਂ ਵੀ।

'ਮੁਰਕੀਆਂ' ਨੇ ਛੰਦ-ਮੁਕਤ ਕਵਿਤਾ ਨੂੰ ਸ਼ਾਸਤਰੀ ਸੰਗੀਤ ਦੇ ਅਨੁਸ਼ਾਸਨ ਵਿਚ ਬੰਨ੍ਹਿਆ ਹੈ, ਬਿਨਾਂ ਉਸ ਦੀ ਰਵਾਨਗੀ ਨੂੰ ਨੁਕਸਾਨ ਪਹੁੰਚਾਇਆਂ। ਇਹ ਸੁਰ ਰੋਹ ਦੇ ਨਹੀਂ, ਅਵਰੋਹ ਦੇ ਹਨ। ਜਿੱਤ ਦੇ ਨਹੀਂ, ਸਵੀਕਾਰ ਦੇ ਹਨ। 'ਸਾ' ਤੋਂ 'ਨੀ' ਤੱਕ ਚੜ੍ਹੇ, ਫਿਰ 'ਸਾਂ' ਤੋਂ ਉੱਤਰੇ ਤੇ ਅੰਤ 'ਸਾ' 'ਤੇ ਆ ਕੇ ਰੁਕੇ। ਇਹੀ ਜੀਵਨ ਹੈ-ਰੋਹੀ ਤੇ ਅਵਰੋਹੀ। ਡਰ ਤੋਂ ਬੋਧ ਤੱਕ।

**ਸੰਪਰਕ**-78885-12802

# ਹਾਸ਼ੀਆਗਤ ਮਾਵਾਂ ਦੀ ਦਾਸਤਾਨ


ਸਾਹਿਤ ਚਿੰਤਨ

ਡਾ. ਸੰਦੀਪ ਰਾਣਾ

## ਮੇਰੀ ਮਾਂ

**(ਹਾਸ਼ੀਆਗਤ ਮਾਵਾਂ ਦੀ ਦਾਸਤਾਨ)**
**ਬੂਟਾ ਸਿੰਘ ਚੌਹਾਨ (ਸੰਪਾਦਕ)**
**ਪੰਨੇ : 143, ਮੁੱਲ : 220 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਮਾਂ ਸ਼ਬਦ ਜ਼ੁਬਾਨ 'ਤੇ ਆਉਂਦਿਆਂ ਹੀ ਮਨ ਵਿੱਚ ਅਨੇਕਾਂ ਅਹਿਸਾਸਾਂ ਦਾ ਹੜ੍ਹ ਆ ਜਾਂਦਾ ਹੈ। ਇਹਨਾਂ ਅਹਿਸਾਸਾਂ ਅਤੇ ਇਸ ਰੁਤਬੇ ਦੇ ਸਾਹਮਣੇ ਸਾਹਿਤ ਵਿੱਚ ਮਾਂ ਬਾਰੇ ਜਿੰਨੀ ਵੀ ਗੱਲ ਹੋਈ ਹੈ, ਥੋੜ੍ਹੀ ਹੋਈ ਹੈ ਤੇ ਉਸ ਥੋੜ੍ਹੀ ਦਾ ਜ਼ਿਆਦਾ ਹਿੱਸਾ ਉੱਚ-ਜਾਤੀ ਨਾਲ ਸੰਬੰਧਤ ਹੈ। ਇਸ ਸਮਾਜ ਵਿੱਚ ਦਲਿਤ, ਹਾਸ਼ੀਆਗਤ ਅਤੇ ਪੱਛੜੀਆਂ ਸ਼੍ਰੇਣੀਆਂ ਦੀਆਂ ਮਾਵਾਂ ਦੀ ਦਾਸਤਾਨ ਸਾਹਿਤ ਦਾ ਹਿੱਸਾ ਘੱਟ ਬਣੀ ਹੈ ਅਤੇ ਇਹ ਇਬਾਰਤ ਉਸੇ ਢੰਗ ਨਾਲ ਅਲਿਖਤ ਹੀ ਜ਼ਿੰਦਗੀ ਦੇ ਸੰਘਰਸ਼ਾਂ ਨਾਲ ਜੂਝਦੀ ਮਿੱਟੀ ਨਾਲ ਮਿੱਟੀ ਹੁੰਦੀ ਰਹੀ ਹੈ। ਬੂਟਾ ਸਿੰਘ ਚੌਹਾਨ ਦੁਆਰਾ ਇਹਨਾਂ ਕਿੱਸਿਆਂ ਨੂੰ ਕਾਗ਼ਜ਼ 'ਤੇ ਉਤਰਵਾ ਕੇ ਸੰਭਾਲਣ ਦਾ ਇਕ ਸਾਹਸੀ ਕਾਰਜ ਵਿੱਢਿਆ ਗਿਆ, ਜੋ ਇਕ ਸੰਵੇਦਨਸ਼ੀਲ ਕਾਰਜ ਸੀ। ਇਸ ਕਾਰਜ ਦੇ ਨਤੀਜੇ ਵਜੋਂ ਹੱਥਲੀ ਪੁਸਤਕ 'ਮੇਰੀ ਮਾਂ' ਹੋਂਦ ਵਿੱਚ ਆਈ ਹੈ, ਜੋ ਹਾਸ਼ੀਆਗਤ ਮਾਵਾਂ ਦੇ ਸੰਘਰਸ਼ਾਂ ਦਾ ਇਕ ਦਸਤਾਵੇਜ਼ ਬਣਦੀ ਹੈ। ਇਸ ਵਿਚ ਗ਼ਰੀਬੀ, ਜਾਤੀ ਵਿਤਕਰੇ ਅਤੇ ਸਮਾਜਿਕ ਔਕੜਾਂ ਕਾਰਨ ਮਾਵਾਂ ਵੱਲੋਂ ਕੀਤੀ ਉਹ ਜੱਦੋ-ਜਹਿਦ ਕਾਮਯਾਬ ਹੁੰਦੀ ਹੈ, ਜਿਸ ਕਾਰਨ ਉਹਨਾਂ ਦੀ ਔਲਾਦ ਪੜ੍ਹ-ਲਿਖ ਕੇ ਵਧੀਆ ਜ਼ਿੰਦਗੀ ਜਿਉਣ ਦੇ ਯੋਗ ਹੁੰਦੀ ਹੈ। ਦੂਹਰੀ ਗੁਲਾਮੀ ਵਿੱਚ ਜੂਝਦੀ ਅਜਿਹੀ ਔਰਤ ਖੇਤਾਂ ਵਿੱਚ ਮਿਹਨਤ, ਘਰਾਂ ਦੇ ਕੰਮ ਅਤੇ ਬੱਚਿਆਂ ਦੀ ਪਾਲਣਾ ਕਰਦੀ ਜੋ ਸੰਘਰਸ਼ ਭਰੀ ਜ਼ਿੰਦਗੀ ਜਿਉਂਦੀ ਹੈ, ਉਸੇ ਜ਼ਿੰਦਗੀ ਨੂੰ ਇਸ ਪੁਸਤਕ ਵਿਚਲੇ ਲੇਖਾਂ ਦਾ ਵਿਸ਼ਾ ਬਣਾਇਆ ਗਿਆ ਹੈ। ਇਹ ਪੁਸਤਕ ਔਰਤ ਦੀ ਪਛਾਣ, ਉਸ ਦੀ ਇੱਜ਼ਤ ਅਤੇ ਉਸ ਦੁਆਰਾ ਬੱਚਿਆਂ ਦੇ ਭਵਿੱਖ ਲਈ ਕੀਤੇ ਯਤਨਾਂ ਦਾ ਸਬੂਤ ਬਣਦੀ ਹੈ। ਇਸ ਢੰਗ ਨਾਲ ਇਸ ਵਰਗ ਦੇ ਅਣਡਿੱਠ ਵਰਤਾਰਿਆਂ ਅਤੇ ਸਾਹਿਤ ਦੇ ਇਸ ਖਾਲੀਪਣ ਨੂੰ ਆਪਣੀਆਂ ਕਲਮਾਂ ਨਾਲ ਭਰਨ ਦੀ ਕੋਸ਼ਿਸ਼ ਕਰਦੇ ਇਹ ਲੇਖਕ ਆਪਣੀਆਂ ਮਾਵਾਂ ਦੇ ਬਲੀਦਾਨਾਂ ਦੇ ਕਰਜ਼ ਚੁਕਾਉਣ ਦੀ ਕੋਸ਼ਿਸ਼ ਵਿੱਚ ਵੀ ਹਨ। ਇਹ ਲੇਖ ਇਹਨਾਂ ਲੇਖਕਾਂ ਵੱਲੋਂ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਲਿਖੇ ਗਏ ਹਨ। ਇਹਨਾਂ ਲੇਖਾਂ ਵਿੱਚ ਜਾਂ ਤਾਂ ਲੇਖਕ ਦੀ ਆਪਣੀ ਮਾਂ ਬਾਰੇ ਵਿਅਕਤੀਗਤ ਯਾਦ ਹੈ ਜਾਂ ਫਿਰ ਉਸ ਦੇ ਜੀਵਨ ਦੀ ਕੋਈ ਦਰਦ ਭਰੀ ਦਾਸਤਾਨ, ਜਿਸ ਵਿੱਚੋਂ ਮਾਂ ਦੀ ਇਕ ਡੂੰਘੀ ਆਵਾਜ਼ ਸੁਣਦੀ ਹੈ, ਜੋ ਪਾਠਕ ਨੂੰ ਆਪਣੀ ਖ਼ੁਦ ਦੀ ਮਾਂ ਦੀ ਆਵਾਜ਼ ਦਾ ਭੁਲੇਖਾ ਪਾਉਂਦੀ ਹੈ। ਅਸਲ ਵਿੱਚ ਮਾਂ ਦਾ ਪਿਆਰ ਕਿਸੇ ਵਿਅਕਤੀ ਜਾਂ ਕਿਸੇ ਜਾਤ-ਧਰਮ ਦਾ ਮੁਥਾਜ਼ ਨਹੀਂ, ਸਗੋਂ ਔਖੇ ਦਿਨਾਂ ਦੇ ਇਕੱਠੇ ਕੀਤੇ ਸੰਘਰਸ਼ ਕਾਰਨ ਇਹ ਹੋਰ ਵੱਧ ਗੂੜ੍ਹਾ ਹੁੰਦਾ ਜਾਂਦਾ ਹੈ। ਇਹ ਗੱਲ ਪੁਸਤਕ ਦੇ ਸੰਪਾਦਕ ਬੂਟਾ ਸਿੰਘ ਚੌਹਾਨ ਨੇ ਆਪ ਵੀ ਮੰਨੀ ਹੈ। ਸੰਪਾਦਕ ਦੇ ਅਨੁਸਾਰ, ਇਸ ਪੁਸਤਕ ਵਿਚ ਖੇਤਾਂ ਵਿਚ ਮਿਹਨਤ-ਮੁਸ਼ੱਕਤ ਕਰਨ ਵਾਲੀਆਂ ਉਨ੍ਹਾਂ ਮਾਵਾਂ ਦੀ ਦਾਸਤਾਨ ਚੋਣਵੇਂ ਲੇਖਕਾਂ ਨੇ ਲਿਖੀ ਹੈ, ਜਿਨ੍ਹਾਂ ਨੇ ਕੰਡਿਆਲਾ ਪੈਂਡਾ ਤਹਿ ਕਰਕੇ ਚਾਹਿਆ ਕਿ ਉਨ੍ਹਾਂ ਦੀਆਂ ਢਿੱਡਾਂ ਦੀਆਂ ਆਂਦਰਾਂ ਨੂੰ ਤੱਤੀ ਵਾਅ ਨਾ ਲੱਗੇ। ਇਨ੍ਹਾਂ ਮਾਵਾਂ ਦੇ ਸਿੱਦਕ ਅੱਗੇ ਸਿਰ ਝੁਕਦਾ ਹੈ।




ਪੁਸਤਕ ਦੇ ਲੇਖਾਂ ਦੀ ਪੜ੍ਹਤ ਵੱਲ ਅੱਗੇ ਵਧਦਿਆਂ ਪਹਿਲਾ ਲੇਖ 'ਮੇਰੀ ਮਾਂ : ਦੁਖੜਿਆਂ ਦੀ ਪੰਡ' ਸਿਰਲੇਖ ਹੇਠ ਨਾਮਵਰ ਕਹਾਣੀਕਾਰ ਅਤਰਜੀਤ ਦੁਆਰਾ ਆਪਣੀ ਮਾਂ ਬਾਰੇ ਲਿਖਿਆ ਗਿਆ ਹੈ। ਉਹ ਆਪਣੇ ਪਰਵਾਰ ਬਾਰੇ ਜਾਣਕਾਰੀ ਦਿੰਦਾ ਲਿਖਦਾ ਹੈ ਕਿ ਉਸ ਦੇ ਬਾਪ ਦਾ ਵੈਲੀਆਂ ਨਾਲ ਦਾਰੂ ਪਿਆਲਾ ਸਾਂਝਾ ਸੀ। ਭਾਵੇਂ ਉਸ ਦੇ ਨਾਨੇ ਨੇ ਗੁਰਸਿੱਖ ਅਤੇ ਅੰਮ੍ਰਿਤਧਾਰੀ ਪਰਵਾਰ ਦੇਖ ਕੇ ਉਸ ਦੀ ਮਾਂ ਦਾ ਵਿਆਹ ਕੀਤਾ ਸੀ, ਪਰ ਫਿਰ ਵੀ ਉਸ ਦਾ ਬਾਪ ਵੈਲੀਆਂ ਦੀ ਗਿਣਤੀ 'ਚ ਗਿਣਿਆ ਜਾਂਦਾ ਸੀ। ਖਾਣ-ਪੀਣ ਤੋਂ ਅੱਗੇ ਵੱਧ ਜੱਟਾਂ ਦਾ ਉਹ ਟੋਲਾ ਆਪਣੀਆਂ ਨਿੱਜੀ ਦੁਸ਼ਮਣੀਆਂ ਕੱਢਣ ਲਈ ਵੀ ਉਸ ਦੇ ਬਾਪੂ ਨੂੰ ਵਰਤਣਾ ਚਾਹੁੰਦਾ ਸੀ। ਸਾਥ ਨਾ ਦੇਣ ਕਾਰਨ ਉਸ ਦਾ ਕਤਲ ਕਰ ਦਿੱਤਾ ਗਿਆ। ਲੇਖਕ ਅਤਰਜੀਤ ਅਨੁਸਾਰ ਉਸ ਤੋਂ ਬਾਅਦ ਉਸ ਦੀ ਮਾਂ ਦਾ ਹੋਰ ਔਖਾ ਸਮਾਂ ਸ਼ੁਰੂ ਹੋ ਗਿਆ। ਉਹ ਆਪਣੇ ਪੇਕੇ ਜਾ ਰਹਿਣਾ ਚਾਹੁੰਦੀ ਸੀ, ਪਰ ਇਹ ਵੀ ਸੰਭਵ ਨਾ ਹੋ ਸਕਿਆ। ਲੇਖਕ ਦੱਸਦਾ ਹੈ ਕਿ ਆਖ਼ਰ ਉਸ ਦੀ ਮਾਂ ਨੂੰ ਉਸ ਦੇ ਤਾਏ ਦੇ ਚੁੱਲ੍ਹੇ ਹੀ ਬੈਠਣਾ ਪਿਆ। 1960 ਵਿੱਚ ਓ.ਟੀ. ਕਰਨ ਤੋਂ ਬਾਅਦ ਉਸ ਨੂੰ ਆਰਜ਼ੀ ਪੋਸਟ 'ਤੇ ਨੌਕਰੀ ਮਿਲਣ ਤੱਕ ਮਾਂ ਬਹੁਤ ਬਿਮਾਰ ਰਹਿਣ ਲੱਗ ਪਈ ਸੀ। ਪਤਾ ਲੱਗਦਾ ਹੈ ਕਿ ਉਸ ਨੂੰ ਅੰਤੜੀਆਂ ਦੀ ਤਪਦਿਕ ਹੋ ਗਈ ਹੈ ਅਤੇ ਉਸ ਦੀ ਦਵਾਈ ਦੋ ਸਾਲ ਖਾਣੀ ਪੈਣੀ ਸੀ, ਪਰ ਉਸ ਦੀ ਮਾਂ ਨੇ ਇੱਕ ਸਾਲ ਬਾਅਦ ਹੀ ਆਪਣੇ ਪੁੱਤ ਤੇ ਪੈਸੇ ਬਚਾਉਣ ਲਈ ਦਵਾਈ ਵਿੱਚੇ ਛੱਡ ਦਿੱਤੀ, ਜਿਸ ਕਾਰਨ ਬਿਮਾਰੀ ਵਧਣ ਨਾਲ ਉਸ ਦੀ ਮਾਂ ਦੀ ਮੌਤ ਹੋ ਗਈ।

ਅਗਲਾ ਲੇਖ ਭਗਵੰਤ ਰਸੂਲਪੁਰੀ ਦੁਆਰਾ 'ਖ਼ਾਮੋਸ਼ੀ ਦਾ ਜਜ਼ੀਰਾ- ਮੇਰੀ ਮਾਂ' ਸਿਰਲੇਖ ਹੇਠ ਲਿਖਿਆ ਗਿਆ ਹੈ। ਮਾਂ ਤੇ ਦਾਦੀ ਵਿੱਚ ਹੋਣ ਵਾਲੀ ਘਰੇਲੂ ਲੜਾਈ ਤੋਂ ਸ਼ੁਰੂ ਹੁੰਦਾ ਇਹ ਬਿਰਤਾਂਤ ਲੇਖਕ ਦੇ ਨਾਨਕੇ ਪਿੰਡ ਰਹਿਣ ਅਤੇ ਬਚਪਨ ਗੁਜ਼ਾਰਨ ਦੇ ਕਾਰਨਾਂ ਤੋਂ ਵੀ ਪਰਦਾ ਉਠਾਉਂਦਾ ਹੈ। ਲੁੱਟਾਂ-ਖੋਹਾਂ ਦੇ ਮਾਮਲਿਆਂ ਵਿੱਚ ਦੋਸ਼ੀ ਹੋਣ ਕਾਰਨ ਉਸ ਦੇ ਪਿਓ 'ਤੇ ਦਸ ਨੰਬਰੀ ਲੱਗੀ ਹੋਈ ਸੀ, ਜਿਸ ਕਾਰਨ ਪੁਲਸ ਕਈ ਵਾਰ ਤਫ਼ਤੀਸ਼ ਕਰਨ ਉਹਨਾਂ ਦੇ ਘਰ ਆ ਜਾਂਦੀ ਸੀ। ਉਸ ਦੀ ਮਾਂ ਨੇ ਇਸੇ ਕਾਰਨ ਆਪਣੇ ਵੱਡੇ ਪੁੱਤ ਨੂੰ ਉਸ ਦੇ ਨਾਨਕੇ ਛੱਡ ਦਿੱਤਾ ਸੀ। ਮਾਂ ਦੀ ਮਿਹਨਤ, ਪੈਸੇ ਜੋੜਨਾ ਅਤੇ ਉਸ ਦੇ ਨਾਨੇ ਕੋਲ ਜਾ ਕੇ ਅਕਾਊਂਟ ਵਿੱਚ ਜਮ੍ਹਾਂ ਕਰਵਾਉਣਾ ਉਸ ਦੇ ਬਲੀਦਾਨ ਦਾ ਇਕ ਛੋਟਾ ਹਿੱਸਾ ਸੀ। ਲੇਖਕ ਨੇ ਪੂਰੇ ਆਦਰ, ਇੱਜ਼ਤ ਅਤੇ ਖ਼ਲੂਸ ਨਾਲ ਆਪਣੀ ਮਾਂ ਦਾ ਸ਼ਬਦ-ਚਿੱਤਰ ਪੇਸ਼ ਕੀਤਾ ਹੈ। ਲੇਖਕ ਆਪਣੀ ਮਾਂ ਦੀ ਉਹ ਸਾਰੀ ਮਿਹਨਤ ਵੀ ਕਲਮਬੱਧ ਕਰਦਾ ਹੈ, ਜਿਸ ਕਾਰਨ ਉਹ ਆਪਣੀ ਜ਼ਿੰਦਗੀ ਵਿੱਚ ਕੁਝ ਬਣਨ ਦੇ ਕਾਬਲ ਹੁੰਦਾ ਹੈ। ਇਸ ਲੇਖ ਦੇ ਅਗਲੇ ਪਸਾਰ ਵਿੱਚ ਲੇਖਕ ਆਪਣੀ ਮਾਂ ਦੇ ਨਫ਼ਸਿਆਤੀ ਰੋਗ ਬਾਰੇ ਜਾਣਕਾਰੀ ਦਿੰਦਾ ਹੋਇਆ ਉਸ ਦੇ ਅੰਦਰਲੇ ਡਰ ਨੂੰ ਪੇਸ਼ ਕਰਦਾ ਹੈ। ਉਹ ਇਸ ਪਿੱਛੇ ਉਸ ਦੁਆਰਾ ਸਾਰੀ ਉਮਰ ਕੀਤੇ ਸੰਘਰਸ਼ਾਂ ਨੂੰ ਕਾਰਨ ਮੰਨਦਾ ਹੈ। ਉਹ ਸੋਚਦਾ ਹੈ ਕਿ ਉਸ ਦੇ ਸਹੁਰੇ ਘਰ ਹਾਲਾਤ ਹੀ ਉਸ ਨੂੰ ਅਜਿਹਾ ਬਣਾਉਂਦੇ ਹਨ ਕਿ ਉਹ ਕਿਸੇ 'ਤੇ ਯਕੀਨ ਨਹੀਂ ਕਰਦੀ ਤੇ ਬੱਸ ਇਕੱਲੀ ਰਹਿ ਕੇ ਖ਼ੁਸ਼ ਹੁੰਦੀ ਹੈ। ਆਪਣੀਆਂ ਭੈਣਾਂ ਨਾਲ ਅਤੇ ਆਪਣੀ ਮਾਂ ਨਾਲ ਵੀ ਅਕਸਰ ਲੜ ਪੈਂਦੀ ਹੈ। ਇਸੇ ਕਾਰਨ ਹੋਰਨਾਂ ਹਮਉਮਰ ਔਰਤਾਂ ਵਾਂਗ ਉਸ ਦਾ ਸੁਭਾਅ ਧਾਰਮਿਕ ਬਿਰਤੀ ਵਾਲਾ ਵੀ ਨਹੀਂ ਬਣਦਾ। ਲੇਖਕ ਇਸ ਲੇਖ ਨੂੰ ਸਮੇਟਦਾ ਹੋਇਆ ਅੰਤ ਵਿੱਚ ਲਿਖਦਾ ਹੈ, ਮਾਂ ਪਹਿਲਾਂ ਵੀ ਧਾਰਮਿਕ ਬਿਰਤੀ ਵਾਲੀ ਨਹੀਂ ਸੀ। ਵਿਆਹ ਤੋਂ ਬਾਅਦ ਉਹਨੂੰ ਦੁੱਖ ਹੀ ਐਨੇ ਮਿਲੇ ਕਿ ਉਹਦਾ ਧਾਰਮਿਕ ਗੱਲਾਂ ਤੋਂ ਮਨ ਉੱਠ ਗਿਆ। ਪੂਜਾ-ਪਾਠ ਦਾ ਉਹਨੂੰ ਪਤਾ ਹੀ ਨਹੀਂ। ਮੇਰੀ ਮਾਂ ਦੁੱਖਾਂ ਦੀ ਪੰਡ ਹੈ। ਦੁੱਖਾਂ ਦੀ ਪੰਡ ਦੀ ਗੰਢ ਖੋਲ੍ਹਣ ਦਾ ਮੇਰਾ ਕਦੇ ਹੌਂਸਲਾ ਨਹੀਂ ਪਿਆ। ਆਪਣੇ ਅੰਦਰਲੇ ਦੁੱਖਾਂ ਕਰਕੇ ਹੀ ਸ਼ਾਇਦ ਉਹ ਕਦੇ-ਕਦੇ ਡਿਪਰੈਸ਼ਨ ਵਿਚ ਆ ਜਾਂਦੀ ਹੈ। ਮੇਰੀ ਮਾਂ ਖੁੱਲ੍ਹੀ ਕਿਤਾਬ ਨਹੀਂ ਹੈ, ਜੀਹਨੂੰ ਹਰ ਕੋਈ ਪੜ੍ਹ ਲਵੇ। ਉਹ ਖੁੱਲ੍ਹਦੀ ਨਹੀਂ ਹੈ। ਸ਼ਾਇਦ ਖੁੱਲ੍ਹਣਾ ਚਾਹੁੰਦੀ ਨਹੀਂ। ਮਾਂ ਆਪਣੇ ਦੁੱਖਾਂ ਦੀ ਪੰਡ ਆਪਣੇ ਹੀ ਸਿਰ ਚੁੱਕੀ ਫਿਰ ਰਹੀ ਹੈ। ਜਦੋਂ ਵਧੇਰੇ ਭਾਰ ਪੈ ਜਾਵੇ ਤਾਂ ਕਿਸੇ ਅੱਗੇ ਖੁੱਲ੍ਹਦੀ ਨਹੀਂ, ਆਪੇ ਹੀ ਆਪਣੇ ਅੰਦਰਲਾ ਦੁੱਖ ਪੀ ਲੈਂਦੀ ਹੈ। ਖ਼ਾਮੋਸ਼! ਇਕਦਮ ਖ਼ਾਮੋਸ਼ੀ ਦਾ ਜਜ਼ੀਰਾ ਲੱਗਦੀ ਹੈ ਮਾਂ। ਸਮੁੰਦਰ ਵਾਂਗ ਉਪਰੋਂ ਸ਼ਾਂਤ, ਅੰਦਰ ਬਹੁਤ ਹਲਚਲ। ਪੰਨਾ 42


ਗੁਰਮੀਤ ਕੜਿਆਲਵੀ ਦੁਆਰਾ ਲਿਖੇ ਇਸ ਪੁਸਤਕ ਦੇ ਅਗਲੇ ਲੇਖ ਦਾ ਸਿਰਲੇਖ ਹੈ- ਪੰਜਾਹ ਜਮਾਤਾਂ ਪਾਸ ਇਸ ਲੇਖ ਦੇ ਸਿਰਲੇਖ ਤੋਂ ਹੀ ਉਸ ਮਾਂ ਦੀ ਜ਼ਿਹਨੀਅਤ ਸਾਹਮਣੇ ਆ ਜਾਂਦੀ ਹੈ, ਜੋ ਆਪਣੀ ਔਲਾਦ ਨੂੰ ਜ਼ਿੰਦਗੀ ਵਿੱਚ ਕਿਸੇ ਮੁਕਾਮ 'ਤੇ ਪੁੱਜਿਆ ਵੇਖਣਾ ਚਾਹੁੰਦੀ ਹੈ। ਅਨਪੜ੍ਹ ਹੋਣ ਦੇ ਬਾਵਜੂਦ ਉਹ ਵਿੱਦਿਆ ਦੀ ਅਹਿਮੀਅਤ ਜਾਣਦੀ ਹੈ। ਬਿਮਾਰੀ ਦੇ ਬਾਵਜੂਦ ਉਸ ਦੀ ਮਾਂ ਵੱਲੋਂ ਆਪਣੇ ਘਰ ਅਤੇ ਬੱਚਿਆਂ ਲਈ ਕੀਤਾ ਕੰਮ ਅਤੇ ਮਿਹਨਤ ਹੀ ਉਸ ਦੇ ਪੁੱਤਾਂ ਦੀ ਸਫ਼ਲਤਾ ਬਣ ਅੱਗੇ ਵਧਦੀ। ਉਹ ਆਪਣੇ ਜਵਾਨ ਹੁੰਦੇ ਪੁੱਤਾਂ ਨੂੰ ਵੇਖ ਜਿਵੇਂ ਨਸ਼ਿਆਈ ਜਾਂਦੀ। ਲੇਖਕ ਆਪਣੇ ਇਸ ਲੇਖ ਵਿੱਚ ਉਸ ਦੀ ਮਾਂ ਅਤੇ ਪਰਵਾਰ ਦੁਆਰਾ ਮੱਝਾਂ-ਗਾਵਾਂ ਦੀ ਸਾਂਭ-ਸੰਭਾਲ ਕੀਤੇ ਜਾਣ ਬਾਰੇ ਕੁਝ ਬਿਰਤਾਂਤ ਵੀ ਸਾਂਝੇ ਕਰਦਾ ਹੈ। ਉਹ ਸਪੱਸ਼ਟ ਰੂਪ ਵਿੱਚ ਆਪਣੀ ਤਾਲੀਮ ਅਤੇ ਨੌਕਰੀ ਲਈ ਯੋਗ ਹੋਣ ਪਿੱਛੇ ਆਪਣੀ ਮਾਂ ਦੀ ਮਿਹਨਤ ਨੂੰ ਹੀ ਮੰਨਦਾ ਹੈ। ਲੇਖਕ ਲਿਖਦਾ ਹੈ, ਅਨਪੜ੍ਹ ਮਾਂ ਅੰਦਰ ਇੰਨੀ ਚੇਤਨਤਾ ਤਾਂ ਸੀ ਕਿ ਘਰ ਦੀ ਗ਼ਰੀਬੀ ਕੱਢਣ ਦਾ ਇੱਕੋ-ਇੱਕ ਸਾਧਨ ਵਿੱਦਿਆ ਹੀ ਹੈ। ਸ਼ਾਇਦ ਇਸੇ ਕਰਕੇ ਘਰ ਦੇ ਢਹਿੰਦੇ ਹਾਲਾਤ 'ਚ ਵੀ ਮਾਂ ਚਿਰਾਗ਼ਾਂ ਵੇਲੇ ਪੁੱਤਾਂ ਦੇ ਪੜ੍ਹ-ਲਿਖ ਜਾਣ ਦੀਆਂ ਅਰਦਾਸਾਂ ਕਰਦੀ। ਸਾਡੀ ਪੜ੍ਹਾਈ ਛੁੱਟਣ ਨਾ ਦਿੱਤੀ। ਪੰਨਾ 51

ਇਸ ਤੋਂ ਅਗਲੇ ਲੇਖ 'ਕੰਧ ਦੀ ਕਾਨ' ਸਿਰਲੇਖ ਹੇਠ ਡਾ. ਗੁਰਮੀਤ ਕੱਲਰ ਮਾਜਰੀ ਦਾ ਆਪਣੀ ਮਾਂ ਬਾਰੇ ਲਿਖਿਆ ਲੇਖ ਹੈ। ਉਹ ਦੱਸਦਾ ਹੈ ਕਿ ਉਸ ਦੇ ਜੇਠੇ ਭਰਾ ਜੀਤ ਦੇ ਜਨਮ ਤੋਂ ਬਾਅਦ ਉਸ ਦੀ ਮਾਂ ਵਿਧਵਾ ਹੋ ਗਈ ਸੀ ਤੇ ਫਿਰ ਉਸ ਦੇ ਨਾਨਕੇ ਪਰਵਾਰ ਵੱਲੋਂ ਉਸ ਨੂੰ ਦੂਜੇ ਥਾਂ ਵਿਆਹਿਆ ਗਿਆ ਸੀ। ਉਸ

● **ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ**

## ਪੰਜਾਬੀ ਬਾਲ-ਸਾਹਿਤ ਦੀਆਂ ਤਿੰਨ ਤਾਜ਼ਾ ਪੁਸਤਕਾਂ

ਪੰਜਾਬੀ ਸਾਹਿਤ ਬਾਲ ਸਾਹਿਤ ਸਿਰਜਣ ਵਿੱਚ ਕਾਫ਼ੀ ਪਿੱਛੇ ਚੱਲ ਰਿਹਾ ਹੈ। ਕਈ ਬਾਲ ਰਸਾਲੇ ਨਿਕਲ ਕੇ ਬੰਦ ਹੋ ਜਾਂਦੇ ਰਹੇ। ਹੁਣ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਨੂੰ ਪੁਸਤਕਾਂ ਖ਼ਰੀਦਣ ਲਈ ਗਰਾਂਟਾਂ ਮਿਲਣ ਲੱਗੀਆਂ ਹਨ ਤਾਂ ਪ੍ਰਕਾਸ਼ਕਾਂ ਨੂੰ ਬਾਲ-ਸਾਹਿਤ ਦੀ ਲੋੜ ਪਈ ਤੇ ਬਹੁਤ ਸਾਰੇ ਲੇਖਕ ਇਸ ਖੇਤਰ ਵਿੱਚ ਨਿੱਤਰੇ ਹਨ, ਇਨ੍ਹਾਂ ਵਿੱਚ ਸ੍ਰੋ. ਬਾਲ ਸਾਹਿਤ ਸਨਮਾਨ ਪ੍ਰਾਪਤ ਲੇਖਕ ਬਲਜਿੰਦਰ ਮਾਨ ਦਾ ਨਾਂਅ ਵਿਸ਼ੇਸ਼ ਹੈ ਕਿਉਂਕਿ ਉਹ ਲੰਮੇ ਸਮੇਂ ਤੋਂ ਬਾਲ ਮੈਗਜ਼ੀਨ 'ਨਿੱਕੀਆਂ ਕਰੂੰਬਲਾਂ' ਵੀ ਕੱਢ ਰਿਹਾ ਹੈ ਅਤੇ ਸਕੂਲ ਚਲਾਉਣ ਦੇ ਨਾਲ-ਨਾਲ ਬਾਲ ਸਾਹਿਤ ਰਚ ਵੀ ਰਿਹਾ ਹੈ। ਉਸ ਦੀ ਹੱਥਲੀ ਪੁਸਤਕ 'ਅੰਬੀ ਦਾ ਬੂਟਾ' ਬਾਲ ਕਹਾਣੀ ਸੰਗ੍ਰਹਿ ਹੈ। ਟਾਈਟਲ ਉੱਪਰ ਹੱਸਦੇ ਬੱਚੇ ਅੰਬੀ ਦੇ ਬੂਟੇ ਵੱਲ ਸੰਕੇਤ ਕਰ ਰਹੇ ਹਨ। ਪੁਸਤਕ ਵਿੱਚ ਗਿਆਰਾਂ ਮੌਲਿਕ ਕਹਾਣੀਆਂ ਹਨ। ਸਾਰੀਆਂ ਆਮ ਜਨ ਜੀਵਨ ਵਿੱਚੋਂ ਬਾਲਾਂ ਨੂੰ ਸਿੱਖਿਆ, ਪ੍ਰੇਰਨਾ ਤੇ ਗਿਆਨ ਦੇਣ ਵਾਲੀਆਂ ਹਨ। ਹਰ ਇੱਕ ਨਾਲ ਚਿੱਤਰ ਬਣਾਏ ਹਨ। ਕਹਾਣੀਆਂ ਅੰਬੀ ਦਾ ਬੂਟਾ, ਆਪੋ-ਆਪਣਾ ਫ਼ਰਜ਼, ਆਜ਼ਾਦੀ, ਬੇਸਮਝ ਰਾਜਕੁਮਾਰ, ਬਹਾਦਰ ਕੁੜੀ, ਹੈਰੀ ਦੀਆਂ ਜੁਗਤਾਂ, ਜੇਜੋਂ ਦੇ ਪੇੜੇ, ਮਿੱਠੀਆਂ ਛੱਲੀਆਂ, ਮੋਹ ਦੀਆਂ ਤੰਦਾਂ, ਸੰਗਤ ਦਾ ਅਸਰ ਅਤੇ ਵਿਸ਼ਵ ਜੇਤੂ ਹਨ, ਜੋ ਆਪਣੇ ਨਾਂਅ ਤੋਂ ਹੀ ਵਿਸ਼ੇ ਵੱਲ ਸੰਕੇਤ ਕਰ ਰਹੀਆਂ ਹਨ। ਲੇਖਕ ਬਲਜਿੰਦਰ ਮਾਨ ਨਿਰੰਤਰ ਬਾਲ ਸਾਹਿਤ ਲਿਖ ਰਿਹਾ ਹੈ। ਉਸ ਦੀ ਕਲਮ ਨੂੰ ਸਲਾਮ ਕਹਿਣਾ ਬਣਦਾ ਹੈ। ਪੁਸਤਕ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਨੇ ਛਾਪੀ ਹੈ।







ਅਗਲੀ ਪੁਸਤਕ ਰਵਿੰਦਰ ਰੁਪਾਲ ਕੌਲਗੜ੍ਹ ਦੀ 'ਕਾਵਿ ਬੁਝਾਰਤਾਂ, ਬੁੱਝੋ ਬੱਚਿਓ' ਹੈ। ਟਾਈਟਲ 'ਤੇ ਨਿੱਕੀ ਬੱਚੀ ਦੀ ਮਨਮੋਹਣੀ ਮੂਰਤ ਹੈ। ਲੇਖਕ ਨੇ 4 ਬਾਲ ਨਾਵਲਿਟ ਲਿਖੇ ਹਨ ਅਤੇ ਇਕ ਬਾਲ ਕਹਾਣੀਆਂ ਦੀ ਪੁਸਤਕ ਹੈ। ਹੱਥਲੀ ਪੁਸਤਕ ਵਿਚ 18 ਕਾਵਿ-ਬੁਝਾਰਤਾਂ ਚਿੱਤਰਾਂ ਰਾਹੀਂ ਉੱਤਰਾਂ ਸਮੇਤ ਅਤੇ 4 ਬਾਲ ਗੀਤ ਹਨ। ਲੇਖਕ ਬਾਲ-ਸਾਹਿਤ ਰਚਣ ਨੂੰ ਸਮਰਪਿਤ ਹੈ। ਇਹ ਪੁਸਤਕ ਰੌਚਿਕ ਹੈ ਤੇ ਬੱਚੇ ਇਸ ਨੂੰ ਖ਼ੁਸ਼ ਹੋ ਕੇ ਪੜ੍ਹਨਗੇ। ਸੁੰਦਰ ਛਪੀ ਪੁਸਤਕ ਨੈਸ਼ਨਲ ਬੁੱਕ ਸ਼ਾਪ ਦਿੱਲੀ ਦੁਆਰਾ ਛਾਪੀ ਗਈ ਹੈ।

ਤੀਜੀ ਪੁਸਤਕ ਆਕਾਸ਼ਬਾਣੀ ਦੂਰਦਰਸ਼ਨ ਦੇ ਕਲਾਕਾਰ ਅਤੇ ਫ਼ਿਲਮਾਂ ਦੇ ਅਦਾਕਾਰ ਸੁਖਵਿੰਦਰ ਸੁੱਖੀ ਦੀ ਸੰਗ੍ਰਹਿਤ 'ਬੁਝਾਰਤਾਂ' ਹੈ। ਸੁੱਖੀ ਨੇ ਅਕਾਸ਼ਵਾਣੀ ਰਾਹੀਂ ਸਰੋਤਿਆਂ ਤੋਂ ਬੁਝਾਰਤਾਂ ਤੇ ਜੁਆਬ ਮੰਗਣ ਦਾ ਪ੍ਰੋਗਰਾਮ ਸ਼ੁਰੂ ਕੀਤਾ। ਇਸ ਰਾਹੀਂ ਜੋ ਬੁਝਾਰਤਾਂ ਮਿਲੀਆਂ, ਇਹ ਪੁਸਤਕ ਉਸ ਦਾ ਪਰਿਣਾਮ ਹੈ। ਪਹਿਲਾਂ ਦਾਦਾ-ਦਾਦੀ, ਨਾਨਾ-ਨਾਨੀ ਬੁਝਾਰਤਾਂ ਪਾਉਂਦੇ ਸਨ ਅਤੇ ਬੱਚੇ ਦਿਮਾਗ਼ ਲਾ ਕੇ ਬੁੱਝਦੇ ਸਨ। ਹੁਣ ਉਹ ਦਿਨ ਨਹੀਂ ਰਹੇ। ਜੰਮਦੇ ਬੱਚਿਆਂ 'ਤੇ ਬਸਤਿਆਂ ਦਾ ਬੋਝ ਉਨ੍ਹਾਂ ਨੂੰ ਇੱਧਰ ਝਾਕਣ ਦਾ ਨਾਉਂ ਨਹੀਂ ਲੈਣ ਦਿੰਦਾ। ਸੋ ਇਹ ਕਲਾ ਲੱਗਭੱਗ ਅਲੋਪ ਹੋਣ ਕਿਨਾਰੇ ਹੈ। ਸੁੱਖੀ ਨੇ ਉਪਰਾਲਾ ਕਰਕੇ ਵੱਖ-ਵੱਖ ਵਿਸ਼ਿਆਂ ਪੰਛੀ (12), ਨਿੱਤ ਵਰਤੋਂ ਦੀਆਂ ਚੀਜ਼ਾਂ (102), ਖਾਣ ਪੀਣ ਦੀਆਂ ਵਸਤਾਂ (70), ਜਾਨਵਰ (25), ਕੁਦਰਤ (37), ਸਾਜ਼ (5) ਅਤੇ ਆਮ ਗਿਆਨ (28) ਤੇ ਕੁੱਲ 379 ਬੁੱਝਣ ਵਾਲੀਆਂ ਬੁਝਾਰਤਾਂ ਹਨ। ਹਰ ਇੱਕ ਵਿਸ਼ੇ 'ਤੇ ਜੁਆਬ ਚਿੱਤਰਾਂ ਵਿੱਚ ਵੀ ਤੇ ਸ਼ਬਦਾਂ ਵਿੱਚ ਵੀ ਲਿਖੇ ਗਏ ਹਨ। ਨਿਆਣਿਆਂ ਦੇ ਆਮ ਗਿਆਨ ਵਿੱਚ ਵਾਧੇ ਲਈ ਐੱਮ.ਏ. (ਗੋਲਡ ਮੈਡਲਿਸਟ) ਸੁਖਵਿੰਦਰ ਸੁੱਖੀ ਦੀ ਇਹ ਇੱਕ ਅਮੋਲਕ ਸੌਗਾਤ ਹੈ, ਜੋ ਬੱਚਿਆਂ ਵੱਲੋਂ ਜ਼ਰੂਰ ਪਸੰਦ ਕੀਤੀ ਜਾਏਗੀ। ਸੁੱਖੀ ਦੇ ਇਸ ਉੱਦਮ ਲਈ ਉਸ ਪ੍ਰਤੀ ਸਨੇਹ ਤੇ ਸਤਿਕਾਰ ਹੈ।




**- ਤੇਜਾ ਸਿੰਘ ਤਿਲਕ**
**ਸੰਪਰਕ**-98766-36159

# ਪੁਸਤਕ ਰੀਵਿਊ

## ਮੇਰੇ ਹਿੱਸੇ ਦੀ ਧੁੱਪ

**(ਗ਼ਜ਼ਲ ਸੰਗ੍ਰਹਿ)**
**ਸਤਪਾਲ ਸਾਹਲੋਂ**
**ਕੀਮਤ-200 ਰੁਪਏ**
**ਰੌਸ਼ਨ ਕਲਾ ਕੇਂਦਰ, ਹੁਸ਼ਿਆਰਪੁਰ**

ਆਪਣੇ ਪਹਿਲੇ ਗ਼ਜ਼ਲ ਸੰਗ੍ਰਹਿ 'ਚੁੱਪ ਦੀ ਆਵਾਜ਼' ਤੋਂ ਲੱਗਭੱਗ ਦੋ ਦਹਾਕੇ ਬਾਅਦ ਆਪਣੇ ਦੂਜੇ ਗ਼ਜ਼ਲ ਸੰਗ੍ਰਹਿ 'ਮੇਰੇ ਹਿੱਸੇ ਦੀ ਧੁੱਪ' ਨਾਲ ਮੁੜ ਹਾਜ਼ਰ ਹੋਇਆ ਸਤਪਾਲ ਸਾਹਲੋਂ ਪੰਜਾਬੀ ਸਾਹਿਤ ਦਾ ਜਾਣਿਆ-ਪਛਾਣਿਆ ਨਾਂਅ ਹੈ। ਇਸ ਤੋਂ ਪਹਿਲਾਂ ਉਹ ਫੁੱਲਵਾੜੀ, ਸੰਤ ਰਾਮਾ ਨੰਦ ਜੀ ਅਮਰ ਰਹੇ ਅਤੇ ਕ੍ਰਾਂਤੀਕਾਰੀ ਡਾ. ਅੰਬੇਡਕਰ ਆਦਿ ਗੀਤ ਸੰਗ੍ਰਹਿ, ਛੋਟੀ ਲੀਕ ਤੋਂ ਪਰੇ ਮਿੰਨੀ ਕਹਾਣੀ ਸੰਗ੍ਰਹਿ, ਸ੍ਰੀ ਗੁਰੂ ਰਵਿਦਾਸ ਮਹਿਮਾ ਕਾਵਿ-ਵਾਰਤਕ, ਸਮਾਜਿਕ ਚੇਤਨਾ ਚਿੰਤਨ ਲੇਖ ਸੰਗ੍ਰਹਿ ਪੁਸਤਕਾਂ ਛਪਵਾ ਚੁੱਕਾ ਹੈ।ਲੰਬੇ ਅਰਸੇ ਤੋਂ ਅਦਬੀ ਮਹਿਕ ਰਾਹੀਂ ਪੰਜਾਬੀ ਸਾਹਿਤ ਦੀ ਸੇਵਾ ਕਰਨ ਵਾਲੇ ਸਤਪਾਲ ਸਾਹਲੋਂ ਦੀਆਂ ਗ਼ਜ਼ਲਾਂ ਵਿੱਚ ਦੱਬੇ-ਕੁਚਲਿਆਂ ਦਾ ਮਨੁੱਖੀ ਦਰਦ ਝਲਕਦਾ ਹੈ। ਗ਼ਜ਼ਲ ਦੀਆਂ ਬਾਰੀਕੀਆਂ, ਜ਼ਰੂਰਤਾਂ ਅਤੇ ਬੰਦਸ਼ਾਂ ਤੋਂ ਪੂਰੀ ਤਰ੍ਹਾਂ ਵਾਕਿਫ਼ ਸਤਪਾਲ ਸਾਹਲੋਂ ਦੀਆਂ ਗ਼ਜ਼ਲਾਂ ਦਾ ਇਹ ਸੰਗ੍ਰਹਿ ਆਮ ਮਨੁੱਖਾਂ ਦੇ ਅਹਿਸਾਸਾਂ, ਜਜ਼ਬਿਆਂ, ਵਲਵਲਿਆਂ, ਖਿਆਲਾਂ ਨੂੰ ਬੜੀ ਹੀ ਅਕੀਦਤ ਨਾਲ ਪੇਸ਼ ਕਰਦਾ ਹੈ। ਸੌਖੀ ਤੇ ਸਰਲ ਸ਼ਬਦਾਵਲੀ ਕਾਰਨ ਉਸ ਦੇ ਸ਼ਿਅਰ ਹਰ ਆਮ ਖ਼ਾਸ ਦੀ ਜ਼ੁਬਾਨੀਂ ਚੜ੍ਹਨ ਦੀ ਸਮਰੱਥਾ ਰੱਖਦੇ ਹਨ। ਹਿੰਮਤ ਵਿਹੂਣੇ ਲੋਕਾਂ ਨੂੰ ਉਹ ਆਪਣੀ ਸ਼ਿਅਰਕਾਰੀ ਰਾਹੀਂ ਬੁਲੰਦ ਹੌਂਸਲੇ ਨਾਲ ਅੱਗੇ ਵਧਣ ਲਈ ਪ੍ਰੇਰਿਤ ਕਰਦਾ ਹੈ।




ਉਸ ਦੇ ਸ਼ਿਅਰ ਘੂਕ ਸੁੱਤੇ ਲੋਕਾਂ ਨੂੰ ਜਾਗਣ ਦੀ ਅਪੀਲ ਕਰਦਿਆਂ ਹਾਕਮ ਦੀਆਂ ਲੋਕ ਮਾਰੂ ਨੀਤੀਆਂ ਵਿਰੁੱਧ ਜੂਝਣ ਲਈ ਇਸ਼ਾਰਾ ਕਰਦੇ ਹਨ।

'ਮੇਰੇ ਹਿੱਸੇ ਦੀ ਧੁੱਪ' ਸੰਗ੍ਰਹਿ ਸਦੀਆਂ ਤੋਂ ਹਾਸ਼ੀਆਗਤ ਵਰਗ ਅਤੇ ਆਪਣੇ ਅਸਤਿੱਤਵ ਦੀ ਪਛਾਣ ਲਈ ਵਿਲਕਦੇ ਲੋਕਾਂ ਦੇ ਸੰਗਰਾਮ ਵਰਗਾ ਹੈ। ਸ਼ਿਅਰਾਂ ਦੀ ਸਪੱਸ਼ਟਤਾ, ਰਸਿਕਤਾ, ਮਾਰਮਿਕਤਾ, ਭਾਵੁਕਤਾ, ਬੌਧਿਕਤਾ ਇਸ ਨੂੰ ਹੋਰ ਵੀ ਰੌਚਕ ਬਣਾਉਂਦੀ ਹੈ।

ਪੈਸੇ ਵਾਲੇ ਸ਼ਿਮਲੇ ਤੁਰ ਗਏ, ਸ਼ਹਿਰਾਂ ਵਿੱਚ ਸੰਨਾਟਾ,
ਸੜਕਾਂ ਦੇ ਰੁੱਖ ਕਰਨ ਸਲਾਹਾਂ
ਆਪਾਂ ਕਿੱਧਰ ਜਾਈਏ।

ਗ਼ਜ਼ਲ ਸੰਗ੍ਰਹਿ ਵਿੱਚ ਉਸ ਨੇ ਰੋਮਾਂਸ ਦੇ ਨਾਲ-ਨਾਲ ਬਿਰਹਾਮਈ ਅਤੇ ਪਿਆਰ-ਮੁਹੱਬਤ ਦੇ ਕਈ ਸ਼ਿਅਰ ਵੀ ਬੜੀ ਸ਼ਿੱਦਤ ਨਾਲ ਕਹੇ ਹਨ। ਗ਼ਜ਼ਲ ਦਾ ਹਰ ਸ਼ਿਅਰ ਅਜ਼ਾਦ ਖ਼ਿਆਲ ਵਾਲਾ ਹੁੰਦਾ ਹੈ, ਇਸ ਲਈ ਗ਼ਜ਼ਲ ਵਿੱਚ ਵਿਸ਼ਿਆਂ ਦੀ ਭਰਮਾਰ ਹੁੰਦੀ ਹੈ।ਸਤਪਾਲ ਸਾਹਲੋਂ ਨੇ ਵੀ ਅਨੇਕ ਮਸਲਿਆਂ, ਵਰਤਾਰਿਆਂ, ਘਟਨਾਵਾਂ ਨੂੰ ਆਪਣੀ ਸ਼ਾਇਰੀ ਦਾ ਹਿੱਸਾ ਬਣਾਇਆ ਹੈ।

ਲੋਕ ਭਲਾਈ ਅਤੇ ਹੋਰ ਸਮਾਜਿਕ ਕੰਮਾਂ ਵਿੱਚ ਮੋਹਰੀ ਰੋਲ ਅਦਾ ਕਰਨ ਵਾਲੇ ਸਤਪਾਲ ਸਾਹਲੋਂ ਦਾ ਗ਼ਜ਼ਲ ਸੰਗ੍ਰਹਿ 'ਮੇਰੇ ਹਿੱਸੇ ਦੀ ਧੁੱਪ' ਅਸਲ ਵਿੱਚ ਸਾਰੇ ਕੁਦਰਤੀ ਸੋਮਿਆਂ ਅਤੇ ਅਦਾਰਿਆਂ 'ਤੇ ਕਬਜ਼ਾ ਜਮਾਈ ਬੈਠੇ ਲੋਕਾਂ ਅੱਗੇ ਨਿੱਤ ਦੀਆਂ ਲੋੜਾਂ-ਥੁੜਾਂ ਲਈ ਜੂਝਦੇ ਲੋਕਾਂ ਦਾ ਸਵਾਲ ਹੈ। ਪਾਠਕ ਇਹ ਗ਼ਜ਼ਲ ਸੰਗ੍ਰਹਿ ਪੜ੍ਹ ਕੇ ਮਾਯੂਸ ਨਹੀਂ ਹੋਣਗੇ।

**— ਜਗਦੀਸ਼ ਰਾਣਾ**

## ਕੁਲਦੀਪ ਸਿੰਘ ਦੀਪ ਦੇ ਨਾਟਕ ਸ਼ਿਲਪ ਅਤੇ ਸੰਚਾਰ

**ਡਾ. ਨਰਿੰਦਰਜੀਤ ਸਿੰਘ**
**ਸਫ਼ੇ : 215, ਕੀਮਤ : 350 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਸਾਹਿਤ ਦੀਆਂ ਹੋਰ ਵਿਧਾਵਾਂ ਦੇ ਆਲੋਚਨਾਤਮਕ-ਪ੍ਰਬੰਧ ਮੁਕਾਬਲੇ ਪੰਜਾਬੀ ਨਾਟ-ਆਲੋਚਨਾ ਦੀ ਗਤੀ ਧੀਮੀ ਹੈ।ਇਸ ਦਾ ਕਾਰਨ ਵਿਧਾ ਦੀ ਜਟਿਲਤਾ ਵੀ ਹੈ; ਕਿਉਂਕਿ ਲਿਖ਼ਤ ਅਤੇ ਮੰਚ ਪਾਠ ਦੀ ਸੰਯੁਕਤਤਾ ਨੂੰ ਅਧਿਐਨ ਕੇਂਦਰ ਵਿੱਚ ਰੱਖਣਾ ਪੈਂਦਾ ਹੈ। ਇਉਂ ਦੂਜੇ ਬੰਨੇ ਆਲੋਚਨਾਤਮਕ ਪ੍ਰਸੰਗ ਨੂੰ ਅਧਿਕਤਰ ਖ਼ੁਦ ਨਾਟ-ਸਿਰਜਕਾਂ ਨੇ ਹੀ ਸੰਭਾਲਿਆ ਹੋਇਆ ਹੈ। ਮੁੱਖ ਆਲੋਚਕ ਕਦੇ-ਕਦਾਈਂ 'ਨਾਟ ਵੱਲ ਝਾਤ' ਮਾਰਦੇ ਹਨ। ਉੱਚ ਸਿੱਖਿਆ ਦੀ ਡਿਗਰੀ ਗ੍ਰਹਿਣ ਕਰਨ ਹਿੱਤ 'ਨਾਟਕਕਾਰ ਵਿਸ਼ੇਸ਼' ਨੂੰ ਕੇਂਦਰ ਬਿੰਦੂ ਵਿੱਚ ਰੱਖ ਕੇ ਅਧਿਐਨ-ਰੁਚੀ ਵਧੇਰੇ ਪ੍ਰਚਲਿਤ ਹੈ।ਇਸ ਪ੍ਰਚਲਨ ਵਿੱਚੋਂ ਕਈ ਵਾਰ ਨਵ-ਸੰਵਾਦ ਦੇ ਰਾਹ ਨਿਕਲਣ ਦੀ ਸੰਭਾਵਨਾ ਬਣਦੀ ਹੈ।ਡਾ. ਨਰਿੰਦਰਜੀਤ ਸਿੰਘ ਨੇ ਆਪਣੇ ਖੋਜ ਕਾਰਜ ਨੂੰ 'ਕੁਲਦੀਪ ਸਿੰਘ ਦੀਪ ਦੇ ਨਾਟਕ ਸ਼ਿਲਪ ਅਤੇ ਸੰਚਾਰ' ਰਾਹੀਂ ਪੁਸਤਕ ਰੂਪ ਦਿੰਦਿਆਂ ਅਜਿਹਾ ਯਤਨ ਕੀਤਾ ਹੈ।

ਡਾ. ਕੁਲਦੀਪ ਸਿੰਘ ਦੀਪ ਬਹੁਵਿਧਾਈ, ਬਹੁਭਾਸ਼ਾਈ, ਪ੍ਰਬੁੱਧ ਚਿੰਤਕ, ਪ੍ਰਬੰਧਕ-ਸੰਪਾਦਕ ਅਤੇ ਘਣੇ ਪਾਸੇ ਰੁੱਝਿਆ ਜ਼ਿੰਮੇਵਾਰ ਸ਼ਖ਼ਸ ਵੀ ਹੈ। ਅਧਿਐਨ ਕਰਤਾ ਨੇ 'ਨਾਟ ਦੀ ਵਿਧਾ' ਨੂੰ ਸਮਝਦਿਆਂ 'ਆਧੁਨਿਕ ਪੰਜਾਬੀ ਨਾਟਕ : ਚਾਰ ਪੀੜ੍ਹੀਆਂ ਦੀ ਨਾਟਕਕਾਰੀ' ਤੋਂ 'ਕੁਲਦੀਪ ਸਿੰਘ ਦੀਪ : ਜੀਵਨ ਅਤੇ ਰਚਨਾ' ਤੱਕ ਪਹੁੰਚ ਕਰਕੇ ਉਸ ਦੇ ਨਾਟਕਾਂ ਦਾ 'ਸ਼ਿਲਪ ਵਿਧਾਨ' ਅਤੇ 'ਸੰਚਾਰ ਪ੍ਰਬੰਧ' ਸਪੱਸ਼ਟ ਕਰਨ ਦਾ ਉੱਦਮ ਕੀਤਾ ਹੈ। ਨਾਟਕਕਾਰ ਦੀ 'ਸਮੁੱਚੀ ਨਾਟਕਕਾਰੀ' ਅਤੇ 'ਵਿਸ਼ੇਸ਼ ਮੁਲਾਕਾਤ' ਸਮੇਤ। ਕੁੱਲ ਸੱਤ ਅਧਿਆਇਨੁਮਾ ਸਿਰਲੇਖ ਹਨ।




ਦੀਪ ਦੀ ਨਾਟ-ਸਿਰਜਣਕਾਰੀ ਸਮਾਜਿਕ, ਸਿਆਸੀ, ਸੱਭਿਆਚਾਰਕ, ਆਰਥਿਕ, ਧਾਰਮਿਕ ਪ੍ਰਪੰਚ ਨੂੰ ਨੇੜਿਉਂ ਤੱਕਦੀ ਹੋਈ ਮਾਨਵੀ ਸੰਵੇਦਨਾਵਾਂ ਦੀ ਤਲਾਸ਼ ਕਰਦੀ ਹੈ। ਵਾਸ, ਪਰਵਾਸ, ਪੁਨਰਵਾਸ, ਦਲਿਤ, ਨਾਰੀ, ਕਿਸਾਨੀ ਆਦਿ ਮਸਲੇ ਰਾਸ਼ਟਰੀ-ਅੰਤਰ-ਰਾਸ਼ਟਰੀ ਸੰਬੰਧਕਾਰੀ 'ਚ ਬੱਝਦੇ ਹਨ। ਬਾਲ ਮਨੋਭਾਵਨਾਵਾਂ ਨੈਨੋ ਨਾਟਕ, ਕੋਰੀਓਗ੍ਰਾਫੀ, ਰੋਲ ਪਲੇਅ ਆਦਿ ਵਿਧਾਵਾਂ ਵਿੱਚ ਤਬਦੀਲ ਹੋ ਕੇ ਚੇਤਨਾ ਦਾ ਪਾਸਾਰ ਕਰਦੇ ਹਨ। ਅਪ੍ਰਕਾਸ਼ਿਤ ਇਕਾਂਗੀ, ਪੂਰੇ ਨਾਟਕ, ਕਾਵਿ ਨਾਟਕ, ਹਾਸ ਵਿਅੰਗ, ਵਿਗਿਆਨਕ ਨਾਟਕਾਂ ਆਦਿ ਦੀ ਸੂਚੀ ਤੋਂ ਪੰਜਾਬੀ ਨਾਟ ਸਿਰਜਣਾ ਦਾ ਭਵਿੱਖ ਸੁਰੱਖਿਅਤ ਜਾਪਦਾ ਹੈ। ਨਾਟਕਕਾਰ ਦੀ ਪ੍ਰਗਤੀਸ਼ੀਲ ਸੋਚ ਵਿੱਚ ਅਜਮੇਰ ਔਲਖ ਦੀ ਝਲਕ ਹੈ। ਆਂਚਲਿਕਤਾ ਵਜੋਂ ਮਲਵਈ ਰੰਗ ਮੌਜੂਦ ਹੈ। ਖ਼ੁਦਕੁਸ਼ੀ ਦੇ ਮੋੜ 'ਤੇ, ਭੁੱਬਲ ਦੀ ਅੱਗ, ਇਹ ਜੰਗ ਕੌਣ ਲੜੇ, ਛੱਲਾ ਆਦਿ ਹੋਰ ਨਾਟ-ਹਵਾਲੇ ਹਾਜ਼ਰ ਕੀਤੇ ਜਾ ਸਕਦੇ ਹਨ।

ਡਾ. ਨਰਿੰਦਰਜੀਤ ਸਿੰਘ ਨੇ ਪੰਜਾਬੀ ਨਾਟਕਕਾਰਾਂ ਦੀ ਚੌਥੀ ਪੀੜ੍ਹੀ ਨੂੰ ਫੋਕਸ ਕਰਦਿਆਂ ਇਤਿਹਾਸ-ਰੇਖਾ ਵਿੱਚ ਈਸ਼ਵਰ ਚੰਦਰ ਨੰਦਾ ਤੋਂ ਲੀਹ ਤੁਰਦੀ ਦਰਸਾਇਆ ਹੈ; ਤਰਜੀਹ ਦਿੱਤੀ ਹੈ। ਆਤਮਜੀਤ ਨੇ 'ਪੰਜਾਬੀ ਨਾਟਕ ਦਾ ਸਫ਼ਰ' ਪੁਸਤਕ ਸੰਪਾਦਨ ਦੇ ਆਰੰਭ ਵਿੱਚ 'ਮੰਚ ਮੁਖ ਪੰਜਾਬੀ ਨਾਟਕ ਦੀ ਪਹਿਲੀ ਸਦੀ (1909-2008)' ਭਾਵਪੂਰਤ ਲੇਖ ਲਿਖਿਆ ਹੈ।ਇਸ ਤਰਜ਼ 'ਤੇ ਕੇਵਲ ਧਾਲੀਵਾਲ ਦੀ ਸੰਪਾਦਨਾ 'ਪੰਜਾਬੀ ਰੰਗਮੰਚ ਦਾ ਮੁਢਲਾ ਸਫ਼ਰ' (1947 ਤੋਂ ਪਹਿਲਾਂ ਦੇ ਪਹਿਲੀ ਪੀੜ੍ਹੀ ਦੇ ਪੰਜਾਬੀ ਨਾਟਕ) ਪੜ੍ਹਨਯੋਗ ਹੈ। ਇਨ੍ਹਾਂ ਪੁਸਤਕਾਂ ਜਾਂ ਹੋਰ ਪ੍ਰਮਾਣਿਕ ਸਰੋਤਾਂ ਦੀ ਭਾਲ ਕਰਕੇ 'ਪੰਜਾਬੀ ਨਾਟਕ ਦੀ ਇਤਿਹਾਸਕਤਾ ਅਤੇ ਸਿਧਾਂਤਕੀ' ਨੂੰ ਠੋਸ ਕਰਨਾ ਬਣਦਾ ਸੀ/ਹੈ। ਭਾਰਤੀ ਨਾਟ ਪ੍ਰੰਪਰਾ ਦੇ ਪ੍ਰਸੰਗ ਵਿੱਚ ਇਹ ਟਿੱਪਣੀ 'ਨਾਟ ਸ਼ਾਸਤਰ ਜੋ ਕਿ ਦੋ ਢਾਈ ਹਜ਼ਾਰ ਸਾਲ ਪਹਿਲਾਂ ਲਿਖੀ ਗਈ ਸੀ, ਉਸ ਵਿੱਚ ਵੀ ਨਾਟਕ ਅਤੇ ਰੰਗਮੰਚ ਕਲਾ ਸੰਬੰਧੀ ਕੋਈ ਤਰਕ ਸੰਗਤ ਪ੍ਰਮਾਣ ਨਹੀਂ ਮਿਲਦਾ। (ਸਫ਼ਾ/30) ਅਸਹਿਮਤੀ ਵਾਲਾ ਹੈ; ਜਦੋਂਕਿ ਇਸ 'ਪੰਜਵੇਂ ਵੇਦ' ਵਿੱਚ 'ਰੰਗਮੰਚੀ ਸਾਰਥਕਤਾ' ਨੂੰ ਥਾਂ-ਥਾਂ ਪ੍ਰਗਟਾ 'ਨਾਟਕ ਦੀ ਉੱਚਤਾ' ਦਰਸਾਈ ਗਈ ਹੈ।ਦਸ ਰੂਪਕ, ਅਭਿਨੈ ਦੀਆਂ ਵੰਨਗੀਆਂ, ਮੰਚ ਆਕਾਰ ਆਦਿ ਦੀ ਵਿਵਿਧਤਾ ਇਸ ਗ੍ਰੰਥ ਦੀ ਸ਼ਾਨ ਹੈ। ਇਉਂ ਇਸ ਪੁਸਤਕ ਦੀ ਸਿਧਾਂਤਕੀ ਨਾਲੋਂ 'ਕੁਲਦੀਪ ਦੀਪ ਦਾ ਨਾਟ-ਆਲੋਚਨਾਤਮਕ ਪੱਖ' ਜ਼ਿਆਦਾ ਪ੍ਰਭਾਵੀ ਕਹਿ ਸਕਦੇ ਹਾਂ। ਮੁਲਾਕਾਤ ਵਾਲੇ ਸਵਾਲਾਂ ਨੂੰ ਤਰਤੀਬਬੱਧ ਜਾਂ ਸਵਾਲ 'ਚੋਂ ਸਵਾਲ ਕੱਢ ਕੇ ਸੰਵਾਦ ਸਿਰਜਿਆ ਜਾਂਦਾ ਤਾਂ ਹੋਰ ਬਿਹਤਰ ਹੁੰਦਾ; ਕੁਲਦੀਪ ਕੋਲ ਬਹੁ-ਅਨੁਸ਼ਾਸਨੀ ਗਿਆਨ ਹੈ; ਉਸ ਨੂੰ ਲਿਖ਼ਤੀ ਸਾਂਭਣਾ ਵੀ ਲਾਜ਼ਮੀ ਹੈ।

**— ਡਾ. ਚੰਦਰ ਪ੍ਰਕਾਸ਼**

# ਬੈਂਕ ਰਾਸ਼ਟਰੀਕਰਨ-ਜਨਤਕ ਬੈਂਕਿੰਗ ਦੀ ਵਿਰਾਸਤ ਅਤੇ ਅੱਜ ਦੀਆਂ ਚੁਣੌਤੀਆਂ

**ਐੱਮ ਐੱਸ ਭਾਟੀਆ**

'ਇਤਿਹਾਸ ਵਿੱਚ ਕੁਝ ਫ਼ੈਸਲੇ ਅਜਿਹੇ ਹੁੰਦੇ ਹਨ, ਜੋ ਸਿਰਫ਼ ਉਸ ਸਮੇਂ ਦੀ ਸਰਕਾਰ ਦੀ ਨੀਤੀ ਨਹੀਂ ਹੁੰਦੇ, ਸਗੋਂ ਇੱਕ ਰਾਸ਼ਟਰ ਦੀ ਆਰਥਿਕ ਅਤੇ ਸਮਾਜਿਕ ਦਿਸ਼ਾ ਨੂੰ ਵੀ ਨਵਾਂ ਮੋੜ ਦੇ ਜਾਂਦੇ ਹਨ।'

1947 ਵਿੱਚ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਭਾਰਤ ਨੇ ਇੱਕ ਅਜਿਹੀ ਅਰਥਵਿਵਸਥਾ ਵਿਰਾਸਤ ਵਿੱਚ ਪ੍ਰਾਪਤ ਕੀਤੀ ਸੀ, ਜਿਸ ਵਿੱਚ ਬੈਂਕਿੰਗ ਸੇਵਾਵਾਂ ਮੁੱਖ ਤੌਰ 'ਤੇ ਸ਼ਹਿਰਾਂ ਅਤੇ ਵੱਡੇ ਵਪਾਰਕ ਕੇਂਦਰਾਂ ਤੱਕ ਸੀਮਿਤ ਸਨ। ਦੇਸ਼ ਦੀ ਬਹੁਗਿਣਤੀ ਆਬਾਦੀ-ਕਿਸਾਨ, ਖੇਤ ਮਜ਼ਦੂਰ, ਦਸਤਕਾਰ ਅਤੇ ਛੋਟੇ ਵਪਾਰੀ-ਰਸਮੀ ਬੈਂਕਿੰਗ ਪ੍ਰਣਾਲੀ ਤੋਂ ਬਾਹਰ ਸਨ। ਉਹਨਾਂ ਲਈ ਕਰਜ਼ੇ ਦਾ ਮੁੱਖ ਸਰੋਤ ਸ਼ਾਹੂਕਾਰ ਸਨ, ਜੋ ਉੱਚੀਆਂ ਵਿਆਜ ਦਰਾਂ 'ਤੇ ਕਰਜ਼ਾ ਦੇ ਕੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕਰਦੇ ਸਨ। ਇਸ ਲਈ ਆਜ਼ਾਦ ਭਾਰਤ ਦੇ ਨੀਤੀ-ਨਿਰਮਾਤਾਵਾਂ ਸਾਹਮਣੇ ਇਹ ਸਵਾਲ ਸੀ ਕਿ ਕੀ ਬੈਂਕਿੰਗ ਪ੍ਰਣਾਲੀ ਸਿਰਫ਼ ਮੁਨਾਫ਼ੇ ਲਈ ਕੰਮ ਕਰੇਗੀ ਜਾਂ ਦੇਸ਼ ਦੇ ਸਮੁੱਚੇ ਵਿਕਾਸ ਦਾ ਸਾਧਨ ਵੀ ਬਣੇਗੀ?

**ਸਮਾਜਿਕ ਨਿਯੰਤਰਣ (ਸੋਸ਼ਲ ਕੰਟਰੋਲ) : ਰਾਸ਼ਟਰੀਕਰਨ ਤੋਂ ਪਹਿਲਾਂ ਦਾ ਇੱਕ ਅਧੂਰਾ ਪ੍ਰਯੋਗ**

1960 ਦੇ ਦਹਾਕੇ ਦੇ ਮੱਧ ਤੱਕ ਇਹ ਸਪੱਸ਼ਟ ਹੋ ਗਿਆ ਸੀ ਕਿ ਨਿੱਜੀ ਵਪਾਰਕ ਬੈਂਕ ਦੇਸ਼ ਦੀਆਂ ਵਿਕਾਸੀ ਲੋੜਾਂ ਅਨੁਸਾਰ ਆਪਣੀਆਂ ਕਰਜ਼ਾ ਨੀਤੀਆਂ ਵਿੱਚ ਲੋੜੀਂਦਾ ਬਦਲਾਅ ਨਹੀਂ ਕਰ ਰਹੇ ਸਨ। ਖੇਤੀਬਾੜੀ, ਲਘੂ ਉਦਯੋਗਾਂ ਅਤੇ ਪੇਂਡੂ ਖੇਤਰਾਂ ਨੂੰ ਸੰਸਥਾਗਤ ਕਰਜ਼ਾ ਅਜੇ ਵੀ ਬਹੁਤ ਘੱਟ ਮਿਲ ਰਿਹਾ ਸੀ, ਜਦਕਿ ਵੱਡੇ ਉਦਯੋਗਿਕ ਘਰਾਣਿਆਂ ਨੂੰ ਬੈਂਕ ਕਰਜ਼ਿਆਂ ਦਾ ਵੱਡਾ ਹਿੱਸਾ ਪ੍ਰਾਪਤ ਹੁੰਦਾ ਰਿਹਾ।

ਇਸ ਸਥਿਤੀ ਨੂੰ ਸੁਧਾਰਨ ਲਈ ਸਰਕਾਰ ਨੇ 1967-68 ਦੌਰਾਨ 'ਸਮਾਜਿਕ ਨਿਯੰਤਰਣ' ਦੀ ਨੀਤੀ ਅਪਣਾਈ। ਇਸ ਦਾ ਉਦੇਸ਼ ਬੈਂਕਾਂ ਦਾ ਰਾਸ਼ਟਰੀਕਰਨ ਕਰਨਾ ਨਹੀਂ ਸੀ, ਸਗੋਂ ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਦੇਸ਼ ਦੀਆਂ ਵਿਕਾਸੀ ਤਰਜੀਹਾਂ ਨਾਲ ਜੋੜਨਾ ਸੀ।

ਇਸ ਨੀਤੀ ਤਹਿਤ ਬੈਂਕਾਂ ਦੇ ਬੋਰਡ ਆਫ਼ ਡਾਇਰੈਕਟਰਜ਼ ਵਿੱਚ ਖੇਤੀਬਾੜੀ, ਲਘੂ ਉਦਯੋਗ, ਸਹਿਕਾਰਤਾ ਅਤੇ ਹੋਰ ਜਨ-ਹਿੱਤ ਖੇਤਰਾਂ ਦੇ ਨੁਮਾਇੰਦਿਆਂ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਉਮੀਦ ਕੀਤੀ ਗਈ ਕਿ ਇਸ ਨਾਲ ਕਰਜ਼ਾ ਨੀਤੀ ਹੋਰ ਸੰਤੁਲਿਤ ਹੋਵੇਗੀ ਅਤੇ ਬੈਂਕਾਂ ਦੇ ਸਰੋਤ ਸਮਾਜ ਦੇ ਵਿਆਪਕ ਹਿੱਤਾਂ ਲਈ ਵਰਤੇ ਜਾਣਗੇ।

ਪਰ ਅਮਲ ਵਿੱਚ ਇਹ ਪ੍ਰਯੋਗ ਉਮੀਦਾਂ 'ਤੇ ਖਰਾ ਨਹੀਂ ਉਤਰਿਆ। ਬੈਂਕਾਂ ਦੀ ਮਾਲਕੀ ਅਤੇ ਅਸਲ ਫ਼ੈਸਲੇ ਕਰਨ ਦੀ ਤਾਕਤ ਪਹਿਲਾਂ ਵਾਂਗ ਹੀ ਨਿੱਜੀ ਹੱਥਾਂ ਵਿੱਚ ਰਹੀ। ਕਰਜ਼ਾ ਵੰਡ ਦੀ ਦਿਸ਼ਾ ਵਿੱਚ ਕੋਈ ਬੁਨਿਆਦੀ ਤਬਦੀਲੀ ਨਹੀਂ ਆਈ ਅਤੇ ਪੇਂਡੂ ਅਤੇ ਤਰਜੀਹੀ ਖੇਤਰਾਂ ਤੱਕ ਬੈਂਕਿੰਗ ਦੀ ਪਹੁੰਚ ਉਮੀਦ ਅਨੁਸਾਰ ਨਹੀਂ ਵਧੀ।

ਸਰਕਾਰ ਨੇ ਮਹਿਸੂਸ ਕੀਤਾ ਕਿ ਜਦੋਂ ਤੱਕ ਬੈਂਕਾਂ ਦੀ ਮਾਲਕੀ ਅਤੇ ਨੀਤੀਗਤ ਨਿਯੰਤਰਣ ਜਨਤਕ ਹੱਥਾਂ ਵਿੱਚ ਨਹੀਂ ਆਉਂਦੇ, ਤਦ ਤੱਕ ਉਨ੍ਹਾਂ ਨੂੰ ਰਾਸ਼ਟਰੀ ਵਿਕਾਸ ਦੇ ਟੀਚਿਆਂ ਅਨੁਸਾਰ ਚਲਾਉਣਾ ਮੁਸ਼ਕਲ ਰਹੇਗਾ। ਇਸ ਤਜਰਬੇ ਨੇ ਹੀ 19 ਜੁਲਾਈ 1969 ਦੇ ਇਤਿਹਾਸਕ ਫ਼ੈਸਲੇ ਲਈ ਮਾਹੌਲ ਤਿਆਰ ਕੀਤਾ।

ਦੂਜੇ ਸ਼ਬਦਾਂ ਵਿੱਚ, ਸਮਾਜਿਕ ਨਿਯੰਤਰਣ ਰਾਸ਼ਟਰੀਕਰਨ ਦਾ ਵਿਕਲਪ ਨਹੀਂ ਬਣ ਸਕਿਆ; ਇਹ ਰਾਸ਼ਟਰੀਕਰਨ ਵੱਲ ਜਾਣ ਵਾਲਾ ਆਖ਼ਰੀ ਪੜਾਅ ਸਾਬਤ ਹੋਇਆ।

'ਇਤਿਹਾਸ ਦੱਸਦਾ ਹੈ ਕਿ ਜਦੋਂ ਨੀਤੀ ਅਤੇ ਮਾਲਕੀ ਵਿਚਕਾਰ ਟਕਰਾਅ ਹੋਵੇ, ਤਾਂ ਸਿਰਫ਼ ਨਿਯਮਾਂ ਨਾਲ ਡੂੰਘੇ ਢਾਂਚਾਗਤ ਬਦਲਾਅ ਨਹੀਂ ਲਿਆਂਦੇ ਜਾ ਸਕਦੇ। ਸਮਾਜਿਕ ਨਿਯੰਤਰਣ ਦੀਆਂ ਸੀਮਾਵਾਂ ਨੇ ਹੀ ਰਾਸ਼ਟਰੀਕਰਨ ਦੀ ਲੋੜ ਨੂੰ ਹੋਰ ਸਪੱਸ਼ਟ ਕੀਤਾ।'

ਇਸ ਤੋਂ ਪਹਿਲਾਂ 1960 ਦੇ ਦਹਾਕੇ ਦੀ ਇੱਕ ਘਟਨਾ ਕਮਿਊਨਿਸਟ ਅੰਦੋਲਨ ਦੇ ਬੈਂਕ ਰਾਸ਼ਟਰੀਕਰਨ ਮੁਹਿੰਮ ਨਾਲ ਜੁੜੀ ਹੋਈ ਹੈ ਅਤੇ ਇਸ ਵਿੱਚ ਮੁੱਖ ਭੂਮਿਕਾ ਸੰਸਦ ਮੈਂਬਰ ਏ.ਕੇ. ਗੋਪਾਲਨ ਦੀ ਰਹੀ ਸੀ। ਇਤਿਹਾਸਕ ਰਿਕਾਰਡਾਂ ਵਿਚ ਇਹ ਘਟਨਾ ਦਰਜ ਹੈ, ਜਦੋਂ ਟ੍ਰੇਡ ਯੂਨੀਅਨਾਂ ਅਤੇ ਖੱਬੇ ਪੱਖੀ ਪਾਰਟੀਆਂ ਨੇ ਮਿਲ ਕੇ ਬੈਂਕ ਰਾਸ਼ਟਰੀਕਰਨ ਦੀ ਮੰਗ ਨੂੰ ਲੈ ਕੇ ਦੇਸ਼-ਪੱਧਰੀ ਮੁਹਿੰਮ ਚਲਾਈ ਸੀ। ਇਸ ਦੌਰਾਨ ਲੱਖਾਂ ਲੋਕਾਂ ਦੇ ਹਸਤਾਖਰਾਂ ਵਾਲੀਆਂ ਪਟੀਸ਼ਨਾਂ ਬਹੁਤ ਵੱਡੇ ਬੰਡਲਾਂ ਦੇ ਰੂਪ ਵਿੱਚ ਦਿੱਲੀ ਲਿਆਂਦੀਆਂ ਗਈਆਂ ਸਨ ਅਤੇ ਸੰਸਦ ਦੇ ਸਾਹਮਣੇ ਪੇਸ਼ ਕੀਤੀਆਂ ਗਈਆਂ। ਇਹ ਮੁਹਿੰਮ ਇੱਕ ਰਸਮੀ ਇੱਕ ਹੀ ਤਾਰੀਖ ਵਾਲੀ ਘਟਨਾ ਨਹੀਂ ਸੀ, ਸਗੋਂ ਕਈ ਮਹੀਨਿਆਂ ਤੱਕ ਚੱਲਣ ਵਾਲਾ ਅੰਦੋਲਨ ਦੀ ਪ੍ਰਕਿਰਿਆ ਸੀ।

**19 ਜੁਲਾਈ 1969 : ਇੱਕ ਇਤਿਹਾਸਕ ਫ਼ੈਸਲਾ ਜਿਸ ਨੇ ਭਾਰਤੀ ਬੈਂਕਿੰਗ ਦੀ ਦਿਸ਼ਾ ਬਦਲ ਦਿੱਤੀ**

19 ਜੁਲਾਈ 1969 ਦੀ ਅੱਧੀ ਰਾਤ ਨੂੰ ਭਾਰਤ ਸਰਕਾਰ ਨੇ ਇੱਕ ਅਜਿਹਾ ਫ਼ੈਸਲਾ ਲਿਆ, ਜਿਸ ਨੇ ਦੇਸ਼ ਦੀ ਬੈਂਕਿੰਗ ਪ੍ਰਣਾਲੀ ਦਾ ਚਰਿੱਤਰ ਹੀ ਬਦਲ ਦਿੱਤਾ। ਇੱਕ ਆਰਡੀਨੈਂਸ ਰਾਹੀਂ 50 ਕਰੋੜ ਰੁਪਏ ਜਾਂ ਇਸ ਤੋਂ ਵੱਧ ਜਮ੍ਹਾਂ ਰਕਮ ਵਾਲੇ 14 ਵੱਡੇ ਵਪਾਰਕ ਬੈਂਕਾਂ ਦਾ ਰਾਸ਼ਟਰੀਕਰਨ ਕਰ ਦਿੱਤਾ ਗਿਆ। ਕੁਝ ਦਿਨਾਂ ਬਾਅਦ ਇਸ ਨੂੰ ਸੰਸਦ ਵੱਲੋਂ ਕਾਨੂੰਨੀ ਰੂਪ ਦਿੱਤਾ ਗਿਆ।

ਇਹ ਫ਼ੈਸਲਾ ਉਸ ਸਮੇਂ ਦੇਸ਼ ਦੀ ਆਰਥਿਕ ਨੀਤੀ ਵਿੱਚ ਇੱਕ ਨਵੇਂ ਦੌਰ ਦੀ ਸ਼ੁਰੂਆਤ ਸੀ। ਪਹਿਲੀ ਵਾਰ ਇਹ ਸਪੱਸ਼ਟ ਕੀਤਾ ਗਿਆ ਕਿ ਬੈਂਕ ਸਿਰਫ਼ ਨਿੱਜੀ ਮੁਨਾਫ਼ੇ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨਹੀਂ ਹਨ; ਉਹ ਰਾਸ਼ਟਰੀ ਵਿਕਾਸ ਦੇ ਮਹੱਤਵਪੂਰਨ ਸਾਧਨ ਵੀ ਹਨ। ਜਨਤਾ ਦੀ ਬੱਚਤ ਨੂੰ ਉਨ੍ਹਾਂ ਖੇਤਰਾਂ ਤੱਕ ਪਹੁੰਚਾਉਣਾ, ਜਿਨ੍ਹਾਂ ਨੂੰ ਪਹਿਲਾਂ ਨਜ਼ਰਅੰਦਾਜ਼ ਕੀਤਾ ਜਾਂਦਾ ਸੀ, ਹੁਣ ਬੈਂਕਾਂ ਦੀ ਜ਼ਿੰਮੇਵਾਰੀ ਬਣੀ।

ਰਾਸ਼ਟਰੀਕਰਨ ਦੇ ਘੇਰੇ ਵਿੱਚ ਆਏ ਬੈਂਕਾਂ ਵਿੱਚ ਸੈਂਟਰਲ ਬੈਂਕ ਆਫ਼ ਇੰਡੀਆ, ਬੈਂਕ ਆਫ਼ ਇੰਡੀਆ, ਪੰਜਾਬ ਨੈਸ਼ਨਲ ਬੈਂਕ, ਬੈਂਕ ਆਫ਼ ਬੜੌਦਾ, ਯੂਨਾਈਟਿਡ ਕਮਰਸ਼ੀਅਲ ਬੈਂਕ, ਕੈਨਰਾ ਬੈਂਕ, ਯੂਨਾਈਟਿਡ ਬੈਂਕ ਆਫ਼ ਇੰਡੀਆ, ਦੇਨਾ ਬੈਂਕ, ਯੂਨੀਅਨ ਬੈਂਕ ਆਫ਼ ਇੰਡੀਆ, ਇਲਾਹਾਬਾਦ ਬੈਂਕ, ਸਿੰਡੀਕੇਟ ਬੈਂਕ, ਇੰਡੀਅਨ ਓਵਰਸੀਜ਼ ਬੈਂਕ, ਇੰਡੀਅਨ ਬੈਂਕ ਅਤੇ ਬੈਂਕ ਆਫ਼ ਮਹਾਰਾਸ਼ਟਰ ਸ਼ਾਮਲ ਸਨ।

ਇਹ ਬੈਂਕ ਉਸ ਸਮੇਂ ਦੇਸ਼ ਦੀ ਬੈਂਕਿੰਗ ਪ੍ਰਣਾਲੀ ਦੇ ਵੱਡੇ ਹਿੱਸੇ ਦੀ ਨੁਮਾਇੰਦਗੀ ਕਰਦੇ ਸਨ।

ਰਾਸ਼ਟਰੀਕਰਨ ਤੋਂ ਬਾਅਦ ਸਰਕਾਰ ਨੇ ਬੈਂਕਿੰਗ ਖੇਤਰ ਲਈ ਕੁਝ ਸਪੱਸ਼ਟ ਤਰਜੀਹਾਂ ਨਿਰਧਾਰਤ ਕੀਤੀਆਂ। ਪੇਂਡੂ ਖੇਤਰਾਂ ਵਿੱਚ ਨਵੀਆਂ ਸ਼ਾਖਾਵਾਂ ਖੋਲ੍ਹਣ, ਖੇਤੀਬਾੜੀ ਅਤੇ ਲਘੂ ਉਦਯੋਗਾਂ ਨੂੰ ਕਰਜ਼ਾ ਦੇਣ, ਸਵੈ-ਰੋਜ਼ਗਾਰ ਨੂੰ ਉਤਸ਼ਾਹਿਤ ਕਰਨ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਸੰਸਥਾਗਤ ਬੈਂਕਿੰਗ ਨਾਲ ਜੋੜਨ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਇਸ ਨਾਲ ਭਾਰਤੀ ਬੈਂਕਿੰਗ ਦਾ ਦਾਇਰਾ ਪਹਿਲਾਂ ਨਾਲੋਂ ਕਈ ਗੁਣਾ ਵਧ ਗਿਆ।

ਹਾਲਾਂਕਿ ਇਸ ਫ਼ੈਸਲੇ ਦੇ ਵਿਰੋਧੀ ਵੀ ਸਨ। ਕੁਝ ਅਰਥਸ਼ਾਸਤਰੀਆਂ ਅਤੇ ਉਦਯੋਗਿਕ ਵਰਗਾਂ ਨੇ ਦਲੀਲ ਦਿੱਤੀ ਕਿ ਇਸ ਨਾਲ ਸਰਕਾਰੀ ਦਖ਼ਲਅੰਦਾਜ਼ੀ ਵਧੇਗੀ ਅਤੇ ਬੈਂਕਾਂ ਦੀ ਕਾਰਗੁਜ਼ਾਰੀ ਪ੍ਰਭਾਵਿਤ ਹੋ ਸਕਦੀ ਹੈ, ਪਰ ਸਮਰਥਕਾਂ ਦਾ ਮੰਨਣਾ ਸੀ ਕਿ ਵਿਕਾਸਸ਼ੀਲ ਦੇਸ਼ ਵਿੱਚ ਬੈਂਕਿੰਗ ਨੂੰ ਕੇਵਲ ਬਾਜ਼ਾਰ ਦੀਆਂ ਤਾਕਤਾਂ ਦੇ ਭਰੋਸੇ ਨਹੀਂ ਛੱਡਿਆ ਜਾ ਸਕਦਾ; ਇਸ ਨੂੰ ਸਮਾਜਿਕ ਅਤੇ ਵਿਕਾਸੀ ਟੀਚਿਆਂ ਨਾਲ ਵੀ ਜੋੜਨਾ ਲਾਜ਼ਮੀ ਹੈ।

'ਕਿਸੇ ਵੀ ਇਤਿਹਾਸਕ ਫ਼ੈਸਲੇ ਦਾ ਮੁਲਾਂਕਣ ਉਸ ਦੇ ਰਾਜਨੀਤਿਕ ਸੰਦਰਭ ਨਾਲ ਨਹੀਂ, ਸਗੋਂ ਇਸ ਗੱਲ ਨਾਲ ਕੀਤਾ ਜਾਣਾ ਚਾਹੀਦਾ ਹੈ ਕਿ ਉਸ ਨੇ ਆਮ ਲੋਕਾਂ ਦੀ ਜ਼ਿੰਦਗੀ ਵਿੱਚ ਕੀ ਤਬਦੀਲੀ ਲਿਆਂਦੀ। ਬੈਂਕ ਰਾਸ਼ਟਰੀਕਰਨ ਨੇ ਪਹਿਲੀ ਵਾਰ ਪਿੰਡਾਂ, ਕਿਸਾਨਾਂ ਅਤੇ ਛੋਟੇ ਕਾਰੋਬਾਰਾਂ ਨੂੰ ਬੈਂਕਿੰਗ ਪ੍ਰਣਾਲੀ ਦੇ ਕੇਂਦਰ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ। ਇਹੀ ਇਸ ਦੀ ਸਭ ਤੋਂ ਵੱਡੀ ਇਤਿਹਾਸਕ ਪ੍ਰਾਪਤੀ ਹੈ।'

**ਰਾਸ਼ਟਰੀਕਰਨ ਤੋਂ ਬਾਅਦ ਆਏ ਬਦਲਾਅ : ਬੈਂਕਿੰਗ ਨੂੰ ਲੋਕਾਂ ਤੱਕ ਲਿਜਾਣ ਦਾ ਸਫ਼ਰ**

1969 ਦੇ ਬੈਂਕ ਰਾਸ਼ਟਰੀਕਰਨ ਤੋਂ ਬਾਅਦ ਭਾਰਤੀ ਬੈਂਕਿੰਗ ਦੀ ਤਰਜੀਹ ਵਿੱਚ ਇੱਕ ਬੁਨਿਆਦੀ ਤਬਦੀਲੀ ਆਈ। ਪਹਿਲਾਂ ਬੈਂਕਾਂ ਦਾ ਮੁੱਖ ਧਿਆਨ ਸ਼ਹਿਰੀ ਵਪਾਰ ਅਤੇ ਵੱਡੇ ਉਦਯੋਗਿਕ ਘਰਾਣਿਆਂ 'ਤੇ ਕੇਂਦਰਤ ਸੀ, ਪਰ ਰਾਸ਼ਟਰੀਕਰਨ ਤੋਂ ਬਾਅਦ ਬੈਂਕਾਂ ਨੂੰ ਦੇਸ਼ ਦੇ ਯੋਜਨਾਬੱਧ ਵਿਕਾਸ ਦਾ ਸਾਥੀ ਬਣਾਇਆ ਗਿਆ। ਇਸ ਦੇ ਨਤੀਜੇ ਵਜੋਂ ਬੈਂਕਿੰਗ ਸੇਵਾਵਾਂ ਦਾ ਵਿਸਥਾਰ ਉਹਨਾਂ ਖੇਤਰਾਂ ਤੱਕ ਹੋਇਆ, ਜੋ ਪਹਿਲਾਂ ਲੱਗਭੱਗ ਬੈਂਕਿੰਗ ਤੋਂ ਵਾਂਝੇ ਸਨ।

ਰਾਸ਼ਟਰੀਕਰਨ ਤੋਂ ਬਾਅਦ ਹਜ਼ਾਰਾਂ ਨਵੀਆਂ ਸ਼ਾਖਾਵਾਂ ਪਿੰਡਾਂ ਅਤੇ ਅਰਧ-ਸ਼ਹਿਰੀ ਖੇਤਰਾਂ ਵਿੱਚ ਖੋਲ੍ਹੀਆਂ ਗਈਆਂ। ਪਹਿਲੀ ਵਾਰ ਲੱਖਾਂ ਕਿਸਾਨਾਂ, ਖੇਤ ਮਜ਼ਦੂਰਾਂ, ਛੋਟੇ ਦੁਕਾਨਦਾਰਾਂ, ਦਸਤਕਾਰਾਂ ਅਤੇ ਸਵੈ-ਰੋਜ਼ਗਾਰ ਕਰਨ ਵਾਲੇ ਲੋਕਾਂ ਨੂੰ ਬੈਂਕਿੰਗ ਪ੍ਰਣਾਲੀ ਨਾਲ ਜੋੜਨ ਦਾ ਸੁਚੱਜਾ ਯਤਨ ਹੋਇਆ। ਇਹ ਸਿਰਫ਼ ਸ਼ਾਖਾਵਾਂ ਦੀ ਗਿਣਤੀ ਵਧਾਉਣ ਦਾ ਕੰਮ ਨਹੀਂ ਸੀ; ਇਹ ਭਾਰਤੀ ਅਰਥਵਿਵਸਥਾ ਨੂੰ ਹੋਰ ਸਮਾਵੇਸ਼ੀ ਬਣਾਉਣ ਦੀ ਪ੍ਰਕਿਰਿਆ ਸੀ।

ਖੇਤੀਬਾੜੀ ਨੂੰ ਸੰਸਥਾਗਤ ਕਰਜ਼ਾ ਮੁਹੱਈਆ ਕਰਵਾਉਣ ਵਿੱਚ ਵੀ ਮਹੱਤਵਪੂਰਨ ਪ੍ਰਗਤੀ ਹੋਈ। ਹਰੀ ਕ੍ਰਾਂਤੀ ਦੇ ਦੌਰ ਵਿੱਚ ਸਿੰਚਾਈ, ਬੀਜ, ਖਾਦ, ਟਰੈਕਟਰਾਂ ਅਤੇ ਹੋਰ ਖੇਤੀਬਾੜੀ ਸਾਜ਼ੋ-ਸਾਮਾਨ ਲਈ ਬੈਂਕ ਕਰਜ਼ੇ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਇਸੇ ਤਰ੍ਹਾਂ ਲਘੂ ਅਤੇ ਕੁਟੀਰ ਉਦਯੋਗਾਂ ਨੂੰ ਵੀ ਪਹਿਲਾਂ ਨਾਲੋਂ ਵੱਧ ਵਿੱਤੀ ਸਹਾਇਤਾ ਮਿਲਣੀ ਸ਼ੁਰੂ ਹੋਈ।

ਰਾਸ਼ਟਰੀਕਰਨ ਦਾ ਇੱਕ ਹੋਰ ਮਹੱਤਵਪੂਰਨ ਨਤੀਜਾ ਤਰਜੀਹੀ ਖੇਤਰ ਕਰਜ਼ (ਪਰਾਇਓਰਿਟੀ ਸੈਕਟਰ ਲੈਂਡਿੰਗ) ਦੀ ਨੀਤੀ ਸੀ। ਇਸ ਤਹਿਤ ਖੇਤੀਬਾੜੀ, ਲਘੂ ਉਦਯੋਗਾਂ, ਸਿੱਖਿਆ, ਰਿਹਾਇਸ਼ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਲਈ ਕਰਜ਼ਾ ਉਪਲੱਬਧ ਕਰਵਾਉਣ ਨੂੰ ਬੈਂਕਾਂ ਦੀ ਜ਼ਿੰਮੇਵਾਰੀ ਬਣਾਇਆ ਗਿਆ। ਇਸ ਨਾਲ ਬੈਂਕਿੰਗ ਦਾ ਉਦੇਸ਼ ਸਿਰਫ਼ ਲਾਭ ਕਮਾਉਣਾ ਨਹੀਂ ਰਿਹਾ, ਸਗੋਂ ਸਮਾਜਿਕ ਵਿਕਾਸ ਵਿੱਚ ਯੋਗਦਾਨ ਪਾਉਣਾ ਵੀ ਬਣ ਗਿਆ।

ਇਸ ਸਫ਼ਲਤਾ ਵਿੱਚ ਬੈਂਕ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਰਹੀ। ਉਨ੍ਹਾਂ ਨੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਜਾ ਕੇ ਨਵੀਆਂ ਸ਼ਾਖਾਵਾਂ ਸਥਾਪਤ ਕੀਤੀਆਂ, ਲੋਕਾਂ ਵਿੱਚ ਬੱਚਤ ਦੀ ਆਦਤ ਨੂੰ ਉਤਸ਼ਾਹਿਤ ਕੀਤਾ ਅਤੇ ਬੈਂਕਿੰਗ ਸੇਵਾਵਾਂ ਨੂੰ ਆਮ ਨਾਗਰਿਕ ਤੱਕ ਪਹੁੰਚਾਇਆ। ਅੱਜ ਜਿਸ ਵਿੱਤੀ ਸਮਾਵੇਸ਼ (ਫਾਈਨੈਂਸ਼ੀਅਲ ਇਨਕਲੂਜ਼ਨ) ਦੀ ਗੱਲ ਕੀਤੀ ਜਾਂਦੀ ਹੈ, ਉਸ ਦੀ ਬੁਨਿਆਦ ਕਾਫ਼ੀ ਹੱਦ ਤੱਕ ਇਸੇ ਦੌਰ ਵਿੱਚ ਰੱਖੀ ਗਈ ਸੀ।

ਬੇਸ਼ੱਕ ਰਾਸ਼ਟਰੀਕਰਨ ਤੋਂ ਬਾਅਦ ਦੀ ਬੈਂਕਿੰਗ ਪ੍ਰਣਾਲੀ ਚੁਣੌਤੀਆਂ ਤੋਂ ਮੁਕਤ ਨਹੀਂ ਸੀ। ਰਾਜਨੀਤਕ ਦਖ਼ਲਅੰਦਾਜ਼ੀ, ਕੁਝ ਮਾਮਲਿਆਂ ਵਿੱਚ ਕਰਜ਼ਾ ਵੰਡ ਵਿੱਚ ਕਮੀਆਂ, ਵਧਦੇ ਗੈਰ-ਕਾਰਗੁਜ਼ਾਰ ਕਰਜ਼ੇ (ਐੱਨ ਪੀ ਏ) ਅਤੇ ਪ੍ਰਸ਼ਾਸਨਿਕ ਅਕੁਸ਼ਲਤਾ ਵਰਗੇ ਮੁੱਦੇ ਵੀ ਸਾਹਮਣੇ ਆਏ, ਪਰ ਇਨ੍ਹਾਂ ਕਮੀਆਂ ਦੇ ਬਾਵਜੂਦ ਇਹ ਇਤਿਹਾਸਕ ਤੱਥ ਹੈ ਕਿ ਜਨਤਕ ਬੈਂਕਾਂ ਨੇ ਦੇਸ਼ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ।

**1980 ਵਿਚ ਛੇ ਹੋਰ ਮੁੱਖ ਬੈਂਕਾਂ ਦਾ ਰਾਸ਼ਟਰੀਕਰਨ**

ਇਸ ਪੜਾਅ ਦੇ ਤਹਿਤ ਦੇਸ਼ ਦੇ 6 ਹੋਰ ਪ੍ਰਮੁੱਖ ਨਿੱਜੀ ਬੈਂਕਾਂ ਦਾ ਰਾਸ਼ਟਰੀਕਰਨ ਕੀਤਾ ਗਿਆ ਸੀ। ਇਹ ਬੈਂਕ ਸਨ : ਆਂਧਰਾ ਬੈਂਕ, ਕਾਰਪੋਰੇਸ਼ਨ ਬੈਂਕ, ਨਿਊ ਬੈਂਕ ਆਫ਼ ਇੰਡੀਆ, ਓਰੀਐਂਟਲ ਬੈਂਕ ਆਫ਼ ਕਾਮਰਸ, ਪੰਜਾਬ ਐਂਡ ਸਿੰਧ ਬੈਂਕ ਅਤੇ ਵਿਜਿਆ ਬੈਂਕ।

1969 ਦੇ ਪਹਿਲੇ ਪੜਾਅ ਵਿੱਚ 50 ਕਰੋੜ ਰੁਪਏ ਤੋਂ ਵੱਧ ਜਮ੍ਹਾਂ ਪੂੰਜੀ ਵਾਲੇ ਬੈਂਕਾਂ ਨੂੰ ਲਿਆ ਗਿਆ ਸੀ, ਜਦੋਂ ਕਿ 1980 ਦੇ ਦੂਜੇ ਪੜਾਅ ਵਿੱਚ ਉਨ੍ਹਾਂ ਬੈਂਕਾਂ ਨੂੰ ਚੁਣਿਆ ਗਿਆ, ਜਿਨ੍ਹਾਂ ਦੀ ਕੁੱਲ ਜਮ੍ਹਾਂ ਪੂੰਜੀ 200 ਕਰੋੜ ਰੁਪਏ ਜਾਂ ਇਸ ਤੋਂ ਵੱਧ ਸੀ।

ਇਸ ਕਦਮ ਤੋਂ ਬਾਅਦ ਭਾਰਤ ਦੇ ਬੈਂਕਿੰਗ ਖੇਤਰ ਦਾ ਲੱਗਭੱਗ 91 ਫੀਸਦੀ ਹਿੱਸਾ ਸਰਕਾਰ ਦੇ ਸਿੱਧੇ ਕੰਟਰੋਲ ਹੇਠ ਆ ਗਿਆ ਸੀ।

ਬੈਂਕਾਂ ਨੂੰ ਸ਼ਹਿਰਾਂ ਤੋਂ ਬਾਹਰ ਕੱਢ ਕੇ ਪਿੰਡਾਂ ਤੱਕ ਪਹੁੰਚਾਇਆ ਗਿਆ ਤਾਂ ਜੋ ਗਰੀਬ ਕਿਸਾਨਾਂ ਅਤੇ ਛੋਟੇ ਵਪਾਰੀਆਂ ਨੂੰ ਸ਼ਾਹੂਕਾਰਾਂ ਦੇ ਚੁੰਗਲ ਵਿੱਚੋਂ ਕੱਢਿਆ ਜਾ ਸਕੇ।

ਮੁਨਾਫ਼ਾ ਕਮਾਉਣ ਦੀ ਬਜਾਏ ਸਮਾਜ ਭਲਾਈ ਅਤੇ ਦੇਸ਼ ਦੇ ਵਿਕਾਸ ਨੂੰ ਬੈਂਕਾਂ ਦਾ ਮੁੱਖ ਟੀਚਾ ਬਣਾਇਆ ਗਿਆ।

'ਬੈਂਕ ਰਾਸ਼ਟਰੀਕਰਨ ਦੀ ਸਫ਼ਲਤਾ ਨੂੰ ਸਿਰਫ਼ ਮੁਨਾਫ਼ੇ ਦੇ ਅੰਕੜਿਆਂ ਨਾਲ ਨਹੀਂ ਮਾਪਿਆ ਜਾ ਸਕਦਾ। ਇਸ ਦਾ ਅਸਲ ਮੁਲਾਂਕਣ ਇਸ ਗੱਲ ਨਾਲ ਹੋਣਾ ਚਾਹੀਦਾ ਹੈ ਕਿ ਇਸ ਨੇ ਕਿੰਨੇ ਲੋਕਾਂ ਨੂੰ ਪਹਿਲੀ ਵਾਰ ਰਸਮੀ ਬੈਂਕਿੰਗ ਨਾਲ ਜੋੜਿਆ, ਕਿੰਨੇ ਪਿੰਡਾਂ ਤੱਕ ਵਿੱਤੀ ਸੇਵਾਵਾਂ ਪਹੁੰਚਾਈਆਂ ਅਤੇ ਦੇਸ਼ ਦੇ ਵਿਕਾਸ ਨੂੰ ਕਿੰਨੀ ਮਜ਼ਬੂਤੀ ਦਿੱਤੀ।'

**ਉਦਾਰੀਕਰਨ ਤੋਂ ਬਾਅਦ ਦੀ ਬੈਂਕਿੰਗ: ਨਵੀਆਂ ਚੁਣੌਤੀਆਂ ਅਤੇ ਜਨਤਕ ਬੈਂਕਾਂ ਦੀ ਭੂਮਿਕਾ**

1991 ਵਿੱਚ ਭਾਰਤ ਨੇ ਨਵੀਂ ਆਰਥਿਕ ਨੀਤੀ ਅਪਣਾਈ। ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਬੈਂਕਿੰਗ ਖੇਤਰ ਵਿੱਚ ਵੀ ਵੱਡੇ ਬਦਲਾਅ ਆਏ। ਨਵੇਂ ਨਿੱਜੀ ਬੈਂਕਾਂ ਨੂੰ ਲਾਇਸੈਂਸ ਦਿੱਤੇ ਗਏ, ਵਿਦੇਸ਼ੀ ਬੈਂਕਾਂ ਦੀ ਮੌਜੂਦਗੀ ਵਧੀ ਅਤੇ ਬੈਂਕਿੰਗ ਵਿੱਚ ਮੁਕਾਬਲੇ ਨੂੰ ਉਤਸ਼ਾਹਿਤ ਕੀਤਾ ਗਿਆ। ਇਸ ਨਾਲ ਤਕਨਾਲੋਜੀ, ਗਾਹਕ ਸੇਵਾਵਾਂ, ਡਿਜ਼ਿਟਲ ਬੈਂਕਿੰਗ ਅਤੇ ਭੁਗਤਾਨ ਪ੍ਰਣਾਲੀਆਂ ਵਿੱਚ ਮਹੱਤਵਪੂਰਨ ਸੁਧਾਰ ਆਏ।

ਪਰ ਇਸ ਦੇ ਨਾਲ ਹੀ ਇੱਕ ਬੁਨਿਆਦੀ ਸਵਾਲ ਵੀ ਉੱਠਿਆ-ਕੀ ਬੈਂਕਿੰਗ ਦਾ ਮੁੱਖ ਉਦੇਸ਼ ਸਿਰਫ਼ ਮੁਨਾਫ਼ਾ ਕਮਾਉਣਾ ਹੈ ਜਾਂ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣਾ ਵੀ?

ਜਨਤਕ ਬੈਂਕਾਂ ਤੋਂ ਅਜੇ ਵੀ ਇਹ ਉਮੀਦ ਕੀਤੀ ਜਾਂਦੀ ਰਹੀ ਕਿ ਉਹ ਖੇਤੀਬਾੜੀ, ਸਿੱਖਿਆ, ਲਘੂ ਉਦਯੋਗਾਂ ਅਤੇ ਕਮਜ਼ੋਰ ਵਰਗਾਂ ਨੂੰ ਕਰਜ਼ਾ ਦੇਣ ਦੀ ਆਪਣੀ ਜ਼ਿੰਮੇਵਾਰੀ ਨਿਭਾਉਣ। ਦੂਜੇ ਪਾਸੇ, ਨਿੱਜੀ ਬੈਂਕਾਂ ਨੇ ਕੁਦਰਤੀ ਤੌਰ 'ਤੇ ਉਹਨਾਂ ਖੇਤਰਾਂ 'ਤੇ ਵੱਧ ਧਿਆਨ ਦਿੱਤਾ, ਜਿੱਥੇ ਵਪਾਰਕ ਲਾਭ ਦੀ ਸੰਭਾਵਨਾ ਜ਼ਿਆਦਾ ਸੀ।

ਪਿਛਲੇ ਇੱਕ ਦਹਾਕੇ ਵਿੱਚ ਸਰਕਾਰ ਨੇ ਸਰਕਾਰੀ ਬੈਂਕਾਂ ਦੇ ਵਿਲੀਨੀਕਰਨ ਦੀ ਨੀਤੀ ਅਪਣਾਈ। ਇਸ ਦਾ ਤਰਕ ਇਹ ਦਿੱਤਾ ਗਿਆ ਕਿ ਵੱਡੇ ਬੈਂਕ ਹੋਰ ਸਮਰੱਥ, ਮੁਕਾਬਲੇਯੋਗ ਅਤੇ ਪੂੰਜੀ ਪੱਖੋਂ ਮਜ਼ਬੂਤ ਹੋਣਗੇ। ਇਸ ਦੇ ਨਾਲ ਹੀ ਕੁਝ ਹਲਕਿਆਂ ਵੱਲੋਂ ਸਰਕਾਰੀ ਬੈਂਕਾਂ ਦੇ ਨਿੱਜੀਕਰਨ ਦੀ ਵੀ ਵਕਾਲਤ ਕੀਤੀ ਗਈ। ਇਸ ਚਰਚਾ ਨੇ ਇੱਕ ਵਾਰ ਫਿਰ 1969 ਦੇ ਰਾਸ਼ਟਰੀਕਰਨ ਦੇ ਉਦੇਸ਼ਾਂ ਨੂੰ ਯਾਦ ਕਰਨ ਦੀ ਲੋੜ ਪੈਦਾ ਕੀਤੀ।

ਅੱਜ ਵੀ ਭਾਰਤ ਦੀਆਂ ਬਹੁਤ ਸਾਰੀਆਂ ਸਰਕਾਰੀ ਭਲਾਈ ਯੋਜਨਾਵਾਂ, ਵਿੱਤੀ ਸਮਾਵੇਸ਼ ਮੁਹਿੰਮਾਂ, ਕਿਸਾਨ ਕਰਜ਼ੇ, ਸਵੈ-ਸਹਾਇਤਾ ਸਮੂਹਾਂ ਦੀ ਵਿੱਤੀ ਸਹਾਇਤਾ ਅਤੇ ਸੰਕਟ ਦੇ ਸਮੇਂ ਅਰਥਵਿਵਸਥਾ ਨੂੰ ਸਥਿਰਤਾ ਪ੍ਰਦਾਨ ਕਰਨ ਵਿੱਚ ਜਨਤਕ ਬੈਂਕਾਂ ਦੀ ਭੂਮਿਕਾ ਕੇਂਦਰੀ ਹੈ। ਕੋਵਿਡ-19 ਮਹਾਂਮਾਰੀ ਦੇ ਦੌਰਾਨ ਵੀ ਇਹ ਸਪੱਸ਼ਟ ਹੋਇਆ ਕਿ ਸੰਕਟ ਦੇ ਸਮੇਂ ਜਨਤਕ ਬੈਂਕਾਂ ਨੇ ਸਰਕਾਰੀ ਰਾਹਤ ਯੋਜਨਾਵਾਂ ਨੂੰ ਲਾਗੂ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।

ਇਸ ਲਈ ਅੱਜ ਦੀ ਚਰਚਾ ਦਾ ਕੇਂਦਰ ਇਹ ਨਹੀਂ ਹੋਣਾ ਚਾਹੀਦਾ ਕਿ ਸਰਕਾਰੀ ਜਾਂ ਨਿੱਜੀ ਬੈਂਕ-ਕੌਣ ਬਿਹਤਰ ਹੈ, ਸਗੋਂ ਇਹ ਹੋਣਾ ਚਾਹੀਦਾ ਹੈ ਕਿ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ ਇੱਕ ਅਜਿਹੀ ਬੈਂਕਿੰਗ ਪ੍ਰਣਾਲੀ ਕਿਵੇਂ ਬਣਾਈ ਜਾਵੇ ਜੋ ਕੁਸ਼ਲਤਾ, ਪਾਰਦਰਸ਼ਤਾ ਅਤੇ ਸਮਾਜਿਕ ਜ਼ਿੰਮੇਵਾਰੀ-ਤਿੰਨਾਂ ਵਿੱਚ ਸੰਤੁਲਨ ਬਣਾਈ ਰੱਖੇ।

ਅੱਜ ਦੇ ਦੌਰ ਵਿੱਚ ਭਾਰਤੀ ਬੈਂਕਿੰਗ ਪ੍ਰਣਾਲੀ ਕਈ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਇਨ੍ਹਾਂ ਵਿੱਚ ਸਭ ਤੋਂ ਵੱਡੀ ਸਮੱਸਿਆ ਵਧਦਾ ਹੋਇਆ ਗੈਰ-ਕਾਰਗੁਜ਼ਾਰ ਕਰਜ਼ਾ (ਐੱਨ ਪੀ ਏ) ਹੈ, ਜੋ ਬੈਂਕਾਂ ਦੀ ਵਿੱਤੀ ਸਿਹਤ ਨੂੰ ਕਮਜ਼ੋਰ ਕਰ ਰਿਹਾ ਹੈ। ਇਸ ਦੇ ਨਾਲ ਹੀ ਵਿਲਫੁਲ ਡਿਫਾਲਟਰਾਂ ਵੱਲੋਂ ਕਰਜ਼ਾ ਵਾਪਸੀ ਤੋਂ ਇਨਕਾਰ ਅਤੇ ਕਾਨੂੰਨੀ ਪ੍ਰਕਿਰਿਆਵਾਂ ਦਾ ਲੰਮਾ ਖਿੱਚਣਾ ਵੀ ਇਸ ਸੰਕਟ ਨੂੰ ਹੋਰ ਗੰਭੀਰ ਬਣਾ ਰਿਹਾ ਹੈ। ਕਈ ਵਾਰ ਰਾਜਨੀਤਿਕ ਦਖ਼ਲਅੰਦਾਜ਼ੀ ਕਾਰਨ ਕਰਜ਼ਾ ਵੰਡ ਅਤੇ ਰਿਕਵਰੀ ਦੀ ਪ੍ਰਕਿਰਿਆ ਪ੍ਰਭਾਵਿਤ ਹੁੰਦੀ ਹੈ, ਜਿਸ ਨਾਲ ਬੈਂਕਿੰਗ ਪ੍ਰਣਾਲੀ ਦੀ ਸੁਤੰਤਰਤਾ ਅਤੇ ਪਾਰਦਰਸ਼ਤਾ ਉੱਤੇ ਸਵਾਲ ਖੜ੍ਹੇ ਹੁੰਦੇ ਹਨ।

ਇਸ ਦੇ ਨਾਲ ਹੀ ਇੱਕ ਹੋਰ ਮਹੱਤਵਪੂਰਨ ਚਿੰਤਾ ਤੇਜ਼ੀ ਨਾਲ ਅੱਗੇ ਵਧ ਰਹੀ ਨਿੱਜੀਕਰਨ ਦੀ ਪ੍ਰਕਿਰਿਆ ਹੈ। ਸਰਕਾਰੀ ਬੈਂਕਾਂ ਨੂੰ ਮੁਕਾਬਲੇਯੋਗ ਬਣਾਉਣ ਦੇ ਨਾਂਅ 'ਤੇ ਜਿੱਥੇ ਇਕ ਪਾਸੇ ਵਿਲੀਨੀਕਰਨ ਅਤੇ ਪੁਨਰਗਠਨ ਕੀਤਾ ਜਾ ਰਿਹਾ ਹੈ, ਉੱਥੇ ਦੂਜੇ ਪਾਸੇ ਨਿੱਜੀਕਰਨ ਦੀਆਂ ਨੀਤੀਆਂ ਨੇ ਜਨਤਕ ਬੈਂਕਿੰਗ ਦੀ ਸਮਾਜਿਕ ਜ਼ਿੰਮੇਵਾਰੀ ਨੂੰ ਲੈ ਕੇ ਨਵਾਂ ਵਾਦ-ਵਿਵਾਦ ਖੜ੍ਹਾ ਕਰ ਦਿੱਤਾ ਹੈ। ਇਹ ਸਵਾਲ ਅਜੇ ਵੀ ਬਰਕਰਾਰ ਹੈ ਕਿ ਕੀ ਬੈਂਕਿੰਗ ਨੂੰ ਸਿਰਫ਼ ਬਾਜ਼ਾਰ-ਕੇਂਦਰਿਤ ਬਣਾਇਆ ਜਾਵੇ ਜਾਂ ਇਸ ਦੀ ਸਮਾਜਿਕ ਵਿਕਾਸ ਵਿੱਚ ਭੂਮਿਕਾ ਨੂੰ ਵੀ ਬਰਕਰਾਰ ਰੱਖਿਆ ਜਾਵੇ।

'ਬੈਂਕਿੰਗ ਦਾ ਅਸਲ ਉਦੇਸ਼ ਸਿਰਫ਼ ਪੂੰਜੀ ਇਕੱਠੀ ਕਰਨੀ ਨਹੀਂ, ਸਗੋਂ ਉਸ ਪੂੰਜੀ ਨੂੰ ਸਮਾਜ ਦੇ ਉਤਪਾਦਕ ਅਤੇ ਲੋਕ-ਹਿਤਕਾਰੀ ਕੰਮਾਂ ਵਿੱਚ ਲਗਾਉਣਾ ਵੀ ਹੈ। ਜਨਤਕ ਬੈਂਕਾਂ ਦੀ ਇਤਿਹਾਸਕ ਭੂਮਿਕਾ ਨੂੰ ਇਸੇ ਕਸੌਟੀ 'ਤੇ ਪਰਖਿਆ ਜਾਣਾ ਚਾਹੀਦਾ ਹੈ।'

ਇਸ ਪੂਰੇ ਇਤਿਹਾਸਕ ਸਫ਼ਰ ਨੂੰ ਦੇਖਦੇ ਹੋਏ ਇਹ ਸਪੱਸ਼ਟ ਹੁੰਦਾ ਹੈ ਕਿ 19 ਜੁਲਾਈ 1969 ਦਾ ਬੈਂਕ ਰਾਸ਼ਟਰੀਕਰਨ ਸਿਰਫ਼ ਇੱਕ ਪ੍ਰਸ਼ਾਸਕੀ ਫ਼ੈਸਲਾ ਨਹੀਂ ਸੀ, ਸਗੋਂ ਭਾਰਤ ਦੀ ਆਰਥਿਕ ਸੋਚ ਵਿੱਚ ਇਕ ਗਹਿਰਾ ਮੋੜ ਸੀ। ਇਸ ਨੇ ਬੈਂਕਿੰਗ ਨੂੰ ਸ਼ਹਿਰੀ ਵਪਾਰਕ ਵਰਗਾਂ ਦੀ ਸੀਮਿਤ ਘੇਰੇਬੰਦੀ ਤੋਂ ਕੱਢ ਕੇ ਪਿੰਡਾਂ, ਕਿਸਾਨਾਂ ਅਤੇ ਆਮ ਨਾਗਰਿਕ ਦੀ ਆਰਥਿਕ ਜ਼ਿੰਦਗੀ ਨਾਲ ਜੋੜਿਆ। ਅੱਜ ਭਾਵੇਂ ਬੈਂਕਿੰਗ ਖੇਤਰ ਤਕਨਾਲੋਜੀ, ਮੁਕਾਬਲੇ ਅਤੇ ਨਵੀਂ ਆਰਥਿਕ ਹਕੀਕਤਾਂ ਦੇ ਦਬਾਅ ਹੇਠ ਕਈ ਬਦਲਾਵਾਂ ਵਿਚੋਂ ਗੁਜ਼ਰ ਰਿਹਾ ਹੈ, ਪਰ ਜਨਤਕ ਬੈਂਕਾਂ ਦੀ ਸਮਾਜਿਕ ਜ਼ਿੰਮੇਵਾਰੀ ਅਜੇ ਵੀ ਓਨੀ ਹੀ ਮਹੱਤਵਪੂਰਨ ਹੈ, ਜਿੰਨੀ ਕੱਲ੍ਹ ਸੀ। ਇਸ ਲਈ ਅਸਲ ਚੁਣੌਤੀ ਇਹ ਨਹੀਂ ਕਿ ਅਸੀਂ ਪੁਰਾਣੇ ਮਾਡਲਾਂ ਵੱਲ ਵਾਪਸ ਜਾਈਏ ਜਾਂ ਨਵੇਂ ਮਾਡਲਾਂ ਨੂੰ ਪੂਰੀ ਤਰ੍ਹਾਂ ਅਪਣਾ ਲਈਏ, ਸਗੋਂ ਇਹ ਹੈ ਕਿ ਇੱਕ ਐਸੀ ਸੰਤੁਲਿਤ ਬੈਂਕਿੰਗ ਪ੍ਰਣਾਲੀ ਵਿਕਸਿਤ ਕੀਤੀ ਜਾਵੇ, ਜੋ ਕੁਸ਼ਲਤਾ ਨਾਲ ਵੀ ਚੱਲੇ ਅਤੇ ਸਮਾਜਿਕ ਨਿਆਂ ਦੇ ਮੂਲ ਸਿਧਾਂਤਾਂ ਨੂੰ ਵੀ ਜੀਵੰਤ ਰੱਖੇ। ਇਤਿਹਾਸ ਦਾ ਇਹੀ ਸਬਕ ਹੈ ਕਿ ਜਦੋਂ ਵਿੱਤੀ ਪ੍ਰਣਾਲੀ ਲੋਕਾਂ ਤੋਂ ਦੂਰ ਹੋ ਜਾਂਦੀ ਹੈ ਤਾਂ ਉਹ ਆਪਣਾ ਅਸਲ ਉਦੇਸ਼ ਗੁਆ ਬੈਠਦੀ ਹੈ ਅਤੇ ਜਦੋਂ ਇਹ ਲੋਕਾਂ ਨਾਲ ਜੁੜੀ ਰਹਿੰਦੀ ਹੈ, ਤਦ ਹੀ ਇਹ ਰਾਸ਼ਟਰ ਨਿਰਮਾਣ ਦਾ ਸੱਚਾ ਸਾਧਨ ਬਣਦੀ ਹੈ।

# ਕੇਂਦਰੀ ਪੰਜਾਬੀ ਲੇਖਕ ਸਭਾ ਨੇ ਮੈਂਬਰਸ਼ਿਪ ਨਵਿਆਉਣ ਦੀ ਮਿਤੀ 31 ਤੱਕ ਵਧਾਈ

**ਚੰਡੀਗੜ੍ਹ**-ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਅਹੁਦੇਦਾਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ ਦਰਸ਼ਨ ਬੁੱਟਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਉਪਰੰਤ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸਭਾ ਦੀਆਂ ਤਿੰਨ ਸਾਲਾਂ ਬਾਅਦ ਹੋਣ ਵਾਲੀਆਂ ਚੋਣਾਂ ਇਸ ਸਾਲ 31 ਅਕਤੂਬਰ ਤੋਂ ਪਹਿਲਾਂ ਕਰਵਾਈਆਂ ਜਾਣੀਆਂ ਹਨ। ਚੋਣ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਮੈਂਬਰਸ਼ਿਪ ਨਵਿਆਉਣ ਅਤੇ ਨਵੇਂ ਮੈਂਬਰ ਬਣਾਉਣ ਦੀ ਆਖ਼ਰੀ ਮਿਤੀ 31 ਜੁਲਾਈ 2026 ਤੱਕ ਵਧਾ ਦਿੱਤੀ ਗਈ ਹੈ। ਉਨ੍ਹਾਂ ਸਭਾ ਨਾਲ ਸੰਬੰਧਤ ਸਮੂਹ ਸਾਹਿਤ ਸਭਾਵਾਂ, ਉਨ੍ਹਾਂ ਦੇ ਅਹੁਦੇਦਾਰਾਂ, ਕਾਰਜਕਾਰਨੀ ਮੈਂਬਰਾਂ ਅਤੇ ਪੰਜਾਬੀ ਲੇਖਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਇਲਾਕਿਆਂ ਦੀਆਂ ਸਾਹਿਤ ਸਭਾਵਾਂ ਨਾਲ ਤਾਲਮੇਲ ਕਰਕੇ ਆਪਣੀ ਮੈਂਬਰਸ਼ਿਪ ਨਵਿਆਉਣ ਅਤੇ ਨਵੇਂ ਮੈਂਬਰਾਂ ਦੇ ਵੇਰਵੇ 31 ਜੁਲਾਈ ਤੱਕ ਕੇਂਦਰੀ ਦਫ਼ਤਰ ਨੂੰ ਭੇਜਣ।ਉਨ੍ਹਾਂ ਦੱਸਿਆ ਕਿ ਸਾਲਾਨਾ ਮੈਂਬਰਸ਼ਿਪ ਫ਼ੀਸ 200 ਰੁਪਏ ਅਤੇ ਜੀਵਨ ਮੈਂਬਰਸ਼ਿਪ ਫ਼ੀਸ 1000 ਰੁਪਏ ਨਿਰਧਾਰਤ ਕੀਤੀ ਗਈ ਹੈ। ਨਵੀਂ ਮੈਂਬਰਸ਼ਿਪ ਲਈ ਬਿਨੈਕਾਰ ਕੋਲ ਘੱਟੋ-ਘੱਟ ਇੱਕ ਸਾਹਿਤਕ ਪੁਸਤਕ ਪ੍ਰਕਾਸ਼ਿਤ ਹੋਣੀ ਲਾਜ਼ਮੀ ਹੈ। ਜੇਕਰ ਪੁਸਤਕ ਪ੍ਰਕਾਸ਼ਨ ਅਧੀਨ ਹੈ ਤਾਂ ਉਸ ਦਾ ਖਰੜਾ ਵੀ ਪ੍ਰਵਾਨਯੋਗ ਹੋਵੇਗਾ। ਇਸ ਤੋਂ ਇਲਾਵਾ ਕਿਸੇ ਨਾਮਵਰ ਅਖ਼ਬਾਰ ਜਾਂ ਸਾਹਿਤਕ ਰਸਾਲੇ ਵਿੱਚ ਘੱਟੋ-ਘੱਟ ਵੀਹ ਮੌਲਿਕ ਰਚਨਾਵਾਂ ਪ੍ਰਕਾਸ਼ਿਤ ਹੋਣ ਨੂੰ ਵੀ ਯੋਗਤਾ ਵਜੋਂ ਸਵੀਕਾਰ ਕੀਤਾ ਜਾਵੇਗਾ।ਮੀਟਿੰਗ ਵਿੱਚ ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ, ਮੀਤ ਪ੍ਰਧਾਨ ਬਲਵਿੰਦਰ ਸੰਧੂ, ਦਲਜੀਤ ਸਿੰਘ ਸ਼ਾਹੀ, ਸ਼ੈਲਿੰਦਰਜੀਤ ਸਿੰਘ ਰਾਜਨ, ਸਕੱਤਰ ਸੁਰਿੰਦਰ ਪ੍ਰੀਤ ਘਣੀਆ, ਕਾਰਜਕਾਰਨੀ ਮੈਂਬਰ ਡਾ. ਸ਼ਿੰਦਰਪਾਲ ਸਿੰਘ, ਜਤਿੰਦਰ ਮਾਹਲ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਵੀ ਹਾਜ਼ਰ ਸਨ।

# ਭਾਸ਼ਾ ਵਿਭਾਗ ਦੇ ਵਿਹੜੇ ਸਾਵਣ ਕਵੀ ਦਰਬਾਰ



**ਪਟਿਆਲਾ** : ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਅੰਮ੍ਰਿਤਾ ਪ੍ਰੀਤਮ ਨੂੰ ਸਮਰਪਿਤ 'ਸਾਵਣ ਕਵੀ ਦਰਬਾਰ' ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਦੇ ਵਿਭਿੰਨ ਖੇਤਰਾਂ ਤੋਂ ਪਹੁੰਚੀਆਂ ਕਵਿੱਤਰੀਆਂ ਨੇ ਆਪਣੀਆਂ ਰਚਨਾਵਾਂ ਦੀ ਪੇਸ਼ਕਸ਼ ਕੀਤੀ। ਇਸ ਮੌਕੇ ਜੀ ਆਇਆਂ ਨੂੰ ਕਹਿੰਦਿਆਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਭਾਸ਼ਾ ਵਿਭਾਗ, ਪੰਜਾਬ ਸਮਾਜਿਕ ਖੇਤਰ ਦੇ ਸੌੜੇ ਰਾਹਾਂ ਨੂੰ ਖੋਜਣ ਲਈ ਲਗਾਤਾਰ ਯਤਨ ਕਰ ਰਿਹਾ ਹੈ। ਇਹਨਾਂ ਯਤਨਾਂ ਵਿੱਚ 'ਔਰਤ ਦਿਵਸ' ਨੂੰ ਸਮਰਪਿਤ ਦਿਵਸ ਤੋਂ ਇਲਾਵਾ ਹੋਰ ਸਮਾਗਮ ਵੀ ਆਯੋਜਿਤ ਕੀਤੇ ਜਾਂਦੇ ਹਨ, ਜਿਸ ਵਿੱਚ ਸਾਰੀ ਪ੍ਰਤੀਨਿਧਤਾ ਔਰਤਾਂ ਨੂੰ ਦਿੱਤੀ ਜਾਂਦੀ ਹੈ। ਉਹਨਾਂ ਹੋਰ ਲੇਖਕ ਸਭਾਵਾਂ ਨੂੰ ਵੀ ਕਿਹਾ ਕਿ ਉਹ ਵੀ ਔਰਤਾਂ ਨੂੰ ਬਰਾਬਰ ਦਾ ਸਥਾਨ ਦੇਣ ਤਾਂ ਜੋ ਅਸੀਂ ਕੇਵਲ ਕਹਿਣ 'ਚ ਬਰਾਬਰਤਾ ਦੀ ਗੱਲ ਨਾ ਕਰੀਏ, ਸਗੋਂ ਸਮੁੱਚ 'ਚ ਤੇ ਸੱਚਮੁੱਚ ਬਰਾਬਰ ਮੰਨੀਏ। ਕਵੀ ਦਰਬਾਰ ਦੀ ਪ੍ਰਧਾਨਗੀ ਕਰ ਰਹੇ ਗੁਰਚਰਨ ਕੌਰ ਕੋਚਰ ਨੇ ਕਿਹਾ ਕਿ ਅੰਮ੍ਰਿਤਾ ਪ੍ਰੀਤਮ ਪੰਜਾਬੀ ਦੀ ਉਹ ਸ਼ਾਇਰਾ ਸੀ, ਜਿਸ ਨੇ ਪੰਜਾਬੀ ਸ਼ਾਇਰੀ ਨੂੰ ਨਵੇਂ ਸਮਾਜਿਕ ਸਰੋਕਾਰਾਂ ਨਾਲ ਜੋੜਿਆ ਹੈ। ਇਸ ਮੌਕੇ ਉਹਨਾਂ ਜਿੱਥੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ, ਉੱਥੇ ਕਵਿੱਤਰੀਆਂ ਦੀਆਂ ਸੁਣਾਈਆਂ ਕਵਿਤਾਵਾਂ 'ਤੇ ਸਾਰਥਿਕ ਟਿੱਪਣੀਆਂ ਵੀ ਕੀਤੀਆਂ। ਉਨ੍ਹਾਂ ਦਾ ਸਵਾਗਤ ਸ੍ਰੀਮਤੀ ਰਜਿੰਦਰ ਕੌਰ, ਸੀਨੀਅਰ ਸਹਾਇਕ ਨੇ ਬੂਟੇ ਨਾਲ ਕੀਤਾ।

ਇਸ ਮੌਕੇ ਰਣਜੀਤ ਕੌਰ ਸਵੀ ਨੇ 'ਆ ਗਿਆ ਵੇ ਮਾਹੀ ਮਹੀਨਾ ਹੁਣ ਸਾਉਣ ਦਾ' ਗੀਤ ਦਾ ਗਾਇਨ ਕੀਤਾ ਤੇ ਡਾ. ਇਰਾਦੀਪ ਤਰੇਹਨ ਨੇ ਅੰਮ੍ਰਿਤਾ ਪ੍ਰੀਤਮ ਨਾਲ ਸੰਬੰਧਤ ਕਵਿਤਾ 'ਤੂੰ ਨੂਰੀ ਹੈ' ਤੇ ਇੱਕ ਹੋਰ ਕਵਿਤਾ 'ਖ਼ੂਬਸੂਰਤ' ਪੇਸ਼ ਕੀਤੀ। ਰਾਜਿੰਦਰ ਸਰਾਓ ਨੇ 'ਛੇਤੀ ਦੱਸੀਂ ਪੇਕਿਆਂ ਦਾ ਹਾਲ ਨੀਂ', ਡਾ. ਨਵਦੀਪ ਕੌਰ ਨੇ ਅੰਮ੍ਰਿਤਾ ਪ੍ਰੀਤਮ ਨਾਲ ਸੰਬੰਧਤ ਰਚਨਾ ਤੇ ਸਮਕਾਲ ਦਾ ਹਉਕਾ, ਸਰਬਜੀਤ ਕੌਰ ਜੱਸ ਨੇ ਨੁਸਖਾ, ਬੋਲੀਆਂ, ਜਗਦੀਪ ਕੌਰ ਢਿੱਲਵਾਂ ਨੇ 'ਦੂਰ ਕਦੇ ਉੱਡ ਚੱਲੀਏ' ਗ਼ਜ਼ਲ, ਸੰਦੀਪ ਜਸਵਾਲ ਨੇ ਟੱਪੇ ਤੇ ਬੁੱਝੇ ਕੌਣ, ਧੂਣੀ ਦੀ ਅੱਗ, ਰੂਹੀ ਸਿੰਘ ਨੇ 'ਤੇਰੀ ਆਵਾਜ਼ ਤੋਂ ਨਫ਼ਰਤ' ਗ਼ਜ਼ਲ ਆਦਿ ਰਚਨਾਵਾਂ ਪੇਸ਼ ਕੀਤੀਆਂ। ਇਸ ਮੌਕੇ ਸੁਰਿੰਦਰ ਕੌਰ ਬਾੜਾ ਨੇ ਬੋਲੀਆਂ ਦੇ ਗਾਇਨ ਰਾਹੀਂ ਰੰਗ ਬੰਨ੍ਹਿਆ। ਵਿਭਾਗ ਦੀਆਂ ਕਰਮਚਾਰਨਾ ਕਿਰਨਜੀਤ ਕੌਰ, ਅਵਨੀਤ ਕੌਰ, ਵਿਸ਼ਵਜੋਤ ਕੌਰ, ਰਾਖੀ ਨੇ ਸਾਰੀਆਂ ਕਵਿੱਤਰੀਆਂ ਨੂੰ ਸਵਾਗਤ ਵਜੋਂ ਫੁੱਲ ਭੇਟ ਕੀਤੇ। ਮੰਚ ਸੰਚਾਲਨ ਡਾ. ਮਨਜਿੰਦਰ ਸਿੰਘ ਖੋਜ ਅਫ਼ਸਰ ਤੇ ਰੂਹੀ ਸਿੰਘ ਨੇ ਸਾਂਝੇ ਰੂਪ ਵਿੱਚ ਕੀਤਾ। ਇਸ ਮੌਕੇ ਸਾਰੀਆਂ ਕਵਿੱਤਰੀਆਂ ਨੂੰ ਵਿਭਾਗੀ ਸ਼ਾਲ ਰਾਹੀਂ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਵਿਭਾਗ ਦੀ ਵਧੀਕ ਡਾਇਰੈਕਟਰ ਸ੍ਰੀਮਤੀ ਚੰਦਨਦੀਪ ਕੌਰ ਨੇ ਕਵੀਆਂ ਤੇ ਪ੍ਰਬੰਧਕੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੀਤਮ ਸਿੰਘ ਜੌਹਲ, ਗੁਲਜ਼ਾਰ ਪਟਿਆਲਵੀ, ਅੰਮ੍ਰਿਤਪਾਲ ਸ਼ੈਦਾ, ਬਲਵਿੰਦਰ ਸੰਧੂ, ਗੁਰਚਰਨ ਪੱਬਾਰਾਲੀ, ਸੁਖਮੰਦਰ ਸੇਖੋਂ, ਗੁਰਿੰਦਰ ਅਮਨ, ਇੰਜੀ. ਜਤਿੰਦਰ ਸਿੰਘ, ਅਵਤਾਰਜੀਤ, ਡਾ. ਪੁਸ਼ਪਿੰਦਰ ਕੌਰ, ਚਰਨਜੀਤ ਕੌਰ ਤੋਂ ਇਲਾਵਾ ਵਿਭਾਗ ਦੇ ਸ. ਅਮਰਿੰਦਰ ਸਿੰਘ, ਜਸਪ੍ਰੀਤ ਕੌਰ, ਦਵਿੰਦਰ ਕੌਰ, ਸਹਾਇਕ ਡਾਇਰੈਕਟਰ ਸੰਤੋਖ ਸਿੰਘ, ਸਤਪਾਲ ਸਿੰਘ, ਬਲਦੇਵ ਸਿੰਘ ਖੋਜ ਅਫ਼ਸਰ ਤੋਂ ਇਲਾਵਾ ਵਿਭਾਗ ਦੇ ਹੋਰ ਬਹੁਤ ਸਾਰੇ ਕਰਮਚਾਰੀ ਹਾਜ਼ਰ ਸਨ।

# ਪਾਠਕਾਂ ਦੇ ਝਰੋਖੇ 'ਚੋਂ

## ਦ੍ਰਿਸ਼ਟੀਕੋਣ

17 ਜੁਲਾਈ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਫੇਰੀ ਦੌਰਾਨ ਜਲੰਧਰ ਵਿਚ ਦਿੱਤੇ ਭਾਸ਼ਣ ਤੇ 19 ਜੁਲਾਈ ਦੇ 'ਐਤਵਾਰਤਾ' ਵਿੱਚ ਜਤਿੰਦਰ ਪੰਨੂ ਨੇ ਵਧੀਆ ਢੰਗ ਨਾਲ ਵਿਚਾਰ ਚਰਚਾ ਕੀਤੀ ਹੈ ਤੇ ਮੋਦੀ ਵੱਲੋਂ ਜੋ ਗੱਲਾਂ ਪੰਜਾਬ ਦੀ ਰਾਜ ਕਰਦੀ ਪਾਰਟੀ ਤੇ ਵਿਰੋਧੀ ਪਾਰਟੀਆਂ ਬਾਰੇ ਕੀਤੀਆਂ ਹਨ, ਉਨ੍ਹਾਂ 'ਤੇ ਵੀ ਸਟੀਕ ਟਿੱਪਣੀਆਂ ਕੀਤੀਆਂ ਹਨ। ਪਹਿਲੀ ਗੱਲ ਉਨ੍ਹਾ ਦਲਿਤ ਵੋਟ ਬੈਂਕ ਨੂੰ ਆਪਣੇ ਨਾਲ ਜੋੜਨ ਲਈ ਜੋ ਕੁਝ ਕਿਹਾ, ਜਿਸ ਦਾ ਯਥਾਰਥ ਵਿੱਚ ਕੋਈ ਆਧਾਰ ਨਈਂ। ਭਾਰਤ ਵਿਚ ਸਭ ਤੋਂ ਜ਼ਿਆਦਾ ਦਲਿਤ ਵਰਗ ਲੱਗਭੱਗ ਪੈਂਤੀ ਪਰਸੈਂਟ ਪੰਜਾਬ ਦਾ ਵਸਨੀਕ ਹੈ ਤੇ ਰਾਜ ਸਰਕਾਰ ਬਣਾਉਣ ਵਿਚ ਇਸ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਜੇ ਸਾਰੇ ਦਲਿਤ ਇਕ ਮੰਚ 'ਤੇ ਇਕੱਠੇ ਹੋ ਜਾਣ ਤਾਂ ਸਰਕਾਰ ਇਨ੍ਹਾਂ ਦੀ ਆਪਣੀ ਬਣ ਸਕਦੀ ਹੈ, ਪਰ ਸ਼ਾਤਰ ਰਾਜਨੀਤਿਕ ਲੋਕਾਂ ਨੇ ਇਨ੍ਹਾਂ ਨੂੰ ਇਸ ਤਰੀਕੇ ਨਾਲ ਪਾਟੋਧਾੜ ਕੀਤਾ ਹੋਇਆ ਹੈ ਕਿ ਇਹ ਕਦੇ ਵੀ ਇਕੱਠੇ ਨਹੀਂ ਹੋ ਸਕਦੇ ਤੇ ਨਾ ਹੀ ਆਪਣੀਆਂ ਜਾਇਜ਼ ਮੰਗਾਂ ਮੰਨਵਾ ਸਕਦੇ ਹਨ। ਅੱਜ ਤੱਕ ਕਿਸੇ ਵੀ ਸਰਕਾਰ ਨੇ ਰਿਜ਼ਰਵੇਸ਼ਨ ਅਧਾਰਤ ਸਰਕਾਰੀ ਨੌਕਰੀਆਂ ਵਿਚ ਬੈਕਲਾਗ ਪੂਰਾ ਨਹੀਂ ਕੀਤਾ, ਫ੍ਰੀ ਸਿੱਖਿਆ ਤੇ ਸਿਹਤ ਸਹੂਲਤਾਂ ਲਾਗੂ ਨਹੀਂ ਕੀਤੀਆਂ, ਪਰ ਚੋਣਾਂ ਨੇੜੇ ਆਉਂਦਿਆਂ ਹੀ ਹਰੇਕ ਪਾਰਟੀ ਦੇ ਲੀਡਰ ਇਨ੍ਹਾਂ ਦੇ ਵਿਹੜਿਆਂ 'ਚ ਜਾ ਕੇ ਢਿੱਲੀ ਜਿਹੀ ਮੰਜੀ 'ਤੇ ਬਹਿ ਕੇ ਪਿੱਤਲ ਦੇ ਗਲਾਸ ਵਿਚ ਚਾਹ ਪੀ ਕੇ ਉਹਨਾਂ ਦੇ ਖੈਰਖਵਾਹ ਹੋਣ ਦਾ ਡਰਾਮਾ ਕਰਦੇ ਹਨ ਤੇ ਉਹ ਭੋਲੇ-ਭਾਲੇ ਇਨ੍ਹਾਂ ਦੀ ਝੋਲੀ 'ਚ ਡਿਗ ਪੈਂਦੇ ਹਨ। ਅੱਜ ਹੀ ਮੋਦੀ ਨੇ ਹਾਈਡਰੋਜ਼ਨ ਟਰੇਨ ਦਾ ਵੀ ਉਦਘਾਟਨ ਕਰ ਤਾਂ ਦਿੱਤਾ ਹੈ, ਪਰ ਡਰ ਲੱਗਦੈ ਕਿ ਕਿਤੇ ਇਸ ਟਰੇਨ ਦਾ ਹਾਲ ਵੀ ਸੁਖਬੀਰ ਬਾਦਲ ਦੀ ਉਸ ਪਾਣੀ ਨਾਲ ਚੱਲਣ ਵਾਲੀ ਬੱਸ ਵਰਗਾ ਈ ਨਾ ਹੋ'ਜੇ, ਜਿਹੜੀ ਉਹਨੇ ਇਕ ਕਰੋੜ ਰੁਪਏ ਦੀ ਬਣਵਾ ਕੇ ਹਰੀ ਕੇ ਪੱਤਣ ਉਦਘਾਟਨ ਵੇਲੇ ਹੀ ਚਲਾਈ ਸੀ, ਮੁੜ ਕੇ ਕੁਝ ਸਾਲਾਂ ਬਾਅਦ ਕਬਾੜ 'ਚ ਹੀ ਵੇਚਣੀ ਪਈ ਸੀ। ਮੋਦੀ ਜੀ ਨੇ ਪੰਜਾਬ ਸਰਕਾਰ ਨੂੰ ਕੱਟੜ ਬੇਈਮਾਨਾਂ ਦੀ ਸਰਕਾਰ ਕਿਹਾ ਹੈ, ਠੀਕ ਹੈ ਹੋਏਗੀ, ਪਰ ਮੋਦੀ ਸਾਹਿਬ ਨੂੰ ਇਹ ਗੱਲ ਕਰਨ ਤੋਂ ਪਹਿਲਾਂ ਆਪਣੀ ਪਾਰਟੀ ਵਿਚ ਵੀ ਝਾਤੀ ਮਾਰ ਲੈਣੀ ਚਾਹੀਦੀ ਹੈ, ਬੀ ਜੇ ਪੀ ਦੇ ਲੀਡਰ ਜੋ ਗੁੱਲ ਖਿੜਾ ਰਹੇ ਹਨ, ਸਭ ਨੂੰ ਪਤਾ ਹੈ, ਪਰ ਜਿਹੜੇ ਦੂਜੀਆਂ ਪਾਰਟੀਆਂ 'ਚੋਂ ਤੁਹਾਡੀ ਪਾਰਟੀ 'ਚ ਧੜਾਧੜ ਛਾਲਾਂ ਮਾਰ ਕੇ ਆ ਰਹੇ ਹਨ, ਉਹ ਕੋਈ ਦੁੱਧ ਧੋਤੇ ਨਹੀਂ ਹਨ, ਆਪਣੇ ਪਾਪਾਂ ਦੀ ਕਿਤੇ ਈ ਡੀ ਜਾਂ ਸੀ ਬੀ ਆਈ ਫਾਈਲ ਨਾ ਖੋਲ੍ਹ ਦੇਵੇ, ਇਸ ਕਰਕੇ ਆ ਰਹੇ ਹਨ। ਪਤਾ ਤੁਹਾਨੂੰ ਵੀ ਹੈ ਕਿ ਇਨ੍ਹਾਂ ਕੀ-ਕੀ ਚੰਨ ਚੜ੍ਹਾਏ ਹੋਏ ਹਨ। ਆਪਣੇ ਭਾਸ਼ਣ ਵਿੱਚ ਮੋਦੀ ਨੇ ਅਕਾਲੀ ਦਲ ਨਾਲ ਗਠਜੋੜ ਬਾਰੇ ਵੀ ਕੋਈ ਗੱਲ ਨਹੀਂ ਕੀਤੀ ਤੇ ਪੰਜਾਬ ਕਾਂਗਰਸ ਦਾ ਵੀ ਮਜ਼ਾਕ ਉਡਾਇਆ ਹੈ, ਖੈਰ ਕਾਂਗਰਸ ਦੇ ਲੀਡਰਾਂ ਨੇ ਤਾਂ ਸਹੁੰ ਪਾਈ ਏ ਪਈ ਅਸੀਂ ਆਪੋ 'ਚ ਹੀ ਜੁੱਤੀਓ ਜੁੱਤੀ ਹੁੰਦੇ ਰਹਿਣਾ ਏ ਤੇ ਸਰਕਾਰ ਕਿਸੇ ਹੋਰ ਨੂੰ ਬਣਾਉਣ ਦਾ ਜੱਸ ਖੱਟਣਾ ਏ, ਜਿੱਥੋਂ ਤੱਕ ਅਕਾਲੀ ਦਲ ਨਾਲ ਗਠਜੋੜ ਦਾ ਸੰਬੰਧ ਹੈ, ਜਿੰਨੇ ਵੀ ਅਕਾਲੀ ਦਲ ਹਨ, ਸਾਰੇ ਪੱਬਾਂ ਭਾਰ ਹੋਏ ਪਏ ਹਨ ਕਿ ਬੀ ਜੇ ਪੀ ਸਾਡੇ ਨਾਲ ਗਠਜੋੜ ਕਰ ਲਏ, ਪਰ ਬੀ ਜੇ ਪੀ ਜਿੰਨੀ ਦੂਰ ਦੀ ਕੌਡੀ ਖੇਡਦੀ ਹੈ, ਅਕਾਲੀ ਉੱਥੋਂ ਤੱਕ ਸੋਚ ਵੀ ਨਈਂ ਸਕਦੈ! ਜਿਸ ਤਰ੍ਹਾਂ ਅਕਾਲੀ ਦਲ ਵਾਰਸ ਪੰਜਾਬ ਦੀ ਚੜ੍ਹਤ ਬਣਦੀ ਜਾ ਰਹੀ ਹੈ, ਚੋਣਾਂ ਦੇ ਨਤੀਜਿਆਂ ਤੋਂ ਬਾਅਦ ਵੱਡੀ ਸੰਭਾਵਨਾ ਹੈ ਕਿ ਬੀ ਜੇ ਪੀ ਉਸ ਨਾਲ ਗਠਜੋੜ ਕਰਕੇ ਬਿਹਾਰ ਦੇ ਨਿਤੇਸ਼ ਬਾਬੂ ਵਾਲੀ ਗੇਮ ਇੱਥੇ ਖੇਡੇ, ਤੇ ਆਪ ਪਰਦੇ ਪਿੱਛੇ ਰਹਿ ਕੇ ਕਠਪੁਤਲੀਆਂ ਆਪਣੀਆਂ ਉਂਗਲੀਆਂ 'ਤੇ ਨਚਾਵੇ।

**— ਬੀ.ਡੀ. ਭਗਤ, ਅੰਮ੍ਰਿਤਸਰ**

## ਗੋਵਰਧਨ ਗੱਬੀ ਨਾਲ ਮੁਲਾਕਾਤ

19 ਜੁਲਾਈ ਦੇ 'ਐਤਵਾਰਤਾ' ਵਿਚ ਕਹਾਣੀਕਾਰ ਗੋਵਰਧਨ ਗੱਬੀ ਨਾਲ ਡਾ. ਸੀਮਾ ਗੁਪਤਾ ਦੀ ਸਾਹਿਤਕ ਮੁਲਾਕਾਤ ਪੜ੍ਹੀ।ਕਈ ਸਵਾਲਾਂ ਦੇ ਜੁਆਬ ਗੱਬੀ ਸਾਹਿਬ ਨੇ ਪੂਰੀ ਸ਼ਿੱਦਤ ਨਾਲ ਢੁਕਵੇਂ ਦਿੱਤੇ ਹਨ।ਗੱਬੀ ਸਾਹਿਬ ਦਾ ਕਹਿਣਾ ਕਿ ਮਾਤ ਭਾਸ਼ਾ ਵਿਚ ਹੀ ਲਿਖਣਾ ਸਹੀ ਹੈ। ਇਹ ਸਿਧਾਂਤ ਰਬਿੰਦਰ ਨਾਥ ਟੈਗੋਰ ਵੱਲੋਂ ਬਲਰਾਜ ਸਾਹਨੀ ਨੂੰ ਦੱਸਣਾ ਤੇ ਬਲਰਾਜ ਸਾਹਨੀ ਨੇ ਅਮਲ ਕਰਨਾ ਬਹੁਤ ਸਹੀ ਤੇ ਦਰੁਸਤ ਹੈ। ਦੂਸਰੀਆਂ ਭਾਸ਼ਾਵਾਂ ਵਿਚ ਅਨੁਵਾਦ ਤਾਂ ਰਚਨਾ ਹੋ ਸਕਦੀ ਹੈ, ਪਰ ਆਰੰਭ ਵਿਚ ਸੋਚ ਮਾਤ ਭਾਸ਼ਾ ਵਿਚ ਹੀ ਜਚਦੀ ਹੈ। ਡਾ. ਸੀਮਾ ਗੁਪਤਾ ਨੇ ਸਵਾਲਾਂ ਦਾ ਦਾਇਰਾ ਬਹੁਤ ਵਸੀਹ ਰੱਖਿਆ ਹੈ, ਪੜ੍ਹ ਕੇ ਬਹੁਤ ਚੰਗਾ ਲੱਗਾ। ਨਿੰਦਰ ਘੁਗਿਆਣਵੀ ਨੇ ਦਿਲਜੀਤ ਦੁਸਾਂਝ ਨਾਲ ਇਕ ਵੇਲੇ ਆਪਣੇ ਨੇੜਤਾ ਦੇ ਪਲਾਂ ਬਾਰੇ ਲਿਖਿਆ ਹੈ। ਦਿਲਜੀਤ ਦੁਸਾਂਝ ਦੇਸ਼ਾਂ-ਵਿਦੇਸ਼ਾਂ ਵਿਚ ਪੰਜਾਬੀ ਦਾ ਝੰਡਾ ਬੁਲੰਦ ਰੱਖ ਰਿਹਾ ਹੈ। ਰਾਜ ਗੁਰਦਾਸਪੁਰੀ ਦੀਆਂ ਗਜ਼ਲਾਂ ਨੇ ਚੰਗਾ ਰੰਗ ਬੰਨ੍ਹਿਆ। ਸੁਰਜੀਤ ਸੁਮਨ ਨੇ ਮੁਹੰਮਦ ਸਦੀਕ ਦੇ ਗੀਤ ਦੇ ਹਵਾਲੇ ਨਾਲ ਸਿਆਸਤ ਵਿਚ ਪੈਂਦੇ ਛਣਕਾਟੇ ਦੀ ਕਲਾਤਮਿਕ ਚਰਚਾ ਕੀਤੀ ਹੈ। 'ਦ੍ਰਿਸ਼ਟੀਕੋਣ' ਨੇ ਮੋਦੀ ਦੇ ਪੰਜਾਬ ਦੌਰੇ ਦੀ ਸਾਰਥਿਕ ਟਿੱਪਣੀ ਕੀਤੀ ਹੈ। ਮੋਦੀ ਨੇ ਇਕੋ-ਇਕ ਏਜੰਡਾ ਰੱਖਿਆ ਹੈ ਪੰਜਾਬ ਵਿਚ ਬੀ ਜੇ ਪੀ ਹੀ ਪੰਜਾਬ ਦਾ ਵਿਕਾਸ ਕਰ ਸਕਦੀ ਹੈ, ਜੋ ਕਿ ਸੱਚ ਨਹੀਂ ਹੈ। ਕੇਵਲ ਗੱਪ ਹੈ। ਸਿਆਸਤ ਵਿਚ ਅਜੇ ਹੋਰ ਵੀ ਗੱਪਾਂ ਸੁਨਣ ਨੂੰ ਮਿਲਣਗੀਆਂ। ਵਿਜੈ ਬੰਬੇਲੀ ਨੇ ਪੰਜਾਬ ਦੇ ਪਿੰਡਾਂ ਦੇ ਇਤਿਹਾਸ ਦੀ ਨਿਸ਼ਾਨਦੇਹੀ ਬਾਰੇ ਵਿਚਾਰ ਲਿਖੇ ਹਨ। ਇਹ ਕੰਮ ਸਿਰੜ ਤੇ ਮਿਹਨਤ ਦਾ ਹੈ।ਮੈਂ ਆਪਣੀ ਕਿਤਾਬ 'ਆਜਾ ਮੇਰਾ ਪਿੰਡ ਵੇਖ ਲੈ' ਲਿਖਣ ਵੇਲੇ ਇਸ ਕਿਸਮ ਦਾ ਤਜਰਬਾ ਕਰ ਚੁੱਕਾ ਹਾਂ।

**— ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫ਼ੀ ਨਹੀਂ : ਜਗਰੂਪ, ਕਿਸ਼ਤ-9
ਪੰਜ ਯਾਰ ਲੇਹ ਪਾਰ (ਸ਼ਫ਼ਰਨਾਮਾ-2) : ਪਰਗਟ ਸਿੰਘ ਸਤੌਜ
ਸਿੰਧੂ ਜਲ ਸੰਧੀ ਬਾਰੇ ਮੁੜ ਵਿਚਾਰ : ਦੇਵੇਂਦਰ ਸ਼ਰਮਾ
'ਆਦਿ-ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ' : ਬਲਬੀਰ ਮਾਧੋਪੁਰੀ (ਫੋਕਸ) ਡਾ. ਗੁਰਮੇਲ ਸਿੰਘ
ਤੇਜਿੰਦਰ ਚੰਡਿਹੋਕ ਦੀਆਂ ਗ਼ਜ਼ਲਾਂ ਤੇ ਹੋਰ ਬਹੁਤ ਕੁਝ

# ਸਮਕਾਲ


---- ਭਗਵੰਤ ਰਸੂਲਪੁਰੀ----

## ਸੁਰਤਿ : ਡਾ. ਸਰਦਾਰਾ ਸਿੰਘ ਜੌਹਲ ਦੀ ਮੁਲਾਕਾਤ ਤੇ 7 ਕਹਾਣੀਆਂ



ਨਿਵੇਕਲੀ ਦਿੱਖ ਦੇ 'ਸੁਰਤਿ' ਰਸਾਲੇ ਦਾ ਵਰਖਾ ਰੁੱਤ, 2026 ਦਾ ਅੰਕ ਛਪ ਕੇ ਪੁੱਜਾ ਹੈ। ਪਰਚੇ ਦਾ ਇਹ ਛੇਵਾਂ ਅੰਕ ਹੈ ਕਦੇ ਸੋਚਿਆ ਨਹੀਂ ਸੀ ਕਿ ਪੰਜਾਬੀ ਭਾਸ਼ਾ ਵਿੱਚ ਆਰਟ ਪੇਪਰ ਉੱਤੇ ਵੱਡੇ ਅਕਾਰ ਵਿੱਚ ਇਸ ਤਰ੍ਹਾਂ ਦਾ ਪਰਚਾ ਵੀ ਕਦੇ ਪ੍ਰਕਾਸ਼ਤ ਹੋਇਆ ਕਰੇਗਾ। ਇਸ ਦੀ ਵਿਉਂਤਬੰਦੀ ਪਿੱਛੇ ਸੰਪਾਦਕ ਗੁਰਬੀਰ ਸਿੰਘ ਬਰਾੜ ਦੀ ਦ੍ਰਿਸ਼ਟੀ ਕਾਰਜ ਕਰ ਰਹੀ ਹੈ। ਹੱਥਲੇ ਅੰਕ ਵਿੱਚ ਵੰਨ ਸੁਵੰਨਾ ਮੈਟਰ ਪੜ੍ਹਨ ਨੂੰ ਮਿਲ ਜਾਂਦਾ ਹੈ। ਸੰਪਾਦਕੀ ਅਮਲੇ ਨੇ ਹਰ ਵੰਨਗੀ ਤੇ ਵਿਧਾ ਦਾ ਖਿਆਲ ਰੱਖਿਆ ਹੈ। ਸੰਪਾਦਕੀ ਵਿੱਚ 'ਸਮਾਂ ਤੇ ਸੰਵਾਦ' ਤੇ ਸੰਵਾਦ ਰਚਾਇਆ ਗਿਆ ਹੈ। ਜਿਹੜਾ ਸਿਰਜਣਾ ਦਾ ਬੁਨਿਆਦੀ ਸੂਤਰ ਹੁੰਦਾ ਹੈ। ਕੁਝ ਸਤਰਾ ਹਾਜ਼ਰ ਹਨ, "ਸਮਕਾਲ ਨਾਲ ਸੰਵਾਦ ਕੇਵਲ ਵਰਤਮਾਨ ਨੂੰ ਸਮਝਣ ਲਈ ਨਹੀਂ ਇਹ ਪਰੰਪਰਾ ਨੂੰ ਨਵੀਂ ਪ੍ਰਸੰਗਿਕਤਾ ਦਿੰਦਾ ਹੈ, ਆਲੋਚਨਾਤਮਕ ਚੇਤਨਾ ਜਗਾਉਂਦਾ ਹੈ ਅਤੇ ਭਵਿੱਖ ਦੀ ਦਿਸ਼ਾ ਰਚਦਾ ਹੈ। ਸੰਪਾਦਕੀ ਵਿੱਚ ਟਰੈਕਟਰ ਚਲਾਉਂਦੇ ਨੌਜਵਾਨ ਦੀ ਗੱਲ ਕੀਤੀ ਗਈ ਹੈ ਜੋ ਵੀਜ਼ੇ ਦੇ ਸੁਫ਼ਨੇ ਦੇਖਦਾ ਹੈ। ਜੇ ਬਾਕੀਆਂ ਦੀ ਗੱਲ ਵੀ ਹੋ ਜਾਂਦੀ ਤਾਂ ਚੰਗਾ ਸੀ। ਖ਼ੈਰ 13 ਪੰਨਿਆਂ ਉੱਤੇ ਫੈਲੀ ਪ੍ਰਸਿੱਧ ਅਰਥ ਸ਼ਾਸ਼ਤਰੀ ਡਾ. ਸਰਦਾਰਾ ਸਿੰਘ ਜੌਹਲ ਨਾਲ ਮੁਲਾਕਾਤ ਕੀਤੀ ਹੈ ਸਾਂਵਲ ਧਾਮੀ ਨੇ। ਮੁਲਾਕਾਤ ਵਿੱਚ ਜੌਹਲ ਹੁਰਾਂ ਵੰਡ ਦੌਰਾਨ ਆਪਣਾ ਤੇ ਪਰਿਵਾਰ ਦੇ 'ਸਫ਼ਰ' ਬਾਰੇ ਬੇਬਾਕ ਬਿਆਨ ਕੀਤਾ ਹੈ। ਪੜ੍ਹਾਈ, ਰੰਧਾਵਾ ਨਾਲ ਜੁੜੇ ਪ੍ਰਸੰਗ, ਵਾਈਸ ਚਾਂਸਲਰ ਸਮੇਂ ਦੇ ਪ੍ਰਸੰਗ ਦੇ ਆਲੇ ਦੁਆਲੇ ਮੁਲਾਕਾਤ ਕੇਂਦਰਤ ਰਹਿੰਦੀ ਹੈ। ਮੈਨੂੰ ਲਗਦਾ ਹੈ ਅਰਥ ਸ਼ਾਸ਼ਤਰ, ਖੇਤੀ, ਪੰਜਾਬ ਦੀ ਬਦਲ ਰਹੀ ਤਸਵੀਰ ਤੇ ਵਿਦਿਆਕ ਪ੍ਰਬੰਧ ਬਾਰੇ ਹੋਰ ਗੱਲਾਂ ਕੀਤੀਆਂ ਜਾ ਸਕਦੀਆਂ ਸਨ। ਇਨ੍ਹਾਂ ਪੱਖਾਂ ਉੱਤੇ ਪ੍ਰਿੰ. ਸਰਵਣ ਸਿੰਘ ਨੇ 16 ਪੰਨਿਆਂ ਵਿੱਚ 'ਸ਼ਬਦ ਚਿੱਤਰ' ਲਿਖ ਕੇ ਉਭਾਰ ਦਿੱਤਾ ਹੈ। ਪਰਚੇ ਦਾ ਅਗਲਾ ਮਹੱਤਵਪੂਰਨ ਪੱਖ ਨਵੀਆਂ 7 ਕਹਾਣੀਆਂ ਦਾ ਹੈ। ਅਜਮੇਰ ਰੋਡੇ (ਪੱਕਾ ਜੰਡ), ਜਿੰਦਰ (ਪਰਿਵਾਰ), ਪਰਵੇਜ਼ ਸੰਧੂ (ਇਕ ਜੋੜੀ ਉਕਾਬਾਂ ਦੀ), ਤ੍ਰਿਪਤਾ ਕੇ. ਸਿੰਘ (ਹੁਨਰ), ਸਰਘੀ (ਜੀਣ-ਮਰਨ), ਸਰਬਾਜ਼ (ਦੋ ਕਿਨਾਰੇ), ਅਲੀ ਉਸਮਾਨ ਬਾਜਵਾ (ਖਰੀਂਢ) ਕਹਾਣੀ ਪੜ੍ਹਨ ਨੂੰ ਮਿਲਦੀਆਂ ਹਨ। ਇਹ ਸਾਰੀਆਂ ਕਹਾਣੀਆਂ ਵੱਖਰੇ ਵੱਖਰੇ ਧਰਾਤਲ ਤੇ ਉਸਰਦੀਆਂ ਹੋਈਆਂ ਸਮਕਾਲ ਰਾਹੀ ਅਤੀਤ ਨੂੰ ਆਪਣੇ ਕਲਾਵੇ ਵਿੱਚ ਲੈਂਦੀਆਂ ਹਨ। ਅਜੇ ਇਨ੍ਹਾਂ ਕਹਾਣੀਆਂ ਨੇ ਸਮੇਂ ਦੇ ਛਾਨਣੇ ਵਿੱਚੋਂ ਛਣ ਕੇ ਆਣਾ ਹੈ। ਸਭ ਨੇ ਆਪਣੀ ਆਪਣੀ ਸਮਰੱਥਾ ਨਾਲ ਚੰਗੀ ਕਹਾਣੀ ਕਹਿਣ ਦਾ ਯਤਨ ਕੀਤਾ ਹੈ। ਭਵਿੱਖ ਵਿੱਚ ਇਨ੍ਹਾਂ ਕਹਾਣੀਆਂ ਦੇ ਕਿਸੇ ਨਾ ਕਿਸੇ ਪੱਖ ਤੇ ਨੈਗਟਿਵ-ਪੌਜੇਟਿਵ ਗੱਲ ਜ਼ਰੂਰ ਹੋਵੇਗੀ। ਗੁਰਬਚਨ ਨੇ ਆਪਣੇ ਸਵੈ ਬਿਰਤਾਂਤ 'ਪੱਚਾਸੀ ਪਾਰ ਕਰਦਿਆਂ' 'ਚ ਆਪਣੀ ਤੇਜਾਬੀ ਫ਼ਿਕਰੇਬਾਜ਼ੀ ਨਾਲ ਪੀਸੇ ਨੂੰ ਮੁੜ ਪੀਹਣ ਦਾ ਯਤਨ ਕੀਤਾ ਹੈ। ਪ੍ਰੀਤਮ ਸਿੰਘ ਦੇ ਚਿੰਤਨ 'ਮਾਰਕਸਵਾਦ ਅਤੇ ਸਿੱਖੀ ਦੇ ਰਿਸ਼ਤੇ ਦੀਆਂ ਅੰਤਰ ਤੈਹਾਂ' ਮਹੱਤਵਪੂਰਨ ਲੇਖ ਹੈ ਜਿਸ ਨੂੰ ਡਾ. ਯਾਦਵਿੰਦਰ ਸਿੰਘ ਨੇ ਅਨੁਵਾਦ ਕੀਤਾ ਹੈ। ਜਸਬੀਰ ਭੁੱਲਰ ਦੀਆਂ ਯਾਦਾਂ 'ਇਕੋਤਰ ਸੌ ਵਰ੍ਹੇ ਪੁਰਾਣੀ ਤਸਵੀਰ' ਸੰਵੇਦਨਾ ਨਾਲ ਭਰਪੂਰ ਲਿਖਤ ਹੈ। ਜਿਸ ਵਿੱਚ ਭੁੱਲਰ ਨੇ ਆਪਣੇ ਪੁਰਖਿਆ ਦੇ ਨਕਸ਼ ਨੂੰ ਲੱਭਣ ਦਾ ਉਪਰਾਲਾ ਕੀਤਾ ਹੈ। ਗੁਰਭਜਨ ਗਿੱਲ ਦਾ ਸੁਖਬੀਰ ਸਿੰਘ ਸੰਧੂ ਬਾਰੇ ਲੇਖ 'ਸਮਰੱਥ ਪਰ ਅਣਗੌਲਿਆ ਸ਼ਾਇਰ' ਵੀ ਛਪਿਆ ਹੈ। ਉੱਘੇ ਅਰਥ ਸ਼ਾਸ਼ਤਰੀ ਤੇ ਕਥਾਕਾਰ ਪ੍ਰੇਮ ਮਾਨ ਨੇ ਆਪਣੀ ਸਵੈ ਜੀਵਨੀ ਦੇ ਕਾਂਡ 'ਮੇਰਾ ਬੰਗਾ ਤੋਂ ਨਿਊਯਾਰਕ ਤੱਕ ਦਾ ਸਫ਼ਰ' ਵਿੱਚ ਵਿਸਥਾਰ ਨਾਲ ਆਪਣੀ ਸਖ਼ਤ ਮਿਹਨਤ ਦਾ ਬਿਰਤਾਂਤ ਪੇਸ਼ ਕੀਤਾ ਹੈ। ਲਲਿਤ ਕੁਮਾਰ ਦਾ ਸਵੈ ਜੀਵਨੀ ਅੰਸ਼ ਵੀ ਪੜ੍ਹਨ ਵਾਲਾ ਹੈ। ਅਗਲੇ ਪੰਨਿਆਂ ਉੱਤੇ ਗੁਰਉਪਦੇਸ਼ ਸਿੰਘ (ਕਵਿਤਾ ਦੇ ਸਿਆਸੀ ਰੂਪ), ਨਿਰਲੇਪ ਸਿੰਘ (ਸੁਰਖ਼ਾਬ ਦੀ ਵੈਤਰਨੀ) ਵੀ ਛਪੇ ਹਨ। 'ਜੱਟ' ਤੇ ਕੁਝ ਸਮੱਗਰੀ ਪੜ੍ਹਨ ਨੂੰ ਮਿਲਦੀ ਹੈ। ਸੁਖਪਾਲ ਦਾ 'ਜੱਟ' ਤੇ ਚਿੰਤਨ ਮੰਥਨ, ਅਮਰਜੀਤ ਗਰੇਵਾਲ ਦੀ ਕਵਿਤਾ 'ਮੈਂ ਜੱਟ ਹਾਂ' ਤੇ ਗੁਰਦੀਪ ਢਿੱਲੋਂ ਦਾ 'ਮੈਂ ਜੱਟ ਹਾਂ' ਨੂੰ ਸਮਝਦਿਆਂ' ਇਸ ਸੰਦਰਭ ਵਿੱਚ ਲਿਖਤਾਂ ਵਾਚੀਆਂ ਜਾ ਸਕਦੀਆਂ ਹਨ। ਇਸ ਅੰਕ ਦਾ ਕਵਿਤਾ ਭਾਗ ਵੀ ਮਿਹਨਤ ਨਾਲ ਤਿਆਰ ਕੀਤਾ ਗਿਆ ਹੈ। ਅੰਕ ਵਿੱਚ ਨਵਤੇਜ ਭਾਰਤੀ, ਪਰਮਿੰਦਰ ਸੋਢੀ, ਸਵਰਨਜੀਤ ਸਵੀ, ਜਗਤਾਰ ਢਾਅ, ਦਰਸ਼ਨ ਬੁਲੰਦਵੀ, ਸੁਰਿੰਦਰ ਗੀਤ, ਅਮਰਜੀਤ ਕੌਂਕੇ, ਹਰਮੀਤ ਵਿਦਿਆਰਥੀ, ਅਜੈ ਤਨਵੀਰ, ਲਖਵਿੰਦਰ ਸਿੰਘ ਗਿੱਲ, ਸੰਦੀਪ ਜਸਵਾਲ, ਸੰਦੀਪ ਚੌਹਾਨ, ਸੁਖਵਿੰਦਰ, ਰਾਜਬਿੰਦਰ ਬਰਾੜ ਦੀਆਂ ਕਵਿਤਾਵਾਂ ਸੂਖਮ ਅਹਿਸਾਸ ਨੂੰ ਬੜੇ ਬਰੀਕ ਨੁਕਤੇ ਤੋਂ ਪੇਸ਼ ਕਰਨ ਦੇ ਸਮਰੱਥ ਹਨ। ਗਰਜਿੰਦਰ ਕੰਗ, ਗੁਰਤੇਜ ਕੋਹਾਰਵਾਲਾ, ਕੁਲਵਿੰਦਰ, ਸ਼ਤੀਸ ਗੁਲਾਟੀ, ਮਨਜਿੰਦਰ ਧਨੋਆ, ਤਰਲੋਚਨ ਲੋਚੀ ਤੇ ਅਫਜ਼ਲ ਸਾਹਿਰ ਦੀਆਂ ਗ਼ਜ਼ਲਾਂ ਵੱਖਰੇ ਰੰਗ ਵਿੱਚ ਰੰਗੀਆਂ ਹੋਈਆਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਕਹਾਣੀ ਦੀ ਸਮਝ ਰੱਖਣ ਵਾਲੇ ਜਗਜੀਤ ਬਰਾੜ ਦਾ ਕਹਾਣੀ ਨੂੰ ਸਮਝਣ ਵਾਲਾ ਇਕ ਲੇਖ 'ਅਮਰੀਕੀ ਪੰਜਾਬੀ ਕਹਾਣੀ-ਪਰਵਾਸੀ ਜ਼ਿੰਦਗੀ ਅਤੇ ਕਹਾਣੀ ਸਿਰਜਣ' ਅਤੇ ਦੂਜਾ ਡਾ. ਬਲਦੇਵ ਸਿੰਘ ਧਾਲੀਵਾਲ ਦਾ 'ਕਹਾਣੀਕਾਰ ਸੁਖਜੀਤ ਦੀ ਰਚਨਾ-ਦ੍ਰਿਸ਼ਟੀ' ਤਰਕ ਤੇ ਸੂਖਮ ਵਿਚਾਰ ਅਨੁਭਵ ਪੇਸ਼ ਕਰਨ ਵਾਲੇ ਲੇਖ ਹਨ। ਸ਼ਾਇਰ ਤੋਂ ਨਾਵਲਕਾਰ ਤੇ ਕਹਾਣੀਕਾਰ ਬਣੇ ਬੂਟਾ ਸਿੰਘ ਚੌਹਾਨ ਨੇ ਦੋ ਨਾਵਲਾਂ ਨੂੰ ਆਪਣੀ ਦ੍ਰਿਸ਼ਟੀ ਨਾਲ ਪੜ੍ਹਿਆ ਹੈ। ਗੌਰੀ ਗਿੱਲ ਦੀ ਫੋਟੋਗ੍ਰਾਫੀ ਤੇ ਇਬਾਰਤੀ ਲਿਖਤ ਖਿੱਚ ਭਰਪੂਰ ਹੈ। ਬਲਦੇਵ ਸਿੰਘ ਸੜਕਨਾਮਾ ਨੇ 'ਪੁਰਸਕਾਰਾਂ ਦੀ ਦੁਨੀਆਂ 'ਤੇ ਮੇਰੀ ਕਨੇਡਾ ਫੇਰੀ' ਵਿੱਚ ਮਨੁੱਖੀ ਸਾਹਿਣਸ਼ੀਲਤਾ ਤੇ ਸੰਵੇਦਨਸ਼ੀਲ ਮੁੱਦਾ ਉਭਾਰਿਆ ਹੈ। ਅਗਲੇ ਪੰਨਿਆਂ ਉੱਤੇ ਸੁਰਿੰਦਰ ਦਾਊਮਾਜਰਾ (ਪੋਹ ਦੀ ਪੁੰਨਿਆ), ਗੁਰਪ੍ਰੀਤ (ਆਪਣੇ ਵਰਗਾ ਆਪ ਅਮਰਜੀਤ ਚੰਦਨ), ਮਨਜੀਤ ਪੁਰੀ (ਸ਼ਬਦਾਂ ਤੋਂ ਪਾਰ ਦਾ ਬੰਦਾ), ਪਰਮਜੀਤ ਢੀਂਗਰਾ (ਝੀਨੀ ਝੀਨੀ ਬੀਨੀ ਚਦਰੀਆ), ਡਾ. ਗੁਰਮੁੱਖ ਸਿੰਘ-ਡਾ. ਗੁਰਪ੍ਰੀਤ ਕੌਰ (ਪੰਜਾਬ-ਪਰਵਾਸ ਦੇ ਦੋਹਰੇ ਦਬਾਅ ਹੇਠ), ਸੁਕੀਰਤ (ਕੰਬੋਡੀਆ-ਬੇਦਰਦ ਅਤੀਤ ਨਾਲ ਸਿੱਝ ਰਿਹਾ ਇਕ ਸਕੂਲ), ਐੱਚ. ਐੱਸ. ਡਿੰਪਲ (ਲੇਖਕ ਕਿੱਥੇ ਰਹਿੰਦਾ ਹੈ), ਗੁਰਮੁੱਖ ਸਿੰਘ (ਸਤਲੁਜ-ਫ਼ਿਲਮ ਤੋਂ ਸੱਭਿਆਚਾਰਕ ਘਟਨਾ ਤੱਕ) ਆਦਿ ਵੱਖ ਵੱਖ ਵਿਧਾਵਾ ਦੇ ਲੇਖਕ ਆਪਣੀ ਪੜ੍ਹਨ ਯੋਗਤਾ ਅਤੇ ਗਹਿਰਾਈ ਨਾਲ ਸਮਕਾਲੀ ਬਿਰਤਾਂਤ ਦੀ ਗੱਲ ਕਰਦੇ ਹਨ। ਅੰਤ ਵਿੱਚ ਮੇਰੇ ਸਿਰਜਣ ਹਾਰੇ, ਨਦੀ ਨਾਵ ਸੰਜੋਗੀ ਮੇਲੇ, ਪਰਹੀਣ ਪਰਿੰਦੇ, ਕੁੜਤੇ ਦੀਆਂ ਚਾਬੀਆਂ, ਗੱਲ ਇਤ ਥਾਂ ਮੁੱਕ ਜਾਣੀ ਚਾਹੀਦੀ ਸੀ ਅਤੇ ਇੰਗਤ ਕਿਤਾਬਾਂ ਦੀ ਪਰਖ ਤੇ ਗੀਵਿਊਕਾਰੀ ਹੈ। ਜਾਂਦੇ ਜਾਂਦੇ ਸੰਪਾਦਕ ਨੇ ਧਰਵਿੰਦਰ ਔਲਖ ਦੀ ਵੀ ਹਾਜ਼ਰੀ ਲਗਵਾ ਦਿੱਤੀ ਹੈ। ਇੰਝ 'ਸੁਰਿਤ' ਦੀਆਂ ਸਾਰੀਆਂ ਰਚਨਾਵਾਂ ਨੂੰ ਵਾਚਦਿਆਂ ਕਿਹਾ ਜਾ ਸਕਦਾ ਹੈ ਕਿ ਪਰਚੇ ਵਿੱਚ ਨਿੱਗਰ ਰਚਨਾਵਾਂ ਪਾਠਕ ਨੂੰ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਚਾਹੇ ਉਹ ਮੁਲਾਕਾਤ ਹੋਵੇ, ਕਹਾਣੀ, ਕਵਿਤਾ ਜਾਂ ਗ਼ਜ਼ਲਕਾਰੀ ਜਾਂ ਫਿਰ ਨਿਬੰਧਕਾਰੀ ਹੋਵੇ। ਪਰਚੇ ਦੀ ਲੰਮੀ ਉਮਰ ਲਈ ਦੁਆ। 'ਸੁਰਤਿ' ਨੇ ਆਪਣਾ ਮਿਆਰ ਕਾਇਮ ਰੱਖਿਆ ਹੈ। ਸੁਰਤਿ ਦੇ ਸਫ਼ੇ : 224, ਮੁੱਲ : 250 ਰੁਪਏ ਹਨ। ਸੰਪਾਦਕੀ ਪਤਾ ਹੈ-113, ਕਬੀਰ ਪਾਰਕ, ਅੰਮ੍ਰਿਤਸਰ, ਸੰਪਾਦਕ : ਗੁਰਬੀਰ ਸਿੰਘ ਬਰਾੜ (ਸੰਪਰਕ : 98150-73801), ਪ੍ਰਬੰਧਕੀ ਸੰਪਾਦਕ : ਦਯਾ ਸਿੰਘ, ਸਹਾਇਕ ਸੰਪਾਦਕ : ਬਲਜਿੰਦਰ ਸਿੰਘ। ਰਚਨਾਵਾਂ ਭੇਜਣ ਲਈ e.mail-surtmagazine@gmail.com,

## ਅੱਖਰਕਾਰੀ : ਜੁਲਾਈ ਸਤੰਬਰ, 2026



ਇਹ ਰਸਾਲਾ ਅਸਲੋਂ ਨਵੇਂ ਲੇਖਕਾਂ ਨੂੰ ਪ੍ਰਮੁੱਖਤਾ ਨਾਲ ਪ੍ਰਕਾਸ਼ਤ ਕਰਦਾ ਹੈ। ਜਿਸ ਵਿੱਚ ਵਧੇਰੇ ਲਿਖਤਾਂ ਕਵਿਤਾਵਾਂ ਜਾਂ ਨਿੱਕੀਆਂ ਸਿੱਧਰੀਆਂ ਪੱਧਰੀਆਂ ਕਹਾਣੀਆਂ ਜਾਂ ਲੇਖ ਹੁੰਦੇ ਹਨ। ਕੁਝ ਪਛਾਣ ਬਣਾ ਚੁੱਕੇ ਲਿਖਾਰੀਆਂ ਦੀਆਂ ਰਚਨਾਵਾਂ ਵੀ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਹੈਪੀ ਸ਼ਾਹਕੋਟੀ ਨੇ ਸੰਪਾਦਕੀ 'ਤੀਆਂ ਦਾ ਤਿਉਹਾਰ' ਤੇ ਲਿਖੀ ਹੈ। ਅੰਕ ਵਿੱਚ ਸ਼ਿਵਚਰਨ ਜੱਗੀ ਕੁੱਸਾ (ਅੱਜ ਦੇ ਧਰਮਰਾਜ), ਅਨਮੋਲ ਕੌਰ (ਕੁੜੀ ਕਨੇਡਾ ਦੀ), ਡਾ. ਆਸਾ ਸਿੰਘ ਘੁੰਮਣ (ਚਲ ਉਡ ਜਾ ਰੇ ਪੰਛੀ...), ਪਰਮਿੰਦਰ ਕਲੇਰ (ਹਾਦਸੇ ਤੋਂ ਬਾਅਦ ਵੀ...), ਰੁਪਿੰਦਰ ਕੌਰ, ਸੰਦੀਪ ਕੌਰ ਥਿੰਦ, ਡਾ. ਪਰਮਜੀਤ ਧੰਜੂ, ਸੀਪਿਕਾ, ਗੁਰਪ੍ਰੀਤ ਸੋਹਲ, ਲਕੀਰਾਂ (ਨਵਨੀਤ ਕੌਰ) ਆਦਿ ਦੇ ਕਹਾਣੀਆਂ ਤੇ ਲੇਖ ਛਪੇ ਹਨ। ਤਕਰੀਬਨ ਤਿੰਨ ਦਰਜਨ ਕਵਿਤਾਵਾਂ ਵੀ ਹਨ। ਅੱਖਰਕਾਰੀ ਕੀਮਤੀ ਕਾਗਜ਼ ਉੱਤੇ ਸੁੰਦਰ ਟਾਇਟਲ ਨਾਲ ਵੱਡੇ ਅਕਾਰ ਵਿੱਚ ਛਪਦਾ ਹੈ। ਪਰਚਾ ਮੰਗਵਾਉਣ ਲਈ ਪਾਠਕ ਹੈਪੀ ਸ਼ਾਹਕੋਟੀ (94640-15200) ਨਾਲ ਸੰਪਰਕ ਕਰ ਸਕਦੇ ਹਨ।

# ਮਿੰਨੀ ਕਹਾਣੀਆਂ

## ਸਕੇ-ਸੰਬੰਧੀ

ਭਾਵੇਂ ਬਚਨ ਸਿਉਂ ਨੂੰ ਹਸਪਤਾਲ ਵਿੱਚ ਦਾਖਲ ਹੋਇਆਂ ਹਫਤੇ ਤੋਂ ਉੱਪਰ ਦਾ ਸਮਾਂ ਹੋ ਚੱਲਿਆ ਸੀ, ਪਰ ਅਜੇ ਤੱਕ ਉਸ ਦਾ ਹਾਲ-ਚਾਲ ਪੁੱਛਦਿਆਂ ਮੈਂ ਇੱਕ-ਦੋ ਬੰਦਿਆਂ ਤੋਂ ਵੱਧ ਕਿਸੇ ਨੂੰ ਨਹੀਂ ਸੀ ਵੇਖਿਆ। ਦੂਜੇ ਪਾਸੇ ਸਰਦਾਰ ਗੁਰਬਖ਼ਸ਼ ਸਿੰਘ ਦੇ ਬੈੱਡ 'ਤੇ ਕਿਸੇ ਖੁੰਡ ਚਰਚਾ ਵਾਂਗ ਚਾਰ ਬੰਦੇ ਜੁੜੇ ਹੀ ਰਹਿੰਦੇ ਸਨ।

ਨਵੀਂ ਆਈ ਨਰਸ ਨੇ ਰਸਮੀ ਤੌਰ 'ਤੇ ਪੁੱਛਿਆ, 'ਬਾਬਾ ਜੀ ! ਕੀ ਹਾਲ ਹੈ ਤੁਹਾਡਾ ?' ਬਚਨ ਸਿਉਂ ਨੇ ਦੋਵੇਂ ਹੱਥ ਜੋੜਦਿਆਂ ਕਿਹਾ, ਠੀਕ ਐ ਬੀਬੀ ਜੀ, ਕ੍ਰਿਪਾ ਐ ਮਾਲਕ ਦੀ, ਫਿਰ ਬਚਨ ਸਿਉਂ ਨੂੰ ਇਕੱਲਾ ਜਿਹਾ ਮਹਿਸੂਸ ਕਰਦਿਆਂ ਟੀਕਾ ਭਰਦੀ ਨਰਸ ਨੇ ਪੁੱਛਿਆ, ਬਾਬਾ ਤੇਰਾ ਕੋਈ ਸਕਾ ਸੰਬੰਧੀ ਨੀ ਇੱਥੇ ਤੇਰੇ ਨਾਲ ? ਉਹ ਇੱਕਦਮ ਬੋਲਿਆ, ਹੈਗਾ।

ਬਚਨ ਸਿਉਂ ਨੇ ਸਰਾਹਣੇ ਪਈ ਸੋਟੀ ਨੂੰ ਹੱਥ 'ਚ ਫੜਦਿਆਂ ਠੀਕ ਹੋ ਕੇ ਬੈਠਦਿਆਂ ਕਿਹਾ, ਧੀ ਮੇਰੀ 'ਸੋਟੀ' ਅਤੇ ਪੁੱਤ ਮੇਰਾ ਹੌਂਸਲਾ ।ਹੁਣ ਨਰਸ ਨਿਰਸ਼ਬਦ ਸੀ।

**- ਰਛਪਾਲ ਸਿੰਘ ਰੈਸਲ**

## ਮੈਨੂੰ ਇਨਾਮ ਚਾਹੀਦਾ

ਪਿੰਡ ਦੇ ਨਵੇਂ ਬਣੇ ਸਰਪੰਚ ਨੇ ਗ੍ਰਾਮ ਸਭਾ ਦੀ ਮੀਟਿੰਗ ਵਿੱਚ ਬੋਲਦਿਆਂ ਕਿਹਾ, ਪਿੰਡ ਵਾਸੀਓ ਮੈਨੂੰ ਜਿਤਾਉਣ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ। ਆਪਾਂ ਪਿੰਡ ਦੇ ਵਿਕਾਸ ਦੇ ਨਾਲ-ਨਾਲ ਪਿੰਡ ਦੀ ਅਮਨ-ਸ਼ਾਂਤੀ ਲਈ ਵੀ ਕਦਮ ਚੁੱਕਾਂਗੇ। ਪਿੰਡ ਦੇ ਛੋਟੇ-ਮੋਟੇ ਰੌਲਿਆਂ ਅਤੇ ਝਗੜਿਆਂ ਨੂੰ ਪਿੰਡ ਪੱਧਰ 'ਤੇ ਸੁਲਝਾਉਣ ਦੇ ਯਤਨ ਕਰਾਂਗੇ। ਮੈਂ ਚਾਹੁੰਦਾ ਹਾਂ ਪੁਲਸ ਕਦੇ ਵੀ ਪਿੰਡ ਵਿੱਚ ਨਾ ਆਵੇ ਅਤੇ ਸਰਕਾਰ ਦੁਆਰਾ ਅਮਨ-ਸ਼ਾਂਤੀ ਅਤੇ ਵਿਕਾਸ ਲਈ ਦਿੱਤਾ ਜਾਣ ਵਾਲਾ ਇਨਾਮ ਆਪਣੇ ਪਿੰਡ ਨੂੰ ਮਿਲੇ। ਅਗਲੇ ਹੀ ਦਿਨ ਗਿਆਨਾ ਅਮਲੀ ਸਰਪੰਚ ਨੂੰ ਸਤਿ ਸ੍ਰੀ ਅਕਾਲ ਬੁਲਾਉਂਦਿਆਂ ਬੋਲਿਆ, ਸਰਪੰਚ ਸਾਬ੍ਹ ਜਿਹੜਾ ਤੁਸੀਂ ਕੱਲ੍ਹ ਅਮਨ-ਸ਼ਾਂਤੀ ਵਾਲੇ ਇਨਾਮ ਦੀ ਗੱਲ ਕਰਦੇ ਸੀ, ਉਹ ਮੈਨੂੰ ਦਵਾ ਦਿਓ, ਸਰਪੰਚ ਬੋਲਿਆ ਉਹ ਕਿਵੇਂ ? ਗਿਆਨਾ ਅਮਲੀ ਪੱਗ ਠੀਕ ਕਰਦਾ ਬੋਲਿਆ, ਸਰਪੰਚ ਸਾਬ੍ਹ ਕੱਲ੍ਹ ਸ਼ਾਮ ਸਾਡੇ ਘਰ ਨੂੰਹ ਸੱਸ ਦੀ ਲੜਾਈ ਹੋ ਗਈ, ਮੈਂ ਵਿੱਚ ਪੈ ਕੇ ਲੜਾਈ ਰੁਕਵਾ ਦਿੱਤੀ, ਪੁਲਸ ਤਾਂ ਦੂਰ ਦੀ ਗੱਲ, ਮੈਂ ਤਾਂ ਘਰ ਦਾ ਮਸਲਾ ਤੁਹਾਡੇ ਕੋਲ ਵੀ ਨਹੀਂ ਪਹੁੰਚਣ ਦਿੱਤਾ ਅਤੇ ਘਰ ਦੀ ਅਮਨ-ਸ਼ਾਂਤੀ ਕਾਇਮ ਰੱਖਣ ਲਈ ਪੂਰਾ ਯੋਗਦਾਨ ਦਿੱਤਾ, ਇਸ ਕਰਕੇ ਸਰਪੰਚ ਸਾਬ੍ਹ ਇਨਾਮ ਮੈਨੂੰ ਦਵਾ ਦਿਓ, ਮੈਂ ਉਸ ਦਾ ਹੱਕਦਾਰ ਹਾਂ। ਗਿਆਨੇ ਅਮਲੀ ਦੀਆਂ ਗੱਲਾਂ ਸੁਣ ਸਰਪੰਚ ਹੈਰਾਨ ਦੇ ਨਾਲ-ਨਾਲ ਪ੍ਰੇਸ਼ਾਨ ਵੀ ਹੋ ਗਿਆ, ਉਸ ਨੂੰ ਇਹ ਸਮਝ ਨਾ ਆਵੇ ਕਿ ਉਹ ਗਿਆਨੇ ਅਮਲੀ ਤੋਂ ਖਹਿੜਾ ਕਿਵੇਂ ਛੁਡਾਵੇ।

**- ਰਜਵਿੰਦਰ ਪਾਲ ਸ਼ਰਮਾ**

## ਬੀਹੀ ਵੱਲ ਖੁੱਲ੍ਹਦਾ ਬੂਹਾ

ਜਦ ਕੋਠੀ ਬਣ ਕੇ ਤਿਆਰ ਹੋ ਗਈ ਤਾਂ ਨੂੰਹ-ਪੁੱਤ ਨੇ ਬਾਹਰਲੀ ਬੈਠਕ ਬਾਪੂ ਨੂੰ ਅਲਾਟ ਕਰ ਦਿੱਤੀ। ਨਵੇਂ ਘਰ ਵਿਚ ਪੁਰਾਣੀਆਂ ਤਸਵੀਰਾਂ ਦਾ ਕੀ ਕੰਮ, ਸੋਚ ਕੇ ਉਹ ਵੀ ਬਾਪੂ ਦੀ ਬੈਠਕ ਵਿਚ ਟੰਗਵਾ ਦਿੱਤੀਆਂ। ਨੂੰਹ ਦੇ ਕਹੇ ਇਹ ਬੋਲ, ਜੀ, ਆਹ ਬੇਬੇ ਦੀ ਫੋਟੋ ਵੀ ਉੱਥੇ ਹੀ ਟੰਗਵਾ ਦੋ, ਬਾਪੂ ਦਾ ਜੀ ਪਰਚਿਆ ਰਹੂ ਉਸ ਦਾ ਕਾਲਜਾ ਤਾਂ ਸਾੜਦੇ ਪਰ ਉਹ ਇਸ ਦਰਦ ਨੂੰ ਅੰਦਰ ਹੀ ਅੰਦਰ ਪੀ ਜਾਂਦਾ।ਹੋਰ ਕਰਦਾ ਵੀ ਕੀ ? ਉਹ ਸੋਚਦਾ ਗੁੱਸਾ ਵੀ ਤਾਂ ਬੰਦਾ ਆਪਣਿਆਂ 'ਤੇ ਹੀ ਕਰ ਸਕਦਾ ਹੈ, ਪਰ ਇੱਥੇ ਤਾਂ ਉਹ ਬੇਗਾਨਾ ਹੀ ਨਹੀਂ, ਫਾਲਤੂ ਵੀ ਸੀ। ਰੋਟੀ-ਪਾਣੀ ਨੌਕਰ ਨੇ ਸਮੇਂ ਸਿਰ ਦੇ ਦਿੱਤਾ ਤਾਂ ਖਾ ਲਿਆ, ਨਹੀਂ ਤਾਂ ਰੱਬ ਭਲੀ ਕਰੇ ਕਹਿ ਕੇ ਢਿੱਡ 'ਤੇ ਹੱਥ ਫੇਰ ਲੈਂਦਾ। ਕਦੇ-ਕਦੇ ਮੰਜੇ 'ਤੇ ਪਿਆ ਉਹ ਆਪਣੇ ਅਤੀਤ ਵਿੱਚ ਗੁਆਚ ਜਾਂਦਾ। ਬੈਠਕ ਦੀ ਛੱਤ ਉਸ ਲਈ ਪਰਦੇ ਦਾ ਕੰਮ ਕਰਦੀ। ਅੱਜ ਉਸ ਨੂੰ ਆਪਣੇ ਬਚਪਨ ਵੇਲੇ ਪਾਲਿਆ ਕੁੱਤਾ ਬੀਸੀ ਯਾਦ ਆਇਆ, ਜਿਸ ਨੂੰ ਉਹ ਨਿੱਕੇ ਜਿਹੇ ਨੂੰ ਸਕੂਲੋਂ ਵਾਪਸ ਆਉਂਦਿਆਂ ਚੁੱਕ ਲਿਆਇਆ ਸੀ। ਉਹ ਆਪਣੀ ਮਾਂ ਦੇ ਰੋਕਦਿਆਂ-ਰੋਕਦਿਆਂ ਵੀ ਆਪਣੇ ਹਿੱਸੇ ਦਾ ਦੁੱਧ ਉਸ ਨੂੰ ਪਿਆ ਦਿੰਦਾ। ਬੀਸੀ ਨੇ ਵੀ ਉਮਰ ਭਰ ਆਪਣੇ ਮਾਲਕ ਦੀ ਸੇਵਾ ਦਾ ਮੁੱਲ ਮੋੜਿਆ, ਪਰ ਜਦ ਉਸ ਦਾ ਆਖਰੀ ਸਮਾਂ ਆਇਆ ਤਾਂ ਚਊਂ-ਚਊਂ ਕਰਦਾ ਰਹਿੰਦਾ।ਉਸ ਦੇ ਕੋਲ ਬੈਠ ਜਦ ਉਹ ਉਸ ਦੇ ਸਿਰ 'ਤੇ ਹੱਥ ਫੇਰਦਾ ਤਾਂ ਉਹ ਚੁੱਪਚਾਪ ਹੋ ਅੱਖਾਂ ਬੰਦ ਕਰ ਲੈਂਦਾ, ਉਸ ਸਮੇਂ ਲੱਗਦਾ ਜਿਵੇਂ ਉਹ ਕਿਸੇ ਗੂੜ੍ਹੇ ਆਨੰਦ ਵਿਚ ਹੋਵੇ। ਇਹ ਸਭ ਯਾਦ ਆਉਂਦਿਆਂ ਹੀ ਉਸ ਦਾ ਜੀ ਕੀਤਾ ਕਿ ਉਹ ਵੀ ਬੀਸੀ ਵਾਂਗ ਚਊਂ-ਚਊਂ ਕਰੇ, ਪਰ ਅਗਲੇ ਹੀ ਪਲ ਉਸ ਨੂੰ ਖਿਆਲ ਆਇਆ ਕਿ ਬੈਠਕ ਦਾ ਇੱਕ ਬੂਹਾ ਬਾਹਰ ਬੀਹੀ ਵੱਲ ਵੀ ਖੁੱਲ੍ਹਦਾ ਹੈ।

**- ਮਨਜੀਤ ਸਿੱਧੂ**

## ਬਹੁਤ ਹੋ ਗਿਆ

ਸੱਥ 'ਚ ਇਕੱਲੇ ਸੋਚਾਂ ਵਿਚ ਬੈਠੇ ਨਰੰਜਨ ਸਿੰਘ ਨੂੰ ਆ ਨਿਰਮਲ ਸਿੰਘ ਨੇ ਪੁੱਛਿਆ, "ਕਿਉਂ ਅੱਜ ਉਦਾਸ ਜਿਹਾ ਹੋਇਆ ਬੈਠਾਂ ?" ਢਿੱਲਾ ਜਿਹਾ ਮੂੰਹ ਬਣਾ ਕੇ ਨਰੰਜਨ ਨੇ ਜਵਾਬ ਦਿੱਤਾ, "ਯਾਰ ਨਾ ਪੁੱਛ ਤਾਂ ਚੰਗਾ ਹੈ।" ਨਿਰਮਲ ਨੇ ਹੁਣ ਇਸ ਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ, "ਕੁੱਝ ਤਾਂ ਹੋਇਆ ਲੱਗਦਾ ਦੱਸ ਤਾਂ ਸਹੀ।" ਹੁਣ ਨਰੰਜਨ ਵੀ ਬੋਲਣ ਲੱਗ ਪਿਆ। "ਹੋਣਾ ਕੀ ਏ, ਤੈਨੂੰ ਪਤਾ ਬੇਬੇ ਬਾਪੂ ਪੁਰਾਣੇ ਵਿਚਾਰਾਂ ਦੇ ਹਨ। ਅਖੇ ਧੀ ਦੇ ਵਿਆਹ ਤੋਂ ਬਾਅਦ ਸਹੁਰਾ ਘਰ ਹੀ ਸਭ ਕੁਝ ਹੁੰਦਾ ਹੈ ਭਾਵੇਂ ਘਰਵਾਲਾ ਬਿਨਾਂ ਵਜ੍ਹਾ ਮਾਰਕੁੱਟ ਕਰੀ ਜਾਵੇ, ਧੀ ਵੀ ਅੱਗੋਂ ਉਹ ਬਸ ਗਊ ਬਣੀ ਰਹੇ, ਬੋਲੇ ਕੁਝ ਨਾ।"

ਨਰੰਜਨ ਦੇ ਚੁੱਪ ਹੁੰਦਿਆਂ ਹੀ ਨਿਰਮਲ ਫਿਰ ਪੁੱਛਣ ਲੱਗ ਪਿਆ, "ਯਾਰ ਕੀ ਕਹਾਣੀਆਂ ਪਾਈ ਜਾ ਰਿਹਾਂ ? ਅਸਲ ਗੱਲ ਖੁੱਲ੍ਹ ਕੇ ਦੱਸ ਮੈਨੂੰ ਜੇਕਰ ਦੱਸਣੀ ਹੈ ਤਾਂ।" ਨਰੰਜਨ ਉਸ ਦੇ ਮੂੰਹ ਵੱਲ ਦੇਖਦਾ ਫਿਰ ਬੋਲਣ ਲੱਗ ਪਿਆ, "ਆਪਣੀ ਮਨਜੀਤ ਭੈਣ ਤੈਨੂੰ ਪਤਾ ਹੀ ਇਕ ਸਾਲ ਪਹਿਲਾਂ ਵਿਆਹੀ ਆਪਾਂ।" ਨਿਰਮਲ ਨੇ ਵਿੱਚੋਂ ਹੀ ਹੁੰਗਾਰਾ ਭਰਿਆ, "ਆਹੋ ਪਤਾ ਮੈਨੂੰ ਚੱਲ ਉਹ ਤਾਂ ਠੀਕ ਹੈ, ਹੁਣ ਹੋਇਆ ਕੀ ਉਹ ਦੱਸ"। ਨਰੰਜਨ ਖਿਝ ਕੇ ਬੋਲਿਆ, "ਯਾਰ ਦੱਸ ਤਾਂ ਰਿਹਾਂ ਥੋੜ੍ਹਾ ਹੌਸਲਾ ਵੀ ਰੱਖ ਲੈ। ਸੁਣ, ਮੈਂ ਪਿਛਲੇ ਮਹੀਨੇ ਗਿਆ ਸੀ ਉਸ ਨੂੰ ਮਿਲਣ ਲਈ ਤਾਂ ਮੈਨੂੰ ਭੈਣ ਨੇ ਦੱਸਿਆ ਸੀ ਕਿ ਤੇਰਾ ਜੀਜਾ ਗੱਲ-ਗੱਲ 'ਤੇ ਗੰਦ ਬੋਲਦਾ ਮੈਨੂੰ, ਨਾਲ ਹੀ ਦੂਜੇ ਤੀਜੇ ਦਿਨ ਦਾਰੂ ਪੀ ਕੇ ਮਾਰਨ-ਕੁੱਟਣ ਲੱਗ ਜਾਂਦਾ ਹੈ। ਮੈਂ ਬਹੁਤ ਦੁਖੀ ਹਾਂ। ਬਾਪੂ ਨੂੰ ਜਾ ਕੇ ਕਹੀਂ ਮੇਰਾ ਕੋਈ ਹੱਲ ਕਰੋ ਨਹੀਂ ਤਾਂ ਮੈਂ।"

ਘਰ ਆ ਕੇ ਮੈਂ ਬੇਬੇ-ਬਾਪੂ ਨੂੰ ਸਾਰੀ ਗੱਲ ਦੱਸੀ ਤੇ ਮੈਂ ਗਰਮੀ ਵਿਚ ਆ ਕਿਹਾ, 'ਬਾਪੂ ਸਵੇਰੇ ਹੀ ਪੰਚਾਇਤ ਲੈ ਕੇ ਜਾ ਅਸੀਂ ਆਪਣੀ ਕੁੜੀ ਹੱਡ ਤੁੜਵਾਉਣ ਨੂੰ ਨਹੀਂ ਦਿੱਤੀ ਉਹਨਾ ਨੂੰ।" ਨਿਰਮਲ ਨੇ ਪੁੱਛਿਆ, "ਫੇਰ ਬਾਪੂ ਨੇ ਕੀ ਕਿਹਾ, ਕੀਤਾ ਕੋਈ ਉਸ ਦਾ ਹੀਲਾ-ਵਸੀਲਾ ਕਿ ਨਹੀਂ।" ਨਰੰਜਨ ਫਿਰ ਉਸੇ ਰੌਂ 'ਚ ਬੋਲਿਆ, "ਬਾਪੂ ਤਾਂ ਗਰਮ ਹੋ ਗਿਆ ਸੀ, ਪਰ ਬੇਬੇ ਨੇ ਕਿਹਾ, ਕੋਈ ਨਹੀਂ ਥੋੜ੍ਹਾ ਸਮਾਂ ਦਿਓ ਜਵਾਈ ਨੂੰ, ਮੈਂ ਜਾ ਕੇ ਮਨਜੀਤ ਨੂੰ ਵੀ ਸਮਝਾਊ । ਹੁਣ ਤਾਂ ਨਿਰਮਲ ਹੱਦ ਹੀ ਹੋ ਗਈ, ਭੈਣ ਕੱਲ੍ਹ ਦੀ ਘਰ ਆ ਕੇ ਬੈਠੀ ਹੈ।"

ਨਿਰਮਲ ਆਦਤ ਅਨੁਸਾਰ ਫਿਰ ਵਿੱਚ ਬੋਲ ਪਿਆ, "ਕਿਉਂ ਹੁਣ ਕੀ ਹੋਇਆ ?" ਨਰੰਜਨ ਫਿਰ ਭੋਲਾ ਜਿਹਾ ਮੂੰਹ ਬਣਾ ਕੇ ਦੱਸਣ ਲੱਗ ਪਿਆ, "ਗੱਲ ਸੁਣ, ਵਿਚਾਲੇ ਹੁਣ, ਤੂੰ ਪਰ-ਵਰ ਕਿਉਂ, ਕੁਝ ਨਾ ਪੁੱਛੀਂ ਬਸ ਸੁਣੀ ਜਾ, ਹੁਣ ਜੀਜਾ ਵੀ ਕਹਿੰਦਾ, ਮੈਂ ਨਹੀਂ ਲੈ ਕੇ ਜਾਣੀ ਤੁਹਾਡੀ ਧੀ, ਇਸ ਨੂੰ ਘਰ ਹੀ ਰੱਖੋ ਆਪਣੇ ਕੋਲ ਹੀ। ਵਿਚਲੀ ਗੱਲ ਪਤਾ ਕੀ ਹੋਈ ?" ਨਿਰਮਲ ਨੇ ਫਿਰ ਪੁੱਛ ਹੀ ਲਿਆ, "ਕੀ ਗੱਲ ਹੋਈ" ? ਨਰੰਜਨ ਨੇ ਜਵਾਬ ਦੇਂਦੇ ਕਿਹਾ, "ਪਰਸੋਂ ਰਾਤ ਕਿਧਰੇ ਜੀਜਾ ਫਿਰ ਦਾਰੂ ਪੀ ਕੇ ਬਿਨਾਂ ਗੱਲ ਤੋਂ ਭੈਣ ਦੇ ਥੱਪੜ ਮਾਰਨ ਲੱਗਾ ਹੋਣਾ, ਭੈਣ ਨੇ ਅੱਗੋਂ ਉਸ ਦਾ ਹੱਥ ਫੜ ਲਿਆ ਤੇ ਤਿੰਨ-ਚਾਰ ਜੀਜੇ ਦੇ ਮੂੰਹ 'ਤੇ ਛੱਡ ਦਿੱਤੀਆਂ ਤੇ ਭੈਣ ਨੇ ਕਿਹਾ, "ਬਹੁਤ ਹੋ ਗਿਆ, ਤੇਰਾ ਰੋਜ਼ ਦਾ ਡਰਾਮਾ" ਤੇ ਸਵੇਰੇ ਬੱਸ ਫੜ ਭੈਣ ਪਿੰਡ ਆ ਗਈ।"

**-ਗੁਰਨਾਮ ਬਾਵਾ**

## ਚਿੜੀ ਦਾ ਘਰ

ਸਾਡਾ ਮਕਾਨ ਉਦੋਂ ਕੱਚਾ ਹੁੰਦਾ ਸੀ, ਕਾਨਿਆ ਦੀ ਛੱਤ ਸੀ। ਇਕ ਚਿੜੀ ਆਪਣਾ ਆਲਣਾ ਪਾਉਣ ਲਈ ਬਾਹਰੋਂ ਕੱਖਾਂ ਨੂੰ ਲੈ ਕੇ ਆਉਂਦੀ ਤੇ ਉਸ ਕੱਚੀ ਛੱਤ ਵਿਚ ਆਲ੍ਹਣਾ ਪਾਉਂਦੀ। ਕਮਰੇ ਦੇ ਅੰਦਰ ਕੱਖਾਂ ਦਾ ਗੰਦ ਪੈ ਜਾਂਦਾ। ਕਮਰੇ ਵਿਚ ਭਾਵੇਂ ਗੰਦ ਪੈਂਦਾ, ਪਰ ਚਿੜੀ ਵੱਲੋਂ ਘਰ ਬਣਾਉਣ, ਬੱਚਿਆਂ ਨੂੰ ਬਾਹਰੋਂ ਚੋਗਾ ਲਿਆ ਕੇ ਖਲਾਉਣ ਨੂੰ ਮੈਂ ਗੌਰ ਨਾਲ ਦੇਖਦਾ, ਪਰ ਗੰਦ ਤੋਂ ਪ੍ਰੇਸ਼ਾਨ ਹੋਣ ਕਰਕੇ ਫਿਰ ਅਸੀਂ ਬਾਲੇ ਤੇ ਇੱਟਾਂ ਦੀ ਛੱਤ ਕਰ ਦਿੱਤੀ। ਬਾਲਿਆਂ ਵਿਚ ਵਿਹਲ ਹੋਣ ਕਾਰਕੇ ਚਿੜੀ ਨੇ ਉਨ੍ਹਾਂ ਵਿਚ ਕੱਖਾਂ ਦਾ ਆਲ੍ਹਣਾ ਬਣਾਉਣਾ ਸ਼ੁਰੂ ਕਰ ਦਿੱਤਾ ਤੇ ਥੱਲੇ ਫਿਰ ਗੰਦ ਪੈ ਜਾਂਦਾਸ਼ ਪ੍ਰੇਸ਼ਾਨੀ ਵਧਦੀ ਦੇਖ ਫਿਰ ਅਸੀਂ ਬਾਲਿਆਂ ਵਿਚ ਲੱਕੜ ਦੇ ਟੁਕੜੈ ਲਗਾ ਦਿੱਤੇ। ਚਿੜੀ ਫਿਰ ਵੀ ਕੱਖ ਲੈ ਆਉਂਦੀ। ਕਿਤੇ ਵੀ ਜਗ੍ਹਾ ਨਾ ਮਿਲਣ ਕਰਕੇ ਮੂੰਹ ਵਿਚੋਂ ਕੱਖ ਸੁੱਟ ਦਿੰਦੀ ਤੇ ਕੱਖਾਂ ਦਾ ਗੰਦ ਫਿਰ ਪੈ ਜਾਂਦਾ। ਇਸ ਸਮੱਸਿਆ ਤੋਂ ਬਚਣ ਲਈ ਅਸੀਂ ਛੱਤ ਤੋੜ ਕੇ ਪੱਕਾ ਸੀਮੈਂਟ ਦਾ ਲੈਂਟਰ ਪਾ ਦਿੱਤਾ।

ਚਿੜੀ ਕੁਝ ਦਿਨ ਆਉਂਦੀ ਰਹੀ, ਪਰ ਕੋਈ ਜਗ੍ਹਾ ਨਾ ਮਿਲਣ ਕਾਰਨ ਕੁਝ ਦਿਨਾਂ ਬਾਅਦ ਚਿੜੀ ਆਉਣੋ ਹਟ ਗਈ। ਸਾਡਾ ਘਰ ਹੁਣ ਸਾਫ਼ ਰਹਿੰਦਾ, ਪਰ ਇਕ ਦਰਦ ਦਿਲ ਵਿਚ ਅੱਜ ਵੀ ਹੈ, ਅਸੀਂ ਪੱਕਿਆਂ ਵਿਚ ਖ਼ੁਸ਼ ਰਹਿ ਰਹੇ ਹਾਂ, ਚਿੜੀ ਦਾ ਘਰ ਤੋੜ ਕੇ। ਇਕ ਤਾਂ ਅਸੀਂ ਚਿੜੀ ਨੂੰ ਬੇਘਰ ਕਰ ਦਿੱਤਾ। ਪਤਾ ਨਹੀਂ ਉਹ ਜਿਉਂਦੀ ਵੀ ਹੈ ਕਿ ਨਹੀਂ। ਉਸ ਦੀ ਚੀਂ-ਚੀਂ ਨਾ ਸੁਣਨ ਕਾਰਨ ਦਿਲ ਤੜਫ਼ਦਾ ਹੈ। ਅਸੀਂ ਆਪਣਾ ਘਰ ਤਾਂ ਪੱਕਾ ਪਾ ਲਿਆ, ਪਰ ਚਿੜੀ ਨੂੰ ਬੇਘਰ ਕਰਕੇ।

**- ਰਘਵੀਰ ਸਿੰਘ ਬੱਧਣ**

## ਟਿਊਸ਼ਨ ਵਾਲਾ ਭੂਤ

ਖੇਤ ਗੇੜਾ ਮਾਰਨ ਜਾਂਦੇ ਸੁਖਮੰਦਰ ਨੂੰ ਰਸਤੇ ਵਿਚ ਪਿੰਡ ਦਾ ਸਰਪੰਚ ਗੁਰਦੀਪ ਸਿੰਘ ਮਿਲ ਗਿਆ। ਸੁਖਮੰਦਰ ਦੀ ਫ਼ਤਿਹ ਦਾ ਜਵਾਬ ਦਿੰਦਿਆਂ ਸਰਪੰਚ ਬੋਲਿਆ, ਹੋਰ ਬਾਈ ਸੁਖਮੰਦਰ ਸਿਆਂ ਠੀਕ-ਠਾਕ ਆਂ, ਹਾਂ ਜੀ ਸਰਪੰਚ ਸਾਬ੍ਹ, ਤੁਹਾਡੇ ਆਸ਼ੀਰਵਾਦ ਨਾਲ ਸਭ ਵਧੀਆ। ਸਰਪੰਚ ਨੇ ਗੱਲ ਨੂੰ ਅੱਗੇ ਤੋਰਦਿਆਂ ਪਰਵਾਰ ਅਤੇ ਬੱਚਿਆਂ ਦੀ ਪੜ੍ਹਾਈ ਬਾਰੇ ਪੁੱਛਿਆ। ਸਰਪੰਚ ਦੀ ਗੱਲ ਸੁਣ ਕੇ ਸੁਖਮੰਦਰ ਬੋਲਿਆ, ਸਰਪੰਚ ਸਾਬ੍ਹ ਮੁੰਡਾ ਅਤੇ ਕੁੜੀ ਦੋਵੇਂ ਦਸਵੀਂ ਜਮਾਤ ਵਿੱਚ ਪੜ੍ਹਦੇ ਨੇ ਅਤੇ ਦੋਵੇਂ ਪੜ੍ਹਾਈ ਵਿੱਚ ਹੁਸ਼ਿਆਰ ਨੇ। ਦੋਵਾਂ ਨੂੰ ਗੋਰੇ ਫ਼ੌਜੀ ਦੀ ਨੂੰਹ ਕੋਲ ਟਿਊਸ਼ਨ ਵੀ ਲਾਇਆ ਹੋਇਆ। ਸੁਖਮੰਦਰ ਦੀ ਗੱਲ ਦਾ ਹੁੰਗਾਰਾ ਭਰਦਿਆਂ ਸਰਪੰਚ ਬੋਲਿਆ, ਸੁਖਮੰਦਰਾ, ਬੱਚਿਆਂ ਨੂੰ ਟਿਊਸ਼ਨ ਲਾਉਣ ਦੀ ਕੀ ਲੋੜ ਆ, ਅੱਜਕੱਲ੍ਹ ਤਾਂ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਵੀ ਬਹੁਤ ਪੜ੍ਹਾਈ ਕਰਵਾਉਂਦੇ ਨੇ। ਬੱਚੇ ਸਕੂਲ ਵਿੱਚ ਦਿੱਤਾ ਕੰਮ ਘਰ ਆ ਕੇ ਦੁਹਰਾਉਣ ਅਤੇ ਜੋ ਨਾ ਸਮਝ ਲੱਗੇ, ਉਹ ਅਗਲੇ ਦਿਨ ਜਾ ਕੇ ਅਧਿਆਪਕ ਤੋਂ ਪੁੱਛ ਲੈਣ।ਆਹ ਟਿਊਸ਼ਨਾਂ 'ਤੇ ਜਾ ਕੇ ਵੀ ਤਾਂ ਬੱਚਿਆਂ ਨੂੰ ਆਪ ਹੀ ਪੜ੍ਹਨਾ ਪੈਂਦਾ, ਟਿਊਸ਼ਨ ਵਾਲਾ ਕਿਹੜਾ ਬੱਚੇ ਨੂੰ ਤਵੀਤ ਘੋਲ ਕੇ ਪਿਆ ਦੇਊ। ਆਪਾਂ ਬੱਚਿਆਂ ਨੂੰ ਟਿਊਸ਼ਨ ਭੇਜਣ ਦੀ ਬਜਾਏ ਘਰ ਪੜ੍ਹਨ ਦੀ ਆਦਤ ਪਾਈਏ। ਸਰਪੰਚ ਦੀ ਸਾਰੀ ਗੱਲ ਸੁਖਮੰਦਰ ਦੇ ਦਿਲ ਨੂੰ ਲੱਗ ਗਈ। ਸਰਪੰਚ ਦਾ ਧੰਨਵਾਦ ਕਰਨ ਤੋਂ ਬਾਅਦ ਸੁਖਮੰਦਰ ਸਾਈਕਲ ਦਾ ਪੈਡਲ ਮਾਰਦਾ ਖੇਤ ਵੱਲ ਵਧਦਾ ਸੋਚ ਰਿਹ ਸੀ ਕਿ ਸਰਪੰਚ ਠੀਕ ਹੀ ਤਾਂ ਕਹਿੰਦਾ ਹੈ, ਟਿਊਸ਼ਨ ਵਾਲਾ ਭੂਤ ਸਿਰਫ਼ ਸਾਡਾ ਵਹਿਮ ਹੈ, ਸਰਪੰਚ ਦੀ ਧੀ ਵੀ ਤਾਂ ਬਿਨਾਂ ਟਿਊਸ਼ਨ ਤੋਂ ਸਰਕਾਰੀ ਸਕੂਲ ਵਿੱਚ ਪੜ੍ਹ ਕੇ ਬੈਂਕ ਵਿੱਚ ਮੈਨੇਜਰ ਲੱਗ ਗਈ, ਮੈਂ ਵੀ ਅੱਜ ਤੋਂ ਬੱਚਿਆਂ ਨੂੰ ਘਰ ਪੜ੍ਹਨ ਦੀ ਆਦਤ ਪਾਉਂਦਾ ਹਾਂ, ਇਸ ਨਾਲ ਬੱਚਿਆਂ ਦਾ ਸਮਾਂ ਅਤੇ ਪੈਸਾ ਦੋਵੇਂ ਬਚਣਗੇ।

**-ਰਜਵਿੰਦਰ ਪਾਲ ਸ਼ਰਮਾ**

## ਰੂਹ ਦੀ ਖੋਜ

ਸਾਰਾ ਦਿਨ ਡਿਊਟੀ ਦੀ ਭੱਜ-ਦੌੜ ਤੋਂ ਬਾਅਦ ਜਦੋਂ ਘਰ ਪਰਤਿਆ, ਤਾਂ ਅਜੇ ਵਰਦੀ ਦੇ ਬਟਨ ਹੀ ਖੋਲ੍ਹੇ ਸਨ ਕਿ ਥਕਾਵਟ ਹੱਡਾਂ ਵਿੱਚੋਂ ਬੋਲਣ ਲੱਗੀ। ਮੈਂ ਰਸੋਈ ਵੱਲ ਝਾਕਦਿਆਂ ਲਾਣੇਦਾਰਨੀ ਨੂੰ ਆਵਾਜ਼ ਮਾਰੀ, 'ਭਲੀਏ ਲੋਕੇ, ਅੱਜ ਲੜਨ ਦਾ ਇਰਾਦਾ ਤਿਆਗ ਕੇ ਇੱਕ ਕੱਪ ਕੜਕ ਜਿਹੀ ਚਾਹ ਦਾ ਪਿਲਾ ਦੇ ਤੇ ਨਾਲ ਕੁਝ ਚਟਪਟਾ ਵੀ ਲੈ ਆਵੀਂ।'

ਅਜੇ ਚਾਹ ਦੀ ਪਹਿਲੀ ਚੁਸਕੀ ਦਾ ਆਨੰਦ ਲਿਆ ਹੀ ਸੀ ਕਿ ਅੰਦਰਲੇ ਕਮਰੇ ਵਿੱਚੋਂ ਬਾਪੂ ਜੀ ਦੀ ਦਮਦਾਰ ਆਵਾਜ਼ ਗੂੰਜੀ, 'ਓਏ ਭਾਈ! ਜਿੰਮ ਦੇ ਪੈਸੇ ਕੀ ਗੱਲਾਂ ਦੇ ਕੜਾਹ ਬਣਾਉਣ ਲਈ ਭਰੇ ਨੇ ? ਉੱਥੇ ਵੀ ਗੇੜਾ ਮਾਰ ਆਇਆ ਕਰ, ਇੱਥੇ ਬੈਠ ਕੇ ਡੰਗ ਨਾ ਟਪਾਈ ਜਾ।' ਬਾਪੂ ਦੀ ਘੂਰੀ ਵਿੱਚੋਂ ਪਿਆਰ ਝਲਕਦਾ ਸੀ। ਮੈਂ ਵੀ ਚਾਹ ਖ਼ਤਮ ਕਰਕੇ ਮਾਤਾ ਜੀ ਨਾਲ ਥੋੜ੍ਹੀਆਂ ਹਾਸੇ-ਠੱਠੇ ਦੀਆਂ ਗੱਲਾਂ ਕੀਤੀਆਂ ਤੇ ਬੈਗ ਚੁੱਕ ਕੇ ਜਿੰਮ ਵੱਲ ਨੂੰ ਹੋ ਤੁਰਿਆ।

ਕਸਰਤ ਤੋਂ ਵਿਹਲੇ ਹੋ ਕੇ ਮਨ ਕੀਤਾ ਕਿ ਅੱਜ ਬਾਜ਼ਾਰ ਦੀ ਰੌਣਕ ਵੇਖੀ ਜਾਵੇ। ਸੋਚਿਆ ਘਰਵਾਲੀ ਨੂੰ ਵੀ ਨਾਲ ਲੈ ਚੱਲਾਂ, ਪਰ ਜਦੋਂ ਫ਼ੋਨ ਕੀਤਾ ਤਾਂ ਅੱਗੋਂ ਉਹੀ ਰੋਜ਼ਾਨਾ ਦੀ 'ਕੰਮਾਂ ਦੀ ਸੂਚੀ' ਸ਼ੁਰੂ ਹੋ ਗਈ। ਉਸ ਦੇ ਰੁਝੇਵਿਆਂ ਦਾ ਰੋਣਾ ਸੁਣ ਕੇ ਮੈਂ ਚੁੱਪ-ਚਾਪ ਫ਼ੋਨ ਕੱਟ ਦਿੱਤਾ ਤੇ ਇਕੱਲਾ ਹੀ ਬਾਜ਼ਾਰ ਦੀ ਭੀੜ ਵਿੱਚ ਗੁਆਚ ਗਿਆ।

ਅਜੇ ਕੁਝ ਕਦਮ ਹੀ ਚੱਲਿਆ ਸੀ ਕਿ ਪਿੱਛੋਂ ਇੱਕ ਜਾਣੀ-ਪਛਾਣੀ ਆਵਾਜ਼ ਆਈ—ਮੇਰਾ ਬਚਪਨ ਦਾ ਉਹ ਨਾਂਅ, ਜੋ ਸਿਰਫ਼ ਕਰੀਬੀ ਹੀ ਜਾਣਦੇ ਸਨ। ਪਿੱਛੇ ਮੁੜ ਕੇ ਵੇਖਿਆ ਤਾਂ ਪੁਰਾਣਾ ਯਾਰ ਖੜ੍ਹਾ ਸੀ। ਅਸੀਂ ਜਦੋਂ ਜੱਫੀ ਪਾਈ, ਤਾਂ ਇੰਝ ਲੱਗਿਆ ਜਿਵੇਂ ਵਰ੍ਹਿਆਂ ਦੀ ਮਾਨਸਿਕ ਥਕਾਵਟ ਇੱਕ ਪਲ ਵਿੱਚ ਲਹਿ ਗਈ ਹੋਵੇ। ਉਹ ਮਿੱਤਰ ਨਹੀਂ, ਮੇਰੀ ਰੂਹ ਦਾ ਕੋਈ ਵਿਛੜਿਆ ਹਿੱਸਾ ਸੀ। ਦੋ ਘੰਟੇ ਕਿਵੇਂ ਬੀਤ ਗਏ, ਪਤਾ ਹੀ ਨਾ ਲੱਗਾ।

ਅਚਾਨਕ ਫ਼ੋਨ ਦੀ ਘੰਟੀ ਨੇ ਸੁਪਨਾ ਤੋੜ ਦਿੱਤਾ। ਲਾਣੇਦਾਰਨੀ ਦਾ ਫ਼ੋਨ ਸੀ, 'ਕਿੱਥੇ ਰਹਿ ਗਏ ? ਘਰ ਵੜਨ ਦਾ ਵੀ ਕੋਈ ਵਕਤ ਹੁੰਦਾ!' ਮੈਂ ਦੋਸਤ ਤੋਂ ਭਾਰੀ ਮਨ ਨਾਲ ਇਜਾਜ਼ਤ ਲਈ, 'ਯਾਰ, ਅੱਜ ਲੇਟ ਹੋ ਗਿਆ, ਫਿਰ ਕਿਸੇ ਦਿਨ ਤਸੱਲੀ ਨਾਲ ਬੈਠਾਂਗੇ।'

ਸਰੀਰਕ ਤੌਰ 'ਤੇ ਤਾਂ ਮੈਂ ਘਰ ਵੱਲ ਕਦਮ ਵਧਾ ਲਏ ਸਨ, ਪਰ ਮੇਰਾ ਮਨ ਅਜੇ ਵੀ ਉਸੇ ਮੋੜ 'ਤੇ ਖੜ੍ਹਾ ਸੀ। ਦੋਸਤ ਨੇ ਗੱਲਾਂ-ਗੱਲਾਂ ਵਿੱਚ ਆਪਣੀ ਜ਼ਿੰਦਗੀ ਦੇ ਜੋ ਦੁਖਾਂਤ ਅਤੇ ਸੰਘਰਸ਼ ਸਾਂਝੇ ਕੀਤੇ ਸਨ, ਉਨ੍ਹਾਂ ਮੇਰੀ ਰੂਹ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਮੈਂ ਸੋਚ ਰਿਹਾ ਸੀ ਕਿ ਅਸੀਂ ਕਿਹੜੀ ਦੌੜ ਵਿੱਚ ਪੈ ਗਏ ਹਾਂ ? ਇਨਸਾਨੀਅਤ, ਨਿੱਘ ਤੇ ਨਿਰਸਵਾਰਥ ਪਿਆਰ ਕਿੱਥੇ ਗੁਆਚ ਗਏ ਨੇ ? ਸਭ ਕੁਝ ਕਿੰਨਾ ਮਸ਼ੀਨੀ ਹੋ ਗਿਆ ਹੈ।

ਘਰ ਪਹੁੰਚ ਕੇ ਵੀ ਮੈਂ ਉਨ੍ਹਾਂ ਸਵਾਲਾਂ ਦੇ ਜਵਾਬ ਲੱਭ ਰਿਹਾ ਸੀ, ਜੋ ਸ਼ਾਇਦ ਬਾਹਰਲੀ ਦੁਨੀਆ ਵਿੱਚ ਮਿਲਣੇ ਹੀ ਨਹੀਂ ਸਨ। ਮੈਂ ਚੁੱਪ-ਚਾਪ ਆਪਣੇ ਕਮਰੇ ਵਿੱਚ ਵੜ ਗਿਆ। ਮੈਨੂੰ ਸਮਝ ਆ ਗਈ ਸੀ ਕਿ ਦੂਜਿਆਂ ਦੀਆਂ ਉਮੀਦਾਂ 'ਤੇ ਖ਼ਰਾ ਉਤਰਨ ਦੀ ਕੋਸ਼ਿਸ਼ ਵਿੱਚ ਅਸੀਂ ਖ਼ੁਦ ਨੂੰ ਕਿਤੇ ਗੁਆ ਲੈਂਦੇ ਹਾਂ।

ਹੁਣ ਮੈਂ ਸਿੱਖ ਲਿਆ ਹੈ ਕਿ ਕਿਸੇ ਅੱਗੇ ਸਫ਼ਾਈਆਂ ਦੇਣ ਨਾਲੋਂ ਚੁੱਪ ਰਹਿਣਾ ਉੱਤਮ ਹੈ। ਆਪਣੀਆਂ ਛੋਟੀਆਂ-ਛੋਟੀਆਂ ਖ਼ੁਸ਼ੀਆਂ ਲਈ ਕਿਸੇ ਦੂਜੇ ਦੇ ਮੁਥਾਜ ਨਾ ਬਣੋ। ਕਿਸੇ ਦੀ ਸਿਫ਼ਤ ਦੀ ਉਡੀਕ ਨਾ ਕਰੋ; ਆਪਣੀ ਪਿੱਠ ਖ਼ੁਦ ਥਾਪੜਨਾ ਸਿੱਖੋ। ਆਪਣੇ ਆਪ ਨੂੰ ਏਨਾ ਸਵਾਰੋ ਅਤੇ ਅੰਦਰੋਂ ਏਨਾ ਸਕੂਨ ਪੈਦਾ ਕਰੋ ਕਿ ਬਾਹਰਲੀ ਦੁਨੀਆ ਦਾ ਸ਼ੋਰ ਤੁਹਾਨੂੰ ਪਰੇਸ਼ਾਨ ਨਾ ਕਰ ਸਕੇ। ਜਦੋਂ ਤੁਸੀਂ ਖ਼ੁਦ ਨਾਲ ਪਿਆਰ ਕਰਨਾ ਸਿੱਖ ਲੈਂਦੇ ਹੋ, ਤਾਂ ਜ਼ਿੰਦਗੀ ਦਾ ਹਰ ਪਲ ਜੰਨਤ ਬਣ ਜਾਂਦਾ ਹੈ।

**- ਹਰਿੰਦਰ ਸਲੇਮਪੁਰੀਆ**

# ਮਨੁੱਖੀ ਸੁਭਾਅ ਦਾ ਵਰਤਾਰਾ

**ਇੰਦਰਪ੍ਰੀਤ ਕੌਰ**

ਮਨੁੱਖੀ ਸੁਭਾਅ ਦੀ ਇਹ ਵਿਡੰਬਨਾ ਹੈ ਕਿ ਮਨੁੱਖ ਸਮਝਦਾਰ ਹੋ ਕੇ ਵੀ ਦੂਜਿਆਂ ਨੂੰ ਨੀਵਾਂ ਦਿਖਾ ਕੇ ਆਪ ਉੱਚਾ ਉਠਣ ਦੀ ਹਮੇਸ਼ਾ ਤੋਂ ਹੀ ਕੋਸ਼ਿਸ਼ ਕਰਦਾ ਆ ਰਿਹਾ ਹੈ। ਉਸ ਨੂੰ ਖ਼ੁਸ਼ੀ ਹੁੰਦੀ ਹੈ ਜਦ ਕੋਈ ਦੂਜਾ ਜਾਂ ਉਸ ਤੋਂ ਉੱਚਾ ਵਿਅਕਤੀ ਉਸ ਦੀ ਤਾਰੀਫ ਕਰੇ ।ਅਸੀਂ ਸਾਰੇ ਹੀ ਇਸ ਵਰਤਾਰੇ ਵਿੱਚ ਸ਼ਾਮਿਲ ਹੁੰਦੇ ਹਾਂ। ਬੇਸ਼ੱਕ ਅਸੀਂ ਭਲੀਭਾਂਤ ਜਾਣਦੇ ਹਾਂ ਕਿ ਜੋ ਅਸੀਂ ਕਰ ਰਹੇ ਹਾਂ, ਉਹ ਠੀਕ ਨਹੀਂ ਹੈ, ਪਰ ਫਿਰ ਵੀ ਅਸੀਂ ਕਰਦੇ ਹਾਂ । ਅਸੀਂ ਹਰ ਹਾਲ ਵਿੱਚ ਦੂਜਿਆਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਵਿੱਚ ਲੱਗੇ ਹੁੰਦੇ ਆ, ਕਿਉਂਕਿ ਇਸ ਦੇ ਬਦਲੇ ਅਸੀਂ ਸਮਾਜ ਵਿੱਚ ਆਪਣੀ ਕਦਰ ਵਧਾਉਣਾ ਚਾਹੁੰਦੇ ਹਾਂ । ਇਹ ਗੱਲ ਠੀਕ ਜਾਪਦੀ ਹੈ ਕਿ ਮਨੁੱਖ ਵਿੱਚ ਗੁਣ ਤੇ ਔਗੁਣ ਦੋਨੋਂ ਸ਼ਾਮਲ ਹੁੰਦੇ ਹਨ, ਕੋਈ ਵੀ ਇਸ ਸੰਸਾਰ ਵਿੱਚ ਪੂਰਨ ਨਹੀਂ ਹੁੰਦਾ, ਪਰ ਜੇ ਅਸੀਂ ਕਿਸੇ ਦੂਸਰੇ ਦੀ ਨਿੰਦਿਆ ਕਰਕੇ ਜਾਂ ਉਹਨੂੰ ਦੂਜਿਆਂ ਸਾਹਮਣੇ ਨੀਵਾਂ ਦਿਖਾ ਕੇ ਆਪਣੇ ਆਪ ਨੂੰ ਗੁਣੀ ਸਮਝੀਏ ਤਾਂ ਇਹ ਠੀਕ ਨਹੀਂ ਹੁੰਦਾ, ਇਸ ਤਰਾਂ ਕਰਨ ਨਾਲ ਅਸੀਂ ਆਪ ਇੱਕ ਵਾਰ ਜ਼ਰੂਰ ਉੱਚਾ ਉਠ ਸਕਦੇ ਹਾਂ, ਪਰ ਜਿਸ ਨੂੰ ਤੁਸੀਂ ਨੀਵਾਂ ਦਿਖਾ ਰਹੇ ਹੋ, ਉਸ ਦੀ ਆਤਮਾ ਤੁਹਾਨੂੰ ਕਦੇ ਮਾਫ ਨਹੀਂ ਕਰ ਸਕਦੀ। ਅਕਸਰ ਅਸੀਂ ਇੱਕ ਗੱਲ ਭੁੱਲ ਜਾਂਦੇ ਹਾਂ ਕਿ ਕੁਦਰਤ ਦਾ ਵਰਤਾਰਾ ਇੱਕੋ ਜਿਹਾ ਨਹੀਂ ਰਹਿੰਦਾ, ਹਰ ਕਿਸੇ ਦਾ ਸਮਾਂ ਆਉਂਦਾ ਹੈ ਤੇ ਹਰ ਕਿਸੇ ਦੀ ਜ਼ਿੰਦਗੀ ਵਿੱਚ ਚੰਗਾ ਤੇ ਮਾੜਾ ਸਮਾਂ ਹੁੰਦਾ ਹੈ, ਪਰ ਚੰਗੇ ਸਮੇਂ ਸਾਨੂੰ ਆਪਣਾ ਮਾੜਾ ਸਮਾਂ ਵੀ ਯਾਦ ਕਰ ਲੈਣਾ ਚਾਹੀਦਾ ਹੈ ।ਕਾਫੀ ਸਮਾਂ ਪਹਿਲਾਂ ਦੀ ਗੱਲ ਹੈ ਕਿ ਇੱਕ ਵਾਰ ਮੇਰੀ ਸਾਥਣ, ਜੋ ਕਿ ਸਕੂਲ ਵਿੱਚ ਮੇਰੇ ਨਾਲ ਹੀ ਕੰਮ ਕਰਦੀ ਸੀ, ਬਹੁਤ ਪਰੇਸ਼ਾਨ ਸੀ। ਮੇਰੇ ਕੋਲ ਰਜਿਸਟਰ ਚੁੱਕੀ ਆਈ ਤੇ ਕਹਿਣ ਲੱਗੀ, 'ਯਾਰ ਮੈਨੂੰ ਤਾਂ ਅੱਜ ਮੇਰੀ ਸੀਨੀਅਰ ਨੇ ਇੱਕ ਕੰਮ ਦਿੱਤਾ ਹੈ, ਪਰ ਮੇਰੀ ਸਮਝ ਤੋਂ ਬਾਹਰ ਹੈ, ਮੈਂ ਬਹੁਤ ਕੋਸ਼ਿਸ਼ ਕੀਤੀ, ਪਰ ਮੇਰੇ ਤੋਂ ਇਹ ਕੰਮ ਨਹੀਂ ਹੋ ਰਿਹਾ ਤੇ ਮੈਨੂੰ ਇਸ ਵਿੱਚ ਤੇਰੀ ਮਦਦ ਦੀ ਜ਼ਰੂਰਤ ਹੈ।' ਮੈਂ ਉਸ ਦਾ ਰਜਿਸਟਰ ਦੇਖਿਆ ਤੇ ਉਸ ਨੂੰ ਉਸ ਕੰਮ ਬਾਰੇ ਦੱਸਣ ਲੱਗ ਪਈ । ਇਸ ਤਰ੍ਹਾਂ ਮੈਂ ਜਿੰਨਾ ਕੁ ਹੋ ਸਕਿਆ, ਉਸ ਦੀ ਮਦਦ ਕੀਤੀ ਤੇ ਜਦੋਂ ਉਹਦਾ ਕੰਮ ਪੂਰਾ ਹੋ ਗਿਆ, ਉਹ ਬਹੁਤ ਖ਼ੁਸ਼ ਸੀ। ਸਾਰਾ ਰਜਿਸਟਰ ਪੂਰੀ ਤਰ੍ਹਾਂ ਤਿਆਰ ਕਰਕੇ ਉਸ ਨੇ ਆਪਣੀ ਸੀਨੀਅਰ ਨੂੰ ਦਿਖਾ ਦਿੱਤਾ, ਉਸ ਦਾ ਕੰਮ ਦੇਖ ਕੇ ਉਹ ਬਹੁਤ ਖ਼ੁਸ਼ ਹੋਈ ਤੇ ਉਸ ਨੂੰ ਹਾਈ ਜਮਾਤਾਂ ਪੜ੍ਹਾਉਣ ਲਈ ਦੇ ਦਿੱਤੀਆਂ। ਕਾਫੀ ਦਿਨਾਂ ਬਾਅਦ ਉਹ ਮੇਰੇ ਕੋਲ ਮਠਿਆਈ ਦਾ ਡੱਬਾ ਲੈ ਕੇ ਆਈ ਤੇ ਕਹਿਣ ਲੱਗੀ, 'ਮੇਰੀ ਤਰੱਕੀ ਹੋ ਗਈ ਹੈ।' ਮੈਂ ਮੁਬਾਰਕ ਦਿੱਤੀ ਤੇ ਅੱਗੋਂ ਮੈਨੂੰ ਦੱਸਣ ਲੱਗੀ ਕਿ ਮੇਰੀ ਸੀਨੀਅਰ ਮੇਰੇ ਕੰਮ ਨੂੰ ਦੇਖ ਕੇ ਬਹੁਤ ਖ਼ੁਸ਼ ਹੋਈ ਤੇ ਉਹਨੇ ਪ੍ਰਿੰਸੀਪਲ ਨਾਲ ਗੱਲ ਕਰਕੇ ਮੈਨੂੰ ਹਾਈ ਜਮਾਤਾਂ ਪੜ੍ਹਾਉਣ ਲਈ ਦੇ ਦਿੱਤੀਆਂ। ਮੈਂ ਕਿਹਾ, ਠੀਕ ਹੈ ਬਈ, ਪਰ ਤੂੰ ਉਹਨੂੰ ਦੱਸਿਆ ਹੋਣਾ ਕਿ ਇਸ ਕੰਮ ਵਿੱਚ ਮੈਂ ਵੀ ਤੇਰੀ ਮਦਦ ਕੀਤੀ ਸੀ। ਅੱਗੋਂ ਉਹਦਾ ਜਵਾਬ ਸੁਣ ਕੇ ਮੈਂ ਹੈਰਾਨ ਰਹਿ ਗਈ ਤੇ ਕਹਿੰਦੀ, 'ਲੈ ਮੈਂ ਇਹ ਕਿਉਂ ਕਹਿਣਾ ਸੀ, ਜੇ ਮੈਂ ਇਸ ਤਰ੍ਹਾਂ ਕਹਿ ਦਿੰਦੀ ਤਾਂ ਉਹਨੇ ਮੈਨੂੰ ਨਹੀਂ ਤੈਨੂੰ ਤਰੱਕੀ ਦੇ ਦੇਣੀ ਸੀ।'

ਸੋ ਮਨੁੱਖ ਦਾ ਇਹ ਸੁਭਾਅ ਹੈ ਕਿ ਉਹ ਹਮੇਸ਼ਾ ਆਪਣੇ ਬਾਰੇ ਹੀ ਸੋਚਦਾ ਹੈ, ਦੂਜਿਆਂ ਬਾਰੇ ਸੋਚਣ ਦੀ ਨਾ ਉਸ ਕੋਲ ਵਿਹਲ ਹੈ, ਨਾ ਉਸ ਕੋਲ ਸਮਾਂ ਹੈ ਤੇ ਨਾ ਉਹ ਸੋਚਣਾ ਚਾਹੁੰਦਾ ਹੈ। ਇਹ ਗੱਲ ਠੀਕ ਹੈ ਸਾਨੂੰ ਆਪਣੀ ਸ਼ਖ਼ਸੀਅਤ ਨੂੰ ਨਿਖਾਰਨਾ ਚਾਹੀਦਾ ਹੈ। ਆਪਣੇ ਆਪ ਨੂੰ ਸਫਲ ਬਣਾਉਣਾ ਚਾਹੀਦਾ ਹੈ, ਪਰ ਕਿਸੇ ਦੂਜੇ ਨੂੰ ਨੀਵਾਂ ਦਿਖਾ ਕੇ ਜਾਂ ਦੂਜਿਆਂ ਨੂੰ ਸਮਾਜ ਵਿੱਚ ਬੇਇੱਜ਼ਤ ਕਰਕੇ ਸਫਲ ਹੋਣਾ ਕੋਈ ਬਹਾਦਰੀ ਵਾਲੀ ਗੱਲ ਨਹੀਂ। ਇਸ ਦਾ ਸਾਫ ਤੇ ਸਪੱਸ਼ਟ ਮਤਲਬ ਹੈ ਕਿ ਤੁਹਾਡੇ ਅੰਦਰ ਆਪਣੇ ਆਪ ਵਿੱਚ ਕੁਝ ਕਰ ਗੁਜ਼ਰਨ ਦਾ ਆਤਮ-ਵਿਸ਼ਵਾਸ ਨਹੀਂ ਹੈ, ਤੁਹਾਡੇ ਅੰਦਰ ਕੋਈ ਯੋਗਤਾ ਨਹੀਂ ਹੈ ।ਅਸੀਂ ਹਰ ਇੱਕ ਖੇਤਰ ਵਿੱਚ ਇਹ ਸਭ ਆਮ ਦੇਖ ਸਕਦੇ ਹਾਂ, ਫਿਰ ਚਾਹੇ ਉਹ ਕੋਈ ਸਕੂਲ ਹੋਵੇ, ਕਾਲਜ ਹੋਵੇ, ਆਫਿਸ ਹੋਵੇ ਜਾਂ ਕੋਈ ਵਪਾਰ ਹੋਵੇ ।ਇਹ ਵਰਤਾਰਾ ਅੱਜਕੱਲ੍ਹ ਸਧਾਰਨ ਹੀ ਹੋ ਗਿਆ ਹੈ, ਹਰ ਕੋਈ ਆਪਣੇ ਤੋਂ ਉਪਰ ਦੇ ਅਧਿਕਾਰੀ ਦੀਆਂ ਨਜ਼ਰਾਂ ਵਿੱਚ ਉੱਚਾ ਉਠਣਾ ਚਾਹੁੰਦਾ ਹੈ, ਜਦ ਕਿ ਉਸ ਨੂੰ ਆਪਣੇ ਚੰਗੇ ਕੰਮਾਂ ਰਾਹੀਂ ਉਸ ਦੀਆਂ ਨਜ਼ਰਾਂ ਵਿੱਚ ਉਚਾ ਉਠਣਾ ਚਾਹੀਦਾ ਹੈ, ਨਾ ਕਿ ਦੂਜਿਆਂ ਨੂੰ ਨੀਵਾਂ ਦਿਖਾ ਕੇ ਉਹ ਉੱਚਾ ਉੱਠੇ ।

ਮਨੁੱਖ ਦੇ ਸੁਭਾਅ ਦੀ ਇਹੀ ਵਿਡੰਬਨਾ ਬਣ ਚੁੱਕੀ ਹੈ ਕਿ ਉਹ ਹਮੇਸ਼ਾ ਸੁਖੀ ਰਹਿਣਾ ਚਾਹੁੰਦਾ ਹੈ, ਉਹ ਚਾਹੁੰਦਾ ਹੈ ਕਿ ਮੈਂ ਸੁਖੀ ਰਹਾਂ, ਫਿਰ ਚਾਹੇ ਕਿਸੇ ਦੂਸਰੇ ਨੂੰ ਦੁਖੀ ਕਰਕੇ ਹੀ ਕਿਉਂ ਨਾ ਹੋਵੇ, ਇਸ ਨਾਲ ਸਾਨੂੰ ਕੋਈ ਫਰਕ ਨਹੀਂ ਪੈਂਦਾ। ਉਸ ਨੂੰ ਤਾਂ ਯਾਦ ਵੀ ਨਹੀਂ ਰਹਿੰਦਾ ਕਿ ਉਸ ਦੇ ਕਾਰਨ ਕੋਈ ਦੂਜਾ ਕਿੰਨਾ ਪਰੇਸ਼ਾਨ ਤੇ ਦੁਖੀ ਹੈ ਦੂਜਿਆਂ ਨੂੰ ਪਰੇਸ਼ਾਨ ਕਰਕੇ ਅਸੀਂ ਆਪ ਸੁਖੀ ਨਹੀਂ ਰਹਿ ਸਕਦੇ, ਇਹ ਸ੍ਰਿਸ਼ਟੀ ਵਿਧਾਤਾ ਦੀ ਸਿਰਜਣਾ ਹੈ। ਸੰਸਾਰ ਚਲਣਹਾਰ ਹੈ। ਸਾਰੇ ਮਨੁੱਖਾਂ ਦੇ ਆਪੋ-ਆਪਣੇ ਕੰਮ ਹਨ ।ਆਪਣੇ ਜੀਵਨ ਵਿੱਚ ਆਪਣੇ ਮਕਸਦ ਨੂੰ ਪੂਰਾ ਕਰਨਾ ਇਨਸਾਨ ਦਾ ਮੁੱਖ ਕਰਮ ਹੈ ।ਮਨੁੱਖ ਦਾ ਸੁਭਾਅ ਅਜਿਹਾ ਹੋਵੇ ਕਿ ਉਹ ਮਿਹਨਤ ਕਰਕੇ ਸਫਲਤਾ ਪ੍ਰਾਪਤ ਕਰੇ, ਨਾ ਕਿ ਕਿਸੇ ਦੂਜੇ ਮਨੁੱਖ ਦੀ ਹੇਠੀ ਕਰਕੇ, ਪਰ ਮਨੁੱਖ ਆਪਣੇ ਸੁਭਾਅ ਤੋਂ ਬੇਮੁਖ ਹੋ ਰਿਹਾ ਹੈ। ਇਸ ਲਈ ਉਹ ਆਪਣੇ ਆਪ ਲਈ ਤੇ ਦੂਜਿਆਂ ਲਈ ਵੀ ਦੁੱਖ ਦਾ ਕਾਰਨ ਬਣ ਗਿਆ ਹੈ। ਗੁਰਬਾਣੀ ਵਿੱਚ ਵੀ ਨਿੰਦਕ ਨੂੰ ਜਾਂ ਕਿਸੇ ਦੂਜੇ ਨੂੰ ਨੀਵਾਂ ਦਿਖਾਣ ਨੂੰ ਬੁਰਾ ਮੰਨਿਆ ਗਿਆ ਹੈ, ਗੁਰੂ ਸਾਹਿਬ ਫਰਮਾਉਂਦੇ ਹਨ :- 'ਅਸੰਖ ਨਿੰਦਕ ਸਿਰ ਕਰੇ ਭਾਰੁ ਨਾਨਕ ਨੀਚ ਕਹਿ ਵੀਚਾਰ॥' ਅਰਥਾਤ ਦੂਜਿਆਂ ਦੀ ਨਿੰਦਾ ਕਰਨ ਵਾਲਾ ਜਾਂ ਦੂਜਿਆਂ ਨੂੰ ਨੀਵਾਂ ਦਿਖਾਉਣ ਵਾਲਾ ਆਪਣੇ ਸਿਰ ਨਿੰਦਿਆ ਦਾ ਭਾਰ ਚੁੱਕੀ ਫਿਰਦਾ ਹੈ। ਉਸ ਦੀਆਂ ਆਪਣੀਆਂ ਸਾਰੀਆਂ ਚੰਗਿਆਈਆਂ ਨਿੰਦਿਆ ਦੇ ਕੱਜਣ ਥੱਲੇ ਢਕੀਆਂ ਜਾਂਦੀਆਂ ਹਨ ।ਆਮ ਤੌਰ 'ਤੇ ਸੁਣਨ ਨੂੰ ਮਿਲਦਾ ਹੈ ਕਿ ਦੂਜਿਆਂ ਨੂੰ ਨੀਵਾਂ ਦਿਖਾਉਣ 'ਚ ਔਰਤਾਂ ਦਾ ਰੋਲ ਜ਼ਿਆਦਾ ਹੁੰਦਾ, ਪਰ ਵਰਤਮਾਨ ਸਮੇਂ ਅਸੀਂ ਹਰ ਮਹਿਕਮੇ ਵਿੱਚ ਦੇਖ ਸਕਦੇ ਹਾਂ ਕਿ ਇਸ ਕੰਮ ਵਿੱਚ ਔਰਤ ਤੇ ਪੁਰਸ਼ ਦੋਨੋਂ ਬਰਾਬਰ ਦੇ ਹਿੱਸੇਦਾਰ ਹੁੰਦੇ ਹਨ ।

ਇਹ ਮਨੁੱਖ ਦੇ ਸੁਭਾਅ ਦਾ ਹਿੱਸਾ ਬਣ ਗਿਆ ਹੈ, ਕਿਸੇ ਦੀ ਸਧਾਰਨ ਕਹੀ ਗੱਲ ਨੂੰ ਮਿਰਚ-ਮਸਾਲਾ ਲਾ ਕੇ ਅੱਗੇ ਦੱਸਣਾ ਜਾਂ ਆਪਣੇ ਕਿਸੇ ਉੱਚ ਅਧਿਕਾਰੀ ਨੂੰ ਦੱਸਣਾ। ਇਹ ਕਿੱਥੋਂ ਦੀ ਚੰਗਿਆਈ ਹੈ, ਪਰ ਇਹ ਇੱਕ ਨਿੰਦਕ ਦੀ ਫਿਤਰਤ ਵਿੱਚ ਸ਼ਾਮਲ ਹੋ ਗਿਆ ਹੈ। ਕਈ ਲੋਕ ਇਸ ਤਰ੍ਹਾਂ ਦੇ ਹੀ ਹੁੰਦੇ ਹਨ ਕਿ ਜੇ ਉਹ ਗੱਲ ਇਧਰ ਦੀ ਉਧਰ ਨਾ ਕਰਨ ਤਾਂ ਉਹਨਾਂ ਨੂੰ ਰੋਟੀ ਹਜ਼ਮ ਨਹੀਂ ਹੁੰਦੀ। ਇਹ ਲੋਕ ਬੋਲਦੇ ਵੱਧ ਹੁੰਦੇ ਹਨ, ਪਰ ਅਮਲ ਘੱਟ ਕਰਦੇ ਹਨ। ਅਜਿਹੇ ਮਨੁੱਖ ਦੋਗਲੇ ਹੁੰਦੇ ਹਨ। ਮੇਰੇ ਨਾਲ ਅਜਿਹੇ ਕਈ ਕਰਮਚਾਰੀ ਹਨ, ਜੋ ਇਹ ਸਭ ਕਰਨ ਵਿੱਚ ਪੂਰੇ ਮਾਹਰ ਹਨ ਤੇ ਪਤਾ ਉਦੋਂ ਲੱਗਦਾ ਹੈ, ਜਦ ਤੁਹਾਨੂੰ ਆਫਿਸ ਵਿੱਚ ਬੁਲਾਇਆ ਜਾਂਦਾ ਹੈ ਤੇ ਕਿਹਾ ਜਾਂਦਾ ਹੈ ਕਿ ਤੁਸੀਂ ਇਹ ਗੱਲ ਕਿਉਂ ਆਖੀ ? ਤੁਹਾਡੇ ਤੋਂ ਤਾਂ ਇਸ ਗੱਲ ਦੀ ਉਮੀਦ ਹੀ ਨਹੀਂ ਸੀ। ਇੱਥੇ ਮੈਨੂੰ ਇੱਕ ਘਟਨਾ ਯਾਦ ਆ ਗਈ। ਇੱਕ ਵਾਰ ਸਾਡੀ ਇੱਕ ਗੁਆਂਢਣ ਸਹੇਲੀ ਨੇ ਇੱਕ ਦਿਨ ਮੇਰੇ ਨਾਲ ਗੱਲ ਕੀਤੀ , 'ਤੁਹਾਡੀ ਸੱਸ ਕਿਸੇ ਕੋਲ ਕਹਿ ਰਹੀ ਸੀ ਕਿ ਮੇਰੀ ਨੂੰਹ ਘਰ ਵਿੱਚ ਕੋਈ ਕੰਮ ਨਹੀਂ ਕਰਦੀ, ਸਕੂਲ ਤੋਂ ਆ ਕੇ ਆਰਾਮ ਕਰਨ ਲੱਗ ਜਾਂਦੀ ਹੈ, ਕਈ ਵਾਰ ਤਾਂ ਖਾਣਾ ਵੀ ਬਾਹਰ ਤੋਂ ਮੰਗਵਾਣਾ ਪੈਂਦਾ ਹੈ ਜਾਂ ਫਿਰ ਮੈਨੂੰ ਬਣਾਉਣਾ ਪੈਂਦਾ ਹੈ।' ਏਨੀ ਗੱਲ ਸੁਣ ਕੇ ਮੇਰਾ ਪਾਰਾ ਉਤਾਂਹ ਚੜ੍ਹਨਾ ਸੁਭਾਵਿਕ ਹੀ ਸੀ, ਮੈਂ ਘਰ ਜਾਂਦੇ ਹੀ ਆਪਣੀ ਸੱਸ ਨੂੰ ਕਿਹਾ, 'ਮੰਮੀ ਤੁਸੀਂ ਬਾਹਰ ਲੋਕਾਂ ਨੂੰ ਇਸ ਤਰ੍ਹਾਂ ਬੋਲਦੇ ਫਿਰਦੇ ਹੋ, ਮੈਂ ਤਾਂ ਤੁਹਾਨੂੰ ਅੱਜ ਤੱਕ ਕੋਈ ਕੰਮ ਕਰਨ ਲਈ ਨਹੀਂ ਕਿਹਾ, ਤੁਸੀਂ ਆਪ ਹੀ ਆਪਣੀ ਮਰਜ਼ੀ ਨਾਲ ਕਰਦੇ ਹੋ' ਤਾਂ ਮੇਰੀ ਸੱਸ ਨੇ ਬਹੁਤ ਹੀ ਸਧਾਰਨ ਲਫਜ਼ਾਂ 'ਚ ਕਿਹਾ, 'ਬੇਟਾ ਮੈਂ ਤਾਂ ਸਰਸਰੀ ਜੀ ਗੱਲ ਕੀਤੀ ਸੀ ਕੋਈ ਲਾ ਕੇ ਨਹੀਂ ਗੱਲ ਕੀਤੀ ਸੀ, ਬਲਕਿ ਮੈਂ ਤਾਂ ਇਹ ਕਿਹਾ ਸੀ ਕਿ ਅਸੀਂ ਦੋਨੋਂ ਮਿਲ ਕੇ ਕੰਮ ਕਰ ਲੈਂਦੇ ਆਂ।' ਇਹ ਤਾਂ ਇੱਕ ਸਧਾਰਨ ਤੌਰ 'ਤੇ ਗੱਲ ਹੋਈ ਸੀ, ਫਿਰ ਮੈਨੂੰ ਸਮਝ ਆਇਆ ਕਿ ਗੁਆਂਢਣ ਸਹੇਲੀ ਨੇ ਇਸ ਤਰ੍ਹਾਂ ਮਿਰਚ-ਮਸਾਲਾ ਲਾ ਕੇ ਮੈਨੂੰ ਕਿਉਂ ਦੱਸਿਆ, ਕਿਉਂਕਿ ਸਾਡੇ ਘਰ ਵਿੱਚ ਕਲੇਸ਼ ਰਹੇ। ਉਸ ਤੋਂ ਬਾਅਦ ਮੈਂ ਉਸ ਗੁਆਂਢਣ ਨਾਲ ਬਹੁਤ ਘੱਟ ਗੱਲ ਕਰਨ ਲੱਗ ਪਈ। ਸੋ ਸਾਨੂੰ ਵੀ ਕਿਸੇ ਦੀ ਗੈਰ-ਜ਼ਰੂਰੀ ਬੁਰਾਈ ਕਰਨ ਤੋਂ, ਕਿਸੇ ਨੂੰ ਨੀਵਾਂ ਦਿਖਾਉਣ ਤੋਂ, ਕਿਸੇ ਦੀ ਨਿੰਦਿਆ ਕਰਨ ਤੋਂ ਬਚਣਾ ਚਾਹੀਦਾ ਹੈ ।ਬੁਰਾਈ ਕਰਨ ਵਾਲਿਆਂ ਤੋਂ ਦੂਰੀ ਬਣਾ ਕੇ ਰੱਖੋ। ਬੇਲੋੜੀ ਨਿੰਦਿਆ ਨਾ ਕਰੀਏ ਤੇ ਨਿੰਦਿਆ ਕਰਨ ਵਾਲੇ ਤੋਂ ਦੂਰ ਰਹਿ ਕੇ ਜ਼ਿੰਦਗੀ ਵਿੱਚ ਅੱਗੇ ਵਧੀਏ।

**ਸੰਪਰਕ : 98886-90280**

## ਯੁੱਧ ਨਹੀਂ ....!!

ਸੜਿਆ ਕੀ ਕੀ ਨਾਲ ਲਾਸ਼ ਦੇ,
ਜਿਹੜੀ ਪਹੁੰਚੀ ਸਰਹੱਦੋਂ ਪਾਰ,
ਸੱਥਰ ਹੋਈਆਂ ਸੱਧਰਾਂ,
ਉਮੀਦਾਂ ਵੀ ਗਈਆਂ ਉਡਾਰੀ ਮਾਰ,
ਮਾਂ ਮੋਈ ਬਿਨ ਕੱਫਨੋਂ,
ਐਸੀ ਕਾਫਰ ਦੀ ਪਈ ਮਾਰ,
ਬਿਨ ਧੂਣੀ ਬਾਪ ਧੁਖਿਆ,
ਅੰਬਰਾਂ ਤੱਕ ਹੂਕ ਦੀ ਮਾਰ,
ਵੈਣ ਭੈਣਾਂ ਦੇ ਵਿਹੜੇ ਕੂਕੇ,
ਵਿਧਵਾ ਡਿੱਗੀ ਧਾਹ ਮਾਰ,
ਪੁੱਤ ਪੱਥਰ ਬਣ ਗਿਆ,
ਖੜਾ ਬਾਪ ਦੀ ਲਾਸ਼ ਦੇ ਨਾਲ,
ਉੱਜੜੀ ਦੁਨੀਆ ਟੱਬਰ ਦੀ,
ਘਿਰ ਗਏ ਦੁੱਖਾਂ ਨਾਲ,
ਖਾਲੀ ਕੀ ਕੀ ਹੋ ਗਿਆ,
ਇੱਕ ਪੁੱਤ ਦੇ ਘਰੋਂ ਜਾਣ ਨਾਲ,
ਅਮਰ ਕੋਈ ਨੀ ਏਥੇ ਨਾ ਸਮਝੇ,
ਹੱਲ ਨਾ ਹੁੰਦੇ ਯੁੱਧਾਂ ਨਾਲ,
ਦੁਨੀਆ 'ਤੇ ਸ਼ਾਂਤੀ ਰਹਿਣ ਦਿਓ,
ਸਾਰੇ ਸੁਖੀ ਜੀਵੋ ਹਰ ਹਾਲ,

ਯੁੱਧ ਨਹੀਂ ਕਵਿਤਾ ਸਿਰਜੋ,
ਸ਼ਬਦ ਬਣਦੇ ਵਾਰ ਦੀ ਢਾਲ,
ਬੰਬਾਂ ਦੀ ਗੂੰਜ ਮਿਟਾ ਕੇ,
ਛੇੜੋ ਰਾਗ ਰਿਸ਼ਤਿਆਂ ਨਾਲ,

## ਮੈਨੂੰ ਮਿਲਿਆ ਸਹਿਮਿਆ...

ਮੈਨੂੰ ਮਿਲਿਆ ਸਹਿਮਿਆ ਤੇ,
ਟੁੱਟਿਆ ਹੋਇਆ ਇਨਸਾਨ,
ਸੜਦੇ ਨਾੜ ਵਾਂਗ ਬਲ ਰਹੇ ਸਨ,
ਜਿਸ ਦੇ ਅਰਮਾਨ,
ਹਰਫਾਂ ਦੇ ਤੀਰਾਂ ਨਾਲ ਵਿੰਨ੍ਹੇ ਪਏ ਸਨ,
ਸਰੀਰ 'ਤੇ ਅੱਖਰੇ ਨਿਸ਼ਾਨ,
ਸੋਚਦਾ ਹਾਂ ਮੈਂ ਕਿ ਉਹ ਕਿਵੇਂ ਤੁਰ ਰਿਹਾ,
ਅੱਧਸੜੀ ਲਾਸ਼ ਦੇ ਸਮਾਨ,
ਸਾਡੇ ਚੇਤਿਆਂ 'ਚੋਂ ਵਿਸਰ ਗਿਆ,
ਉਹ ਲਾਵਾਰਿਸ ਲਾਸ਼ ਵਰਗਾ ਇਨਸਾਨ,
ਉਹ ਬੋਲੇਗਾ ਜ਼ਰੂਰ ਜਦੋਂ ਸਰਦਲਾ,
ਵਿੱਚੋਂ ਉੱਠਿਆ ਤੂਫਾਨ,
ਢਹਿ ਜਾਣਗੇ ਰੇਤੇ ਤੇ ਮਹਿਲ ਜਦੋਂ,
ਦਿਲਾਂ 'ਚੋਂ ਉਠੇਗੀ ਹੂਕਾਂ ਦੀ ਤਾਨ,
ਹੋਣਗੀਆਂ ਗੱਲਾਂ ਫਿਰ ਜੀਣ ਦੀਆਂ,
ਅਮਰ ਜਦੋਂ ਕੂਕਣਗੇ ਪਰਿੰਦੇ ਤੇ ਇਨਸਾਨ,

**- ਅਮਰਜੀਤ ਦਸੂਹਾ**
**ਸੰਪਰਕ : 89689-33711**

ਸਫ਼ਾ 3 ਦੀ ਬਾਕੀ

## ਹਾਸ਼ੀਆਗਤ ਮਾਵਾਂ ਦੀ ਦਾਸਤਾਨ ...

ਵਿਆਹ 'ਚੋਂ ਮਿਲੀਆਂ ਛੇ ਔਲਾਦਾਂ ਨੂੰ ਮਾਂ ਨੇ ਬਹੁਤ ਮਿਹਨਤ ਨਾਲ ਪਾਲਿਆ, ਕਿਉਂਕਿ ਲੇਖਕ ਦੇ ਪਿਤਾ ਜ਼ਿਆਦਾਤਰ ਕਿਸੇ ਵੀ ਕੰਮ ਦੀ ਜ਼ਿੰਮੇਵਾਰੀ ਨਹੀਂ ਲੈਂਦੇ ਸਨ। ਲੇਖਕ ਦੱਸਦਾ ਹੈ ਕਿ ਉਸ ਦੀ ਮਾਂ ਨੇ ਆਪਣੀ ਇਸ ਲਗਨ ਕਾਰਨ ਹੀ ਉਹਨਾਂ ਸਭ ਭੈਣ-ਭਰਾਵਾਂ ਦੇ ਬੱਚਿਆਂ ਨੂੰ ਪਾਲਣ ਵਿੱਚ ਵੀ ਪੂਰਾ ਸਹਿਯੋਗ ਦਿੱਤਾ। ਮੀਤ ਖੱਟੜਾ ਦੁਆਰਾ ਲਿਖਿਆ ਲੇਖ 'ਮਾਂ-ਤੇਰੇ ਪਿਆਰ ਦੀ ਕਿੰਨੀ ਗੂੜ੍ਹੀ ਛਾਂ' ਵਿੱਚ ਲੇਖਕ ਨੇ ਵੱਡੇ ਪਰਵਾਰ ਅਤੇ ਗ਼ਰੀਬੀ ਦੇ ਬਾਵਜੂਦ ਬੱਚਿਆਂ ਨੂੰ ਪਾਲਣ ਲਈ ਉਸ ਦੀ ਮਾਂ ਦੁਆਰਾ ਕੀਤੀ ਮਿਹਨਤ ਅਤੇ ਜੱਦੋਜਹਿਦ ਨੂੰ ਪੇਸ਼ ਕੀਤਾ ਹੈ। ਇਸ ਲੇਖ ਵਿੱਚ ਲੇਖਕ ਨੇ ਉਹ ਸਾਰੇ ਮਸਲੇ ਤੇ ਘਰ ਦੀਆਂ ਲੋੜਾਂ ਨੂੰ ਕਲਮਬੱਧ ਕੀਤਾ ਹੈ, ਜਿਨ੍ਹਾਂ ਦਾ ਸਾਹਮਣਾ ਉਸ ਦੀ ਮਾਂ ਡਟ ਕੇ ਡਰਦੀ ਹੈ। ਉਹ ਹਰ ਤਰ੍ਹਾਂ ਦੀ ਅਜ਼ਮਾਇਸ਼ ਵਿੱਚੋਂ ਨਿੱਖਰ ਕੇ ਨਿਕਲਦੀ ਹੈ। ਉਹ ਮਿਹਨਤ ਨਾਲ ਆਪਣੇ ਬੱਚਿਆਂ ਨੂੰ ਪੜ੍ਹਾਉਂਦੀ-ਲਿਖਾਉਂਦੀ ਹੈ ਤਾਂ ਜੋ ਉਹ ਚੰਗੀਆਂ ਨੌਕਰੀਆਂ 'ਤੇ ਲੱਗ ਕੇ ਘਰ ਦੀ ਦਿਸ਼ਾ ਸਵਾਰ ਸਕਣ।

ਅੰਮ੍ਰਿਤਪਾਲ ਕਲੇਰ ਦਾ ਲੇਖ ਸਿਰਲੇਖ 'ਰੂਹ ਭਟਕਦੀ ਰਹੀ' ਹੇਠ ਵੀ ਅਜਿਹੀਆਂ ਹੀ ਦੁਸ਼ਵਾਰੀਆਂ ਦੀ ਕਹਾਣੀ ਸੁਣਾਉਂਦਾ ਹੈ। ਆਪਣੀ ਮਾਂ ਬਾਰੇ ਦੱਸਦੀ ਉਹ ਲਿਖਦੀ ਹੈ ਕਿ ਉਸ ਦੀ ਮਾਂ ਇਕ ਕਲਾਕਾਰ ਸੀ। ਉਹ ਪੰਜਾਬੀ ਸੱਭਿਆਚਾਰ, ਲੋਕ ਗੀਤ-ਸੰਗੀਤ, ਸਿਲਾਈ-ਕਢਾਈ ਅਤੇ ਹੋਰ ਸੁਆਣੀਆਂ ਵਾਲੇ ਸਾਰੇ ਕੰਮ-ਕਾਜ ਬਹੁਤ ਸੁਚੱਜੇ ਢੰਗ ਨਾਲ ਕਰ ਸਕਦੀ ਸੀ। ਲੇਖਿਕਾ ਆਪਣੀ ਮਾਂ ਦੇ ਛੋਟੇ-ਛੋਟੇ ਸ਼ੌਕ ਬਾਰੇ ਦੱਸਦੀ ਹੋਈ ਪਰਵਾਰ ਦੀ ਆਰਥਿਕਤਾ ਦੀ ਗੱਲ ਵੀ ਕਰ ਜਾਂਦੀ ਹੈ। ਉਹ ਲਿਖਦੀ ਹੈ, ਮਾਂ ਨੂੰ ਗਹਿਣੇ ਪਾਉਣ ਦਾ ਬਹੁਤ ਸ਼ੌਕ ਸੀ। ਉਹ ਪਾਪਾ ਨੂੰ ਹਰ ਤਨਖ਼ਾਹ 'ਤੇ ਕਾਂਟੇ ਬਣਵਾਉਣ ਲਈ ਕਹਿੰਦੀ। ਪਾਪਾ ਨੂੰ ਬਕਾਇਆ ਮਿਲਿਆ ਤਾਂ ਮਾਂ ਦੇ ਕਾਂਟੇ ਬਣਵਾ ਦਿੱਤੇ। ਮਾਂ ਤੋਂ ਚਾਅ ਨਾ ਚੁੱਕਿਆ ਜਾਵੇ। ਮੈਂ ਉਦੋਂ ਬਾਰ੍ਹਵੀਂ ਜਮਾਤ 'ਚ ਪੜ੍ਹਦਾ ਸਾਂ। ਮੇਰੇ ਚਿਕਨ ਪੌਕਸ ਨਿਕਲ ਆਈ। ਉਸ ਨਾਲ ਹੀ ਤੇਜ਼ਾਬ ਨਾਲ ਮੇਰੇ ਪੇਟ 'ਚ ਜਮ ਹੋ ਗਏ। ਮੈਨੂੰ ਦੋ ਮਹੀਨੇ ਚੁੱਕੀ ਫਿਰਦੇ ਰਹੇ, ਕਿਤੋਂ ਵੀ ਠੀਕ ਨਹੀਂ ਸੀ ਹੋ ਰਹੀ। ਇਸੇ ਢੰਗ ਹੀ ਮੇਰੀ ਮਾਂ ਦੇ ਨਵੇਂ ਬਣਾਏ ਹੋਏ ਕਾਂਟਿਆਂ ਦੇ ਨਾਲ ਉਸ ਦੇ ਚਾਅ ਵੀ ਵਿਕ ਗਏ। ਪੰਨਾ 92

ਗੁਰਪਾਲ ਸਿੰਘ ਬਿਲਾਵਲ ਦੇ ਲੇਖ 'ਜੁਆਕ ਅਨਪੜ੍ਹ ਨਹੀਂ ਰਹਿਣੇ ਚਾਹੀਦੇ' ਵਿੱਚ ਨਜ਼ਰ ਆਉਂਦੀ ਮਾਂ ਕੁਝ ਅਲੱਗ ਢੰਗ ਦਾ ਜੀਵਨ ਜਿਉਂਦੀ ਦਿਸਦੀ ਹੈ। ਉਸ ਕੋਲ ਇਸ ਪੁਸਤਕ ਵਿਚਲੀਆਂ ਹੋਰਨਾਂ ਮਾਵਾਂ ਦੀ ਬਨਿਸਬਤ ਕੁਝ ਕੁ ਸੌਖਾ ਅਤੇ ਸਹੂਲਤਾਂ ਭਰਿਆ ਜੀਵਨ ਦਿਸਦਾ ਹੈ, ਪਰ ਉਸ ਦਾ ਸੰਘਰਸ਼ ਅਤੇ ਜੱਦੋਜਹਿਦ ਉਸੇ ਢੰਗ ਦੀ ਹੈ, ਜੋ ਆਪਣੀ ਔਲਾਦ ਦੀ ਸੁਖਾਲੀ ਜ਼ਿੰਦਗੀ ਲਈ ਕੁਝ ਵੀ ਕਰ ਸਕਦੀ ਹੈ। ਦਰਸ਼ਨ ਸਿੰਘ ਗੁਰੂ ਦੇ ਲੇਖ 'ਸਬਰ ਤੇ ਸਿਰੜ ਵਾਲੀ ਸੀ ਮਾਂ' ਵਿੱਚ ਚਿਤਰਤ ਕੀਤੀ ਗਈ ਮਾਂ ਦੀ ਤਸਵੀਰ ਪਤੀ ਦੀ ਮੌਤ ਤੋਂ ਬਾਅਦ ਉਸ ਦੁਆਰਾ ਕੀਤੇ ਸੰਘਰਸ਼ ਨੂੰ ਚਿਤਰਤ ਕਰਦੀ ਹੈ। ਜਗਤਾਰ ਜ਼ਜ਼ੀਰਾ ਦੇ ਲੇਖ 'ਸਚਿਆਰੀ ਔਰਤ ਸੀ ਮੇਰੀ ਮਾਂ' ਵਿੱਚ ਆਮ ਘਰਾਂ ਦੀਆਂ ਛੋਟੀਆਂ-ਛੋਟੀਆਂ ਗੱਲਾਂ ਮਾਂ ਦੇ ਪੱਖ ਤੋਂ ਪੇਸ਼ ਕੀਤੀਆਂ ਹਨ, ਜਿਸ ਵਿੱਚੋਂ ਉਸ ਦੀ ਮਾਂ ਦੇ ਸੁਚਿਆਰੀ ਸ਼ਖ਼ਸੀਅਤ ਉੱਭਰਦੀ ਹੈ। ਬੱਚਿਆਂ ਦੀ ਬਿਮਾਰੀ, ਪੜ੍ਹਾਈ ਤੇ ਉਹਨਾਂ ਦੀ ਹਰ ਮੰਗ ਪੂਰੀ ਕਰਨ ਲਈ ਇਹ ਮਾਂ ਸਭ ਕੁਝ ਕੁਰਬਾਨ ਕਰਨ ਲਈ ਵੀ ਤਿਆਰ ਰਹਿੰਦੀ। ਅਗਲਾ ਲੇਖ ਪਾਪਾ ਦੇ ਗੀਤਾਂ ਦੀ ਤਾਲ ਇਕਬਾਲ ਕੌਰ ਉਦਾਸੀ ਦੁਆਰਾ ਲਿਖਿਆ ਗਿਆ ਹੈ, ਜਿਸ ਵਿੱਚ ਉਸ ਨੇ ਆਪਣੀ ਮਾਂ ਅਰਥਾਤ ਸੰਤ ਰਾਮ ਉਦਾਸੀ ਦੀ ਪਤਨੀ ਦੀ ਸ਼ਖ਼ਸੀਅਤ ਬਾਰੇ ਲਿਖਿਆ ਹੈ। ਇੱਕ ਇਨਕਲਾਬੀ, ਇੱਕ ਨਕਸਲੀ ਲਹਿਰ ਦੇ ਕਾਰਕੁਨ ਦੀ ਪਤਨੀ ਹੋਣ ਕਾਰਨ ਉਸ ਦੇ ਸੰਘਰਸ਼ ਦਾ ਰੂਪ ਭਾਵੇਂ ਆਮ ਔਰਤਾਂ ਤੋਂ ਵੱਖ ਹੈ, ਪਰ ਹਰ ਤਰ੍ਹਾਂ ਦੇ ਸਮਾਜਿਕ ਅਤੇ ਆਰਥਿਕ ਸੰਕਟ ਨੂੰ ਪਾਰ ਕਰਦੀ ਹੋਈ ਉਹ ਇੱਕ ਉੱਤਮ ਔਰਤ ਸਾਬਤ ਹੁੰਦੀ ਹੈ। ਚਰਨਜੀਤ ਸਮਾਲਸਰ ਨੇ ਵੀ 'ਖ਼ੂਬਸੂਰਤ ਤੋਹਫ਼ਾ ਮਾਂ' ਸਿਰਲੇਖ ਹੇਠ ਆਪਣੀ ਮਾਂ ਦੀ ਸੁੰਦਰ ਤਸਵੀਰ ਚਿਤਰੀ ਹੈ। ਆਮ ਪਰਵਾਰ ਦੇ ਆਮ ਛੋਟੇ-ਛੋਟੇ ਵਰਤਾਰਿਆਂ ਨੂੰ ਪੇਸ਼ ਕਰਦਾ ਹੋਇਆ ਚਰਨਜੀਤ ਆਪਣੀ ਮਾਂ ਦੀ ਸ਼ਖ਼ਸੀਅਤ ਦੇ ਅਣਛੋਹੇ ਪਹਿਲੂ ਪਾਠਕ ਸਾਹਮਣੇ ਪੇਸ਼ ਕਰਦਾ ਹੈ। ਇਸ ਪੁਸਤਕ ਦਾ ਅੰਤਿਮ ਲੇਖ 'ਮਾਂ, ਮਾਂ ਹੀ ਸੀ' ਸਵਰਨ ਸਿੰਘ ਕਾਲਾਬੂਲਾ ਵੱਲੋਂ ਲਿਖਿਆ ਗਿਆ ਹੈ, ਜਿਸ ਵਿੱਚ ਉਸ ਨੇ ਆਪਣੀ ਮਾਂ ਦੀ ਮਿਹਨਤ ਨੂੰ ਹੀ ਕਲਮਬੱਧ ਕੀਤਾ ਹੈ ਜਿਸ ਕਾਰਨ ਉਹ ਜ਼ਿੰਦਗੀ ਵਿੱਚ ਕੁਝ ਬਣਨ ਦੇ ਕਾਬਲ ਹੋਇਆ।ਅੰਤ ਵਿੱਚ ਇਸ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਇਹ ਪੁਸਤਕ ਉਹਨਾਂ ਮਾਵਾਂ ਦੀ ਦਾਸਤਾਨ ਹੈ, ਜੋ ਅਨਪੜ੍ਹ ਹੁੰਦਿਆਂ ਵੀ ਪੜ੍ਹਾਈ-ਲਿਖਾਈ ਦੀ ਅਹਿਮੀਅਤ ਨੂੰ ਜਾਣਦੀਆਂ ਸਨ। ਉਹਨਾਂ ਨੇ ਆਪਣੀ ਔਲਾਦ ਨੂੰ ਪੜ੍ਹਾ-ਲਿਖਾ ਕੇ ਕਿਸੇ ਮੁਕਾਮ 'ਤੇ ਪਹੁੰਚਾਉਣ ਲਈ ਸਾਰੀ ਹਯਾਤੀ ਲਾ ਦਿੱਤੀ। ਉਹ ਆਰਥਿਕਤਾ ਦੀ ਮਾਰ ਝੱਲਦੀਆਂ ਸਮਾਜਿਕ ਸੰਕਟ ਨੂੰ ਵੀ ਪਾਰ ਕਰਦੀਆਂ ਰਹੀਆਂ ਤੇ ਨਾਲ ਹੀ ਆਪਣੇ ਪਤੀਆਂ ਦੀ ਮਾਰ ਵੀ ਸਹਿਣ ਕਰਦੀਆਂ ਰਹੀਆਂ, ਸਿਰਫ਼ ਇਸ ਲਈ ਕਿ ਉਹਨਾਂ ਦੀ ਔਲਾਦ ਕੁਝ ਬਣ ਵਿਖਾਵੇ।

ਸਫ਼ਾ 1 ਦੀ ਬਾਕੀ

## ਹਕੂਮਤੀ ਯੁੱਧ; ਨਾਗਰਿਕਤਾ ਵਿਰੁੱਧ...

ਵਿਰੋਧ ਅਸਾਮ ਵਿੱਚ ਵੇਖਣ ਨੂੰ ਹੀ ਮਿਲਿਆ ਸੀ, ਭਾਵੇਂ ਕਿ ਸ਼ਾਹੀਨ ਬਾਗ ਵਰਗੇ ਅੰਦੋਲਨਾਂ ਨੇ ਮੋਦੀ ਸਰਕਾਰ ਦੀ ਕੌਮਾਂਤਰੀ ਪੱਧਰ 'ਤੇ ਵੀ ਥੂ-ਥੂ ਕਰਵਾਈ ਸੀ।

**ਕਬਾਇਲੀ/ਇਸਾਈ ਵੋਟਰ**

ਅੰਗਰੇਜ਼ੀ ਅਖਬਾਰ 'ਦ ਹਿੰਦੂ' ਵਿੱਚ ਬਾਰਾਂ ਜੁਲਾਈ ਨੂੰ ਛਪੀ ਖ਼ਬਰ ਮੁਤਾਬਕ ਗਿਆਰਾਂ ਜੁਲਾਈ ਤੱਕ ਉਡੀਸਾ, ਮਨੀਪੁਰ, ਸਿੱਕਮ ਅਤੇ ਦਾਦਰਾ-ਨਗਰ ਹਵੇਲੀ ਅਤੇ ਦਮਨ-ਦਿਊ ਵਿੱਚ ਤਕਰੀਬਨ ਚੌਵੀ ਲੱਖ ਵੋਟਾਂ ਐੱਸ ਆਈ ਆਰ ਰਾਹੀਂ ਕੱਟੀਆਂ ਜਾ ਚੁੱਕੀਆਂ ਸਨ। ਇਕੱਲੇ ਉਡੀਸਾ ਵਿੱਚ ਹੀ ਚੋਣ ਕਮਿਸ਼ਨ ਦੇ ਅਨੁਸਾਰ ਵੀਹ ਲੱਖ ਬਾਰਾਂ ਹਜ਼ਾਰ ਵੋਟਾਂ ਕੱਟੀਆਂ ਗਈਆਂ ਹਨ। ਭਾਵੇਂ ਕਿ ਉਡੀਸਾ ਦੀ ਵਿਰੋਧੀ ਧਿਰ ਬਿਜੂ ਜਨਤਾ ਦਲ ਮੁਤਾਬਿਕ ਸਤਾਈ ਲੱਖ ਵੋਟਾਂ ਦੀ ਛੰਗਾਈ ਕੀਤੀ ਗਈ ਹੈ। ਚੋਣ ਕਮਿਸ਼ਨ ਵੱਲੋਂ ਕਿਹਾ ਜਾ ਰਿਹਾ ਹੈ ਕਿ ਐੱਸ ਆਈ ਆਰ ਸ਼ੁਰੂ ਹੋਣ ਤੋਂ ਪਹਿਲਾਂ ਉਡੀਸਾ ਵਿੱਚ ਕੁੱਲ 3,33,99,591 ਵੋਟਰ ਸਨ, ਪਰ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ 3,40,72,744 ਵੋਟਰ ਦਰਜ ਸਨ।

ਬਿਹਾਰ ਅਤੇ ਬੰਗਾਲ ਵਿੱਚ ਕਿਉਂਕਿ ਐੱਸ ਆਈ ਆਰ ਪ੍ਰਕਿਰਿਆ ਵਿਧਾਨ ਸਭਾ ਚੋਣਾਂ ਸਮੇਂ ਕਰਵਾਈ ਗਈ ਸੀ, ਇਸ ਕਰਕੇ ਵੱਡੇ ਪੱਧਰ 'ਤੇ ਸੁਰਖੀਆਂ ਬਣੀਆਂ। ਦੋਵਾਂ ਸੂਬਿਆਂ ਵਿੱਚ ਐੱਸ ਆਈ ਆਰ ਦਾ ਕੁਹਾੜਾ ਸਭ ਤੋਂ ਵੱਧ ਮੁਸਲਿਮ ਘੱਟ ਗਿਣਤੀ 'ਤੇ ਚੱਲਿਆ ਸੀ। ਬਾਕੀ ਸੂਬਿਆਂ ਵਿੱਚ ਵੀ ਦਸਤਾਵੇਜ਼ਾਂ ਦੀ ਅਣਹੋਂਦ ਕਾਰਨ ਘੱਟ ਗਿਣਤੀਆਂ, ਕਬਾਇਲੀਆਂ ਜਾਂ ਹਾਸ਼ੀਏ 'ਤੇ ਖੜ੍ਹੇ ਲੋਕ ਹੀ ਇਸ ਐੱਸ ਆਈ ਆਰ ਰਾਹੀਂ ਨਾਗਰਿਕਤਾ ਗੁਆਉਣ ਦਾ ਸ਼ਿਕਾਰ ਹੋਣੇ ਸੁਭਾਵਿਕ ਹਨ। ਇਸ ਪੰਜ ਜੁਲਾਈ ਨੂੰ ਜਾਰੀ ਅੰਕੜਿਆਂ ਅਨੁਸਾਰ ਮਨੀਪੁਰ ਵਿੱਚ ਐੱਸ ਆਈ ਆਰ ਵਿੱਚ ਵੀ ਇਸਾਈ/ਕੁੱਕੀ ਸ਼ਿਕਾਰ ਬਣ ਰਹੇ ਹਨ। ਮਨੀਪੁਰ ਵਿੱਚ ਕੁੱਲ 158677 ਵੋਟਾਂ ਕੱਟੀਆਂ ਗਈਆਂ ਹਨ ਅਤੇ ਮਨੀਪੁਰ ਦੇ ਕੁੱਲ ਸੱਠ ਵਿਧਾਨ ਸਭਾ ਹਲਕਿਆਂ ਵਿੱਚੋਂ ਕਬਾਇਲੀ ਰਾਖਵੇਂਕਰਨ ਕਰਨ ਵਾਲੇ ਇਕੱਲੇ ਉੱਨੀ ਹਲਕਿਆਂ ਵਿੱਚੋਂ ਹੀ 101827 ਵੋਟਾਂ ਕੱਟੀਆਂ ਗਈਆਂ ਹਨ, ਮਤਲਬ ਕਿ ਜਨਰਲ 41 ਵਿਧਾਨ ਸਭਾ ਹਲਕਿਆਂ ਵਿੱਚ ਕੱਟੀ ਗਈ ਇੱਕ ਵੋਟ ਦੇ ਮੁਕਾਬਲੇ ਕਬਾਇਲੀ/ਇਸਾਈ ਉੱਨੀ ਹਲਕਿਆਂ ਵਿੱਚ ਦੋ ਵੋਟਾਂ ਕੱਟੀਆਂ ਗਈਆਂ ਹਨ। ਕਬਾਇਲੀ ਰਾਖਵੇਂਕਰਨ ਵਾਲੇ ਬਾਰਾਂ ਹਲਕਿਆਂ ਵਿੱਚ ਸਭ ਤੋਂ ਵੱਧ ਵੋਟਾਂ ਕੱਟੀਆਂ ਗਈਆਂ ਹਨ, ਇੱਥੋਂ ਤੱਕ ਕਿ ਐੱਸ ਆਈ ਆਰ ਦਾ ਸਭ ਤੋਂ ਵੱਧ ਸ਼ਿਕਾਰ ਹੋਣ ਕੁੱਕੀ ਕਬਾਇਲੀ/ਇਸਾਈ ਵਸੋਂ ਵਾਲੇ ਵਿਧਾਨ ਸਭਾ ਦੇ ਹਰ ਚਾਰ ਹਲਕਿਆਂ ਵਿੱਚੋਂ ਤਿੰਨ ਹਲਕੇ ਕੁੱਕੀ/ਕਬਾਇਲੀ ਬਹੁਗਿਣਤੀ ਵਾਲੇ ਚੂਰਾਚੰਦਪੁਰ ਜ਼ਿਲ੍ਹੇ ਵਿੱਚ ਹਨ।

ਇਸਾਈ/ਕੁੱਕੀ ਵੋਟਰਾਂ ਦਾ ਹਿੱਸਾ ਐੱਸ ਆਈ ਆਰ ਤੋਂ ਪਹਿਲਾਂ 37.8 ਫੀਸਦੀ ਸੀ, ਜੋ ਹੁਣ 35.7 ਫੀਸਦੀ ਰਹਿ ਗਿਆ ਹੈ। ਮੈਤੇਈ/ਹਿੰਦੂ ਵੋਟਰਾਂ ਦਾ ਹਿੱਸਾ 60.7 ਫੀਸਦੀ ਤੋਂ ਵਧ ਕੇ 62.8 ਫੀਸਦੀ ਹੋ ਗਿਆ ਹੈ। ਐੱਸ ਆਈ ਆਰ ਦਾ ਕੁਹਾੜਾ ਔਰਤਾਂ 'ਤੇ ਜ਼ਿਆਦਾ ਚੱਲਦਾ ਹੈ, ਕਿਉਂਕਿ ਉਹਨਾਂ ਕੋਲ ਚੋਣ ਕਮਿਸ਼ਨ ਵੱਲੋਂ ਮੰਗੇ ਜਾਂਦੇ ਪੂਰੇ ਦਸਤਾਵੇਜ਼ ਹੀ ਨਹੀਂ ਹੁੰਦੇ। ਮਨੀਪੁਰ ਵਿੱਚ ਇੱਕ ਹਜ਼ਾਰ ਮਰਦਾਂ ਦੇ ਮੁਕਾਬਲੇ 1271 ਔਰਤਾਂ ਦੀਆਂ ਵੋਟਾਂ ਕੱਟੀਆਂ ਗਈਆਂ ਹਨ। ਦੂਸਰੇ ਸੂਬਿਆਂ ਵਿੱਚ ਵੀ ਸੰਭਾਵਨਾ ਹੈ ਕਿ ਐੱਸ ਆਈ ਆਰ ਰਾਹੀਂ ਪੱਛੜੇ ਹੋਏ ਕਬਾਇਲੀ ਇਲਾਕਿਆਂ ਵਿੱਚ ਵੋਟਰਾਂ ਦੀ ਗਿਣਤੀ ਵੱਡੀ ਪੱਧਰ 'ਤੇ ਘੱਟ ਜਾਵੇ।

ਕਰਨਾਟਕ ਵਿੱਚ ਵੀ ਵੋਟਰ ਜਿੱਥੇ ਸਾਲਾਂ ਤੋਂ ਵੋਟ ਪਾ ਰਹੇ ਸਨ, ਐੱਸ ਆਈ ਆਰ ਤੋਂ ਬਾਅਦ ਉਹਨਾਂ ਦੇ ਨਾਂਅ ਦੂਸਰੇ ਹਲਕਿਆਂ ਵਿੱਚ ਦਰਜ ਕੀਤੇ ਜਾ ਰਹੇ ਹਨ। ਉਹਨਾਂ ਨੂੰ ਕਿਹਾ ਗਿਆ ਕਿ ਸਪਲੀਮੈਂਟਰੀ ਵੋਟਰ ਲਿਸਟ ਵਿੱਚ ਦਰੁਸਤੀ ਹੋ ਜਾਵਗੀ, ਪਰ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਉਹਨਾਂ ਵੱਲੋਂ ਚੋਣ ਕਮਿਸ਼ਨ ਦੇ ਪੋਰਟਲ 'ਤੇ ਕੀਤੀਆਂ ਸ਼ਿਕਾਇਤਾਂ ਦਾ ਸਟੇਟਸ 'ਹੱਲ ਕਰ ਦਿੱਤੀਆਂ ਗਈਆਂ' (Resolved) ਵਿਖਾਈ ਦੇ ਰਿਹਾ ਹੈ।

**ਨਵੇਂ ਹੱਥਕੰਡੇ;**

ਗਿਆਰਾਂ ਜੁਲਾਈ ਨੂੰ ਚੋਣ ਕਮਿਸ਼ਨ ਦੇ ਈ ਸੀ ਆਈ-ਨੈੱਟ ਪੋਰਟਲ ਤੇ ਫਾਰਮ ਨੰਬਰ ਛੇ ਵਿੱਚ ਆਪਣੇ ਪੱਧਰ 'ਤੇ ਹੀ ਤਬਦੀਲੀ ਕਰ ਦਿੱਤੀ ਗਈ। ਇਹ ਫਾਰਮ ਨਵੇਂ ਬਣਨ ਵਾਲੇ ਵੋਟਰਾਂ ਨੇ ਭਰਨਾ ਹੁੰਦਾ ਹੈ। ਇਸ ਫਾਰਮ ਦੇ ਜੇ ਅਤੇ ਕੇ ਕਾਲਮਾਂ ਵਿਚਕਾਰ ਸ਼ਾਮਲ ਕੀਤੇ ਇੱਕ ਘੋਸ਼ਣਾ ਪੱਤਰ ਮੁਤਾਬਿਕ ਨਵੇਂ ਵੋਟਰਾਂ ਨੂੰ ਤਿੰਨ ਤੱਥਾਂ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਹੈ: ੳ) ਕੀ ਉਸ ਦਾ ਨਾਂਅ ਪਿਛਲੀ ਐੱਸ ਆਈ ਆਰ ਵਿੱਚ ਦਰਜ ਸੀ ? ਅ) ਕੀ ਉਸ ਦੇ ਮਾਪਿਆਂ ਜਾਂ ਦਾਦਾ-ਦਾਦੀ ਦਾ ਨਾਂਅ ਪਿਛਲੀ ਐੱਸ ਆਈ ਆਰ ਵਿੱਚ ਦਰਜ ਸੀ ? ੲ) ਕੀ ਇਹਨਾਂ ਵਿੱਚੋਂ ਕਿਸੇ ਦਾ ਵੀ ਨਾਂਅ ਪਿਛਲੀ ਐੱਸ ਆਈ ਆਰ ਵਿੱਚ ਦਰਜ ਨਹੀਂ ਸੀ ? ਜੇ ਕਿਸੇ ਦਾ ਵੀ ਨਾਂਅ ਦਰਜ ਸੀ ਤਾਂ ਵਿਧਾਨ ਸਭਾ ਹਲਕਾ, ਬੂਥ ਨੰਬਰ ਅਤੇ ਸੀਰੀਅਲ ਨੰਬਰ ਦੱਸਣਾ ਜ਼ਰੂਰੀ ਹੈ। ਪਿਛਲੀ ਐੱਸ ਆਈ ਆਰ ਸਾਲ 2003 ਵਿੱਚ ਹੋਈ ਸੀ। ਇਸ ਐੱਸ ਆਈ ਆਰ ਵਿੱਚ ਨਾਂਅ ਨਾ ਦਰਜ ਹੋਣ 'ਤੇ ਕੀ ਕਰਨਾ ਹੈ, ਇਸ ਬਾਰੇ ਕੁੱਝ ਵੀ ਨਹੀਂ ਲਿਖਿਆ। ਹੁਣ ਜਦੋਂ ਕਿ ਪੰਜ ਕਰੋੜ ਤੋਂ ਵੱਧ ਵੋਟਰਾਂ ਦੇ ਨਾਂਅ ਇਸ ਚੱਲ ਰਹੀ ਐੱਸ ਆਈ ਆਰ ਰਾਹੀਂ ਕੱਟੇ ਜਾ ਚੁੱਕੇ ਹਨ ਤਾਂ ਨਵੇਂ ਵੋਟਰਾਂ ਦੀ ਗਿਣਤੀ ਘਟਾਉਣ ਦੀ ਹੀ ਚੋਣ ਕਮਿਸ਼ਨ ਦੀ ਇਹ ਚਾਲ ਹੈ। ਜੂਨ 2025 ਤੋਂ ਚੱਲ ਰਹੀ ਐੱਸ ਆਈ ਆਰ ਵਿੱਚ ਇਹ ਜਾਣਕਾਰੀ ਮੰਗੀ ਜਾ ਰਹੀ ਹੈ ਪਰ ਨਵੇਂ ਵੋਟਰਾਂ ਨੂੰ ਇਸ ਨਵੇਂ ਪੰਗੇ ਵਿੱਚ ਚੋਣ ਕਮਿਸ਼ਨ ਨੇ ਪਹਿਲੀ ਵਾਰ ਪਾਇਆ ਹੈ, ਉਹ ਵੀ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ। ਸੰਵਿਧਾਨ ਦਾ ਆਰਟੀਕਲ 326 ਗਰੰਟੀ ਦਿੰਦਾ ਹੈ ਕਿ ਕਿਸੇ ਵੀ ਹਲਕੇ ਵਿੱਚ ਰਹਿਣ ਵਾਲਾ ਹਰ ਬਾਲਗ ਆਪਣੀ ਵੋਟ ਬਣਾਉਣ ਦਾ ਹੱਕਦਾਰ ਹੈ, ਬਸ਼ਰਤੇ ਕਿ ਕਿਸੇ ਹੋਰ ਕਾਰਨ ਕਰਕੇ ਉਸ ਨੂੰ ਅਯੋਗ ਨਾ ਠਹਿਰਾਇਆ ਗਿਆ ਹੋਵੇ। 1950 ਦੇ ਰੀਪਰੀਜੈਨਟੇਸ਼ਨ ਆਫ਼ ਪੀਪਲਜ਼ ਐਕਟ ਅਨੁਸਾਰ ਫਾਰਮ ਛੇ ਵਿੱਚ ਕਿਸੇ ਵੀ ਕਿਸਮ ਦੀ ਤਬਦੀਲੀ ਸਿਰਫ਼ ਪਾਰਲੀਮੈਂਟ ਕਰ ਸਕਦੀ ਹੈ, ਨਾ ਕਿ ਚੋਣ ਕਮਿਸ਼ਨ। ਰੂਲਜ਼ ਵਿੱਚ ਵੀ ਤਬਦੀਲੀ 1950 ਦੇ ਰੀਪਰੀਜੈਨਟੇਸ਼ਨ ਆਫ਼ ਪੀਪਲਜ਼ ਐਕਟ ਦੀ ਧਾਰਾ ਅਠਾਈ ਅਨੁਸਾਰ ਸਰਕਾਰ ਦਾ ਅਧਿਕਾਰ ਖੇਤਰ ਹੈ, ਨਾ ਕਿ ਚੋਣ ਕਮਿਸ਼ਨ ਦਾ, ਪਰ ਚੋਣ ਕਮਿਸ਼ਨ ਨੂੰ ਕਿਸੇ ਐਕਟ ਜਾਂ ਰੂਲ ਦੀ ਕੋਈ ਪ੍ਰਵਾਹ ਹੀ ਨਹੀਂ।

**ਕੌਮਾਂਤਰੀ ਗੂੰਜ;**

ਘੱਟ-ਗਿਣਤੀਆਂ ਮਸਲਿਆਂ, ਧਾਰਮਿਕ ਅਕੀਦਿਆਂ ਅਤੇ ਬੋਲਣ ਦੀ ਆਜ਼ਾਦੀ ਨਾਲ ਸੰਬੰਧਤ ਯੂਨਾਈਟਿਡ ਨੇਸ਼ਨਜ਼ ਰਿਪੋਰਟਰਜ਼ ਨੇ ਐੱਸ ਆਈ ਆਰ ਰਾਹੀਂ ਮੁਸਲਿਮ ਘੱਟ ਗਿਣਤੀ ਨੂੰ ਨਿਸ਼ਾਨਾ ਬਣਾਉਣ ਸੰਬੰਧੀ ਹਿੰਦ ਸਰਕਾਰ ਦਾ ਧਿਆਨ ਦਿਵਾਉਂਦੇ ਹੋਏ ਲਿਖਿਆ ਹੈ, 'ਸਾਡੇ ਧਿਆਨ ਵਿੱਚ ਆਇਆ ਹੈ ਕਿ ਐੱਸ ਆਈ ਆਰ ਰਾਹੀਂ ਵੱਡੇ ਪੱਧਰ 'ਤੇ ਵੋਟ ਸੂਚੀ ਵਿੱਚੋਂ ਨਾਂਅ ਕੱਟੇ ਜਾ ਰਹੇ ਹਨ, ਉਹ ਵੀ ਵਿਸ਼ੇਸ਼ ਤੌਰ 'ਤੇ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਦੇ।' ਇੱਕ ਮਈ 2026 ਨੂੰ ਲਿਖੇ ਇਸ ਪੱਤਰ ਵਿੱਚ ਭਾਰਤ ਸਰਕਾਰ ਨੂੰ ਸੱਠ ਦਿਨਾਂ ਵਿੱਚ ਉਹਨਾਂ ਵੱਲੋਂ ਉਠਾਏ ਨੁਕਤਿਆਂ 'ਤੇ ਜਵਾਬ ਦੇਣ ਲਈ ਕਿਹਾ ਸੀ। ਦਸੰਬਰ 2018 ਵਿੱਚ ਵੀ ਇਸ ਸੰਸਥਾ ਨੇ ਅਸਾਮ ਵਿੱਚ ਐੱਨ ਆਰ ਸੀ ਪ੍ਰਕਿਰਿਆ 'ਤੇ ਸਵਾਲ ਉਠਾਉਂਦੇ ਹੋਏ ਨਸਲੀ, ਧਾਰਮਿਕ ਅਤੇ ਭਾਸ਼ਾਈ ਘੱਟ ਗਿਣਤੀਆਂ ਦੇ ਤੌਖਲਿਆਂ ਦੀ ਬਾਤ ਪਾਈ ਸੀ। ਗੈਰ-ਪਾਰਦਰਸ਼ੀ ਤਰੀਕਿਆਂ ਨਾਲ ਮਾੜੀ-ਮੋਟੀ ਗਲਤੀ ਕਾਰਨ ਨਾਂਅ ਕੱਟਣ, ਦਸਤਾਵੇਜ਼ੀ ਸਬੂਤ ਇਕੱਠੇ ਕਰਨ ਲਈ ਯੋਗ ਸਮਾਂ ਨਾ ਦੇਣਾ, ਕਾਨੂੰਨੀ ਰੱਖਿਆ ਦਾ ਘਟੀਆ ਇੰਤਜ਼ਾਮ ਅਤੇ ਨਫ਼ਰਤੀ ਸਿਆਸੀ ਬਿਰਤਾਂਤ ਇਸ ਸੰਸਥਾ ਦੇ ਖਾਸ ਨੁਕਤੇ ਹਨ। ਇਸ ਰਿਪੋਰਟ ਨੇ ਕੇਂਦਰੀ ਗ੍ਰਹਿ ਮੰਤਰੀ ਦੇ ਐੱਸ ਆਈ ਆਰ ਤੋਂ ਪਹਿਲਾਂ ਦਿੱਤੇ ਬਿਆਨਾਂ ਕਿ ਕੋਈ 'ਘੁਸਪੈਠੀਆ' ਬਚਣਾ ਨਹੀਂ ਚਾਹੀਦਾ, ਦਾ ਖਾਸ ਜ਼ਿਕਰ ਕੀਤਾ ਸੀ, ਜੋ ਦਰਅਸਲ ਬੰਗਾਲੀ ਮੁਸਲਮਾਨਾਂ ਨੂੰ ਸੰਬੋਧਿਤ ਸੀ। ਯੂ ਐੱਨ ਰਿਪੋਰਟਰਜ਼ ਨੇ ਵੋਟ ਸੂਚੀ ਵਿੱਚੋਂ ਬਾਹਰ ਕੱਢੇ ਲੋਕਾਂ ਦੀ ਧਾਰਮਿਕ ਅਤੇ ਨਸਲੀ ਪਹਿਚਾਣ ਦੀ ਮੰਗ ਕਰਦੇ ਹੋਏ ਅਪੀਲੀ ਪ੍ਰਬੰਧ ਬਾਰੇ ਵੀ ਰਿਪੋਰਟ ਤਲਬ ਕੀਤੀ ਹੈ।

**ਨਾਗਰਿਕਤਾ ਅਤੇ ਸੁਪਰੀਮ ਅਦਾਲਤਾਂ:**

ਅਮਰੀਕਾ ਵਿੱਚ ਸਿਵਲ ਵਾਰ ਦੇ ਖਾਤਮੇ ਤੇ ਚੌਦਵੀਂ ਸੋਧ ਰਾਹੀਂ 1868 ਵਿੱਚ ਪ੍ਰਵਾਸੀਆਂ ਅਤੇ ਗੁਲਾਮਾਂ ਦੇ ਬੱਚਿਆਂ ਨੂੰ ਜਨਮ ਦੇ ਆਧਾਰ 'ਤੇ ਨਾਗਰਿਕਤਾ ਦੇਣ ਦਾ ਪ੍ਰਬੰਧ ਕੀਤਾ ਗਿਆ ਸੀ। ਇਹ ਮੁੱਖ ਤੌਰ 'ਤੇ ਅਮਰੀਕਾ ਵਿੱਚ ਲਿਆਂਦੇ ਗੁਲਾਮ ਲੋਕਾਂ ਨੂੰ ਅਮਰੀਕੀ ਸਮਾਜ ਦਾ ਹਿੱਸਾ ਬਣਾਉਣ ਵੱਲ ਪੇਸ਼ਕਦਮੀ ਸੀ। ਅਮਰੀਕੀ ਅਦਾਲਤਾਂ ਨੇ ਅਨੇਕਾਂ ਵਾਰ ਅਮਰੀਕੀ ਧਰਤੀ 'ਤੇ ਪੈਦਾ ਹੋਏ ਬੱਚਿਆਂ ਦੀ ਨਾਗਰਿਕਤਾ ਦੀ ਰਾਖੀ ਕੀਤੀ ਹੈ। ਡੋਨਾਲਡ ਟਰੰਪ ਨੇ ਆਪਣੀ ਨਫ਼ਰਤੀ ਸਿਆਸਤ ਕਾਰਨ ਇੱਕ ਪ੍ਰਬੰਧਕੀ ਹੁਕਮ (Adminstrive Order) ਰਾਹੀਂ ਪ੍ਰਵਾਸੀਆਂ ਦੇ ਬੱਚਿਆਂ ਨੂੰ ਨਾਗਰਿਕਤਾ ਤੋਂ ਬਾਂਝੇ ਕਰਨ ਦਾ ਹੁਕਮ ਲਾਗੂ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਮਰੀਕੀ ਸੁਪਰੀਮ ਕੋਰਟ ਨੇ ਤੀਹ ਜੂਨ ਨੂੰ ਉਸ ਹੁਕਮ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਅਮਰੀਕਾ ਦੀ ਧਰਤੀ 'ਤੇ ਜਨਮਿਆ ਹਰ ਬੱਚਾ ਕੁਦਰਤੀ ਤੌਰ 'ਤੇ ਅਮਰੀਕੀ ਨਾਗਰਿਕ ਹੈ ਅਤੇ ਉਸ ਦੇ ਮਾਪਿਆਂ ਦੇ ਗੈਰ-ਕਾਨੂੰਨੀ ਜਾਂ ਕਾਨੂੰਨੀ ਪ੍ਰਵਾਸੀ ਹੋਣ ਦੀ ਸਜ਼ਾ ਅਮਰੀਕਾ ਵਿੱਚ ਪੈਦਾ ਹੋਣ ਵਾਲੇ ਬੱਚੇ ਕਿਉਂ ਭੁਗਤਣ ?

ਐੱਸ ਆਈ ਆਰ 'ਤੇ ਭਾਰਤੀ ਸੁਪਰੀਮ ਕੋਰਟ ਦਾ ਇੱਕ ਫੈਸਲਾ ਵੀ ਇਸ ਸਾਲ ਆਇਆ, ਜਿਸ ਵਿੱਚ ਚੋਣ ਕਮਿਸ਼ਨ ਵੱਲੋਂ ਐੱਸ ਆਈ ਆਰ ਰਾਹੀਂ ਕੀਤੀਆਂ ਜਾਂਦੀਆਂ ਧਾਂਦਲੀਆਂ ਨੂੰ ਦਰਕਿਨਾਰ ਕਰਦਿਆਂ ਕਮਿਸ਼ਨ ਦੀ ਐੱਸ ਆਈ ਆਰ ਕਰਵਾਉਣ ਦੀ ਤਾਕਤ 'ਤੇ ਮੋਹਰ ਹੀ ਨਹੀਂ ਲਗਾਈ, ਬਲਕਿ 'ਕੁੱਝ ਹੱਦ ਤੱਕ' ਨਾਗਰਿਕਤਾ ਨੂੰ ਚੈੱਕ ਕਰਨ ਦਾ ਵੀ ਚੋਣ ਕਮਿਸ਼ਨ ਨੂੰ ਹੱਕ ਦੇ ਦਿੱਤਾ, ਜੋ ਇਸ ਫੈਸਲੇ ਦਾ ਸਭ ਤੋਂ ਮੰਦਭਾਗਾ ਪਹਿਲੂ ਵੀ ਹੈ। ਕਥਿਤ ਤਰਕਪੂਰਨ ਘਾਟਾਂ ਕਰਕੇ ਵੋਟਰ ਸੂਚੀ ਵਿੱਚੋਂ ਬਾਹਰ ਕੀਤੇ ਸਤਾਈ ਲੱਖ ਬੰਗਾਲੀਆਂ ਨੂੰ ਇਹ ਕਹਿ ਝਟਕਾ ਦੇ ਦਿੱਤਾ ਕਿ ਕੋਈ ਗੱਲ ਨਹੀਂ, ਅਗਲੀ ਵਾਰ ਵੋਟ ਪਾ ਲੈਣਾ। ਸਭ ਤੋਂ ਵੱਡੀ ਸੰਵਿਧਾਨਕ ਅਦਾਲਤ ਤੋਂ ਆਸ ਤਾਂ ਇਹ ਕੀਤੀ ਜਾ ਸਕਦੀ ਹੈ ਕਿ ਉਹ ਫਿਰਕੂ ਟੀਰ ਵਾਲੇ 2019 ਦੇ ਨਾਗਰਿਕਤਾ ਸੋਧ ਕਾਨੂੰਨ ਨੂੰ ਹੀ ਰੱਦ ਨਾ ਕਰੇ, ਬਲਕਿ ਮਾਪਿਆਂ ਦੀ ਨਾਗਰਿਕਤਾ ਨਾਲ ਸਿਰ ਨਰੜ ਕਰ ਰਹੀਆਂ 1987 ਅਤੇ 2003 ਦੀਆਂ ਸੋਧਾਂ ਨੂੰ ਵੀ ਅਮਰੀਕੀ ਸੁਪਰੀਮ ਕੋਰਟ ਦੀ ਤਰ੍ਹਾਂ ਰੱਦ ਕਰੇ। ਕੀ ਸਾਡੀ ਸੁਪਰੀਮ ਕੋਰਟ ਭਾਰਤੀਆਂ ਦੀ ਨਾਗਰਿਕਤਾ ਦੀ ਰਾਖੀ ਕਰਨ ਦੀ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਪੂਰੀ ਕਰ ਸਕੇਗੀ ? ਅਜਿਹਾ ਕਰਨਾ ਜ਼ਰੂਰੀ ਹੈ ਕਿਉਂਕਿ ਕੋਈ ਵੀ ਪ੍ਰਪੱਕ ਜਮਹੂਰੀਅਤ ਸਾਰੇ ਨਾਗਰਿਕਾਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਆਪਣੇ ਖੰਭਾਂ ਦੀ ਓਟ ਥੱਲੇ ਰੱਖਦੀ ਹੈ, ਪਰ੍ਹਾਂ ਨਹੀਂ ਧੱਕਦੀ।

**ਸੰਪਰਕ -9872844163**

# ਪੰਜ ਯਾਰ ਲੇਹ ਪਾਰ



ਮੇਰਾ ਜਾਣ ਦਾ ਪ੍ਰੋਗਰਾਮ ਵੀ ਇੰਝ ਬਣ ਗਿਆ ਸੀ, ਜਿਵੇਂ ਚੜ੍ਹਦੀ ਬਰਾਤ ਨਾਲ ਕੋਈ ਬੱਚਾ ਮੱਲੋ-ਮੱਲੀ ਰਲ ਜਾਵੇ। ਅਸਲ ਵਿੱਚ ਅਸੀਂ ਤਿੰਨ ਜਣਿਆਂ ਨੇ ਪੰਜ ਤਾਰੀਖ ਨੂੰ ਲਾਹੌਲ ਸਪਿਤੀ ਮੋਟਰਸਾਈਕਲਾਂ 'ਤੇ ਜਾਣਾ ਸੀ। ਉੱਥੇ ਪਹਿਲਾਂ ਮੈਂ ਦੋ ਵਾਰ ਗੱਡੀ 'ਤੇ ਜਾ ਆਇਆ ਸਾਂ। ਦੋਵੇਂ ਵਾਰ ਕਿਸੇ ਕਾਰਨ ਮੇਰੀ ਚੰਦਰ ਤਾਲ ਦੇਖਣੀ ਰਹਿ ਗਈ ਸੀ। ਇਸ ਸਾਲ ਪੱਕਾ ਸੀ ਕਿ ਵੇਖ ਕੇ ਹੀ ਆਉਣੀ ਹੈ। ਸਾਡੇ ਤੋਂ ਪਹਿਲਾਂ ਮੇਰੇ ਕੁਝ ਡੀ. ਪੀ. ਈ. ਦੋਸਤਾਂ ਨੇ ਦੋ ਤਾਰੀਖ ਨੂੰ ਲੇਹ ਲੱਦਾਖ ਜਾਣ ਦਾ ਪ੍ਰੋਗਰਾਮ ਬਣਾ ਰੱਖਿਆ ਸੀ। ਇਕੱਤੀ ਤਾਰੀਖ ਨੂੰ ਅਸੀਂ ਚੰਡੀਗੜ੍ਹ ਧਰਨਾ ਲਾਉਣ ਚਲੇ ਗਏ। ਉੱਥੇ ਪਾਣੀ ਦੀਆਂ ਬੁਛਾਰਾਂ ਨੇ ਸਾਨੂੰ ਪੂਰੀ ਤਰ੍ਹਾਂ ਭਿਉਂ ਦਿੱਤਾ। ਅਸੀਂ ਗਿੱਲੇ ਕੱਪੜਿਆਂ ਨਾਲ ਹੀ ਪਿੰਡ ਨੂੰ ਤੁਰ ਪਏ। ਰਸਤੇ ਵਿੱਚ ਜੱਸਾ ਮਿਲ ਗਿਆ।

"ਬਾਈ ਤੂੰ ਸਾਡੇ ਨਾਲ ਚੱਲ ਲੇਹ ਲੱਦਾਖ।" ਜੱਸੇ ਨੇ ਬੜੇ ਮਾਣ ਨਾਲ ਕਿਹਾ।

"ਅਸੀਂ ਤਾਂ ਲਾਹੌਲ ਸਪਿਤੀ ਦਾ ਪ੍ਰੋਗਰਾਮ ਬਣਾ ਰੱਖਿਐ।"

"ਉਹ ਕਿਹੜਾ ਜਾਣਗੇ। ਤੂੰ ਸਾਡੇ ਨਾਲ ਚੱਲ।" ਜੱਸੇ ਨੇ ਫਿਰ ਜ਼ੋਰ ਦਿੱਤਾ।

"ਚੱਲ ਮੈਂ ਕੱਲ੍ਹ ਪੁੱਛ ਕੇ ਦੱਸਦਾਂ।"

## ਯਾਤਰਾ-1

ਪਰਗਟ ਸਿੰਘ ਸਤੌਜ

ਅਗਲੇ ਦਿਨ ਮੈਂ ਮਰਦਮਸ਼ੁਮਾਰੀ ਕਰਨ ਚਲਾ ਗਿਆ। ਮੇਰੇ ਦੋ-ਚਾਰ ਘਰ ਹੀ ਰਹਿੰਦੇ ਸਨ। ਬਾਕੀ ਸਭ ਕੰਮ ਪੂਰਾ ਸੀ। ਦਸ ਕੁ ਵਜੇ ਸੱਤੇ ਦਾ ਫ਼ੋਨ ਆ ਗਿਆ, "ਬਾਈ ਤੂੰ ਸਾਡੇ ਨਾਲ ਪ੍ਰੋਗਰਾਮ ਬਣਾ।"


"ਮੈਨੂੰ ਦੋ ਮਿੰਟ ਦੇ, ਮੈਂ ਹੁਣੇ ਪਤਾ ਕਰਕੇ ਦੱਸਦਾਂ।" ਮੈਂ, ਮੇਰੇ ਨਾਲ ਜਾਣ ਵਾਲੇ ਦੋਵੇਂ ਦੋਸਤਾਂ ਨੂੰ ਫ਼ੋਨ ਕੀਤਾ ਤਾਂ ਉਹ ਦੋਵੇਂ ਹੀ ਜਵਾਬ ਦੇ ਗਏ। ਮੈਂ ਸੱਤੇ ਹੋਰਾਂ ਨੂੰ 'ਹਾਂ' ਕਰ ਦਿੱਤੀ। ਉਸੇ ਦਿਨ ਪਟਿਆਲੇ ਜਾ ਕੇ ਸਾਰਾ ਸਾਮਾਨ ਖ਼ਰੀਦ ਲਿਆ ਤੇ ਅਗਲੇ ਦਿਨ ਮੋਟਰਸਾਈਕਲ ਪਹਾੜਾਂ ਵੱਲ ਖਿੱਚ ਦਿੱਤੇ।

ਅੱਗੇ ਸਲੌਂਗ ਵੈਲੀ ਜਾ ਕੇ ਆਥਣ ਹੋਣ ਲੱਗਦਾ ਹੈ। ਅਸੀਂ ਕਿਸੇ ਨਦੀ ਦੇ ਕਿਨਾਰੇ ਆਪਣੇ ਟੈਂਟ ਲਾਉਣ ਦੀ ਅਜੇ ਸੋਚ ਹੀ ਰਹੇ ਸਾਂ ਕਿ ਮੀਂਹ ਉੱਤਰ ਆਉਂਦਾ ਹੈ। ਅਸੀਂ ਭੱਜ ਕੇ ਕਿਸੇ ਹੋਰ ਟੈਂਟ ਥੱਲੇ ਆਸਰਾ ਲੈਂਦੇ ਹਾਂ। ਕੁਝ ਸਮੇਂ ਬਾਅਦ ਮੀਂਹ ਹਟ ਜਾਂਦਾ ਹੈ। ਕਾਹਲੀ ਵਿੱਚ ਟੈਂਟ ਲਾਉਂਦੇ ਹਾਂ ਤੇ ਆਪਣਾ ਖਾਣਾ ਬਣਾਉਣ ਲੱਗ ਜਾਂਦੇ ਹਾਂ। ਸਾਡੇ ਪਿਛਲੇ ਪਾਸੇ ਉੱਚੇ ਪਹਾੜਾਂ ਉੱਪਰ ਬੱਦਲ ਅਜੇ ਵੀ ਗਾੜ੍ਹਾ ਹੋ ਰਿਹਾ ਹੈ। ਅਸੀਂ ਕੰਮ ਕਰਨ ਲਈ ਆਪਣੇ ਹੱਥ ਤੇਜ਼ ਕਰ ਦਿੰਦੇ ਹਾਂ। ਸਾਡੀ ਰਸੋਈ ਨੀਲੀ ਛੱਤ ਵਾਲੀ ਹੀ ਹੈ, ਜੇ ਮੀਂਹ ਉੱਤਰ ਆਇਆ ਤਾਂ ਸਾਨੂੰ ਬਿਨਾਂ ਕੁਝ ਖਾਧੇ ਹੀ ਸੌਣਾ ਪੈ ਸਕਦਾ ਹੈ। ਸਾਡੇ ਖਾਣਾ ਖਾਣ ਤੱਕ ਕਾਲ਼ੇ ਬੱਦਲ ਪਿਛਲੇ ਪਾਸੇ ਦੇ ਸਾਰੇ ਪਹਾੜਾਂ ਨੂੰ ਆਪਣੀ ਕਾਲੀ ਚਾਦਰ ਨਾਲ ਢਕ ਲੈਂਦੇ ਹਨ।

ਸਵੇਰੇ ਉੱਠਦੇ ਹਾਂ ਤਾਂ ਵੇਖਦੇ ਹਾਂ ਕਿ ਰਾਤ ਮੀਂਹ ਵੀ ਪੈ ਗਿਆ ਹੈ। ਸਾਡੇ ਟੈਂਟਾਂ ਉੱਪਰ ਪਾਣੀ ਦੀਆਂ ਬੂੰਦਾਂ ਅਜੇ ਵੀ ਮੋਤੀਆਂ ਵਾਂਗ ਚਮਕ ਰਹੀਆਂ ਹਨ। ਸੂਰਜ ਉੱਚੇ ਪਹਾੜਾਂ ਤੋਂ ਥੱਲੇ ਵੱਲ ਤੇਜ਼ੀ ਨਾਲ ਸਰਕ ਰਿਹਾ ਹੈ। ਅਸੀਂ ਖਾਣਾ ਬਣਾ ਕੇ ਜਲਦੀ ਨਾਲ ਆਪਣਾ ਕੰਮ ਸਮੇਟਦੇ ਹਾਂ ਤੇ ਅੱਗੇ ਦੇ ਸਫ਼ਰ 'ਤੇ ਨਿਕਲ ਜਾਂਦੇ ਹਾਂ।

ਅਟਲ ਟਨਲ ਤੋਂ ਬਾਅਦ ਮੌਸਮ ਇੱਕਦਮ ਬਦਲ ਜਾਂਦਾ ਹੈ। ਠੰਢ ਵਧ ਜਾਂਦੀ ਹੈ ਤੇ ਪਹਾੜਾਂ ਦਾ ਰੂਪ ਬਦਲ ਜਾਂਦਾ ਹੈ। ਅਸੀਂ ਚੰਦਰਾ ਨਦੀ ਦੇ ਨਾਲ-ਨਾਲ ਜਾ ਰਹੇ ਹਾਂ। ਅੱਗੇ ਜਾ ਕੇ ਇਸ ਵਿੱਚ 'ਭਾਗਾ' ਨਦੀ ਮਿਲ ਜਾਂਦੀ ਹੈ ਤੇ ਇਸ ਦਾ ਨਾਂਅ ਚਨਾਬ/ਝਨਾ ਦਰਿਆ ਹੋ ਜਾਂਦਾ ਹੈ। ਝਨਾਬ ਦੇ ਨਾਲ ਹੀ ਸੋਹਣੀ ਦਾ ਇਸ਼ਕ ਯਾਦ ਆ ਜਾਂਦਾ ਹੈ। ਇਹੀ ਦਰਿਆ ਜੰਮੂ ਕਸ਼ਮੀਰ ਵਿੱਚੋਂ ਹੁੰਦਾ ਹੋਇਆ ਅੱਗੇ ਜਾ ਕੇ ਪਾਕਿਸਤਾਨੀ ਪੰਜਾਬ ਵਿੱਚ ਜਾ ਰਹਿੰਦਾ ਹੈ, ਜਿੱਥੇ ਕਦੇ ਝਨਾ ਦੇ ਕਿਨਾਰਿਆਂ 'ਤੇ ਸੋਹਣੀ ਨੇ ਆਪਣਾ ਇਸ਼ਕ ਪੁਗਾਇਆ ਸੀ। ਦਰਿਆ ਤੋਂ ਪਾਰ ਉੱਚੇ-ਉੱਚੇ ਪਹਾੜਾਂ ਦੇ ਸਿਰਾਂ ਉੱਪਰ ਪਈ ਬਰਫ਼ ਇੰਝ ਦਿਖਾਈ ਦਿੰਦੀ ਹੈ, ਜਿਵੇਂ ਬਹੁਤ ਸਾਰੇ ਦਿਓ ਕੱਦ ਮਨੁੱਖਾਂ ਨੇ ਸਿਰਾਂ ਉੱਪਰ ਗਾਂਧੀ ਟੋਪੀਆਂ ਲੈ ਲਈਆਂ ਹੋਣ। ਪਹਾੜਾਂ ਦੇ ਸਿਖਰਾਂ ਤੋਂ ਹੇਠਾਂ ਵੱਲ ਵਗਦੇ ਪਾਣੀ ਦੇ ਝਰਨੇ ਅਜੇ ਵੀ ਜੰਮੇ ਹੋਏ ਹਨ, ਜਿਵੇਂ ਪਹਾੜਾਂ ਤੋਂ ਚਿੱਟੇ ਰੰਗ ਦੇ ਸੱਪ ਵਲ ਖਾਂਦੇ ਹੇਠਾਂ ਵੱਲ ਉੱਤਰ ਰਹੇ ਹੋਣ।

* * * *



ਸਿਕੁਲਾ ਪਾਸ ਵੱਲ ਜਾਂਦਿਆਂ ਠੰਢ ਵਧਣ ਲਗਦੀ ਹੈ। ਮੋਟਰਸਾਈਕਲ ਰੋਕ ਕੇ ਮੋਟੇ ਕੱਪੜੇ ਪਾ ਲੈਂਦੇ ਹਾਂ ਤੇ ਸਿਕੁਲਾ ਪਾਸ ਨਾਲ ਮੱਥਾ ਲਾਉਣ ਜੋਗੇ ਹੋ ਜਾਂਦੇ ਹਾਂ। ਸਿਕੁਲਾ ਪਾਸ ਪਾਰ ਕਰਦਿਆਂ ਅੱਗੇ ਇੱਕ ਛੋਟੀ ਜਿਹੀ ਨਦੀ ਉੱਪਰ ਪੁਲ ਤਾਂ ਬਣਿਆ ਹੈ, ਪਰ ਉਹ ਅਜੇ ਚਾਲੂ ਨਹੀਂ ਹੋਇਆ ਹੈ। ਗੱਡੀਆਂ ਪਾਣੀ ਵਿੱਚੋਂ ਦੀ ਟੇਢੀਆਂ-ਮੇਢੀਆਂ ਹੋ-ਹੋ ਲੰਘ ਰਹੀਆਂ ਹਨ। ਕੁਝ ਬੰਦ ਵੀ ਹੋ ਜਾਂਦੀਆਂ ਹਨ। ਅਸੀਂ ਦੁਬਿਧਾ ਵਿੱਚ ਪੈ ਜਾਂਦੇ ਹਾਂ, 'ਹੁਣ ਕਿਵੇਂ ਕਰੀਏ?'

ਆਲੇ-ਦੁਆਲੇ ਕਿਸੇ ਹੋਰ ਰਸਤੇ 'ਤੇ ਨਜ਼ਰ ਮਾਰਦੇ ਹਾਂ, ਪਰ ਹੋਰ ਕੋਈ ਰਸਤਾ ਦਿਖਾਈ ਨਹੀਂ ਦਿੰਦਾ ਹੈ। ਸੱਤਾ ਮੋਟਰਸਾਈਕਲ ਲੈ ਕੇ ਹੋਰ ਰਸਤਾ ਵੇਖਣ ਨਦੀ ਵੱਲ ਜਾਂਦਾ ਹੈ, ਪਰ ਉਹ ਵੀ ਆਪਣਾ ਮੋਟਰਸਾਈਕਲ ਫਸਾ ਕੇ ਖੜ੍ਹ ਜਾਂਦਾ ਹੈ। ਬਿੱਕੀ ਨਵੇਂ ਬਣੇ ਪੁਲ ਤੋਂ ਲੰਘਣ ਜੋਗਾ ਰਸਤਾ ਬਣਾ ਕੇ ਸਾਨੂੰ ਨਿਕਲਣ ਦਾ ਇਸ਼ਾਰਾ ਕਰ ਦਿੰਦਾ ਹੈ। ਅਸੀਂ ਮੋਟਰਸਾਈਕਲ ਲੰਘਾ ਲੈਂਦੇ ਹਾਂ ਤੇ ਫਿਰ ਸੱਤੇ ਦਾ ਮੋਟਰਸਾਈਕਲ ਕੱਢ ਕੇ ਲਿਆਉਂਦੇ ਹਾਂ। ਅੱਗੇ ਸਾਨੂੰ ਬੜਾ ਰਹੱਸਮਈ ਪਹਾੜ ਗੋਂਬੋ ਰੰਜ਼ਨ ਦਿਖਾਈ ਦਿੰਦਾ ਹੈ। ਸੜਕ ਤੋਂ ਉੱਤਰ ਕੇ ਉਸ ਪਹਾੜ ਦੇ ਨਜ਼ਦੀਕ ਜਾਂਦੇ ਹਾਂ। ਇਸ ਪਹਾੜ ਦੀ ਤਿੱਬਤੀ ਲੋਕਾਂ ਵਿੱਚ ਬਹੁਤ ਮਾਨਤਾ ਹੈ। ਬੋਧੀ ਇਸ ਪਹਾੜ ਨੂੰ ਬੋਧ ਧਰਮ ਦੇ ਰੱਖਿਆਕਾਰੀ ਦੇਵਤੇ ਦਾ ਆਸਣ ਮੰਨਦੇ ਹਨ। ਇਹ ਪਹਾੜ ਹੋਰ ਪਹਾੜਾਂ ਨਾਲੋਂ ਬਿਲਕੁਲ ਅਲੱਗ ਖੜ੍ਹਾ ਪਿਰਾਮਿਡ ਵਰਗਾ ਜਾਂ ਕਿਸੇ ਸਮਾਧੀ ਵਿੱਚ ਲੀਨ ਦੇਵਤੇ ਵਾਂਗ ਜਾਪਦਾ ਹੈ। ਅਸੀਂ ਪਹਿਲਾਂ ਤਾਂ ਇਸ ਪਹਾੜ ਦੇ ਪੈਰਾਂ ਵਿੱਚ ਰੁਕਣ ਦੀ ਸਲਾਹ ਬਣਾਉਂਦੇ ਹਾਂ ਪਰ ਹਵਾ ਬਹੁਤ ਜ਼ਿਆਦਾ ਤੇਜ਼ ਵਗ ਰਹੀ ਹੈ। ਹਵਾ ਦੀ ਤੇਜ਼ੀ ਸਾਨੂੰ ਅੱਗੇ ਜਾਣ ਲਈ ਮਜਬੂਰ ਕਰ ਦਿੰਦੀ ਹੈ।

ਸਿਕੁਲਾ ਪਾਸ ਤੇ ਪਦਮ ਦੇ ਵਿਚਕਾਰ ਜਿਹੇ ਮੇਰੀ ਨਜ਼ਰ ਇੱਕ ਨਦੀ ਦੇ ਕਿਨਾਰੇ ਜਾਂਦੀ ਹੈ। ਮੈਂ ਸੱਤੇ ਨੂੰ ਉਸ ਥਾਂ ਵੱਲ ਇਸ਼ਾਰਾ ਕਰਦਾ ਹਾਂ, ਪਰ ਉਹ ਅੱਗੇ ਲੰਘ ਜਾਂਦੇ ਹਨ। ਅੱਗੇ ਉਸ ਤੋਂ ਸੋਹਣੀ ਹੋਰ ਕੋਈ ਥਾਂ ਮਿਲਦੀ ਨਹੀਂ ਤਾਂ ਅਸੀਂ ਵਾਪਸ ਆ ਕੇ ਉਸੇ ਥਾਂ 'ਤੇ ਡੇਰੇ ਜਮਾਉਣ ਦਾ ਮਤਾ ਪਕਾ ਲੈਂਦੇ ਹਾਂ। ਹੁਣ ਸੂਰਜ ਦਿਖਾਈ ਦੇਣੋਂ ਹਟ ਗਿਆ ਹੈ, ਪਰ ਉਸ ਦੀ ਆਖਰੀ ਧੁੱਪ ਉੱਚੇ ਪਹਾੜਾਂ ਦੀਆਂ ਟੀਸੀਆਂ ਉੱਪਰ ਪੈ ਰਹੀ ਹੈ। ਅਸੀਂ ਨਦੀ ਦੇ ਕਿਨਾਰੇ ਟੈਂਟ ਲਾਉਣ ਦੀ ਤਿਆਰੀ ਕਰਨ ਲੱਗਦੇ ਹਾਂ। ਨਦੀ ਦਾ ਪਾਣੀ ਪੱਥਰਾਂ ਨਾਲ ਖਹਿੰਦਾ ਸੰਗੀਤ ਪੈਦਾ ਕਰ ਰਿਹਾ ਹੈ। ਨਦੀ ਤੋਂ ਪਾਰ ਇੱਕ ਨਿੱਕਾ ਜਿਹਾ ਪਿੰਡ ਹੈ। ਪਿੰਡ ਦੇ ਕੋਠਿਆਂ ਉੱਪਰ ਪਰਾਲੀ ਸਲੀਕੇ ਨਾਲ ਚਿਣੀ ਹੋਈ ਹੈ। ਇਹੀ ਪਰਾਲੀ ਬਰਫ਼ਾਂ ਦੇ ਮੌਸਮਾਂ ਵਿੱਚ ਉਹਨਾਂ ਦੇ ਪਸ਼ੂਆਂ ਦਾ ਚਾਰਾ ਹੋਣੀ ਹੈ। ਪਿੰਡ ਦੇ ਲੋਕ, ਪਿੰਡ ਦੇ ਨਜ਼ਦੀਕ ਬਣੇ ਨਿੱਕੇ-ਨਿੱਕੇ ਖੇਤਾਂ ਵਿੱਚ ਕੰਮ ਕਰਦੇ ਹੁਣ ਘਰਾਂ ਨੂੰ ਪਰਤਣ ਲਈ ਤਿਆਰ ਹੋ ਰਹੇ ਹਨ। ਇਹ ਦ੍ਰਿਸ਼ ਮੈਨੂੰ ਉਹਨਾਂ ਦਿਨਾਂ ਵਿੱਚ ਲੈ ਜਾਂਦਾ ਹੈ, ਜਦੋਂ ਖੇਤ ਕੰਮ ਕਰਦੇ ਅਸੀਂ ਸੂਰਜ ਦੇ ਛਿਪਣ ਦਾ ਇੰਤਜ਼ਾਰ ਕਰਦੇ ਸਾਂ ਤੇ ਜਦੋਂ ਸੂਰਜ ਪੱਛਮ ਵਿੱਚ ਡੁੱਬਣ ਲੱਗਦਾ ਸੀ, ਫਿਰ ਭਾਂਡੇ ਸਾਂਭਦੇ, ਥੱਕੇ-ਟੁੱਟੇ ਸਰੀਰ ਲੈ ਕੇ ਘਰਾਂ ਨੂੰ ਪਰਤਦੇ ਸਾਂ। ਇਹ ਪਿੰਡ ਉੱਚੇ ਪਹਾੜਾਂ ਦੀ ਗੋਦ ਵਿੱਚ ਟਿਕੇ ਇੱਕ ਛੋਟੇ ਘਾਹ ਵਾਲੇ ਪਹਾੜ ਉੱਪਰ ਵਸਿਆ ਹੈ। ਸਾਡੇ ਸਾਹਮਣੇ ਲਾਲ ਪਹਾੜ ਹੈ ਤੇ ਉਸ ਦੇ ਪੈਰਾਂ ਵਿੱਚ ਖੁੱਲ੍ਹਾ ਮੈਦਾਨ। ਟੈਂਟਾਂ ਦੇ ਖੱਬੇ ਪਾਸੇ, ਦੂਰ.... ਬਰਫ਼ ਨਾਲ ਲੱਦੇ ਪਹਾੜਾਂ ਉੱਪਰਲੀ ਬਰਫ਼ ਸੂਰਜ ਦੀ ਸਿਮਟਦੀ ਜਾਂਦੀ ਧੁੱਪ ਵਿੱਚ ਹੋਰ ਵੀ ਚਮਕਾਂ ਮਾਰਨ ਲੱਗ ਪਈ ਹੈ।

ਸੱਤੇ ਹੋਰੀਂ ਨੇੜੇ ਦੇ ਟਿਕਾਣੇ ਤੋਂ ਪਾਣੀ ਲੈਣ ਚਲੇ ਗਏ ਹਨ ਤੇ ਅਸੀਂ ਧੂਣੀ ਜਲਾਉਣ ਲਈ ਸੁੱਕੇ ਗੋਹੇ ਤੇ ਲੱਕੜਾਂ ਇਕੱਠੀਆਂ ਕਰਨ ਲੱਗ ਪਏ ਹਾਂ। ਜਿਉਂ-ਜਿਉਂ ਸੂਰਜ ਪਹਾੜਾਂ ਦੇ ਓਹਲੇ ਲੁਕ ਰਿਹਾ ਹੈ, ਤਿਉਂ-ਤਿਉਂ ਠੰਢ ਵਧ ਰਹੀ ਹੈ। ਅਸੀਂ ਖਾਣਾ ਖਾ ਕੇ ਧੂਣੀ ਅੱਗੇ ਬੈਠ ਕੇ ਠਰੇ ਪਿੰਡੇ ਸੇਕਦੇ ਗੱਲਾਂ ਕਰਨ ਲੱਗਦੇ ਹਾਂ। ਸਾਡਾ ਹਾਸਾ ਸੁੰਨ-ਸਾਨ ਵਿੱਚ ਝਾਂਜਰਾਂ ਵਾਂਗ ਛਣਕ ਰਿਹਾ ਹੈ। ਧੂਣੀ ਦੇ ਬੁਝਦਿਆਂ ਹੀ ਅਸੀਂ ਆਪੋ-ਆਪਣੇ ਟੈਂਟਾਂ ਵਿੱਚ ਵੜ ਜਾਂਦੇ ਹਾਂ। ਅੱਧੀ ਰਾਤ ਨੂੰ ਠੰਢ ਹੋਰ ਵਧ ਜਾਂਦੀ ਹੈ। ਟਿਕੀ ਰਾਤ ਵਿੱਚ ਨਦੀ ਦੇ ਪਾਣੀ ਦੀ ਗੂੰਜ ਹੋਰ ਉੱਚੀ ਹੋ ਜਾਂਦੀ ਹੈ। ਮੈਨੂੰ ਕਦੇ ਲੱਗਦਾ ਹੈ ਕਿ ਨਦੀ ਦਾ ਪਾਣੀ ਵਧ ਗਿਆ ਹੈ। ਕਦੇ ਸੋਚਦਾ ਹਾਂ ਕਿ ਕਿਤੇ ਪਾਣੀ ਟੈਂਟਾਂ ਥੱਲੇ ਨਾ ਆ ਵੜੇ। ਕਦੇ ਮਹਿਸੂਸ ਹੋਣ ਲੱਗਦਾ ਹੈ ਕਿ ਮੀਂਹ ਪੈ ਰਿਹਾ ਹੈ। ਕਦੇ ਨੀਂਦ ਆ ਜਾਂਦੀ ਹੈ ਤੇ ਕਦੇ ਠੰਢ ਨੀਂਦ ਨੂੰ ਤੋੜ ਦਿੰਦੀ ਹੈ। ਮੈਂ ਪਾਸੇ ਮਾਰਦਾ ਫਿਰ ਸੌਂ ਜਾਣ ਦੀ ਕੋਸ਼ਿਸ਼ ਕਰਦਾ ਹਾਂ।

(2)

ਸਵੇਰੇ ਮੈਂ ਸਭ ਤੋਂ ਪਹਿਲਾਂ ਜਾਗ ਜਾਂਦਾ ਹਾਂ। ਬਿੱਕੀ ਹੋਰੀਂ ਰਾਤ ਠੰਢ ਜ਼ਿਆਦਾ ਹੋਣ ਦੀਆਂ ਸ਼ਿਕਾਇਤਾਂ ਕਰ ਰਹੇ ਹਨ, ਪਰ ਸੁਣਨ ਵਾਲਾ ਕੌਣ ਹੈ? ਆਪਣੇ-ਆਪ ਨੂੰ ਦਿਲਾਸਾ ਦੇਣ ਵਾਲੀ ਗੱਲ ਹੈ। ਸੱਤੇ ਤੇ ਜਸਵੀਰ ਨੇ ਪੱਥਰਾਂ ਦਾ ਚੁੱਲ੍ਹਾ ਬਣਾ ਲਿਆ ਹੈ। ਉਸ ਚੁੱਲ੍ਹੇ ਉੱਪਰ ਅਸੀਂ ਚਾਹ ਬਣਾਉਂਦੇ ਹਾਂ ਤੇ ਫਿਰ ਪਾਣੀ ਤੱਤਾ ਹੋਣ ਲਈ ਰੱਖ ਦਿੰਦੇ ਹਾਂ। ਪਾਣੀ ਤੱਤਾ ਹੋਣ 'ਤੇ ਉਸੇ ਸਵਾਹ ਨਾਲ ਭਾਂਡੇ ਮਾਂਜ ਕੇ ਨਦੀ ਉੱਪਰ ਧੋ ਲਿਆਉਂਦੇ ਹਾਂ। ਜਸਵੀਰ ਹੱਸ ਰਿਹਾ ਹੈ, "ਆਪਾਂ ਤਾਂ ਮੁੰਡਿਓ ਪੱਥਰ ਯੁੱਗ ਵਿੱਚ ਆ ਗਏ ਆਂ।"

"ਮੈਨੂੰ ਤਾਂ ਹੋਰ ਡਰ ਐ। ਕਿਤੇ ਘਰ ਵਾਪਸ ਗਿਆਂ ਨੂੰ ਘਰ ਵਾਲੀਆਂ ਨਾ ਕਹਿ ਦੇਣ, "ਹੁਣ ਤੁਸੀਂ ਸਾਰਾ ਕੰਮ ਤਾਂ ਕਰਨਾ ਸਿੱਖ ਗਏ। ਲਓ ਆਪਣੇ ਹੱਥ ਦਾ ਖਾਣਾ ਬਣਾ ਕੇ ਖਵਾਓ!" ਮੇਰੀ ਗੱਲ 'ਤੇ ਸਾਰੇ ਹੱਸ ਪੈਂਦੇ ਹਨ।

ਦੁਪਹਿਰ ਤੱਕ ਅਸੀਂ ਪਦਮ ਪਹੁੰਚ ਜਾਂਦੇ ਹਾਂ। ਮੇਰਾ ਸਰੀਰ ਟੁੱਟਣ ਲੱਗਿਆ ਹੈ। ਜੀਅ ਕਰਦਾ ਹੈ ਧੁੱਪੇ ਕਿਤੇ ਪੈ ਜਾਵਾਂ। ਸਾਰੇ ਰੋਟੀ ਖਾਣ ਲੱਗਦੇ ਹਨ, ਪਰ ਮੇਰਾ ਜੀਅ ਨਹੀਂ ਕਰ ਰਿਹਾ। ਮੈਂ ਸਿਰਫ਼ ਫ਼ਲ ਖਾਂਦਾ ਹਾਂ। ਬੁਖ਼ਾਰ ਚੈੱਕ ਕੀਤਾ ਤਾਂ ਪਤਾ ਲੱਗਿਆ ਕਿ ਬੁਖ਼ਾਰ ਹੋ ਗਿਆ ਹੈ। ਰਾਤ ਜਸਵੀਰ ਨੂੰ ਬੁਖ਼ਾਰ ਹੋ ਗਿਆ ਸੀ। ਹੁਣ ਉਹ ਠੀਕ ਹੈ ਤੇ ਮੈਨੂੰ ਆਪਣਾ ਅਨੁਭਵ ਦੱਸ ਰਿਹਾ ਹੈ। ਮੈਂ ਗੋਲ਼ੀ ਲੈ ਕੇ ਢਾਬੇ ਵਿੱਚ ਹੀ ਥੋੜ੍ਹੀ ਦੇਰ ਲਈ ਪੈ ਜਾਂਦਾ ਹਾਂ। ਢਾਬੇ ਵਾਲੇ ਤੋਂ ਪਤਾ ਲੱਗਿਆ ਹੈ ਕਿ ਲੇਹ ਨੂੰ ਜ਼ਾਂਸਕਰ ਵੈਲੀ ਵਿੱਚੋਂ ਦੀ ਹੋ ਕੇ ਜਾਣ ਵਾਲੇ ਨਵੇਂ ਬਣ ਰਹੇ ਰਾਹ ਉੱਪਰ ਕੰਮ ਚੱਲ ਰਿਹਾ ਹੈ, ਇਸ ਲਈ ਉਹ ਕੁਝ ਨਿਸ਼ਚਿਤ ਸਮੇਂ ਵਿੱਚ ਹੀ ਇਸ ਰਾਹ ਤੋਂ ਜਾਣ ਦਿੰਦੇ ਹਨ। ਉਹ ਸਾਨੂੰ ਸਲਾਹ ਦੇਣ ਲੱਗ ਪੈਂਦਾ ਹੈ ਕਿ ਕਾਰਗਿੱਲ ਵੱਲ ਦੀ ਚਲੇ ਜਾਵੋ, ਪਰ ਉੱਧਰ ਦੀ ਰਸਤਾ ਡੇਢ ਦੋ ਸੌ ਕਿਲੋਮੀਟਰ ਵਧ ਜਾਣਾ ਹੈ। ਸੱਤਾ ਪੁਲਸ ਵਾਲਿਆਂ ਤੋਂ ਪਤਾ ਕਰਨ ਚਲਾ ਜਾਂਦਾ ਹੈ ਕਿ 'ਚਲੋ ਜਿੱਥੇ ਕੁ ਰੋਕ ਦੇਣਗੇ, ਰੁਕ ਜਾਵਾਂਗੇ ਤੇ ਜਦੋਂ ਇਜਾਜ਼ਤ ਦੇਣਗੇ, ਅੱਗੇ ਨਿਕਲ ਜਾਵਾਂਗੇ।' ਸੱਤੇ ਨੇ ਆ ਕੇ ਦੱਸਿਆ ਹੈ ਕਿ ਸ਼ਾਮੀਂ ਪੰਜ ਵਜੇ ਜਾਣ ਦੀ ਇਜਾਜ਼ਤ ਦੇਣਗੇ।

ਅਸੀਂ ਪਦਮ ਤੋਂ ਹੌਲੀ-ਹੌਲੀ ਜ਼ਾਂਗਲਾ ਚੈੱਕ ਪੋਸਟ ਵੱਲ ਚੱਲ ਪਏ ਹਾਂ। ਅਜੇ ਪੰਜ ਵੱਜਣ ਵਿੱਚ ਕਾਫ਼ੀ ਸਮਾਂ ਪਿਆ ਹੈ, ਜਿਸ ਕਰਕੇ ਅਸੀਂ ਸਮਾਂ ਲੰਘਾਉਣ ਲਈ ਰਸਤੇ ਵਿੱਚ ਫ਼ੋਟੋਆਂ ਤੇ ਵੀਡੀਓਜ਼ ਬਣਾਉਣ ਦਾ ਮਨ ਬਣਾ ਲਿਆ ਹੈ। ਪਦਮ ਤੋਂ ਬਾਹਰ ਨਿਕਲਦਿਆਂ ਜਦੋਂ ਪਦਮ ਵੱਲ ਨਜ਼ਰ ਮਾਰਦੇ ਹਾਂ ਤਾਂ ਉੱਚੇ ਪਹਾੜ 'ਤੇ ਬਣੀ ਬੋਧ ਮੁਨਿਸਟਰੀ ਬੜੀ ਆਕਰਸ਼ਿਤ ਦਿਖਾਈ ਦਿੰਦੀ ਹੈ। ਇੰਝ ਲੱਗਦਾ ਹੈ, ਜਿਵੇਂ ਇਹ ਮੁਨਿਸਟਰੀ ਸਾਰੇ ਸ਼ਹਿਰ ਦੀ ਪਹਿਰੇਦਾਰੀ ਕਰ ਰਹੀ ਹੋਵੇ। ਦੱਸਿਆ ਜਾਂਦਾ ਹੈ ਕਿ ਇੱਥੇ ਗੋਲੁਗਪਾ ਪਰੰਪਰਾ ਦੇ ਭਿੱਖੂਆਂ ਦਾ ਟਿਕਾਣਾ ਹੈ।

ਅੱਗੇ ਪਹਾੜਾਂ ਦੇ ਵਿਚਕਾਰ ਬਹੁਤ ਖ਼ੂਬਸੂਰਤ ਦ੍ਰਿਸ਼ ਬਣਨ ਲੱਗਦੇ ਹਨ। ਰੰਗ-ਬਰੰਗੇ ਪਹਾੜ ਬੱਦਲਾਂ ਨਾਲ ਇੱਕ-ਮਿੱਕ ਹੋ ਕੇ ਦਿਲ ਨੂੰ ਮੋਹ ਲੈਣ ਵਾਲੀਆਂ ਤਸਵੀਰਾਂ ਬਣਾ ਲੈਂਦੇ ਹਨ। ਅਸੀਂ ਉੱਥੇ ਖੜ੍ਹ ਕੇ ਕੁਦਰਤ ਦੀ ਇਸ ਕਲਾਕਾਰੀ ਨੂੰ ਆਪਣੇ ਕੈਮਰਿਆਂ ਵਿੱਚ ਕੈਦ ਕਰਦੇ, ਕੁਦਰਤ ਦਾ ਆਨੰਦ ਮਾਣਦੇ ਹਾਂ। ਉੱਥੇ ਕਾਫ਼ੀ ਸਮਾਂ ਬਿਤਾਉਣ ਤੋਂ ਬਾਅਦ ਸਾਢੇ ਕੁ ਤਿੰਨ ਵਜੇ ਜ਼ਾਂਗਲਾ ਚੈੱਕ ਪੋਸਟ 'ਤੇ ਪਹੁੰਚ ਕੇ ਆਪਣੀ ਐਂਟਰੀ ਕਰਵਾ ਦਿੰਦੇ ਹਨ ਤੇ ਰਸਤੇ ਲਈ ਪਾਣੀ ਭਰਨ ਲੱਗ ਪੈਂਦੇ ਹਾਂ। ਸੱਤਾ ਚੈੱਕ ਪੋਸਟ ਵਾਲਿਆਂ ਨਾਲ ਗੱਲਾਂ ਕਰਨ ਲੱਗ ਜਾਂਦਾ ਹੈ। ਪਤਾ ਨਹੀਂ ਸੱਤੇ ਨੇ ਕਿਹੜੀ ਗਿੱਦੜਸਿੰਗੀ ਲਾਈ ਹੈ ਕਿ ਪੋਸਟ ਵਾਲਿਆਂ ਨੇ ਚਾਰ ਵਜੇ ਹੀ ਰਾਹ ਖੋਲ੍ਹ ਦਿੱਤਾ ਹੈ ਤੇ ਅਸੀਂ ਅੱਗੇ ਚਾਲੇ ਪਾ ਦਿੰਦੇ ਹਾਂ।

ਇਹ ਸਾਰਾ ਰਸਤਾ ਟੁੱਟਿਆ, ਨਿੱਕੇ-ਵੱਡੇ ਪੱਥਰਾਂ ਦਾ ਬਣਿਆ, ਧੂੜ ਨਾਲ ਭਰਿਆ ਹੋਇਆ ਹੈ। ਇੱਥੇ ਮੋਟਰਸਾਈਕਲ ਠਰ੍ਹੰਮੇ ਨਾਲ ਤੇ ਸੁਚੇਤ ਹੋ ਕੇ ਚਲਾਉਣਾ ਪੈਂਦਾ ਹੈ। ਜੇ ਧਿਆਨ ਭਟਕ ਗਿਆ ਤਾਂ ਪਤਾ ਨਹੀਂ ਤੁਸੀਂ ਕਿਹੜੀ ਨਦੀ ਜਾਂ ਕਿਸੇ ਡੂੰਘੀ ਖੱਡ ਵਿੱਚ ਡਿੱਗ ਸਕਦੇ ਹੋ। ਪਹਾੜਾਂ ਦੀਆਂ ਟੀਸੀਆਂ ਅਤੇ ਪੈਰਾਂ ਵਿੱਚੋਂ ਹੁੰਦੇ ਹੋਏ ਅਸੀਂ ਕਾਫ਼ੀ ਸਫ਼ਰ ਤਹਿ ਕਰ ਲਿਆ ਹੈ। ਅੱਗੇ ਆ ਕੇ ਇਸੇ ਰਸਤੇ ਇੱਕ ਵੱਡੇ ਝਰਨੇ ਦਾ ਵਗਦਾ ਪਾਣੀ ਸਾਡਾ ਰਾਹ ਰੋਕੀ ਖੜ੍ਹਾ ਹੈ। ਅਸੀਂ ਖੜ੍ਹ ਨਹੀਂ ਸਕਦੇ ਹਾਂ, ਕਿਉਂਕਿ ਵਿੱਚੋਂ ਲੰਘਣ ਤੋਂ ਇਲਾਵਾ ਹੋਰ ਕੋਈ ਰਾਹ ਹੀ ਨਹੀਂ ਹੈ। ਵਾਰੀ-ਵਾਰੀ ਸਾਰੇ ਲੰਘ ਤਾਂ ਗਏ ਹਾਂ, ਪਰ ਕੱਪੜੇ ਭਿੱਜ ਗਏ ਹਨ। ਬੂਟਾਂ ਵਿੱਚ ਠੰਢਾ ਪਾਣੀ ਭਰ ਗਿਆ ਹੈ। ਮੈਂ ਬੈਠ ਕੇ ਬੂਟ ਨਿਚੋੜਦਾ ਹਾਂ ਤੇ ਉਹੀ ਗਿੱਲੇ ਬੂਟ ਪਾ ਕੇ ਫਿਰ ਤੁਰ ਪੈਂਦਾ ਹਾਂ। ਮੇਰਾ ਮੋਟਰਸਾਈਕਲ ਸਭ ਤੋਂ ਅੱਗੇ ਚੱਲ ਰਿਹਾ ਹੈ। ਇੱਕ ਥਾਂ ਦੋ ਰਸਤੇ ਆ ਗਏ ਹਨ। ਮੈਂ ਇੱਕ ਪਲ ਖੜ੍ਹ ਕੇ ਵੇਖਣ ਲੱਗ ਪਿਆ ਹਾਂ ਕਿ ਕਿਸ ਰਸਤੇ ਜਾਣਾ ਹੈ? ਬਿੱਕੀ ਮੇਰੇ ਪਿੱਛੇ ਆ ਰਿਹਾ ਸੀ, ਪਰ ਉਸ ਦੀ ਤੇ ਮੇਰੀ ਦੂਰੀ ਘੱਟ ਸੀ। ਜਦੋਂ ਮੈਂ ਬ੍ਰੇਕ ਲਾਏ ਤਾਂ ਬਿੱਕੀ ਨੂੰ ਵੀ ਲਾਉਣੇ ਪੈ ਗਏ। ਰੋੜਾਂ ਉੱਪਰ ਮੋਟਰਸਾਈਕਲ ਤਿਲਕ ਗਿਆ ਤੇ ਬਿੱਕੀ ਮੋਟਰਸਾਈਕਲ ਸਮੇਤ ਡਿੱਗ ਪਿਆ ਹੈ। ਉਸ ਦੇ ਗੋਡੇ ਉੱਪਰ ਥੋੜ੍ਹੀ ਸੱਟ ਲੱਗ ਗਈ ਹੈ, ਕਿਉਂਕਿ ਉਸ ਨੇ ਬਾਕੀ ਤਾਂ ਸਾਰੀ ਕਿੱਟ ਪਾਈ ਸੀ ਸਿਰਫ਼ ਗੋਡਿਆਂ ਦੇ ਸੁਰੱਖਿਆ ਗਾਰਡ ਨਹੀਂ ਪਾਏ ਹਨ। ਹੁਣ ਬਿੱਕੀ ਨੂੰ ਪਿੱਛੇ ਬਿਠਾ ਕੇ ਮੋਟਰਸਾਈਕਲ ਜੱਸੇ ਨੇ ਫੜ ਲਿਆ ਹੈ ਤੇ ਸਾਡਾ ਸਫ਼ਰ ਫਿਰ ਸ਼ੁਰੂ ਹੋ ਗਿਆ ਹੈ।

ਅਸੀਂ ਚਾਰ ਮੋਟਰਸਾਈਕਲਾਂ ਉੱਪਰ ਮੈਂ, ਬਿੱਕੀ, ਸੱਤਾ, ਜੱਸਾ ਤੇ ਜਸਵੀਰ ਪੰਜ ਜਣੇ ਹਾਂ। ਜੇ ਕੋਈ ਬੰਦਾ ਥੱਕਦਾ ਹੈ ਜਾਂ ਕਿਸੇ ਨਾਲ ਕੋਈ ਅਣਹੋਣੀ ਵਾਪਰਦੀ ਹੈ ਤਾਂ ਇੱਕ ਬੰਦਾ ਮੋਟਰਸਾਈਕਲ ਚਲਾਉਣ ਲਈ ਵਾਧੂ ਰੱਖਿਆ ਹੈ।

ਰਸਤੇ ਵਿੱਚ ਅਸੀਂ ਕਈ ਥਾਂ ਰੁਕਣ ਦੀ ਸੋਚਦੇ ਹਾਂ, ਪਰ ਕੋਈ ਚੱਜ ਦਾ ਟਿਕਾਣਾ ਨਹੀਂ ਲੱਭ ਰਿਹਾ ਹੈ। ਨੇਮੂ ਰੁਕਣ ਦੀ ਸਲਾਹ ਵੀ ਬਣਾਉਂਦੇ ਹਾਂ, ਪਰ ਸੱਤੇ ਨੇ ਅੱਗੇ ਜਾਣ ਦਾ ਹੁਕਮ ਕਰ ਦਿੱਤਾ ਹੈ। ਹੁਣ ਸੜਕ ਵਧੀਆ ਆ ਗਈ ਹੈ ਤੇ ਮੋਟਰਸਾਈਕਲਾਂ ਦੀ ਸਪੀਡ ਤੇਜ਼ ਹੋ ਗਈ ਹੈ। ਸ਼ਾਮ ਦੇ ਘੁਸ-ਮੁਸੇ ਵਿੱਚ ਸਾਨੂੰ ਦੂਰੋਂ ਹੀ ਪੱਥਰ ਸਾਹਿਬ ਗੁਰਦੁਆਰੇ ਦਾ ਨਿਸ਼ਾਨ ਸਾਹਿਬ ਚਮਕਦਾ ਦਿਖਾਈ ਦੇਣ ਲੱਗਿਆ ਹੈ। ਆਪਣਾ ਗੁਰੂ ਘਰ ਵੇਖ ਕੇ ਸਾਡੇ ਚਿਹਰਿਆਂ ਉੱਪਰ ਰੌਣਕਾਂ ਆ ਜਾਂਦੀਆਂ ਹਨ ਤੇ ਅਸੀਂ ਮੋਟਰਸਾਈਕਲ ਗੁਰੂ ਘਰ ਲਗਾ ਦਿੰਦੇ ਹਾਂ। ਸੱਤਾ ਦਫ਼ਤਰ ਵਾਲਿਆਂ ਕੋਲ ਜਾ ਕੇ ਹਾਲ ਕਮਰੇ ਵਿੱਚ ਪੈਣ ਦੀ ਇਜਾਜ਼ਤ ਲੈ ਆਇਆ ਹੈ। ਅਸੀਂ ਲੰਗਰ ਵਿੱਚ ਪਰਸ਼ਾਦੇ ਛਕ ਕੇ ਆਪਣੇ ਸਲੀਪਿੰਗ ਬੈਗ ਲੈ ਕੇ ਘੋੜੇ ਵੇਚ ਕੇ ਸੌਂ ਜਾਂਦੇ ਹਾਂ।

ਅਗਲੇ ਦਿਨ ਦੀ ਸਾਡੀ ਸਕੀਮ ਲੇਹ ਵਿੱਚ ਅਰਾਮ ਕਰਨ ਤੇ ਲੇਹ ਘੁੰਮਣ ਦੀ ਹੈ। ਜਿਹੜੇ ਗੁਰੂ ਘਰ ਨਹਾਏ ਨਹੀਂ, ਉਹ ਲੇਹ ਜਾ ਕੇ ਨਹਾ ਲਏ ਹਨ ਤੇ ਫਿਰ ਅਰਾਮ ਕਰਕੇ ਲੇਹ ਪੈਲੇਸ ਦੇਖਣ ਚੱਲ ਪਏ ਹਾਂ। ਲੇਹ ਮਹਿਲ ਦੀ ਉਸਾਰੀ ਲੱਦਾਖ ਦੇ ਸਭ ਤੋਂ ਪ੍ਰਸਿੱਧ ਰਾਜਾ ਸੇਂਗੇ ਨਾਮਗਿਆਲ ਨੇ (ਲੱਗਭੱਗ 1590-1635 ਈ. ਦੇ ਰਾਜ ਦੌਰਾਨ) ਸਿਰਫ਼ ਤਿੰਨ ਸਾਲਾਂ ਦੇ ਸਮੇਂ ਦੌਰਾਨ ਕਰਵਾਈ ਸੀ। ਇਹ ਮਹਿਲ ਆਰਕੀਟੈਕਚਰਲ ਅਤੇ ਇੰਜੀਨੀਅਰਿੰਗ ਦਾ ਮਾਸਟਰਪੀਸ ਕਿਹਾ ਜਾਂਦਾ ਹੈ। ਇਹ ਪੈਲੇਸ ਤਿੱਬਤੀ ਆਰਕੀਟੈਕਚਰਲ ਅਨੁਸਾਰ ਪੱਥਰਾਂ, ਧੁੱਪ ਵਿੱਚ ਸੁੱਕੀਆਂ ਮਿੱਟੀ ਦੀਆਂ ਇੱਟਾਂ, ਪਾਪੂਲਰ ਦੀ ਲੱਕੜ ਆਦਿ ਸਮੱਗਰੀ ਨਾਲ ਬਣਾਇਆ ਗਿਆ ਹੈ। ਮਹਿਲ ਨੌਂ ਮੰਜ਼ਲਾ ਬਣਿਆ ਹੋਇਆ ਹੈ ਜਿਸ ਵਿੱਚ ਸੌ ਤੋਂ ਵੱਧ ਕਮਰੇ ਹਨ। ਲੇਹ ਪੈਲੇਸ ਤੋਂ ਬਾਅਦ ਅਸੀਂ ਲੇਹ ਤੋਂ ਤਕਰੀਬਨ ਪੰਦਰਾਂ ਕਿਲੋਮੀਟਰ ਦੂਰ ਸੇਹ ਪੈਲੇਸ ਵੇਖਣ ਚਲੇ ਜਾਂਦੇ ਹਾਂ। ਇਹ ਪੈਲੇਸ ਉੱਚੀ ਪਹਾੜੀ ਉੱਪਰ ਸੇਹ ਮੁਨਿਸਟਰੀ ਦੇ ਕੋਲ ਹੈ। ਇਹ ਕਦੇ ਲੱਦਾਖ ਦੇ ਰਾਜਿਆਂ ਦੀ ਗਰਮੀਆਂ ਦੀ ਰਾਜਧਾਨੀ ਹੋਇਆ ਕਰਦੀ ਸੀ। ਇੱਥੇ ਹਰ ਸਾਲ 'ਸ਼ੇ ਦੂ ਲ੍ਹੋ' ਤਿਉਹਾਰ ਮਨਾਇਆ ਜਾਂਦਾ ਹੈ ਤੇ ਜਿੱਥੇ ਭਿੱਖੂ ਤੇ ਆਮ ਲੋਕ ਪ੍ਰਾਥਨਾਵਾਂ ਕਰਨ ਆਉਂਦੇ ਹਨ। ਇੱਥੇ ਖੜ੍ਹ ਕੇ ਦੂਰ ਤੱਕ ਰੰਗ-ਬਿਰੰਗੇ ਪਹਾੜ ਤੇ ਪਹਾੜਾਂ ਵਿੱਚਕਾਰ ਲੰਬਾ ਚੌੜਾ ਮੈਦਾਨ ਬੜਾ ਅਦਭੁੱਤ ਨਜ਼ਾਰਾ ਪੇਸ਼ ਕਰਦਾ ਹੈ।

(3)

ਅੱਜ ਅਸੀਂ ਖਰਦੁੰਗਲਾ ਪਾਸ ਪਾਰ ਕਰਕੇ ਨੁਬਰਾ ਵੈਲੀ ਨੂੰ ਜਾਣਾ ਹੈ। ਸਵੇਰੇ ਮੈਂ ਤੇ ਬਿੱਕੀ ਨੇ ਬਦਾਮ, ਅਖਰੋਟ, ਦਾਖਾਂ ਤੇ ਕਾਜੂ ਪਾ ਕੇ ਦਲੀਆ ਬਣਾ ਲਿਆ ਹੈ।

"ਬਾਈ ਦਲੀਆ ਬਹੁਤ ਜ਼ਿਆਦਾ ਬਣਾ ਲਿਆ। ਏਨਾ ਕੌਣ ਖਾਊ?" ਸੱਤੇ ਨੇ ਤੁਸਕ ਦਲੀਏ ਨਾਲ ਨੱਕੋ-ਨੱਕ ਭਰਿਆ ਵੇਖ ਕੇ ਕਿਹਾ ਹੈ।

"ਬਾਈ ਇਹ ਨੀਂ ਬਚਦਾ ਅੱਜ!" ਜੱਸੇ ਨੇ ਪਹਿਲਾ ਚਮਚਾ ਲਾਉਂਦਿਆਂ ਸਵਾਦ-ਸਵਾਦ ਹੋਏ ਨੇ ਭਰੋਸਾ ਦੇ ਦਿੱਤਾ ਹੈ ਕਿ ਦਲੀਆ ਬਣਾਉਣ ਵਿੱਚ ਅਸੀਂ ਪਾਸ ਹੀ ਨਹੀਂ, ਫਸਟ ਆ ਗਏ ਹਾਂ। ਉਹੀ ਗੱਲ ਹੋਈ ਬਚਨਾ ਤਾਂ ਕੀ, ਤੁਸਕ ਵੀ ਚੱਟ ਗਏ। ਇੱਧਰੋਂ ਵਿਹਲੇ ਹੋ ਕੇ ਮੋਟਰਸਾਈਕਲਾਂ ਦੀਆਂ ਚਾਇਨਾਂ ਨੂੰ ਤਰ ਕਰ ਲਿਆ ਹੈ। ਸਾਮਾਨ ਬੰਨ੍ਹ ਕੇ ਤੁਰ ਪਏ ਹਾਂ। ਲੇਹ ਤੋਂ ਬਾਹਰ ਜਾ ਕੇ ਹਰ ਬੰਦੇ ਦਾ ਤਿੰਨ ਸੌ ਰੁਪਏ ਦਾ ਪਾਸ ਬਣਵਾਇਆ ਤੇ ਚੜ੍ਹਾਈ ਚੜ੍ਹਨ ਲੱਗਦੇ ਹਾਂ। ਮੋਟਰਸਾਈਕਲਾਂ ਦੀ ਗੂੰਜ ਪਹਾੜਾਂ ਦੀਆਂ ਢਲਾਣਾਂ ਵਿੱਚ ਵੱਜ ਕੇ ਆਉਂਦੀ ਹੋਰ ਉੱਚੀ ਹੋ ਗਈ ਹੈ। ਬਰਫ਼ ਵਿੱਚੋਂ ਆਉਂਦੀ ਠੰਢੀ ਸੀਤ ਹਵਾ ਪਿੰਡਿਆਂ ਨੂੰ ਚਾਕੂ ਵਾਂਗ ਚੀਰ-ਚੀਰ ਜਾਂਦੀ ਹੈ। ਮੋਟੇ ਦਸਤਾਨਿਆਂ ਵਿੱਚ ਵੀ ਹੱਥ ਸੁੰਨ ਹੋ ਗਏ ਹਨ। ਖਰਦੁੰਗਲਾ ਪਾਸ ਦੀ ਉਚਾਈ 17582 ਫੁੱਟ ਹੈ ਤੇ ਇੱਥੇ ਆਕਸੀਜਨ ਦੀ ਕਮੀ ਮਹਿਸੂਸ ਹੁੰਦੀ ਹੈ। ਅਸੀਂ ਐਮਰਜੈਂਸੀ ਲਈ ਪਦਮ ਤੋਂ ਹੀ ਇੱਕ ਆਕਸੀਜਨ ਸਲੰਡਰ ਲੈ ਲਿਆ ਸੀ। ਇਸ ਪਾਸ ਨੂੰ ਨੁਬਰਾ ਵੈਲੀ ਦਾ ਮੁੱਖ ਦਰਵਾਜ਼ਾ ਕਿਹਾ ਜਾਂਦਾ ਹੈ। ਮੈਂ ਸਭ ਤੋਂ ਅੱਗੇ ਸੀ ਤੇ ਥੋੜ੍ਹਾ ਸਮਾਂ ਪਾਸ 'ਤੇ ਬਿਤਾ ਕੇ ਅੱਗੇ ਲੰਘ ਆਇਆ ਹਾਂ। ਬਾਕੀ ਸਾਰੇ ਫ਼ੌਜੀ ਟਰੱਕਾਂ ਦੀ ਟਰੈਫ਼ਿਕ ਵਿੱਚ ਫਸ ਗਏ ਹਨ ਤੇ ਮੇਰੇ ਤੋਂ ਕਾਫ਼ੀ ਬਾਅਦ ਵਿੱਚ ਆਉਣ ਵਾਲੇ ਹਨ। ਮੈਂ ਇੱਕ ਚਾਹ ਦੀ ਦੁਕਾਨ 'ਤੇ ਉਹਨਾਂ ਦਾ ਇੰਤਜ਼ਾਰ ਕਰਨ ਲੱਗਦਾ ਹਾਂ। ਮੇਰੇ ਕੋਲ ਜੰਮੂ ਵਾਲਾ ਸਿੰਮ ਹੈ, ਜਿਸ ਕਰਕੇ ਮੇਰਾ ਨੈੱਟ ਚੱਲ ਰਿਹਾ ਹੈ। ਮੈਂ ਉਹਨਾਂ ਨੂੰ ਆਪਣੇ ਹੇਠ ਉੱਤਰ ਜਾਣ ਦਾ ਮੈਸੇਜ਼ ਛੱਡਦਾ ਹਾਂ। ਮੈਨੂੰ ਉੱਥੇ ਬੈਠੇ ਨੂੰ ਕੈਨੇਡਾ ਵਾਲੇ ਮਿੱਤਰ ਰਾਜਵਿੰਦਰ ਮਾਹਲ ਦਾ ਫ਼ੋਨ ਆ ਜਾਂਦਾ ਹੈ, "ਬਾਈ ਤੁਹਾਡਾ ਟੂਰ ਵੇਖ ਕੇ ਰੂਹ ਖ਼ੁਸ਼ ਹੋ ਗਈ। ਮੈਂ ਤੁਹਾਡੇ ਨਾਲ ਤਾਂ ਨਹੀਂ ਰਲ ਸਕਦਾ, ਪਰ ਮੈਂ ਆਪਣੇ-ਆਪ ਨੂੰ ਤੁਹਾਡੇ ਨਾਲ ਈ ਸਮਝੂੰਗਾ ਤੇ ਮੇਰੇ ਮਨ ਨੂੰ ਬੜਾ ਸਕੂਨ ਮਿਲੂ, ਤੁਸੀਂ ਦੋ ਦਿਨਾਂ ਦਾ ਸਾਰਾ ਖ਼ਰਚਾ ਮੇਰੇ ਵੱਲੋਂ ਕਰੋ।"

ਮੈਂ ਪਹਿਲਾਂ ਉਸ ਨੂੰ ਮਨ੍ਹਾ ਕਰਦਾ ਹਾਂ, ਪਰ ਉਸ ਦਾ ਚਾਅ ਅਤੇ ਭਾਵਨਾ ਵੇਖ ਕੇ 'ਹਾਂ' ਕਰ ਦਿੰਦਾ ਹਾਂ। ਉਹ ਝੱਟ ਰਕਮ ਮੇਰੇ ਖ਼ਾਤੇ ਵਿੱਚ ਪਾ ਦਿੰਦਾ ਹੈ। ਏਨੇ ਨੂੰ ਮੇਰੇ ਸਾਥੀ ਵੀ ਆ ਜਾਂਦੇ ਹਨ। ਮੈਂ, ਮੇਰੇ ਸਾਥੀਆਂ ਨੂੰ ਇਹ ਗੱਲ ਦੱਸਦਾ ਹਾਂ। ਅਸੀਂ ਰਾਜਵਿੰਦਰ ਦੇ ਨਾਂਅ ਦੀ ਪਹਿਲੀ ਚਾਹ ਮੰਗਵਾ ਲੈਂਦੇ ਹਨ।

ਚਾਹ ਪੀ ਕੇ ਫਿਰ ਮੋਟਰਸਾਈਕਲਾਂ ਦੀ ਰੇਸ ਦੇ ਦਿੰਦੇ ਹਾਂ। ਹੁਣ ਸਿਰ 'ਤੇ ਆਇਆ ਸੂਰਜ ਦੱਸਦਾ ਹੈ ਕਿ ਦੁਪਹਿਰ ਹੋ ਗਈ ਹੈ। ਇਸੇ ਦੁਪਹਿਰ ਅਸੀਂ ਨੁਬਰਾ ਵੈਲੀ ਦੇ ਠੰਢੇ ਰੇਗਿਸਤਾਨ ਕਹੇ ਜਾਂਦੇ ਹੁੰਡਰ ਸਥਾਨ 'ਤੇ ਪੈਰ ਜਾ ਰੱਖਿਆ ਹੈ। ਇਹ ਸਥਾਨ ਦੁਨੀਆ ਦੇ ਸਭ ਤੋਂ ਵਿਲੱਖਣ ਭੂ ਦ੍ਰਿਸ਼ਾਂ ਵਿੱਚੋਂ ਇੱਕ ਹੈ। ਦੋ ਬੰਨਾਂ ਵਾਲੇ ਊਠ ਇੱਥੇ ਹੀ ਪਾਏ ਜਾਂਦੇ ਹਨ। ਇਹ ਸਥਾਨ ਬੜਾ ਸਕੂਨ ਭਰਿਆ ਤੇ ਕੁਦਰਤੀ ਖ਼ੂਬਸੂਰਤੀ ਨਾਲ ਮਾਲਾਮਾਲ ਹੈ। ਉੱਚੇ-ਉੱਚੇ ਪਹਾੜਾਂ ਵਿਚਕਾਰ ਰੇਤੀਲੇ, ਠੰਢੇ ਟਿੱਬੇ। ਆਲੇ-ਦੁਆਲੇ ਉੱਚੀਆਂ ਪਹਾੜਾਂ ਦੀਆਂ ਟੀਸੀਆਂ ਉੱਪਰ ਚਮਕਦੀ ਬਰਫ਼, ਪਹਾੜਾਂ ਦੇ ਜੁੱਸਿਆਂ ਉੱਤੇ ਚਿੱਤਰਕਾਰੀ ਕਰਦੀ ਬੱਦਲਾਂ ਦੀ ਛਾਂ। ਅਸੀਂ ਇਹਨਾਂ ਟਿੱਬਿਆਂ ਉੱਪਰ ਬੈਠ ਕੇ ਕੁਦਰਤ ਨਾਲ ਇੱਕਮਿੱਕ ਹੋਏ ਗੀਤ ਗਾਉਣ ਲੱਗਦੇ ਹਾਂ।

ਸੱਤੇ ਵਿੱਚ ਇੱਕ ਖ਼ਾਸ ਵਿਸ਼ੇਸ਼ਤਾ ਹੈ ਕਿ ਉਹ ਕਿਸੇ ਨੂੰ ਕੁਝ ਵੀ ਕਹਿ ਸਕਦਾ ਹੈ। ਝਿਜਕ ਉਸ ਦੇ ਨੇੜੇ-ਤੇੜੇ ਵੀ ਨਹੀਂ ਹੈ। ਸਾਡੇ ਨੇੜੇ ਹੀ ਇੱਕ ਜੋੜਾ ਆਪਣੀਆਂ ਫ਼ੋਟੋਆਂ ਤੇ ਰੀਲ੍ਹਾਂ ਵਿੱਚ ਉਲਝਿਆ ਹੋਇਆ ਹੈ। ਸੱਤਾ ਜਾ ਕੇ ਮੁੰਡੇ ਨੂੰ ਬੁਲਾ ਲਿਆਇਆ ਹੈ। ਸਾਡੇ ਵੱਲ ਆਉਂਦਾ ਸੱਤਾ ਉਸ ਨੂੰ ਕਿਸੇ ਸੁਲਝੇ ਹੋਏ ਨਿਰਦੇਸ਼ਕ ਵਾਂਗ ਦਿਸ਼ਾ-ਨਿਰਦੇਸ਼ ਦੇ ਰਿਹਾ ਹੈ, "ਬਾਈ ਅਸੀਂ ਗੀਤ ਗਾਵਾਂਗੇ। ਤੂੰ ਸਾਡੀ ਵੀਡੀਓ ਬਣਾਉਣੀ ਐ। ਵੀਡੀਓ ਸਾਹਮਣੇ ਤੋਂ ਨਹੀਂ, ਸਾਡੇ ਆਲੇ-ਦੁਆਲੇ ਘੁੰਮ ਕੇ ਬਣਾਉਣੀ ਐ।"

ਜੱਸਾ ਨੇ ਨਵੇਂ ਗੀਤ ਦੀ ਹੇਕ ਉੱਚੀ ਚੁੱਕ ਦਿੱਤੀ ਹੈ, 'ਜਾਵੋ ਨੀ..........ਕੋਈ ਮੋੜ ਲਿਆਵੋ......! ਮੇਰੇ ਨਾਲ ਗਿਆ ਅੱਜ ਲੜ ਕੇ.......।' ਉਹ ਮੁੰਡਾ ਸਾਡੇ ਆਲੇ-ਦੁਆਲੇ ਘੁੰਮ-ਘੁੰਮ ਕੇ ਵੀਡੀਓ ਬਣਾਉਣ ਲੱਗ ਪਿਆ ਹੈ। ਉਸ ਦੀ ਸਾਥਣ ਪਰ੍ਹਾਂ ਖੜ੍ਹੀ ਮਿੰਨਾ-ਮਿੰਨਾ ਮੁਸਕਰਾਉਂਦੀ ਇਸ ਕੁੱਤੇ-ਝਾਕ 'ਤੇ ਖੜ੍ਹੀ ਹੈ ਕਿ 'ਇਹ ਬੰਦੇ ਕਦੋਂ ਮੇਰੇ ਵਾਲੇ ਨੂੰ ਵਿਹਲਾ ਕਰਨਗੇ?'

ਦਿਨ ਢਲੇ ਅਸੀਂ ਉੱਥੇ ਤੁਰਤੁਕ ਵੱਲ ਚਾਲੇ ਪਾ ਦਿੰਦੇ ਹਾਂ। ਸੋਚਿਆ ਇਹ ਹੈ ਕਿ ਜਿੱਥੇ ਵੀ ਰਾਤ ਪੈ ਗਈ, ਟੈਂਟ ਲਾ ਲਵਾਂਗੇ।



ਕੁਝ ਸਫ਼ਰ ਕੱਢ ਕੇ ਅਸੀਂ ਟੈਂਟ ਲਈ ਜਗ੍ਹਾ ਵੇਖਣ ਲੱਗ ਪੈਂਦੇ ਹਾਂ। ਕੋਈ ਇੱਕ ਪਸੰਦ ਕਰਦਾ ਹੈ ਤਾਂ ਦੂਜਾ ਅਨਫਿੱਟ ਕਰ ਦਿੰਦਾ ਹੈ।

ਹਵਾ ਤੇਜ਼ ਹੋ ਰਹੀ ਹੈ। ਅਸਮਾਨ ਵਿੱਚ ਮੀਂਹ ਵਾਲੇ ਬੱਦਲ ਘੇਰਾ ਬੰਨ੍ਹ ਰਹੇ ਹਨ। ਜਿਉਂ-ਜਿਉਂ ਉਹ ਗਾੜ੍ਹੇ ਹੋ ਰਹੇ ਹਨ, ਸਾਡਾ ਦਿਲ ਧੜਕ ਰਿਹਾ ਹੈ। ਮੂੰਹ ਹਨੇਰਾ, ਰਾਤ ਵਿੱਚ ਬਦਲਣ ਲੱਗ ਪਿਆ ਹੈ। ਹੁਣ ਸਾਨੂੰ ਹਰ ਹਾਲਤ ਵਿੱਚ ਡੇਰਾ ਜਮਾਉਣ ਲਈ ਰੁਕਣਾ ਹੀ ਪੈਣਾ ਹੈ। ਚਾਂਗਮਾਰ ਪਿੰਡ ਕੋਲ ਇੱਕ ਮੋੜ 'ਤੇ ਝਰਨੇ ਕੋਲ ਸੱਤਾ ਰੁਕ ਗਿਆ ਹੈ। ਇੱਥੇ ਰੁੱਖਾਂ ਦਾ ਛੋਟਾ ਜਿਹਾ ਝੁੰਡ ਹੈ ਤੇ ਇਸੇ ਝੁੰਡ ਦੇ ਵਿਚਕਾਰ ਜਿਹੇ ਟੈਂਟ ਲਾਉਣ ਲਈ ਜਗ੍ਹਾ ਵੀ ਹੈ। ਬਿੱਕੀ ਨੇ ਵੀ ਉਹ ਥਾਂ ਪਾਸ ਕਰ ਦਿੱਤੀ ਹੈ। ਇਸ ਥਾਂ ਦੇ ਨਾਲ ਹੀ ਬੀ. ਆਰ. ਓ. (ਬਾਰਡਰ ਰੋਡ) ਵਾਲਿਆਂ ਦਾ ਹੈੱਡ ਕੁਆਟਰ ਹੈ। ਮੈਂ ਸਲਾਹ ਦਿੰਦਾ ਹਾਂ, "ਇਹਨਾਂ ਨੂੰ ਪੁੱਛ ਲੈਂਦੇ ਆਂ ਟੈਂਟ ਲਾਉਣ ਲਈ, ਚਾਰਦੀਵਾਰੀ ਦੇ ਅੰਦਰ ਹਵਾ ਵੀ ਘੱਟ ਲੱਗੂਗੀ।"

ਏਨਾ ਕਹਿਣ ਦੀ ਦੇਰ ਸੀ ਕਿ ਸੱਤਾ ਉੱਧਰ ਵੱਲ ਇੰਝ ਤੁਰ ਪਿਆ ਹੈ ਜਿਵੇਂ ਭੂਆ ਦੇ ਮੁੰਡੇ ਨੂੰ ਮਿਲਣ ਜਾ ਰਿਹਾ ਹੋਵੇ। ਅੰਦਰ ਮਿਲੇ ਪਹਿਲੇ ਬੰਦੇ ਨੂੰ ਟੈਂਟ ਲਾਉਣ ਬਾਰੇ ਪੁੱਛਿਆ ਹੈ ਤਾਂ ਉਸ ਨੇ ਕਿਹਾ, "ਸਾਹਬ ਨੂੰ ਪੁੱਛ ਲਓ, ਫੇਰ ਤਾਂ ਚਾਹੇ ਇਸ ਕਮਰੇ ਵਿੱਚ ਪੈ ਜਾਣਾ।"

ਅਸੀਂ ਸਾਹਬ ਦੇ ਦਫ਼ਤਰ ਵੱਲ ਤੁਰੇ ਹੀ ਹਾਂ ਕਿ ਅੱਗੋਂ ਜੰਮੂ ਦਾ ਬੰਦਾ ਮਿਲ ਗਿਆ ਹੈ। ਉਹ ਸਾਨੂੰ ਇੰਝ ਮੋਹ ਨਾਲ ਮਿਲਿਆ ਹੈ, ਜਿਵੇਂ ਫ਼ੌਜ 'ਚੋਂ ਛੁੱਟੀ ਆਏ ਜਿਗਰੀ ਯਾਰ ਨੂੰ ਮਿਲੀਦਾ ਹੁੰਦੈ। ਉਸ ਦਾ ਨਾਂਅ ਰਾਜੇਸ਼ ਹੈ। ਰਾਜੇਸ਼ ਸਾਡੇ ਨਾਲ ਹੀ ਸਾਹਬ ਦੇ ਕਮਰੇ ਵੱਲ ਤੁਰ ਪੈਂਦਾ ਹੈ।

"ਇਹ ਮੇਰੇ ਗਰਾਂਈ ਨੇ ਸਾਹਬ। ਅਸੀਂ ਇੱਥੇ ਰੱਖਣਾ ਹੈ ਅੱਜ ਇਹਨਾਂ ਨੂੰ।" ਉਸ ਨੇ ਬੜੇ ਆਪਣੇਪਨ ਨਾਲ ਕਿਹਾ ਹੈ। ਸਾਹਬ ਨੇ ਉਸ ਦੀ ਤਸੱਲੀ 'ਤੇ 'ਹਾਂ' ਕਰ ਦਿੱਤੀ ਹੈ ਤੇ ਉਹ ਸਾਨੂੰ ਆਪਣੇ ਕਮਰੇ ਵਿੱਚ ਲੈ ਆਇਆ ਹੈ।

"ਤੁਸੀਂ ਸਾਡੇ ਮਹਿਮਾਨ ਓਂ। ਸਾਡੇ ਕੋਲ ਪੈਣਾ ਹੈ ਤੇ ਰੋਟੀ-ਪਾਣੀ ਦੀ ਅਸੀਂ ਤੁਹਾਡੀ ਸੇਵਾ ਕਰਨੀ ਐ।" ਰਾਜੇਸ਼ ਸਾਨੂੰ ਵਾਰ-ਵਾਰ ਇੰਝ ਜੱਫ਼ੀਆਂ ਪਾ ਰਿਹਾ ਹੈ, ਜਿਵੇਂ ਅਸੀਂ ਉਸ ਨੂੰ ਮੁੱਦਤਾਂ ਬਾਅਦ ਮਿਲੇ ਹੋਈਏ।

ਕਮਰੇ ਵਿੱਚ ਆਉਂਦਿਆਂ ਹੀ ਅੰਗਰੇਜ਼ੀ ਦੀ ਬੋਤਲ ਖੁੱਲ੍ਹ ਗਈ ਹੈ। ਟਰੰਕੀਆਂ ਵਿੱਚੋਂ ਭੁਜੀਆਂ ਤੇ ਛੋਲੇ ਨਿਕਲ ਆਏ ਹਨ। ਸਾਡੇ ਵਿੱਚੋਂ ਜੱਸਾ ਤੇ ਬਿੱਕੀ ਹੀ ਪੀਣ ਵਾਲੇ ਹਨ। ਰਾਜੇਸ਼ ਤੇ ਉਸ ਦੇ ਦੋਸਤ ਉਹਨਾਂ ਨਾਲ ਗਲਾਸੀ ਖੜਕਾਉਣ ਲੱਗ ਪਏ ਹਨ।

ਦਾਰੂ ਅੰਦਰ ਗਈ ਹੈ ਤੇ ਜੱਸੇ ਅੰਦਰ ਬੈਠਾ ਕਲਾਕਾਰ ਬਾਹਰ ਆਉਣ ਲਈ ਰੱਸੇ ਤੁੜਾਉਣ ਲੱਗ ਪਿਆ ਹੈ। ਸੱਤੇ ਦੀ ਅੱਖ ਦਾ ਇਸ਼ਾਰਾ ਮਿਲਦਾ ਹੈ ਤਾਂ ਉਸ ਦੇ ਬੋਲ ਗੂੰਜਣ ਲੱਗਦੇ ਹਨ। ਗੀਤਾਂ ਦੀ ਮਹਿਫ਼ਿਲ ਲੱਗ ਗਈ ਹੈ। ਗੀਤਾਂ ਦੀਆਂ ਸਿਫ਼ਾਰਸ਼ਾਂ ਆਉਣ ਲੱਗ ਪਈਆਂ ਹਨ। ਉਦਾਸੀ ਭਰਿਆ ਗੀਤ ਸੁਣਦਿਆਂ ਜੰਮੂ ਵਾਲੇ ਹਿਮਾਂਸ਼ੂ ਨੂੰ ਆਪਣੀ ਪ੍ਰੇਮਿਕਾ ਯਾਦ ਆ ਗਈ ਹੈ। ਉਹ ਡੋਲੀ ਚੜ੍ਹਦੀਆਂ ਪੁਰਾਣੇ ਜ਼ਮਾਨੇ ਦੀਆਂ ਕੁੜੀਆਂ ਵਾਂਗ ਡੁਸਕਣ ਲੱਗ ਪਿਆ ਹੈ। 22-23 ਸਾਲਾ ਪਠਾਣਕੋਟੀਆ ਬੱਲੂ ਸਾਡੀ ਸੇਵਾ ਵਿੱਚ ਇੰਝ ਭੱਜਿਆ ਫਿਰ ਰਿਹਾ ਹੈ, ਜਿਵੇਂ ਵਿਆਹ 'ਚ ਪਰੀਹੇ ਫਿਰਦੇ ਹਨ।

ਗਿਆਰਾਂ ਵਜੇ ਰੋਟੀ ਖਾਣ ਲਈ ਉੱਠੇ ਹਾਂ। ਪਤਾ ਲੱਗਿਆ, ਸਾਡੀ ਰੋਟੀ ਲਈ ਉਹ, ਕਰੋਕਰੀ ਵੀ ਸਾਹਬ ਤੋਂ ਮੰਗ ਲਿਆਏ ਹਨ। ਇੱਕ ਮੁੰਡਾ ਪਿੰਡੋਂ ਲਿਆਂਦਾ ਅਚਾਰ ਰੱਖ ਗਿਆ ਹੈ। ਪਠਾਣਕੋਟੀਆ ਘਰ ਦਾ ਬਣਾਇਆ ਗਾਂ ਦਾ ਘਿਓ ਰੱਖ ਗਿਆ ਹੈ। ਉਹ ਰੋਟੀ ਖਵਾਉਂਦੇ ਸਾਡੇ ਆਲੇ-ਦੁਆਲੇ ਭੱਜੇ ਫਿਰਦੇ ਹਨ ਕਿ ਕਿਤੇ ਕੋਈ ਘਾਟ ਨਾ ਰਹਿ ਜਾਵੇ। ਮੈਂ, ਜਸਵੀਰ ਤੇ ਸੱਤਾ ਰੋਟੀ ਖਾ ਕੇ ਕਮਰੇ ਵਿੱਚ ਪੈਣ ਲਈ ਆ ਗਏ ਹਾਂ। ਜਿਸ ਕਮਰੇ ਵਿੱਚ ਅਸੀਂ ਪੈਣਾ ਹੈ, ਉੱਥੇ ਗੱਦਿਆਂ ਉੱਪਰ ਕੰਬਲ ਵਿਛਾਏ ਹੋਏ ਤੇ ਬਾਕੀ ਉੱਪਰ ਲੈਣ ਲਈ ਪਤਾ ਨਹੀਂ ਕਦੋਂ ਰੱਖ ਗਏ ਹਨ। ਅਸੀਂ ਹੈਰਾਨ ਹਾਂ, ਆਪਣੇ ਪਿੰਡਾਂ ਤੋਂ ਦੂਰ, ਇਸ ਬਿਰਾਨ ਪਹਾੜਾਂ ਵਿੱਚ ਕੋਈ ਫਰਿਸ਼ਤੇ ਇੰਝ ਵੀ ਸਾਨੂੰ ਮਿਲ ਜਾਣਗੇ? ਅਸੀਂ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ।

ਬਿੱਕੀ ਤੇ ਜੱਸੇ ਨੇ ਅਜੇ ਵੀ ਮਹਿਫ਼ਿਲ ਲਾ ਰੱਖੀ ਹੈ। ਅੱਧੀ ਰਾਤ ਨੂੰ ਰਾਜੇਸ਼ ਕਹਿੰਦਾ ਹੈ, "ਜੇ ਘੁੰਮਣੈ, ਮੇਰੀ ਗੱਡੀ ਕੱਢੋ, ਆਪਾਂ ਘੁੰਮਣ ਚੱਲਦੇ ਆਂ।"

"ਹਾਂ ਚਲੋ!" ਜੱਸੇ ਦੇ ਅੰਦਰ ਗਈ ਦਾਰੂ ਹਾਮੀ ਭਰਾ ਦਿੰਦੀ ਹੈ। ਗੱਡੀ ਸਟਾਰਟ ਹੋ ਗਈ ਹੈ ਤੇ ਰਾਤ ਨੂੰ ਸਲਾਈਡਿੰਗ ਵਾਲੇ ਪਹਾੜਾਂ ਦੇ ਖ਼ਤਰਨਾਕ ਰਸਤਿਆਂ 'ਤੇ ਦੌੜ ਰਹੀ ਹੈ। ਫਿਰ ਜੱਸਾ ਸ਼ੇਰ ਬਣ ਜਾਂਦਾ ਹੈ, ਕਹਿੰਦਾ, "ਗੱਡੀ ਮੈਂ ਚਲਾਊਂ।"

ਜੱਸਾ ਡਰਾਈਵਰ ਬਣ ਜਾਂਦਾ ਹੈ। ਪਤਾ ਨਹੀਂ ਰਾਤ ਨੂੰ ਕਿਹੜੀਆਂ ਸੁੰਨੀਆਂ ਪਹਾੜੀ ਸੜਕਾਂ ਗਾਹ ਕੇ ਉਹ ਅੱਧੀ ਰਾਤ ਤੋਂ ਬਾਅਦ ਮੁੜ ਆਉਂਦੇ ਹਨ। ਅਸੀਂ ਤਿੰਨੇ ਤਾਂ ਓਦੋਂ ਤੱਕ ਸੌਂ ਗਏ ਸਾਂ। ਜਦੋਂ ਸਵੇਰੇ ਮੈਨੂੰ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਇਸ ਸਲਾਈਡਿੰਗ ਵਾਲੇ ਖ਼ਤਰਨਾਕ ਏਰੀਏ ਵਿੱਚ ਜੱਸੇ ਨੇ ਰਾਤ ਸ਼ਰਾਬ ਪੀ ਕੇ ਗੱਡੀ ਚਲਾਈ ਹੈ ਤਾਂ ਮੈਂ ਉਸ ਨੂੰ ਗਾਲ੍ਹਾਂ ਵੀ ਦਿੱਤੀਆਂ ਹਨ ਤੇ ਸਮਝਾਇਆ ਵੀ ਹੈ। ਫੇਰ ਉਹ ਗ਼ਲਤੀ ਮੰਨਦਾ ਮਾਫ਼ੀਆਂ ਮੰਗਣ 'ਤੇ ਉੱਤਰ ਆਇਆ ਹੈ।

ਸਵੇਰੇ ਸੱਤੇ ਦੀ ਸਿਫ਼ਾਰਸ਼ 'ਤੇ ਆਲੂਆਂ ਵਾਲੇ ਪਰੌਂਠੇ ਬਣ ਗਏ ਹਨ। ਅਸੀਂ ਸਾਰੇ ਪੇਟ-ਪੂਜਾ ਕਰਕੇ ਇਜਾਜ਼ਤ ਲੈਣ ਲੱਗੇ ਹਾਂ ਤਾਂ ਪਠਾਣਕੋਟੀਆ ਮੇਰੇ ਨਾਵਲਾਂ ਦੇ ਨਾਂਅ ਨੋਟ ਕਰਨ ਲੱਗ ਪਿਆ ਹੈ। ਕਹਿੰਦਾ, "ਮੈਂ ਕਈ ਕਿਤਾਬਾਂ ਪੜ੍ਹੀਆਂ ਨੇ, ਤੇਰੇ ਨਾਵਲ ਵੀ ਮੰਗਵਾ ਕੇ ਪੜ੍ਹਾਂਗਾ।"

ਅਸੀਂ ਰਾਜੇਸ਼ ਹੋਰਾਂ ਦੀ ਮਹਿਮਾਨ-ਨਿਵਾਜ਼ੀ ਦੇ ਦੀਵਾਨੇ ਹੋਏ, ਉੱਥੋਂ ਤੁਰਤੁਕ ਵੱਲ ਚੱਲ ਪਏ ਹਾਂ। ਤੁਰਤੁਕ ਵੱਲ ਕਾਲੀ ਸੜਕ ਨਾਗ ਵਾਂਗ ਵਲ਼ ਖਾਂਦੀ ਜਾਂਦੀ ਹੈ। ਇੱਕ ਪਾਸੇ ਉੱਚੇ ਪਹਾੜ ਤੇ ਦੂਸਰੇ ਪਾਸੇ ਨਦੀ। ਇਹਨਾਂ ਪਿੰਡਾਂ ਦੇ ਲੋਕ ਮੈਨੂੰ ਭਾਰਤ ਦੀਆਂ ਹੋਰ ਨਸਲਾਂ ਨਾਲੋਂ ਕਾਫ਼ੀ ਭਿੰਨ ਜਾਪਦੇ ਹਨ। ਗੋਰੇ-ਗੋਰੇ ਰੰਗ ਤੇ ਚੁੰਨੀਆਂ ਅੱਖਾਂ। ਇਹ ਲੋਕ ਬਾਲਟੀ ਭਾਈਚਾਰੇ ਨਾਲ ਸੰਬੰਧਤ ਹਨ ਤੇ ਬਾਲਟੀ ਭਾਸ਼ਾ ਬੋਲਦੇ ਹਨ, ਜਿਹੜੀ ਕਿ ਤਿੱਬਤੀ ਭਾਸ਼ਾ ਪਰਵਾਰ ਨਾਲ ਸੰਬੰਧਤ ਹੈ। ਇੱਥੋਂ ਦੇ ਜ਼ਿਆਦਾਤਰ ਲੋਕ ਮੁਸਲਿਮ ਧਰਮ ਨਾਲ ਸੰਬੰਧਤ ਹਨ। ਅਸੀਂ ਤੁਰਤੁਕ ਤੋਂ ਅੱਗੇ ਭਾਰਤ ਦੇ ਆਖਰੀ ਪਿੰਡ ਥਾਂਗ ਆ ਗਏ ਹਾਂ। ਇਸ ਪਿੰਡ ਸਮੇਤ ਕੁਝ ਹੋਰ ਪਿੰਡਾਂ ਉੱਪਰ ਪਾਕਿਸਤਾਨ ਨਾਲ 1971 ਵਿੱਚ ਲੱਗੀ ਜੰਗ ਦੌਰਾਨ ਭਾਰਤ ਨੇ ਇਹਨਾਂ ਪਾਕਿਸਤਾਨੀ ਪਿੰਡਾਂ ਉੱਪਰ ਕਬਜ਼ਾ ਕਰ ਲਿਆ ਸੀ। ਇੱਥੇ ਸਾਨੂੰ ਇੱਕ ਬਜ਼ੁਰਗ ਮਿਲ ਗਿਆ ਹੈ ਜਿਹੜਾ ਪੰਦਰਾਂ ਸਾਲ ਤੱਕ ਪਾਕਿਸਤਾਨੀ ਸੀ ਤੇ ਫਿਰ ਜੰਗ ਦੌਰਾਨ ਇਧਰ ਰਹਿ ਗਿਆ। ਉਸ ਦੀ ਪਤਨੀ ਤੇ ਹੋਰ ਪਰਵਾਰਕ ਮੈਂਬਰ ਪਾਕਿਸਤਾਨ ਵਾਲੇ ਪਾਸੇ ਹੀ ਰਹਿ ਗਏ। ਫਿਰ ਇਧਰ ਉਸ ਨੇ ਦੂਸਰਾ ਵਿਆਹ ਕਰਵਾਇਆ ਤੇ ਮੁੜ ਪਾਕਿਸਤਾਨ ਨਹੀਂ ਗਿਆ ਹੈ। ਉਹ ਉੱਥੇ ਬੈਠਾ ਲੋਕਾਂ ਨੂੰ ਆਪਣੀ ਆਪ ਬੀਤੀ ਸੁਣਾ ਰਿਹਾ ਹੈ।

(ਚਲਦਾ)